*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ- 14, ਅੰਕ-2, ਫਰਵਰੀ 2024

Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਆਜ਼ਾਦ ਫਿਜ਼ਾਵਾਂ ਦਾ ਅੰਤ




ਮਨੁੱਖ ਦੀ ਫਿਤਰਤ ਰਹੀ ਹੈ ਕਿ ਉਸ ਨੇ ਅਜ਼ਾਦ ਰੂਪ ਵਿਚ ਵਿਕਸਿਤ ਹੋਣ ਵਾਸਤੇ ਉਸ ਨੂੰ ਚੌਗਿਰਦਾ ਆਜ਼ਾਦ ਫਿਜ਼ਾ ਵਾਲਾ ਚਾਹੀਦਾ ਹੈ। ਜਿਸ ਕਿਸਮ ਨਾਲ ਮਨੁੱਖ ਨੇ ਵੱਖ ਵੱਖ ਸਮਿਆਂ ਵਿਚ ਕੁਦਰਤ ਦੀਆਂ ਗੈਬੀ ਸ਼ਕਤੀਆਂ ਨਾਲ ਵੀ ਟੱਕਰ ਲੈ ਕੇ ਦੁਨੀਆ ਦੇ ਵਿਚ ਸਭ ਤੋਂ ਖ਼ੂਬਸੂਰਤ ਇਨਸਾਨ ਨੂੰ ਸ਼ਾਨਦਾਰ ਵਾਤਾਵਰਣ, ਸ਼ਾਨਦਾਰ ਸੋਚਣੀ, ਸ਼ਾਨਦਾਰ ਤਰਕਸੰਗਤ ਅਤੇ ਸ਼ਾਨਦਾਰ ਵਿਗਿਆਨੀ ਦੇ ਤੌਰ 'ਤੇ ਵਿਕਸਿਤ ਕਰਨ ਵਾਸਤੇ ਸਥਾਨ ਪ੍ਰਦਾਨ ਕੀਤਾ। ਦੁਨੀਆ ਦਾ ਇਤਿਹਾਸਕ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਿੰਨੀਆਂ ਵਿਗਿਆਨਕ ਅਤੇ ਬੌਧਿਕ ਪ੍ਰਾਪਤੀਆਂ ਮਨੁੱਖ ਨੇ ਆਪਣੇ ਗਿਆਨ ਦੇ ਆਧਾਰਤ 'ਤੇ ਕੀਤੀਆਂ ਹਨ। ਪ੍ਰੰਤੂ ਪਿਛਲੀ ਸਦੀ ਇਸ ਕਿਸਮ ਦੇ ਹੁਕਮਰਾਨ ਜਰਮਨੀ ਅਤੇ ਇਟਲੀ ਵਿਚ ਸਥਾਪਤ ਹੋ ਗਏ ਸਨ। ਜਿਨ੍ਹਾਂ ਨੇ ਗੈਰ ਮਾਨਵੀ ਢੰਗ ਨਾਲ ਆਪਣੇ ਦੇਸ਼ਾਂ ਵਿਚ ਨਸਲੀ ਵਿਤਕਰਾ ਖੜ੍ਹਾ ਕਰਕੇ ਫਾਸਇਜ਼ਮ ਦਾ ਨਾਮ ਇਤਿਹਾਸ ਦੇ ਪੰਨਿਆਂ ਵਿਚ ਕਾਲੇ ਅੱਖਰਾਂ ਨਾਲ ਦਰਜ ਕਰਵਾ ਦਿੱਤਾ ਸੀ। ਇਥੋਂ ਤੱਕ ਕਿ ਮਨੁੱਖਤਾ ਨੇ ਪਹਿਲੀ ਅਤੇ ਦੂਸਰੀ ਸੰਸਾਰ ਜੰਗ ਦਾ ਖਮਿਆਜ਼ਾ ਵੀ ਭੁਗਤਿਆ। ਪ੍ਰੰਤੂ ਮਨੁੱਖ ਨੇ 1950 ਤੋਂ ਬਾਅਦ ਵਿਗਿਆਨਕ ਖੇਤਰ ਵਿਚ ਅਥਾਹ ਪ੍ਰਾਪਤੀਆਂ ਕੀਤੀਆਂ। ਪ੍ਰੰਤੂ 1990 ਤੋਂ ਬਾਅਦ ਅਜਿਹੇ ਪਿਛਲਮੋੜੇ ਸ਼ੁਰੂ ਹੋਏ ਕਿ ਇਤਿਹਾਸ ਉਲਟਣਾ ਸ਼ੁਰੂ ਹੋ ਗਿਆ। ਉਪਰੰਤ ਜਿਥੇ ਦੁਨੀਆ ਵਿਚ ਗੈਰਬਰਾਬਰਤਾ, ਵੱਖ ਵੱਖ ਦੇਸ਼ਾਂ ਵਿਚ ਜੰਗਾਂ ਅਤੇ ਨਵੇਂ ਰੂਪ ਵਿਚ ਫਾਸਇਜ਼ਮ ਉਤਪੰਨ ਹੋ ਚੁੱਕਾ ਹੈ। ਜਿਸ ਦਾ ਕਰੂਪ ਚਿਹਰਾ ਇਜ਼ਰਾਇਲ ਵਲੋਂ ਫਲਸਤੀਨ ਉਪਰ ਕੀਤੇ ਜਾ ਰਹੇ ਗੈਰ ਮਾਨਵੀ ਢੰਗ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਇਸੇ ਤਰ੍ਹਾਂ ਦੁਨੀਆ ਵਿਚ ਹੁਣ ਦੇ ਇਤਿਹਾਸਕਾਰ ਦਰਜ ਕਰ ਰਹੇ ਹਨ ਕਿ ਹੰਗਰੀ, ਬ੍ਰਾਜੀਲ, ਇਟਲੀ, ਤੁਰਕੀ, ਫਰਾਂਸ ਅਤੇ ਭਾਰਤ ਮੁੜ ਨਵੇਂ ਰੂਪ ਵਿਚ ਫਾਂਸੀਵਾਦੀ ਢੰਗ ਨਾਲ ਪ੍ਰਵੇਸ਼ ਕਰ ਚੁੱਕਾ ਹੈ। ਇਨ੍ਹਾਂ ਸਮਿਆਂ ਦੀ ਵੱਡੀ ਤਰਾਸਦੀ ਹੈ ਕਿ ਜੋ ਮਨੁੱਖ ਨੇ ਗਿਆਨ ਦੇ ਆਧਾਰ 'ਤੇ ਨਵੀਂ ਤਕਨਾਲੋਜੀ ਅਤੇ ਮਸਨੂਈ ਗਿਆਨ ਨੂੰ ਵਿਕਸਿਤ ਕੀਤਾ ਸੀ। ਇਹ ਸੋਸ਼ਲ ਮੀਡੀਆ ਦੇ ਰੂਪ ਵਿਚ, ਪ੍ਰੈਸ ਦੇ ਰੂਪ ਵਿਚ, ਚੈਨਲਾਂ ਦੇ ਰੂਪ ਵਿਚ, ਵੱਖ ਵੱਖ ਯੂਟਿਊਬਾਂ ਦੇ ਰੂਪ ਵਿਚ ਨਵੇਂ ਫਾਸਿਸਟਾਂ ਨੇ ਆਪਣੇ ਹੱਥਾਂ ਵਿਚ ਲੈ ਲਿਆ ਹੈ। ਜਿਸ ਕਿਸਮ ਨਾਲ ਪੁਨਰ-ਸੁਰਜੀਤ ਕਰਕੇ ਧਰਮਾਂ, ਨਸਲਾਂ, ਪਛਾਣਾਂ ਅਤੇ ਆਪਣੀਆਂ ਵਿਰਾਸਤਾਂ ਨੂੰ ਮੁੜ ਸੱਤਾ ਅਤੇ ਇਤਿਹਾਸ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਇਨ੍ਹਾਂ ਮੁਲਕਾਂ ਵਿਚ ਬਹੁਗਿਣਤੀ ਵਾਲੇ ਰਾਸ਼ਟਰ ਉਸਾਰਨ ਦੀਆਂ ਨੀਹਾਂ ਪੱਕੀਆਂ ਕੀਤੀਆਂ ਜਾ ਰਹੀਆਂ ਹਨ।

ਇਨ੍ਹਾਂ ਮੁਲਕਾਂ ਦੀਆਂ ਸੰਵਿਧਾਨਕ ਅਤੇ ਪਾਰਲੀਮੈਂਟ ਸੰਸਥਾਵਾਂ ਆਪਣੇ ਅਨੁਸਾਰ ਉਸਾਰ ਲਈਆਂ ਹਨ। ਜਿਸ ਦੇ ਨਤੀਜੇ ਵਜੋਂ ਸਮਾਜਿਕ ਵਿਗਿਆਨਾਂ ਦੇ ਖੇਤਰ ਵਿਚੋਂ ਤਰਕਸ਼ੀਲ ਵਿਚਾਰ, ਜਮਹੂਰੀਅਤ ਵਿਚਾਰ, ਸਮਾਜਵਾਦੀ ਵਿਚਾਰ, ਸੱਚ ਨੂੰ ਸੱਚ ਕਹਿਣ ਵਾਲੇ ਵਿਚਾਰ ਇਕ ਕਿਸਮ ਨਾਲ ਫਾਂਸੀ ਉਤਰ ਚੜ੍ਹਾਏ ਜਾ ਰਹੇ ਹਨ। ਇਸ ਦੇ ਨਾਲ ਹੀ ਕਈ ਕਿਸਮ ਦੇ ਖ਼ੂਨੀ ਪੰਜੇ ਮਨੁੱਖਤਾ ਦੀਆਂ ਵੱਖ ਵੱਖ ਕਦਰਾਂ ਕੀਮਤਾਂ ਨੂੰ ਰੋਲ ਕੇ ਬਿਨਾ ਕਿਸੇ ਰੋਕ ਦੇ ਹਕੂਮਤੀ ਜ਼ਬਰ ਅੱਗੇ ਤਹਿਸ਼ ਨਹਿਸ਼ ਕਰਨ ਦੀ ਪ੍ਰਕਿਰਿਆ ਤੇਜ਼ੀ ਨਾਲ ਵੱਧ ਰਹੀ ਹੈ।

ਅਜਿਹਾ ਜਦੋਂ ਸਾਡੀਆਂ ਅੱਖਾਂ ਦੇ ਸਾਹਮਣੇ ਵਾਪਰ ਰਿਹਾ ਹੈ। ਇਹ ਵੀ ਪਤਾ ਹੈ ਕਿ ਇਕੱਲੇ ਇਕੱਲੇ ਦੀ ਜ਼ੁਬਾਨ ਅਤੇ ਕਲਮ ਬੰਦ ਕਰ ਦਿੱਤੀ ਜਾਵੇਗੀ। ਜਦੋਂਕਿ ਇਹ ਵੀ ਪਿਛਲੇ ਇਕ ਦਹਾਕੇ ਤੋਂ ਦੇਸ਼ ਅੰਦਰ ਦੇਖ ਰਹੇ ਹਾਂ ਕਿ ਕਿਸ ਕਿਸਮ ਨਾਲ ਸ਼ਾਨਦਾਰ ਕਲਮਾਂ ਅਤੇ ਆਵਾਜ਼ਾਂ ਨੂੰ ਸੁਲਾਖਾਂ ਪਿਛੇ ਕੀਤਾ ਹੋਇਆ ਹੈ। ਇਨ੍ਹਾਂ ਆਵਾਜ਼ਾਂ ਨੂੰ ਅਜ਼ਾਦ ਕਰਵਾਉਣ ਵਾਸਤੇ ਜਿੰਨੀ ਜਥੇਬੰਦ ਤਾਕਤ ਅਤੇ ਸਮਰੱਥਾ ਦੀ ਜ਼ਰੂਰਤ ਸੀ। ਤਰਾਸਦੀ ਇਹ ਹੈ ਕਿ ਸਾਡੀ ਇਕਜੁਟਤਾ ਦੀ ਘਾਟ ਕਾਰਨ ਅਸੀਂ ਕੁਝ ਵੀ ਪ੍ਰਾਪਤ ਨਹੀਂ ਕਰ ਸਕੇ। ਹੁਣ ਅਗਾਂਹ ਜੋ ਚਾਰੇ ਪਾਸੇ ਥੋੜ੍ਹੀ ਬਹੁਤੀ ਆਜ਼ਾਦ ਫਿਜ਼ਾ ਵਾਸਤੇ ਜਗ੍ਹਾ ਮਿਲੀ ਹੋਈ ਸੀ ਉਹ ਵੀ ਖਤਮ ਹੋਣ ਜਾ ਰਹੀ ਹੈ। ਸੱਚ ਅਤੇ ਵਿਗਿਆਨ ਦੇ ਵਿਚਾਰਾਂ ਨੂੰ ਇਕ ਵਾਰ ਫਿਰ ਸੁਕਰਾਤ ਵਾਂਗ ਜ਼ਹਿਰ ਦਾ ਪਿਆਲਾ ਪਿਆਉਣ ਦੀ ਕੋਸ਼ਿਸ਼ ਹੋ ਰਹੀ ਹੈ। ਅਕਸਰ ਕਿਹਾ ਜਾਂਦਾ ਹੈ ਕਿ ਇਤਿਹਾਸ ਅਗਾਂਹ ਵਧਦਾ ਹੈ ਪਰ ਇਹ ਤਾਂ ਸਾਡੀਆਂ ਨਜ਼ਰਾਂ ਦੇ ਸਾਹਮਣੇ ਇਤਿਹਾਸਕ ਪਿਛਲਮੋੜਾ ਸ਼ੁਰੂ ਹੋ ਚੁੱਕਾ ਹੈ। ਇਤਿਹਾਸ ਮੁੜ ਦੁਹਰਾਉਣ ਨਵੀਂ ਆਜ਼ਾਦ ਫਿਜ਼ਾ ਸਥਾਪਤ ਕਰਨ ਲਈ ਸਾਰੀਆਂ ਵਿਗਿਆਨ, ਸਾਹਿਤ, ਗਿਆਨ ਤੇ ਸਮਾਜ ਵਿਗਿਆਨ ਦੀਆਂ ਕੜੀਆਂ ਨੂੰ ਏਕੇ ਵਿਚ ਪਰੋਕੇ ਕਾਰਜ ਕਰਨ ਦੀ ਅਸੀਂ ਲੋੜ ਮਹਿਸੂਸ ਕਰਦੇ ਹਾਂ ਤਾਂ ਕਿ ਅਜ਼ਾਦ ਫਿਜ਼ਾ ਦੇ ਅੰਤ ਨੂੰ ਪਿਛਲਮੋੜਾ ਦਿੱਤਾ ਜਾ ਸਕੇ।

**- ਸੰਪਾਦਕੀ ਬੋਰਡ**





















14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |















**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work


ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work

Paul Sekhon: 403-829-5000
Bay 11 2316 27 Ave. NE, Calgary
Ph. : 403-701-4947

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)


10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



SAVANNA Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca

MLS MULTIPLE LISTING SERVICE® R REALTOR® REAL ESTATE BOARD
Taranjit "T. J." Mand
Real Estate Associate
Max Value Reality Ltd.

The Mortgage Centre Est. 1989
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed

Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕੈਨੇਡਾ : ਮਹਿੰਗਾਈ ਅਤੇ ਬੇਰੁਜ਼ਗਾਰੀ ਦੀ ਮਾਰ 'ਚ



ਡਾ. ਹਰਦੀਪ ਸਿੰਘ
ਅਟਵਾਲ
ਓਂਟਾਰੀਓ




*ਨਵੇਂ ਪ੍ਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ 'ਚ ਵਾਧਾ ਹੋਣ ਨਾਲ ਦੁਨੀਆ ਦੇ ਪਹਿਲੇ ਅਮੀਰ ਮੁਲਕਾਂ ਵਿਚ ਵੀ ਪੂੰਜੀਵਾਦੀ ਮੰਦਵਾੜੇ ਨੂੰ ਸਪਸ਼ਟ ਦੇਖਿਆ ਜਾ ਸਕਦਾ ਹੈ। ਤੱਥ ਅਤੇ ਅੰਕੜੇ ਆਪਣੇ ਜ਼ੁਬਾਨੀ ਸੁਣਾਉਂਦੇ ਹਨ। ਇਸ ਸਥਿਤੀ ਨੂੰ ਬਦਲਣ ਵਾਸਤੇ ਕਿਰਤ ਕਰਨ ਵਾਲੇ ਲੋਕਾਂ ਨੂੰ ਜੋ ਕਿਸੇ ਵੀ ਜਾਤ ਮਜ਼੍ਹਬ ਦੇਸ਼ ਵਿਚੋਂ ਹੋਣ ਉਨ੍ਹਾਂ ਨੂੰ ਇਨ੍ਹਾਂ ਦੇਸ਼ਾਂ ਵਿਚ ਜਮਾਤੀ ਕਰਾਤਬੰਦੀ ਤਿੱਖੀ ਕਰਨ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਨਾਲ ਹੀ ਪੂੰਜੀਵਾਦੀ ਸੰਕਟ ਨੂੰ ਬਦਲਿਆ ਜਾ ਸਕਦਾ ਹੈ। – ਸੰਪਾਦਕ*

ਕੈਨੇਡਾ ਆਪਣੇ ਚਲ ਰਹੇ ਆਰਥਿਕ ਮੰਦਵਾੜੇ ਤੋਂ ਮੁਨਕਰ ਹੈ, ਪਰ ਰਿਕਾਰਡ ਤੋੜ ਮਹਿੰਗਾਈ ਅਤੇ ਬੇਰੁਜ਼ਗਾਰੀ ਕਰਕੇ ਲੋਕਾਂ ਵਿਚ ਘਬਰਾਹਟ ਜੱਗ ਜਾਹਿਰ ਹੋ ਰਹੀ ਹੈ। ਇਥੋਂ ਦੇ ਕਾਮੇ ਮੌਜੂਦਾ ਬੇਰੁਜ਼ਗਾਰੀ, ਜੌਬ ਲੇਅ-ਆਫ਼ ਅਤੇ ਕੰਮਾਂ ਦੀ ਮੰਦੀ ਤੋਂ ਪ੍ਰੇਸ਼ਾਨ ਹਨ। ਆਰਥਿਕ ਮੰਦਵਾੜੇ ਦੇ ਲੱਛਣਾਂ ਤੋਂ ਅਣਜਾਣ ਕੁਝ ਪੁਰਾਣੇ ਕੈਨੇਡੀਅਨ ਇਸ ਗੱਲ ਦਾ ਸਾਰਾ ਦੋਸ਼, ਟਰੂਡੋ ਸਰਕਾਰ ਦੀ ਇਮੀਗ੍ਰੇਸ਼ਨ ਨੀਤੀ ਕਾਰਨ ਤੇਜ਼ੀ ਨਾਲ ਵਧ ਰਹੀ ਆਬਾਦੀ ਸਿਰ ਮੜ੍ਹ ਰਹੇ ਹਨ। ਆਰਥਿਕ ਮਾਹਿਰਾਂ ਅਨੁਸਾਰ ਨੀਤੀ ਵਿਚ ਵਧ ਰਹੀ ਆਬਾਦੀ ਇਸ ਦਾ ਮੁੱਖ ਕਾਰਨ ਨਹੀਂ ਹੈ, ਸਗੋਂ ਇਹ ਸੰਸਾਰ ਵਿਆਪੀ ਮੌਜੂਦਾ ਪੂੰਜੀਵਾਦੀ ਮੰਦਵਾੜੇ ਦੀ ਹਿੱਸੇ ਵਜੋਂ ਹੈ। ਇਸ ਸੰਸਾਰ ਮੰਦਵਾੜੇ ਦੇ ਸੰਕੇਤ ਬਾਕੀ ਦੇਸ਼ਾਂ ਵਾਂਗ ਕੈਨੇਡਾ ਵਿਚ ਵੀ ਦੇਖੇ ਜਾ ਰਹੇ ਹਨ, ਜਿਵੇਂ ਨੌਕਰੀਆਂ ਦੀ ਘਾਟ, ਰੋਜ਼ਾਨਾ ਜੀਵਨ ਜ਼ਰੂਰਤਾਂ ਵਾਲੀਆਂ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ, ਵਧਦੀ ਮਹਿੰਗਾਈ, ਨੌਕਰੀ ਵਿਚ ਛਾਂਟੀ, ਬੈਂਕ ਆਫ਼ ਕੈਨੈਡਾ ਦੁਆਰਾ ਕਈ ਮਾਰ ਮਾਰਟਗੇਜ ਦਰਾਂ ਵਿਚ ਵਾਧਾ ਅਤੇ ਹੋਰ ਬਹੁਤ ਸਾਰੇ ਸੰਕੇਤ। ਕੁੱਲ ਘਰੇਲੂ ਉਤਪਾਦ ਦੇ ਅੰਕੜੇ ਵੀ ਦਰਸਾਉਂਦੇ ਹਨ ਕਿ ਹਾਲ ਹੀ ਦੇ ਮਹੀਨਿਆਂ ਵਿਚ ਕੈਨੈਡੀਅਨ ਆਰਥਿਕਤਾ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਖੜੋਤ ਹੈ।

ਇਹ ਇਕ ਸੱਚਾਈ ਹੈ ਕਿ ਕੈਨੇਡਾ ਦੇਸ਼ ਇਮੀਗ੍ਰੇਸ਼ਨ ਦੇ ਆਧਾਰ 'ਤੇ ਹੀ ਉਸਰਿਆ ਹੈ ਅਤੇ ਇਹ ਇਮੀਗ੍ਰੇਸ਼ਨ ਲਗਾਤਾਰ ਜਾਰੀ ਰਹੀ ਹੈ। ਇਯ ਦੀ ਆਬਾਦੀ ਵਿਚ ਨਵੇਂ ਅਤੇ ਪੁਰਾਣੇ ਇਮੀਗ੍ਰੈਂਟ ਨੂੰ ਕੋਈ ਪਰਿਭਾਸ਼ਾ ਦੇਣੀ ਅਸੰਭਵ ਹੈ ਪਰ ਹਰ ਇਮੀਗ੍ਰੈਂਟ ਲਈ ਸ਼ੁਰੂਆਤੀ ਸਾਲ ਜ਼ਿਆਦਾ ਮੁਸ਼ਕਿਲਾਂ ਵਾਲੇ ਹੁੰਦੇ ਹਨ। ਮੌਜੂਦਾ ਇਮੀਗ੍ਰੇਸ਼ਨ ਕਰਕੇ, ਚਾਹੇ ਕੈਨੇਡਾ ਦੀ ਆਬਾਦੀ ਵਿਚ ਰਿਕਾਰਡ ਤੋੜ ਵਾਧਾ ਹੋਇਆ ਹੈ, ਇਸ ਨਵੀਂ ਆਬਾਦੀ ਲਈ ਨੌਕਰੀਆਂ ਅਤੇ ਵਸੇਵੇਂ ਲਈ ਸਰਕਾਰ ਨੇ ਢੁਕਵੇਂ ਪ੍ਰਬੰਧਾਂ ਦੀ ਘਾਟ ਰਹੀ ਹੈ। ਸਟੇਟਸ-ਕੈਨ ਵਲੋਂ ਹਾਲ ਹੀ ਵਿਚ ਪੇਸ਼ ਕੀਤੀ ਗਈ ਰਿਪੋਰਟ ਦੱਸਦੀ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਦੇਸ਼ ਦੀ ਆਬਾਦੀ ਵਿਚ ਲਗਭਗ 1.2 ਮਿਲੀਅਨ ਜਾਂ 3 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜੋ ਕਿ ਜ਼ਿਆਦਾਤਰ ਇਮੀਗਰੈਂਟਸ ਕਰਕੇ ਦਰਜ ਕੀਤੀ ਗਈ ਹੈ। ਨਵੇਂ ਆਉਣ ਵਾਲੇ ਪਰਵਾਸੀਆਂ ਵਿਚ ਵੱਡੀ ਗਿਣਤੀ ਕਾਮੇ ਹੀ ਹਨ। ਵਸੋਂ ਦਾ ਤੇਜ਼ੀ ਨਾਲ ਵਾਧਾ 'ਨੌਕਰੀ ਭਾਲਣ ਵਾਲਿਆਂ' ਦੇ ਹੱਕ ਵਿਚ ਨਹੀਂ ਹੈ। ਇਸੇ ਕਰਕੇ ਨੌਕਰੀ ਪ੍ਰਾਪਤ ਕਰਨ ਲਈ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਬੇਰੁਜ਼ਗਾਰੀ ਕਰਕੇ ਘੱਟ ਵੇਜ਼ 'ਤੇ ਕੰਮ ਲਈ ਤਿਆਰ ਹਨ। ਨਤੀਜੇ ਵਜੋਂ, ਰੁਜ਼ਗਾਰ ਧੋਖਾਧੜੀ, ਮਜ਼ਦੂਰੀ ਦੀ ਚੋਰੀ ਅਤੇ ਮਾਲਕਾਂ ਦੁਆਰਾ ਐਲਐਮਆਈਏ ਨੌਕਰੀਆਂ ਵੇਚਣ ਦੇ ਬਹੁਤ ਸਾਰੇ ਮਾਮਲੇ ਮੀਡੀਆ ਵਿਚ ਸਾਹਮਣੇ ਆਏ ਹਨ। ਇਸ ਵੱਧ ਰਹੀ ਆਬਾਦੀ, ਵੱਡੇ ਕਾਰੋਬਾਰੀਆਂ ਦੇ ਬਹੁਤ ਰਾਸ ਆ ਰਹੀ ਹੈ, ਜਿਨ੍ਹਾਂ ਨੂੰ ਵੱਡੀ ਗਿਣਤੀ ਵਿਚ ਸਸਤੇ ਮਜ਼ਦੂਰ ਮਿਲ ਰਹੇ ਹਨ ਜੋ ਕਿ ਘੱਟ ਉਜਰਤ ਦਰ 'ਤੇ ਨੌਕਰੀ ਲੈਣ ਲਈ ਸਹਿਮਤ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਨਵੇਂ ਨੌਜਵਾਨ ਪਰਵਾਸੀਆਂ ਦੀ ਨੁਮਾਇੰਦਗੀ ਵਾਲੀਆਂ ਜਥੇਬੰਦੀਆਂ 'ਨੌਜਵਾਨ ਸਪੋਰਟਸ ਨੈੱਟਵਰਕ', 'ਮਾਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜ਼ੇਸਨ' ਵਲੋਂ ਵੀ ਕਈ ਇੰਪਲਾਇਰਾਂ ਵਲੋਂ ਤਨਖਾਹ ਦੀ ਚੋਰੀ ਅਤੇ ਧੋਖਾਧੜੀ ਦੇ ਤਰੀਕਿਆਂ ਵਿਰੁੱਧ ਆਵਾਜ਼ ਉਠਾਈ ਹੈ।

ਲੋਕ ਮੰਦਵਾੜੇ ਦੀ ਇਸ ਸੁਰੰਗ ਤੋਂ ਬਾਹਰ ਨਿਕਲਣ ਦੀ ਆਸ ਲਾਈ ਬੈਠੇ ਹਨ, ਪਰ ਆਰਥਿਕ ਮਾਹਿਰਾਂ ਲਈ, ਇਸ ਮੰਦੀ ਦੇ ਅੰਤ ਦੀ ਭਵਿੱਖੀਬਾਣੀ ਕਰਨੀ ਅਸੰਭਵ ਹੈ। ਕੈਨੇਡੀਅਨ ਸਰਕਾਰ ਇਸ ਸੰਕਟ ਨਾਲ ਨਜਿੱਠਣ ਲਈ ਲਗਾਤਾਰ ਯਤਨਸ਼ੀਲ ਹੈ, ਪਰ ਭਾਈਚਾਰੇ ਵਿਚ ਅਜੇ ਦੀ ਦਹਿਸ਼ਤ ਦਾ ਮਾਹੌਲ ਹੈ। ਆਰਥਿਕ ਮਾਹਿਰ ਥੋੜ੍ਹੀ ਜਿਹੀ ਉਮੀਦ ਲਈ ਵੀ ਮਾਰਕਿਟ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ ਅਤੇ ਇਸ ਸੰਕਟ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਸੰਕਟ ਦੀ ਅੰਤਮ ਤਾਰੀਖ ਲਈ ਤਰ੍ਹਾਂ ਤਰ੍ਹਾਂ ਦੀਆਂ ਵਿਸ਼ਲੇਸ਼ਣਾਤਮਕ ਭਵਿੱਖਬਾਣੀ ਮੀਡੀਆ ਵਿਚ ਆਮ ਦੇਖਣ ਨੂੰ ਮਿਲ ਰਹੀਆਂ ਹਨ।

ਸਟੈਟਿਸਟਿਕਸ ਕੈਨੇਡਾ ਨੇ ਇਕ ਤਾਜ਼ਾ ਰਿਪੋਰਟ ਵਿਚ ਕਿਹਾ ਕਿ ਸਤੰਬਰ ਵਿਚ 64,000 ਨੌਕਰੀਆਂ ਦਾ ਵਾਧਾ ਹੋਇਆ ਹੈ, ਜੋ ਅਗਸਤ ਵਿਚ 40,000 ਦੇ ਵਾਧੇ ਤੋਂ ਵੱਧ ਹੈ। ਇਹ ਅੰਕੜਨਾ ਬੇਅਸਟ੍ਰੀਟ ਦੇ ਅਰਥਸ਼ਾਸਤਰੀਆਂ ਦੇ 20,000 ਦੇ ਅੰਦਾਜ਼ੇ ਨੂੰ ਅਸਾਨੀ ਨਾਲ ਪਾਰ ਕਰ ਗਿਆ। ਬੇਰੁਜ਼ਗਾਰੀ ਦੀ ਦਰ ਲਗਾਤਾਰ ਤੀਜੇ ਮਹੀਨੇ 5.5 ਪ੍ਰਤੀਸ਼ਤ 'ਤੇ ਸਥਿਰ ਰਹੀ, ਕਿਉਂਕਿ ਇਸ ਵਿਚ ਦੇਸ਼ ਮਜ਼ਬੂਤ, ਇਮੀਗ੍ਰੇਸ਼ਨ - ਆਧਾਰਤ ਆਬਾਦੀ ਲਈ ਰੁਜ਼ਗਾਰ ਪ੍ਰਾਪਤੀ ਨੂੰ ਪੂਰਾ ਕਰਨਾ ਵੀ ਸ਼ਾਮਲ ਹੈ। ਕਾਫ਼ੀ ਰਿਪੋਰਟਾਂ ਵਿਚ ਅੰਕੜੇ ਨਿਸ਼ਚਿਤ ਤੌਰ 'ਤੇ ਰਲ ਗੱਡ ਕਰ ਦਿੱਤੇ ਗਏ ਸ ਨ। ਸਤੰਬਰ ਵਿਚ ਵਿਦਿਅਕ ਸੇਵਾਵਾਂ ਵਿਚ ਰੁਜ਼ਗਾਰ 66,00 ਵਧਿਆ, ਅਗਸਤ ਵਿਚ 44,000 ਦੀ ਗਿਰਾਵਟ ਤੋਂ ਬਾਅਦ ਇਕ ਅਸਥਿਰ ਨਤੀਜਾ ਹੈ, ਜਿਸ ਨੂੰ ਅਰਥ ਸ਼ਾਸਤਰੀਆਂ ਨੇ ਇਕ ਅੰਕੜਾਤਮਕ ਵਜੋਂ ਖਾਰਜ ਕਰ ਦਿੱਤਾ। ਕਿਉਂਕਿ ਪਿਛਲੇ ਸਮੇਂ ਪਾਰਟ-ਟਾਈਮ ਕੱਚੀਆਂ ਨੌਕਰੀਆਂ ਨੂੰ ਜ਼ਿਆਦਾਤਰ ਰੁਜ਼ਗਾਰ ਵਾਧੇ ਲਈ ਦਰਜ ਕੀਤਾ ਗਿਆ ਹੈ। ਆਰਥਿਕ ਵਿਸ਼ਲੇਸ਼ਣ ਵਿਚ ਕੰਮਤਕਾਜ ਦੇ ਕੁੱਲ ਘੰਟੇ 0.2 ਪ੍ਰਤੀਸ਼ਤ ਘੱਟ ਗਏ ਹਨ। ਨੌਕਰੀਆਂ ਤੋਂ ਨੌਕਰੀ ਤੋਂ ਕੱਢੇ ਲੇਅ-ਆਫ਼ ਕਰਮਚਾਰੀਆਂ ਨੂੰ ਦਿੱਤਾ ਗਿਆ ਮੁਆਵਜ਼ਾ ਵੀ ਸਿਖਰਾਂ ਵੱਲ ਜਾ ਰਿਹਾ ਹੈ। ਔਸਤ ਘੰਟਾਵਾਰ ਵੇਜ਼-ਜੁਲਾਈ ਅਤੇ ਅਗਸਤ ਵਿਚ ਵਾਧੇ ਦੇ ਨਾਲ, ਸਾਲ ਦਰ ਸਾਲ ਦੇ ਹਿਸਾਬ ਨਾਲ ਸਤੰਬਰ ਵਿਚ 5 ਪ੍ਰਤੀਸ਼ਤ ਵਧੀ ਹੈ। ਨੌਕਰੀਆਂ ਦਾ ਵਾਧੇ ਲਈ ਸਰਕਾਰੀ ਯਤਨ ਅਤੇ ਮਜ਼ਬੂਤ ਉਜਰਤ ਵਾਧੇ ਦੇ ਅੰਕੜਿਆਂ ਦਾ ਰੁਝਾਨ ਕਾਮਿਆਂ ਲਈ ਇਕ ਉਤਸ਼ਾਹਜਨਕ ਹੈ, ਜੋ ਪਿਛਲੇ ਦੋ ਸਾਲਾਂ ਤੋਂ ਉਚੀ ਮਹਿੰਗਾਈ ਤੋਂ ਦੁਖੀ ਹਨ।

ਸਤੰਬਰ ਵਿਚ ਵਿੱਤ, ਬੀਮਾ ਅਤੇ ਰੀਅਲ ਅਸਟੇਟ ਵਿਚ ਕੰਮ ਕਰਨ ਵਾਲੇ ਕੰਮ-ਫੋਰਸ ਦੀ ਗਿਣਤੀ ਵਿਚ 20,00 ਦੀ ਕਮੀ ਆਈ ਹੈ ਅਤੇ ਉਸਾਰੀ ਵਿਚ 18,000 ਦੀ ਕਮੀ ਆਈ ਹੈ। ਦੋਵੇਂ ਉਦਯੋਗ ਖਾਸ ਤੌਰ 'ਤੇ ਉਚੀਆਂ ਵਿਆਜ ਦਰਾਂ ਦੀ ਮਾਰ ਝੱਲ ਰਹੇ ਹਨ। ਪਿਛਲੇ ਮਹੀਨੇ ਦੌਰਾਨ ਰੁਜ਼ਗਾਰ ਵਿਚ ਸਭ ਤੋਂ ਵੱਡੀ ਉਸਾਰੂ ਛਾਲ ਕਿਊਬਿਕ ਵਿਚ ਸੀ, ਜਿਸ ਵਿਚ 39,000 ਨੌਕਰੀਆਂ ਸ਼ਾਮਲ ਹੋਈਆਂ। ਇਸ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ 26,000 'ਤੇ ਸੀ। ਇਸ ਦੇ ਉਲਟ ਅਲਬਰਟਾ ਵਿਚ ਰੁਜ਼ਗਾਰ ਅੰਕੜਾ 38,000 ਤੱਕ ਘਟਿਆ ਹੈ।

ਇਹ ਸਾਰੇ ਅੰਕੜੇ 'ਬੈਂਕ ਆਫ਼ ਕੈਨੇਡਾ' ਲਈ ਤਸੱਲੀ ਵਾਲੇ ਨਹੀਂ, ਜੋ ਮਹਿੰਗਾਈ ਕਾਬੂ ਕਰਨ ਦੇ ਯਤਨਾਂ ਵਜੋਂ ਲੇਬਰ ਮਾਰਕੀਟ ਵਿਚੋਂ ਕੁਝ ਸਹਾਰਾ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੋਏਗੀ ਕਿ ਕੀ ਹਾਲ ਹੀ ਦੇ ਆਰਥਿਕ ਅੰਕੜੇ 'ਬੈਂਕ ਆਫ਼ ਕੈਨੇਡਾ' ਲਈ ਕਾਫ਼ੀ ਹਨ ਜਿਸ ਨਾਲ ਉਹ, ਮਹਿੰਗਾਈ ਦਰ ਵਿਚ ਮੋੜਾ ਲਿਆਵੇ ਅਤੇ ਮਾਰਟਗੇਜ਼ ਵਿਆਜ ਦਰਾਂ ਨੂੰ ਮੁੜ ਘਟਾਉਣ ਦੀ ਸ਼ੁਰੂਆਤ ਕਰੇ। ਇਸ ਨਾਲ ਆਰਥਿਕਤਾ ਵਿਚ ਕਰਜ਼ਾ ਸਹੂਲਤਾਂ ਵਿਚ ਵਾਧਾ ਹੋਣ ਨਾਲ, ਲੋਕਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ।

ਪਿਛਲੇ 18 ਮਹੀਨਿਆਂ ਵਿਚ, ਬੈਂਕ ਆਫ਼ ਕੈਨੇਡਾ ਨੇ ਆਪਣੀ ਬੈਂਚਮਾਰਕ ਦਰ ਨੂੰ 0.25 ਪ੍ਰਤੀਸ਼ਤ ਦੇ ਸੰਕਟ ਹੇਠਲੇ ਪੱਧਰ ਤੋਂ ਵਧਾ ਕੇ 5 ਪ੍ਰਤੀਸ਼ਤ ਕਰ ਦਿੱਤਾ ਹੈ, ਜੋ ਦਹਾਕਿਆਂ ਵਿਚ ਨੀਤੀ ਨੂੰ ਸਖ਼ਤ ਕਰਨ ਦੀ ਸਭ ਤੋਂ ਤੇਜ਼ ਰਫ਼ਤਾਰ ਹੈ। ਬੈਂਕ ਨੇ ਸਤੰਬਰ ਦਰ ਦੇ ਫੈਸਲੇ 'ਤੇ ਆਪਣੀ ਮੁੱਖ ਵਿਆਜ ਦਰ ਨੂੰ ਸਥਿਰ ਰੱਖਿਆ।

ਇਸ ਖੜੋਤ ਨੂੰ ਖਪਤਕਾਰ ਕੀਮਤਾਂ ਦੇ ਵਾਧੇ ਵਿਚ ਨਵੀਂ ਉਛਾਲ ਦੁਆਰਾ ਪਰਚਿਆ ਜਾ ਰਿਹਾ ਹੈ। ਕੈਨੇਡਾ ਦੀ ਸਲਾਨਾ ਮਹਿੰਗਾਈ ਦਰ, ਅਸਗਤ ਵਿਚ ਵਧ ਕੇ 4 ਪ੍ਰਤੀਸ਼ਤ ਏ ਗਈ ਏ, ਜੋ ਕਿ ਜੂਨ ਵਿਚ 2.8 ਪ੍ਰਤੀਸ਼ਤ ਸੀ, ਇਹ ਮੁੱਖ ਤੌਰ 'ਤੇ ਗੈਸ/ਪੈਟਰੋਲ ਦੀਆਂ ਉਚੀਆਂ ਕੀਮਤਾਂ ਕਾਰਨ ਹੈ। ਭਵਿੱਖ ਵਿਚ ਜਾਰੀ ਹੋਣ ਵਾਲੀ ਮਹਿੰਗਾਈ ਰਿਪੋਰਟ, ਕੇਂਦਰੀ ਬੈਂਕ ਨੂੰ ਆਰਥਿਕਤਾ ਦੇ ਨਾਲ ਨਾਲ ਆਮ ਆਦਮੀ ਦੇ ਭਵਿੱਖ ਨੂੰ ਮੁੜ ਆਕਾਰ ਦੇਣ ਲਈ ਵਿਚਾਰ ਵਾਲੇ ਵਧੇਰੇ ਅੰਕੜੇ ਪੇਸ਼ ਕਰੇਗੀ। ਹਾਲ ਹੀ ਦੇ ਮਹੀਨਿਆਂ ਵਿਚ ਆਰਥਿਕ ਵਿਕਾਸ ਪ੍ਰਭਾਵਸ਼ਾਲੀ ਢੰਗ ਨਾਲ ਰੁਕ ਗਿਆ ਹੈ। ਖਪਤਕਾਰ ਰੋਜ਼ਾਨਾ ਖਰਚ ਕਰਨ ਤੋਂ ਪਿਛੇ ਹਟਦੇ ਦਿਖਾਈ ਦਿੰਦੇ ਹਨ, ਕਿਉਂਕਿ ਲੋਨ ਦੀਆਂ ਉਚ ਦਰਾਂ ਉਨ੍ਹਾਂ ਦੇ ਘਰੇਲੂ ਬਜਟ 'ਤੇ ਲਗਾਤਾਰ ਬੋਝ ਬਣ ਰਹੀਆਂ ਹਨ। ਆਮ ਆਦਮੀ ਵਲੋਂ ਰਸੋਈ, ਰਿਹਾਇਸ਼ ਖਰਚੇ ਅਤੇ ਹੋਰ ਰੋਜ਼ਾਨਾ ਲੋੜਾਂ 'ਤੇ ਸਿੱਧੀ ਕਟੌਤੀ ਕੀਤੀ ਜਾ ਰਹੀ ਹੈ ਅਤੇ ਕਰੈਡਿਟ ਕਾਰਡਾਂ ਦੇ ਉਧਾਰ ਲਗਾਤਾਰ ਵਧ ਰਹੇ ਹਨ। ਪਰਿਵਾਰਾਂ ਵਲੋਂ ਕੀਤੇ ਜਾ ਰਹੇ ਇਸ ਉਪਰਾਲੇ ਸਿਰਫ਼ ਬਚਾਅ ਦੇ ਤਰੀਕੇ ਹੀ ਹਨ, ਇਹ ਮੰਦਵਾੜੇ ਦਾ ਕੋਈ ਹੱਲ ਨਹੀਂ ਹੈ।

ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਪਿਛਲੇ ਕੁਝ ਮਹੀਨੇ ਮਹਿੰਗਾਈ ਦੇ ਰਾਸ਼ਟਰੀ ਪੱਧਰ 'ਤੇ 3.8 ਪ੍ਰਤੀਸ਼ਤ ਤੱਕ ਠੰਢਾ ਹੋਣ ਬਾਰੇ ਕੁਝ ਰਿਪੋਰਟਾਂ ਹਨ, ਅਗਸਤ ਵਿਚ 4.0 ਪ੍ਰਤੀਸ਼ਤ ਤੋਂ ਹੇਠਾਂ ਅਤੇ ਲਗਾਤਰ ਦੋ ਮਾਸਿਕ ਪ੍ਰਵੇਗ ਦੀ ਇਕ ਲੜੀ ਨੂੰ ਤੋੜ ਦਿੱਤਾ। ਕੈਨੇਡਾ ਦੇ ਵਿੱਤ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਕਿਹਾ ਕਿ ਕੈਨੇਡੀਅਨਾਂ ਨੂੰ ਮਹਿੰਗਾਈ ਦੇ ਮੋਰਚੇ 'ਤੇ ਤਰੱਕੀ ਦੁਆਰਾ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। 'ਰੁਝਾਨ ਸਹੀ ਦਿਸ਼ਾ ਵਿਚ ਹੈ ਅਤੇ ਇਹ ਕੈਨੇਡੀਅਨਾਂ ਲਈ ਚੰਗੀ ਖ਼ਬਰ ਹੈ", ਉਸਨੇ ਪੱਤਰਕਾਰਾਂ ਨੂੰ ਦੱਸਿਆ। ਫ੍ਰੀਲੈਂਡ ਨੇ ਵਿੱਤੀ ਸੇਵਾਵਾਂ ਨੂੰ ਹੋਰ ਕਿਫਾਇਤੀ ਬਣਾਉਣ ਲਈ ਘੱਟ ਅਤੇ ਬਿਨਾਂ ਲਾਗਤ ਵਾਲੇ ਬੈਂਕ ਖਾਤਿਆਂ ਲਈ ਪੇਸ਼ਕਸ਼ਾਂ ਦਾ ਵਿਸਥਾਰ ਕਰਨ ਲਈ ਬੈਂਕਾਂ ਨੂੰ ਹਦਾਇਤਾਂ ਦੇਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ।

ਉਦਯੋਗ ਮੰਤਰੀ ਫ੍ਰੈਂਕੋਇਸ-ਫਿਲਿਪ ਸ਼ੈਂਪੇਨ ਨੇ ਸਵੀਕਾਰ ਕੀਤਾ ਕਿ ਮਹਿੰਗਾਈ ਨੂੰ ਨਿਯੰਤਰਣ ਕਰਕੇ ਵਾਪਸ ਲਿਆਉਣ ਦੇ ਯਤਨਾਂ ਵਿਚ ਹੋਰ 'ਹਫ਼ਤੇ' ਜਾਂ 'ਮਹੀਨੇ' ਲੱਗ ਸਕਦੇ ਹਨ। ਉਸ ਨੇ ਕਿਹਾ, "ਇਹ ਇਸ ਤਰ੍ਹਾਂ ਨਹੀਂ ਹੈ ਕਿ ਇਥੇ ਮਹਿੰਗਾਈ ਲਈ ਇਕ ਆਨ-ਆਫ਼ ਸਵਿੱਚ ਦੀ ਤਰ੍ਹਾਂ ਕਾਬੂ ਕੀਤਾ ਜਾ ਸਕਦਾ ਹੈ। ਅਸੀਂ ਰਾਤੋ-ਰਾਤ ਕੀਮਤਾਂ ਨੂੰ ਸਥਿਰ ਨਹੀਂ ਕਰ ਸਕਦੇ।"

ਸਟੈਟਕੈਨ ਨੇ ਕਿਹਾ ਕਿ ਕੈਨੇਡੀਅਨਾਂ ਨੇ ਸਤੰਬਰ ਵਿੱਚ ਕਰਿਆਨੇ ਦੀਆਂ ਦੁਕਾਨਾਂ ਦੀਆਂ ਕੀਮਤਾਂ ਵਿੱਚ 5.8 ਪ੍ਰਤੀਸ਼ਤ ਵਾਧਾ ਦੇਖਿਆ, ਜੋ ਅਗਸਤ ਵਿੱਚ 6.9 ਪ੍ਰਤੀਸ਼ਤ ਦੇ ਵਾਧੇ ਤੋਂ ਠੰਡਾ ਹੁੰਦਾ ਹੈ। ਮੀਟ, ਡੇਅਰੀ ਉਤਪਾਦਾਂ, ਸਬਜ਼ੀਆਂ ਅਤੇ ਕੌਫੀ ਅਤੇ ਚਾਹ ਦੀਆਂ ਕੀਮਤਾਂ ਵਿੱਚ ਵਾਧਾ ਮਹੀਨਾ-ਦਰ-ਮਹੀਨਾ ਹੋ ਰਿਹਾ ਹੈ, ਹਾਲਾਂਕਿ ਖਾਣ ਵਾਲੇ ਫੈਕਸ ਅਤੇ ਤੇਲ, ਬੇਕਰੀ ਉਤਪਾਦਾਂ, ਮੱਛੀ ਅਤੇ ਤਾਜ਼ੇ ਫਲਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਏਜੰਸੀ ਨੇ ਕਿਹਾ ਕਿ ਕਰਿਆਨੇ ਦੀ ਦੁਕਾਨ 'ਤੇ ਲਗਾਤਾਰ ਰਾਹਤ ਦੇ ਸੰਕੇਤਾਂ ਦੇ ਵਿਚਕਾਰ ਸਤੰਬਰ ਵਿੱਚ ਮਹਿੰਗਾਈ ਦੀ ਸਾਲਾਨਾ ਦਰ ਵਿੱਚ 'ਵਿਆਪਕ-ਆਧਾਰਿਤ' ਮੰਦੀ ਦੇਖੀ ਗਈ।

ਸਟੈਟਕੈਨ ਨੇ ਕਿਹਾ ਦਿ ਮੌਰਟਗੇਜ ਅਤੇ ਕਿਰਾਏ ਦੇ ਉੱਚੇ ਖਰਚੇ ਸਤੰਬਰ ਵਿੱਚ ਮਹਿੰਗਾਈ ਨੂੰ ਵਧਾਉਣ ਵਾਲੇ ਮੁੱਖ ਕਾਰਕ ਸਨ [ਏਜੰਸੀ ਦੇ ਅਨੁਸਾਰ, ਗੈਸ ਪੰਪਾਂ 'ਤੇ, ਗੈਸੋਲੀਨ ਦੀਆਂ ਕੀਮਤਾਂ ਸਾਲ-ਦਰ-ਸਾਲ 7.5 ਪ੍ਰਤੀਸ਼ਤ ਵਧੀਆਂ, ਪਰ ਉਹ ਮਾਸਿਕ ਆਧਾਰ 'ਤੇ ਥੋੜ੍ਹੀ ਜਿਹੀ ਘਟੀਆਂ ਹਨ। ਕੈਨੇਡੀਅਨਾਂ ਨੇ ਵੀ ਮਹੀਨੇ ਵਿੱਚ ਹਵਾਈ ਕਿਰਾਏ ਦੀ ਲਾਗਤ ਵਿੱਚ ਕੁਝ ਗਿਰਾਵਟ ਦੇਖੀ, ਕੀਮਤਾਂ ਸਾਲ-ਦਰ-ਸਾਲ 21.1 ਪ੍ਰਤੀਸ਼ਤ ਦੀ ਗਿਰਾਵਟ ਦੇ ਨਾਲ ਹਨ। ਸਟੈਟਕੈਨ ਨੇ ਨੋਟ ਕੀਤਾ ਕਿ ਕੀਮਤ ਵਿੱਚ ਗਿਰਾਵਟ, ਪਿਛਲੇ ਸਾਲ ਵਿੱਚ ਏਅਰਲਾਈਨਾਂ ਤੋਂ ਆਫਰ 'ਤੇ ਉਡਾਣਾਂ ਵਿੱਚ ਹੌਲੀ ਹੌਲੀ ਵਾਧੇ ਦੇ ਨਾਲ ਮੇਲ ਖਾਂਦੀ ਹੈ। ਕੈਨੇਡੀਅਨਾਂ ਨੇ ਵੀ ਫਰਨੀਚਰ ਅਤੇ ਉਪਕਰਨਾਂ ਸਮੇਤ ਟਿਕਾਊ ਵਸਤਾਂ ਦੀਆਂ ਕੀਮਤਾਂ ਵਿੱਚ ਸਾਲਾਨਾ ਗਿਰਾਵਟ ਦੇਖੀ। ਨਵੇਂ ਟਰਾਂਸਪੋਰਟ ਵਾਹਨਾਂ ਨੇ ਸਤੰਬਰ ਵਿੱਚ ਕੀਮਤਾਂ ਵਿੱਚ ਇੱਕ ਧੀਮੀ ਦਰ ਨਾਲ ਵਾਧਾ ਦੇਖਿਆ, ਜਿਸਨੂੰ ਸਟੈਟਕੈਨ ਨੇ ਮਾਰਕੀਟ ਵਿੱਚ ਨਵੀਆਂ ਕਾਰਾਂ ਲਈ ਬਿਹਤਰ ਸਟਾਕ ਦਾ ਕਾਰਨ ਦੱਸਿਆ।

ਟਰੂਡੋ ਲਿਬਰਲ ਸਰਕਾਰ ਨੇ ਸਦਨ ਦੀ ਪਤਝੜ ਬੈਠਕ ਵਿੱਚ ਕਰਿਆਨੇ ਦੀ ਸਮਰੱਥਾ ਨੂੰ ਆਪਣੇ ਏਜੰਡੇ ਦੇ ਸਿਖਰ 'ਤੇ ਰੱਖਿਆ ਹੈ, ਉਦਯੋਗ ਮੰਤਰੀ ਸ਼ੈਂਪੇਨ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਭੋਜਨ ਦੀਆਂ ਕੀਮਤਾਂ ਨੂੰ ਸਥਿਰ ਕਰਨ ਲਈ ਕਰਿਆਨਾ ਕੰਪਨੀਆਂ 'ਤੇ ਨਵੀਂ ਯੋਜਨਾਬੰਦੀ ਲਈ ਦਬਾਅ ਪਾਇਆ ਹੈ। ਲਗਦਾ ਹੈ ਕਿ ਕੈਨੇਡਾ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਹ ਸੰਕਟ ਨੂੰ ਦੂਰ ਕਰਨ ਵਿਚ ਰੁੱਝੀ ਹੋਈ ਹੈ, ਪਰ ਕੈਨੇਡੀਅਨ ਭਾਈਚਾਰੇ ਲਈ ਇਹ ਲ੍ਹਾਰੇ ਕਾਫੀ ਨਹੀਂ ਹਨ। ਇਸ ਨੂੰ ਸਾਰੇ ਲੋਕਾਂ ਅਤੇ ਖਾਸ ਤੌਰ 'ਤੇ ਸੁਨਹਿਰੇ ਭਵਿੱਖ ਦੀ ਭਾਲ ਵਿਚ ਆਉਣ ਵਾਲੇ ਨਵੇਂ ਲੋਕਾਂ ਦੀ ਦੇਖਭਾਲ ਲਈ ਇੱਕ ਮਜ਼ਬੂਤ ਯੋਜਨਾਬੱਧ ਪ੍ਰਬੰਧ, ਜੰਗੀ ਪੱਧਰ 'ਤੇ ਕਰਨੇ ਚਾਹੀਦੇ ਹਨ।

## ਭਰਪੂਰ ਹੁੰਗਾਰੇ ਦੀ ਆਸ ਨਾਲ


ਜਿਸ ਕਿਸਮ ਨਾਲ ਨੌਜਵਾਨ ਅਤੇ ਵਿਦਿਆਰਥੀਆਂ ਦੀਆਂ ਵਿਦਿਅਕ ਅਤੇ ਹੋਰ ਸਮੱਸਿਆਵਾਂ ਵਧਦੀਆਂ ਜਾ ਰਹੀਆਂ ਹਨ। ਪੰਜਾਬ ਅਤੇ ਕੈਨੇਡਾ ਦੇ ਵਿਦਿਅਕ ਖੇਤਰ ਵਿਚ ਜੋ ਦੁਸ਼ਵਾਰੀਆਂ ਨੌਜਵਾਨ ਪੀੜ੍ਹੀ ਹੰਢਾਅ ਰਹੀ ਹੈ ਉਸ ਦਾ ਪ੍ਰਭਾਵ ਸਮੁੱਚੇ ਪੰਜਾਬੀਆਂ ਦੀ ਹੋਣੀ 'ਤੇ ਪੈ ਰਿਹਾ ਹੈ। ਇਸ ਕਰਕੇ 'ਸਰੋਕਾਰਾਂ ਦੀ ਆਵਾਜ਼' ਅਦਾਰਾ ਮਹਿਸੂਸ ਕਰਦਾ ਹੈ ਕਿ ਇਸ ਵਿਸ਼ੇ 'ਤੇ ਤੱਥਾਂ ਸਹਿਤ ਲਿਖਤਾਂ ਪ੍ਰਕਾਸ਼ਤ ਕੀਤੀਆਂ ਜਾਣ। ਇਸ ਸਬੰਧੀ ਵੱਖ ਵੱਖ ਵਿਦਵਾਨ ਅਤੇ ਲੇਖਕਾਂ ਨੂੰ ਖੁੱਲ੍ਹਾ ਸੱਦਾ ਹੈ ਕਿ ਉਹ 10 ਮਾਰਚ ਤੱਕ ਸਾਡੇ ਅਦਾਰੇ ਨੂੰ ਲਿਖਤਾਂ ਭੇਜਣ। ਸੰਪਾਦਕੀ ਮੰਡਲ ਗੰਭੀਰ ਵਿਚਾਰ ਚਰਚਾ ਤੋਂ ਬਾਅਦ ਇਸ ਬਾਰੇ ਵਿਸ਼ੇਸ਼ ਰਿਪੋਰਟ/ਅੰਕ ਅਤੇ ਲਿਖਤਾਂ ਦਾ ਸੰਗ੍ਰਹਿ ਸੋਚਣ ਬਾਰੇ ਵੀ ਫੈਸਲਾ ਲੈ ਸਕਦਾ ਹੈ, ਹਰੇਕ ਕਿਸਮ ਦੀ ਲਿਖਤ ਨੂੰ ਜੀ ਆਇਆਂ ਕਹਾਂਗੇ। ਸ਼ਹੀਦ-ਏ-ਆਜ਼ਮ ਭਗਤ ਸਿੰਘ ਜਿਸ ਕਿਸਮ ਨਾਲ ਆਪਣੇ ਸਮਿਆਂ ਵਿਚ ਸੋਚਦੇ ਸੀ ਅੱਜ ਦਾ ਨੌਜਵਾਨ ਕਿਵੇਂ ਸੋਚਦਾ ਹੈ ਅਤੇ ਉਸ ਨੂੰ ਕੀ ਦਿਸ਼ਾ ਅਪਣਾਉਣੀ ਚਾਹੀਦੀ ਹੈ, ਇਹ ਗੰਭੀਰ ਪ੍ਰਸ਼ਨ ਹਰ ਇਕ ਦੇ ਸਾਹਮਣੇ ਖੜ੍ਹਾ ਹੈ, ਕਿਉਂਕਿ ਨੌਜਵਾਨ ਹੀ ਕਿਸੇ ਦੇਸ਼ ਅਤੇ ਸਮਾਜ ਦਾ ਸਰਮਾਇਆ ਹੁੰਦੇ ਹਨ। 'ਸਰੋਕਾਰਾਂ ਦਾ ਆਵਾਜ਼' ਇਕ ਬਦਲਵੇਂ ਸਮਾਜ, ਰਾਜਨੀਤੀ, ਆਰਥਿਕਤਾ, ਸਭਿਆਚਾਰ ਵਿਚ ਵਿਸ਼ਵਾਸ ਰੱਖਦਾ ਹੈ ਜੋ ਜਮਹੂਰੀਅਤ ਕਦਰਾਂ ਕੀਮਤਾਂ ਅਤੇ ਸਮਾਜਿਕ ਤਬਦੀਲੀ ਵਾਲੇ ਵਿਚਾਰਾਂ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਯੋਗਦਾਨ ਪਾਉਣ ਵਿਚ ਮਾਣ ਮਹਿਸੂਸ ਕਰਦਾ ਹੈ।


- ਸੰਪਾਦਕੀ ਮੰਡਲ

# ਭਾਰਤ ਦੇ ਤਾਨਾਸ਼ਾਹੀ ਰਾਜ ਦੀ ਤ੍ਰਾਸਦੀ: ਪ੍ਰਬੀਰ ਪੁਰੂਕਾਯਸਥ ਦਾ ਕੇਸ



ਅਚਿਨ ਵਿਨਾਇਕ









*ਪ੍ਰਸਿੱਧ ਰਾਜਨੀਤਕ ਸ਼ਾਸਤਰੀ ਪ੍ਰੋ. ਅਚਿਨ ਵਿਨਾਇਕ ਦੀ ਪੁਸਤਕ ਵੱਧ ਰਿਹਾ ਹਿੰਦੂਤਵ ਦੁਨੀਆ ਦੀਆਂ ਫਾਸਇਜ਼ਮ 'ਤੇ ਲਿਖਿਆਂ ਕਿਤਾਬਾਂ ਵਿਚੋਂ ਇਕ ਹੈ। ਜਿਹੜੀ ਆਰਐਸਐਸ ਦੇ ਵਧਣ ਫੁੱਲਣ ਤੋਂ ਲੈ ਕੇ ਮੋਦੀ ਰਾਜ ਤੱਕ ਨੂੰ ਵਿਚਾਰਧਾਰਕ, ਵਧਦੀ ਹਿੰਦੂ ਧਾਰਮਿਕਤਾ, ਘਟਦੀ ਜਮਹੂਰੀਅਤ ਅਤੇ ਤਬਾਹ ਹੁੰਦੇ ਫੈਡਰਲ ਢਾਂਚੇ ਨੂੰ ਤੱਥਾਂ ਅਤੇ ਰਿਪੋਰਟਾਂ ਨਾਲ ਦਰਸਾਉਂਦੀ ਹੈ। - ਸੰਪਾਦਕ*

ਭਾਰਤ ਦੇ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੀਆਂ ਸਾਰੀਆਂ ਗੱਲਾਂ ਦੇ ਬਾਵਜੂਦ ਮੌਜੂਦਾ ਹਕੀਕਤ ਅਸਲ ਵਿੱਚ ਬਹੁਤ ਵੱਖਰੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਮੌਜੂਦਾ ਹਿੰਦੂ ਰਾਸ਼ਟਰਵਾਦੀ ਸ਼ਾਸਨ ਦੇ ਲਗਾਤਾਰ ਅਸਹਿਮਤਾਂ ਅਤੇ ਵਿਰੋਧੀਆਂ ਲਈ, ਆਮ ਰਾਜਨੀਤਿਕ ਮਾਹੌਲ ਪ੍ਰਭਾਵਸ਼ਾਲੀ ਤੌਰ 'ਤੇ ਇੱਕ ਅਣਐਲਾਨੀ ਐਮਰਜੈਂਸੀ ਹੈ। ਕਈ ਮਾਇਨਿਆਂ ਵਿੱਚ ਇਹ 1975-77 ਦੀ ਘੋਸ਼ਿਤ ਐਮਰਜੈਂਸੀ ਤੋਂ ਵੀ ਭੈੜਾ ਹੈ ਜਿਸ ਦੇ ਬੁਨਿਆਦੀ ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ਨੂੰ ਮੁਅੱਤਲ ਕੀਤਾ ਗਿਆ ਹੈ। ਇਹ ਦੋ ਸਾਲਾਂ ਤੋਂ ਥੋੜ੍ਹਾ ਘੱਟ ਚੱਲਿਆ। ਮੋਦੀ ਸਰਕਾਰ ਦੇ ਅਧੀਨ ਭਾਰਤੀ ਲੋਕਤੰਤਰ ਦੀਆਂ ਬੁਨਿਆਦੀ ਸੰਸਥਾਵਾਂ ਨੂੰ ਯੋਜਨਾਬੱਧ ਤੌਰ 'ਤੇ ਪਤਨ ਕਰਨ ਦੀ ਮੌਜੂਦਾ ਪ੍ਰਕਿਰਿਆ 2014 ਤੋਂ ਉਦੋਂ ਤੋਂ ਜਾਰੀ ਹੈ ਜਦੋਂ ਇਹ ਪਹਿਲੀ ਵਾਰ ਸੱਤਾ ਵਿਚ ਆਈ ਸੀ। ਮਾਮਲੇ ਹੌਲੀ-ਹੌਲੀ ਵਿਗੜਦੇ ਜਾ ਰਹੇ ਹਨ ਅਤੇ ਸੰਸਥਾਗਤ ਅਤੇ ਵਿਵਹਾਰਕ ਤੌਰ 'ਤੇ ਉਲਟਾ ਕਰਨਾ ਹੋਰ ਵੀ ਮੁਸ਼ਕਲ ਹੋ ਜਾਵੇਗਾ ਭਾਵੇਂ ਸੱਤਾਧਾਰੀ ਭਾਜਪਾ ਨੂੰ ਸੱਤਾ ਦਾ ਤੀਜਾ ਕਾਰਜਕਾਲ ਨਹੀਂ ਮਿਲਦਾ ਜੋ ਇਸ ਸਾਲ ਮਈ ਵਿੱਚ ਹੋਣ ਵਾਲੀਆਂ ਆਮ ਚੋਣਾਂ ਵਿੱਚ ਪ੍ਰਾਪਤ ਕਰਨ ਦੀ ਸੰਭਾਵਨਾ ਹੈ। ਜੋ ਕੁਝ ਹੋ ਰਿਹਾ ਹੈ ਉਸ ਦਾ ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਚੋਣ ਮਖੌਟੇ ਦੇ ਪਿੱਛੇ, ਬਹੁਤ ਸਾਰੇ ਕਾਨੂੰਨਾਂ ਨੂੰ ਬਹੁਤ ਦਮਨਕਾਰੀ ਦਿਸ਼ਾ ਵਿੱਚ ਸੋਧਿਆ ਗਿਆ ਹੈ। ਇਹ ਉੱਚ ਪੱਧਰ 'ਤੇ ਵੀ ਇਕ ਅਨੁਕੂਲ ਨਿਆਂਪਾਲਿਕਾ ਦੇ ਸਮਰਥਨ ਨਾਲ ਕੀਤਾ ਗਿਆ ਹੈ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਸਰਕਾਰ ਵੱਡੇ ਪੱਧਰ 'ਤੇ, ਕਈ ਵਾਰ ਵੱਡੇ ਪੱਧਰ 'ਤੇ ਅਪਰਾਧਿਕ ਵਿਵਹਾਰ ਤੋਂ ਛੁਟਕਾਰਾ ਪਾ ਸਕਦੀ ਹੈ ਅਤੇ ਨਾਲ ਹੀ ਪੱਤਰਕਾਰਾਂ, ਸਿੱਖਿਆ ਸ਼ਾਸਤਰੀਆਂ, ਸਮਾਜਿਕ ਕਾਰਕੁਨਾਂ ਵਰਗੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ ਵਿਚ ਵੀ। ਵੱਖ-ਵੱਖ ਕਿਸਮਾਂ ਦੇ, ਅਪ੍ਰਤੱਖ ਗੈਰ-ਸਰਕਾਰੀ ਸੰਗਠਨ ਅਤੇ ਆਮ ਨਾਗਰਿਕ ਆਪਣੇ ਘੱਟ ਗਿਣਤੀ ਧਾਰਮਿਕ ਭਾਈਚਾਰਿਆਂ ਨੂੰ ਵਿਤਕਰੇ ਵਾਲੀਆਂ ਨੀਤੀਆਂ ਅਤੇ ਹਮਲਿਆਂ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੰਸਥਾਵਾਂ ਅਤੇ ਵਿਅਕਤੀਆਂ 'ਤੇ ਕਾਨੂੰਨੀ ਹਮਲੇ ਸਰਕਾਰ ਦੁਆਰਾ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨਾਮਕ ਇਕਾਈ ਦੀ ਵਰਤੋਂ ਸਿਵਲ ਸੋਸਾਇਟੀ ਸੰਸਥਾਵਾਂ 'ਤੇ ਛਾਪੇ ਮਾਰਨ ਅਤੇ ਉਨ੍ਹਾਂ ਦੇ ਆਰਥਿਕ ਸਰੋਤਾਂ ਅਤੇ ਗਤੀਵਿਧੀਆਂ ਦੀ ਜਾਂਚ ਕਰਨ ਲਈ ਕੀਤੀ ਜਾਂਦੀ ਹੈ, ਇਹ ਜਾਣਨ ਦੇ ਬਾਵਜੂਦ ਕਿ ਉਹ ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਹਨ। ਇੱਥੇ, ਜਿਵੇਂ ਕਿ ਹੋਰ ਕਿਤੇ, ਪ੍ਰਕਿਰਿਆ ਆਪਣੇ ਆਪ ਵਿੱਚ ਸਜ਼ਾ ਹੈ, ਉਹਨਾਂ ਦੇ ਕੰਮ ਨੂੰ ਗੰਭੀਰਤਾ ਨਾਲ ਜਾਂ ਪੂਰੀ ਤਰ੍ਹਾਂ ਵਿਘਨ ਪਾਉਣ ਦੇ ਨਾਲ. ਨਿਸ਼ਾਨਾ ਵੱਖ-ਵੱਖ ਪੱਧਰਾਂ 'ਤੇ ਅਦਾਲਤਾਂ ਰਾਹੀਂ ਕਾਨੂੰਨੀ ਸਹਾਰਾ ਲੈਂਦੇ ਹਨ, ਜਿਸ ਦੇ ਨਤੀਜੇ ਵਜੋਂ ਅੰਤਿਮ ਨਿਰਣੇ ਪਾਸ ਹੋਣ ਤੋਂ ਪਹਿਲਾਂ ਬਹੁਤ ਦੇਰੀ ਹੁੰਦੀ ਹੈ। ਇਹ ਵੀ ਸਰਕਾਰੀ ਏਜੰਸੀਆਂ ਦੇ ਉਦੇਸ਼ਾਂ ਦੇ ਅਨੁਕੂਲ ਹੈ ਜਿਨ੍ਹਾਂ ਨੇ ਪ੍ਰਕਿਰਿਆ ਸ਼ੁਰੂ ਕੀਤੀ ਹੈ ਅਤੇ ਸਬੰਧਤ ਸੰਸਥਾਵਾਂ ਨੂੰ ਹਾਕਮ ਸ਼ਕਤੀਆਂ ਵਾਂਗ ਵਿਵਹਾਰ ਕਰਨ ਲਈ ਲੋੜੀਂਦੀ ਚੇਤਾਵਨੀ ਭੇਜਦੀ ਹੈ। ਪਰ ਜਦੋਂ ਸਰਕਾਰ ਦੁਆਰਾ ਉਨ੍ਹਾਂ ਦੇ ਆਲੋਚਕ ਅਤੇ ਵਿਰੋਧੀ ਮੰਨੇ ਜਾਣ ਵਾਲੇ ਵਿਅਕਤੀਆਂ ਦੇ ਵਿਰੁੱਧ ਕਾਰਵਾਈਆਂ ਦੀ ਗੱਲ ਆਉਂਦੀ ਹੈ, ਅਰਥਾਤ, 'ਰਾਸ਼ਟਰ ਵਿਰੋਧੀ', ਤਾਂ ਪ੍ਰਕਿਰਿਆ ਦੁਆਰਾ ਸਜ਼ਾ ਬਹੁਤ ਜ਼ਿਆਦਾ ਗੰਭੀਰ ਹੈ। ਇਹ ਉਹ ਥਾਂ ਹੈ ਜਿੱਥੇ ਸਰਕਾਰ ਦੇ ਅਸਲੇ ਵਿੱਚ ਸਭ ਤੋਂ ਸਖ਼ਤ ਕਾਨੂੰਨ - ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ ਜਾਂ UAPA - ਲਾਗੂ ਹੁੰਦਾ ਹੈ। ਨਿਵਾਰਕ ਨਜ਼ਰਬੰਦੀ ਕਾਨੂੰਨ ਸਭ ਤੋਂ ਪਹਿਲਾਂ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਦੁਆਰਾ ਬਣਾਏ ਗਏ ਸਨ ਪਰ ਸੁਤੰਤਰ ਭਾਰਤ ਵਿੱਚ ਲਾਗੂ ਕੀਤੇ ਗਏ ਸਨ ਅਤੇ ਸਮੇਂ ਦੇ ਨਾਲ ਸੋਧਾਂ ਦੁਆਰਾ ਉਹਨਾਂ ਵਿੱਚੋਂ ਕੁਝ ਨੂੰ ਹੋਰ ਵੀ ਸਖ਼ਤ ਅਤੇ ਜ਼ਾਲਮ ਬਣਾ ਦਿੱਤਾ ਗਿਆ ਸੀ। ਯੂ. 2013 ਤੱਕ ਇਹ ਉਹਨਾਂ ਸੰਗਠਨਾਂ ਲਈ ਲਾਗੂ ਕਰਨ ਲਈ ਸਰਵਉੱਚ ਕਨੂੰਨੀ ਕਾਨੂੰਨ ਬਣ ਗਿਆ ਜਿਨ੍ਹਾਂ ਨੂੰ ਅੱਤਵਾਦੀ ਵਿਵਹਾਰ ਲਈ ਦੋਸ਼ੀ ਮੰਨਿਆ ਜਾਂਦਾ ਹੈ ਭਾਵੇਂ ਕਿ ਅੱਤਵਾਦੀ ਕਾਰਵਾਈ ਦੀ ਕੋਈ ਸਰਵ ਵਿਆਪਕ ਤੌਰ 'ਤੇ ਪ੍ਰਵਾਨਿਤ ਪਰਿਭਾਸ਼ਾ ਨਹੀਂ ਹੈ। ਇਸ ਲਈ ਹਰ ਸਰਕਾਰ ਆਪਣੀ, ਚੰਗੀ ਜਾਂ ਮਾੜੀ, ਕਾਨੂੰਨੀ ਪਰਿਭਾਸ਼ਾ ਲਈ ਆਜ਼ਾਦ ਹੈ। ਇਹ ਹੈ ਕਿ UAPA ਅੱਤਵਾਦੀ ਕਾਰਵਾਈ ਨੂੰ ਕਿਵੇਂ ਪਰਿਭਾਸ਼ਤ ਕਰਦਾ ਹੈ: "ਜੋ ਕੋਈ ਵੀ ਵਿਅਕਤੀ ਭਾਰਤ ਦੀ ਏਕਤਾ, ਅਖੰਡਤਾ, ਸੁਰੱਖਿਆ ਜਾਂ ਪ੍ਰਭੁਸੱਤਾ ਨੂੰ ਖਤਰੇ ਵਿੱਚ ਪਾਉਣ ਦੇ ਇਰਾਦੇ ਨਾਲ ਜਾਂ ਸੰਭਾਵਤ ਤੌਰ 'ਤੇ ਦਹਿਸ਼ਤਗਰਦੀ ਨੂੰ ਹਮਲਾ ਕਰਨ ਦੇ ਇਰਾਦੇ ਨਾਲ ਜਾਂ ਭਾਰਤ ਵਿੱਚ ਜਾਂ ਕਿਸੇ ਵਿਦੇਸ਼ੀ ਦੇਸ਼ ਵਿੱਚ ਲੋਕਾਂ ਜਾਂ ਲੋਕਾਂ ਦੇ ਕਿਸੇ ਵੀ ਵਰਗ ਵਿੱਚ ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਕੋਈ ਕੰਮ ਕਰਦਾ ਹੈ। ਇਹ ਸ਼ੁਰੂਆਤੀ ਤੌਰ 'ਤੇ ਸਿਰਫ ਸਮੂਹਾਂ 'ਤੇ ਲਾਗੂ ਹੁੰਦਾ ਸੀ। ਪਰ 2019 ਵਿੱਚ, ਮੋਦੀ ਸਰਕਾਰ ਨੇ ਇਸਨੂੰ ਪਹਿਲੀ ਵਾਰ ਵਿਅਕਤੀਆਂ 'ਤੇ ਲਾਗੂ ਕੀਤਾ। ਇਹ ਇਸ ਦੇ ਸੰਭਾਵੀ ਉਪਯੋਗ ਦੇ ਖੇਤਰਾਂ ਵਿੱਚ ਇੰਨੇ ਅਸਪਸ਼ਟ ਸ਼ਬਦਾਂ ਵਿੱਚ ਅਤੇ ਇੰਨੀ ਵਿਆਪਕ ਹੈ ਕਿ ਰਾਜ ਕਿਸੇ ਵੀ ਅਸਲ ਕਮਿਸ਼ਨ ਦੇ ਸਾਹਮਣੇ ਸਿਰਫ 'ਸ਼ੱਕ' ਦੇ ਅਧਾਰ 'ਤੇ ਕਿਸੇ ਨੂੰ ਵੀ ਗ੍ਰਿਫਤਾਰ ਕਰ ਸਕਦਾ ਹੈ (ਅਤੇ ਕਰਦਾ ਹੈ)। ਇਸ ਤੋਂ ਇਲਾਵਾ, ਜ਼ਮਾਨਤ ਉਦੋਂ ਤੱਕ ਰੱਦ ਕੀਤੀ ਜਾ ਸਕਦੀ ਹੈ ਜਦੋਂ ਤੱਕ ਅਦਾਲਤਾਂ ਇਹ ਸਵੀਕਾਰ ਕਰਦੀਆਂ ਹਨ ਕਿ ਪੁਲਿਸ ਜਾਂ ਕੇਂਦਰੀ ਏਜੰਸੀ ਕੋਲ ਆਪਣੀ ਜਾਂਚ ਨੂੰ ਉਦੋਂ ਤੱਕ ਜਾਰੀ ਰੱਖਣ ਲਈ 'ਵਾਜਬ ਆਧਾਰ' ਹਨ ਜਿੰਨਾ ਚਿਰ ਉਹ ਜ਼ਰੂਰੀ ਸਮਝਦੀ ਹੈ ਜੋ ਕਿ ਅਕਸਰ ਕੇਸ ਦੀ ਸੁਣਵਾਈ ਤੋਂ ਬਿਨਾਂ ਕਈ ਸਾਲਾਂ ਤੱਕ ਵਧ ਜਾਂਦੀ ਹੈ। . 2014 ਅਤੇ 2020 ਦੇ ਵਿਚਕਾਰ, ਯੂਏਪੀਏ ਦੇ ਤਹਿਤ 10,552 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਵਿੱਚੋਂ ਸਿਰਫ 2.3% ਨੂੰ ਦੋਸ਼ੀ ਠਹਿਰਾਇਆ ਗਿਆ ਹੈ। 2020 ਤੋਂ ਹੁਣ ਤੱਕ ਲਗਭਗ 6,952 ਗ੍ਰਿਫਤਾਰ ਕੀਤੇ ਗਏ ਹਨ। ਪ੍ਰਬੀਰ ਪੁਰੂਕਾਯਸਥਾ ਦਾ ਮਾਮਲਾ ਕਾਨੂੰਨੀ ਅਸਹਿਮਤੀ ਨੂੰ ਰੋਕਣ ਲਈ ਸਰਕਾਰ ਇਸ ਕਾਨੂੰਨ ਦਾ ਕਿਵੇਂ ਅਤੇ ਕਿਉਂ ਸਹਾਰਾ ਲੈਂਦੀ ਹੈ, ਇਸ ਦੇ ਉਦਾਹਰਣ ਦੇ ਰੂਪ ਵਿੱਚ, ਮੈਂ ਸਿਰਫ ਇੱਕ ਬਹੁਤ ਹੀ ਤਾਜ਼ਾ ਮਾਮਲਾ ਉਠਾਵਾਂਗਾ - ਉਹ ਪ੍ਰਬੀਰ ਪੁਰੂਕਾਯਸਥ ਦਾ - ਜਿਸਨੂੰ ਮੈਂ ਨਿੱਜੀ ਤੌਰ 'ਤੇ ਜਾਣਦਾ ਹਾਂ ਅਤੇ ਵੱਖ-ਵੱਖ ਮਾਮਲਿਆਂ ਵਿੱਚ ਕਿਸੇ ਨਾ ਕਿਸੇ ਤਰੀਕੇ ਨਾਲ ਕੰਮ ਕੀਤਾ ਹੈ। ਮੁੱਦੇ/ਮੁਹਿਮ. ਇਨ੍ਹਾਂ ਵਿੱਚ ਭਾਰਤ ਦੇ 1998 ਦੇ ਟੈਸਟ ਧਮਾਕਿਆਂ ਤੋਂ ਬਾਅਦ ਪ੍ਰਮਾਣੂ ਹਥਿਆਰ ਵਿਰੋਧੀ ਸ਼ਾਂਤੀ ਮੋਰਚਾ ਸ਼ਾਮਲ ਹੈ; ਫਿਰਕੂ-ਵਿਰੋਧੀ ਯਤਨਾਂ ਵਿੱਚ; ਅਤੇ ਫਲਸਤੀਨ ਦੇ ਸਮਰਥਨ ਵਿੱਚ. ਪੁਰੂਕਾਯਸਥ ਦਾ ਇੱਕ ਇੰਜੀਨੀਅਰਿੰਗ ਪਿਛੋਕੜ ਹੈ ਅਤੇ ਇਸ ਲਈ ਤਕਨੀਕੀ ਮੁਹਾਰਤ ਹੈ।

ਭਾਰਤੀ ਰਾਜ ਦਾ ਜੋ ਨਿਸ਼ਚਤ ਤੌਰ 'ਤੇ ਸਰਕਾਰ ਦੀ ਪਸੰਦ ਨਹੀਂ ਸੀ। ਹੋਰ ਚੀਜ਼ਾਂ ਦੇ ਨਾਲ-ਨਾਲ ਪੁਰੂਕਾਯਸਥ ਨਿਊਜ਼ਕਲਿਕ ਦਾ ਸੰਸਥਾਪਕ ਹੈ, ਇੱਕ ਖਬਰ ਅਤੇ ਵਿਸ਼ਲੇਸ਼ਣ ਪੋਰਟਲ ਜਿਸ ਨੇ ਇਸ ਸਰਕਾਰ ਦੀਆਂ ਨੀਤੀਆਂ ਅਤੇ ਵਿਵਹਾਰ ਦੇ ਆਲੋਚਕਾਂ ਨੂੰ ਸ਼ਬਦ ਅਤੇ ਚਿੱਤਰ ਵਿੱਚ ਲਗਾਤਾਰ ਜਗ ?ਹਾ ਦਿੱਤੀ ਹੈ। ਦਲਿਤਾਂ, ਆਦਿਵਾਸੀਆਂ, ਔਰਤਾਂ, ਮਜ਼ਦੂਰਾਂ, ਕਿਸਾਨਾਂ, ਦੱਬੇ-ਕੁਚਲੇ ਧਾਰਮਿਕ ਘੱਟ-ਗਿਣਤੀਆਂ ਦੇ ਨਾਲ-ਨਾਲ ਸਿਹਤ, ਸਿੱਖਿਆ ਅਤੇ ਨਾਗਰਿਕ ਸੁਤੰਤਰਤਾਵਾਂ ਬਾਰੇ ਪ੍ਰਗਤੀਸ਼ੀਲ ਇਕਹਿਰੇ ਮੁੱਦੇ ਜਾਂ ਖੇਤਰੀ ਅੰਦੋਲਨਾਂ ਦੀਆਂ ਚਿੰਤਾਵਾਂ ਨੂੰ ਨਿਯਮਿਤ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਉਹ ਅਤੇ ਨਿਊਜ਼ਕਲਿੱਕ ਦੇ ਹੋਰ ਸੀਨੀਅਰ ਕਰਮਚਾਰੀਆਂ ਅਤੇ ਇੱਥੋਂ ਤੱਕ ਕਿ ਚੋਣਵੇਂ ਬਾਹਰੀ ਯੋਗਦਾਨ ਪਾਉਣ ਵਾਲਿਆਂ 'ਤੇ ਛਾਪੇਮਾਰੀ ਕੀਤੀ ਗਈ ਅਤੇ ਕਥਿਤ ਆਰਥਿਕ ਅਤੇ ਰਾਜਨੀਤਿਕ 'ਉਲੰਘਣ' ਅਤੇ 'ਗੈਰ-ਕਾਨੂੰਨੀ' ਨੂੰ ਪ੍ਰਗਟ ਕਰਨ ਲਈ ਸਪੱਸ਼ਟ ਤੌਰ 'ਤੇ ਇਲੈਕਟ ?ਾਨਿਕ ਉਪਕਰਣ ਜ਼ਬਤ ਕੀਤੇ ਗਏ। ਦੋ ਸਾਲ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਕਿਸੇ ਵੀ ਅਪਰਾਧ ਦਾ ਪਤਾ ਨਹੀਂ ਲੱਗਾ। ਪਰ ਜਾਂਚ ਜਾਰੀ ਹੈ। ਸ਼੍ਰੀਮਤੀ ਗਾਂਧੀ ਦੇ ਐਮਰਜੈਂਸੀ ਸਮੇਂ (1975-77) ਦੌਰਾਨ ਪੁਰਕਾਯਸਥ ਨੂੰ ਕਈ ਮਹੀਨਿਆਂ ਲਈ ਗਲਤ ਤਰੀਕੇ ਨਾਲ ਕੈਦ ਕੀਤਾ ਗਿਆ ਸੀ। ਕਮਿਊਨਿਸਟ ਪਾਰਟੀ ਆਫ਼ ਇੰਡੀਆ-ਮਾਰਕਸਿਸਟ (ਸੀਪੀਐਮ) ਦੇ ਹਿੱਸੇ ਵਜੋਂ ਅਤੇ ਇਸ ਤੋਂ ਇਲਾਵਾ, ਜਿਸਦਾ ਉਹ ਇੱਕ ਸੀਨੀਅਰ ਮੈਂਬਰ ਹੈ, ਉਸਨੇ ਧਰਮ ਨਿਰਪੱਖਤਾ ਅਤੇ ਜਮਹੂਰੀਅਤ ਦੀ ਰੱਖਿਆ ਤੋਂ ਲੈ ਕੇ 1998 ਤੋਂ ਬਾਅਦ ਪ੍ਰਮਾਣੂ ਨਿਸ਼ਸਤਰੀਕਰਨ ਲਈ ਭਾਰਤ ਵਿੱਚ ਅੰਦੋਲਨ ਦੀ ਸਥਾਪਨਾ ਵਿੱਚ ਮਦਦ ਕਰਨ ਤੱਕ ਦੇ ਵੱਖ-ਵੱਖ ਸੰਘਰਸ਼ਾਂ ਵਿੱਚ ਹਿੱਸਾ ਲਿਆ ਹੈ। (ਮਨ)। ਉਹ ਦਿੱਲੀ ਸਾਇੰਸ ਫੋਰਮ ਦੇ ਸੰਸਥਾਪਕਾਂ ਵਿੱਚੋਂ ਇੱਕ ਹੈ ਅਤੇ ਫਿਰੀ ਸਾਫਟਵੇਅਰ ਮੂਵਮੈਂਟ ਆਫ਼ ਇੰਡੀਆ ਦੇ ਪ੍ਰਧਾਨ ਰਹਿ ਚੁੱਕੇ ਹਨ। ਉਹਨਾਂ ਦੁਆਰਾ ਲਿਖੀਆਂ ਅਤੇ ਸਹਿ-ਲੇਖਕ ਕੀਤੀਆਂ ਕਿਤਾਬਾਂ ਵਿੱਚ ਐਨਰੋਨ ਬਲੋਆਉਟ: ਕਾਰਪੋਰੇਟ ਕੈਪੀਟਲ ਐਂਡ ਥੈਫਟ ਆਫ ਦਿ ਗਲੋਬਲ ਕਾਮਨਜ਼; ਅੰਕਲ ਸੈਮ ਦਾ ਨਿਊਕਲੀਅਰ ਕੈਬਿਨ; ਸਿਹਤ ਵਿੱਚ ਸਿਆਸੀ ਯਾਤਰਾਵਾਂ; ਆਮ ਵਾਂਗ ਗਿਆਨ: ਸੰਮਲਿਤ ਵਿਗਿਆਨ ਅਤੇ ਤਕਨਾਲੋਜੀ ਵੱਲ। 3 ਅਕਤੂਬਰ, 2023 ਨੂੰ, ਉਸਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ 'ਰਾਸ਼ਟਰੀ ਅਖੰਡਤਾ' ਲਈ ਸੰਭਾਵਿਤ ਅੱਤਵਾਦੀ ਖਤਰੇ ਵਜੋਂ UAPA ਦੇ ਤਹਿਤ ਪੁਲਿਸ ਹਿਰਾਸਤ ਵਿੱਚ ਰੱਖਿਆ ਗਿਆ ਸੀ। ਇਹ ਕਾਰਵਾਈ ਸ੍ਰੀਲੰਕਾਈ ਮੂਲ ਦੇ ਇੱਕ ਅਮਰੀਕੀ ਨਾਗਰਿਕ, ਜੋ ਵਰਤਮਾਨ ਵਿੱਚ ਚੀਨ ਵਿੱਚ ਰਹਿੰਦੀ ਹੈ, ਪਰਉਪਕਾਰੀ ਨੇਵਿਲ ਰਾਏ ਸਿੰਘਮ 'ਤੇ ਅਗਸਤ ਦੇ ਸ਼ੁਰੂ ਵਿੱਚ ਨਿਊਯਾਰਕ ਟਾਈਮਜ਼ ਦੇ ਇੱਕ ਲੇਖ ਤੋਂ ਲਗਭਗ ਦੋ ਮਹੀਨੇ ਬਾਅਦ ਆਈ ਹੈ। ਉਸਨੇ ਵੱਖ-ਵੱਖ ਕਾਨੂੰਨੀ ਚੈਨਲਾਂ ਰਾਹੀਂ ਗਲੋਬਲ ਸਾਊਥ - ਅਫਰੀਕਾ, ਲਾਤੀਨੀ ਅਮਰੀਕਾ, ਭਾਰਤ ਦੇ ਨਿਊਜ਼ਕਲਿਕ ਅਤੇ ਉੱਤਰ ਵਿੱਚ ਕੋਡ ਪਿੰਕ ਵਰਗੇ ਸਮੂਹਾਂ ਵਿੱਚ ਖੱਬੇਪੱਖੀ ਸੰਗਠਨਾਂ ਦੇ ਇੱਕ ਮੇਜ਼ਬਾਨ ਵਿੱਚ ਫੰਡਾਂ ਦਾ ਯੋਗਦਾਨ ਪਾਇਆ ਹੈ। ਚੀਨ ਪ੍ਰਤੀ ਭਾਰਤ ਦੀ ਦੁਸ਼ਮਣੀ ਨੂੰ ਦੇਖਦੇ ਹੋਏ, ਇਸ ਨੂੰ ਮੋਦੀ ਸਰਕਾਰ ਦੀਆਂ ਏਜੰਸੀਆਂ ਦੁਆਰਾ ਪੁਰੂਕਯਸਥਾ, ਇੱਕ ਹੋਰ ਕਰਮਚਾਰੀ, ਅਮਿਤ ਚੱਕਰਵਰਤੀ, ਅਤੇ ਆਮ ਤੌਰ 'ਤੇ ਨਿਊਜ਼ਕਲਿਕ ਨੂੰ ਪਰੇਸ਼ਾਨ ਕਰਨ ਨੂੰ ਜਾਰੀ ਰੱਖਣ ਲਈ ਇੱਕ ਵੱਖਰਾ ਕਦਮ ਚੁੱਕਣ ਦੇ ਇੱਕ ਮੌਕੇ ਵਜੋਂ ਲਿਆ ਗਿਆ। ਚੀਨ 'ਤੇ, ਸਮਰਥਨ ਦੀਆਂ ਕੁਝ ਸਾਂਝੀਆਂ ਸਥਿਤੀਆਂ ਹੋ ਸਕਦੀਆਂ ਹਨ ਪਰ ਮਹੱਤਵਪੂਰਣ ਨੁਕਤੇ ਇਹ ਹਨ ਕਿ ਸਿੰਘਮ ਦਾ ਸੰਗਠਨ ਨਾਲ ਕੋਈ ਸੰਪਾਦਕੀ ਸਬੰਧ ਨਹੀਂ ਹੈ ਅਤੇ ਫੰਡਿੰਗ ਪ੍ਰਕਿਰਿਆ ਬੋਰਡ ਤੋਂ ਉੱਪਰ ਹੈ। ਇਸ ਤੋਂ ਇਲਾਵਾ, ਘਰੇਲੂ ਅਤੇ ਅੰਤਰਰਾਸ਼ਟਰੀ ਮੁੱਦਿਆਂ ਦੀ ਉਹਨਾਂ ਦੀ ਸਮੁੱਚੀ ਕਵਰੇਜ ਦੇ ਮੁਕਾਬਲੇ ਚੀਨ ਦੇ ਮਾਮਲਿਆਂ ਦੀ ਕਵਰੇਜ ਬਹੁਤ ਘੱਟ ਹੈ ਅਤੇ ਇਹ ਸਰਕਾਰ ਦੀ ਇਸਦੀ ਆਲੋਚਨਾ ਹੈ ਜਿਸ ਨੇ ਬਾਅਦ ਵਾਲੇ ਦੀ ਪਿੱਠ ਥਾਪੜੀ ਹੈ ਅਤੇ ਇਸ ਲਈ ਦੋ ਸਾਲਾਂ ਤੋਂ ਵੱਧ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਪੁਰੂਕਾਯਸਥਾ 2 ਨਵੰਬਰ, 2023 ਤੋਂ ਜੇਲ੍ਹ ਵਿੱਚ ਹੈ। ਰੂਸੀ ਅਸੰਤੁਸ਼ਟ ਬੋਰਿਸ ਕਾਗਰਲਿਤਸਕੀ ਅਤੇ ਪ੍ਰਬੀਰ ਪੁਰੂਕਾਯਸਥ ਦੇ ਕੇਸ ਵਿੱਚ ਇੱਕ ਦਿਲਚਸਪ ਸਮਾਨਤਾ ਹੈ। ਦੋਵੇਂ ਪਹਿਲਾਂ ਵੀ ਜੇਲ੍ਹਾਂ ਕੱਟ ਚੁੱਕੇ ਹਨ। ਦੋਵੇਂ ਆਪੋ-ਆਪਣੀਆਂ ਸਰਕਾਰਾਂ ਦੇ ਸਥਿਰ ਅਤੇ ਦਲੇਰ ਆਲੋਚਕ ਰਹੇ ਹਨ, ਚਾਹੇ ਕੋਈ ਵੀ ਪਾਰਟੀ ਕੇਂਦਰੀ ਸੱਤਾ ਵਿਚ ਰਹੀ ਹੋਵੇ। ਦੋਵੇਂ ਆਪਣੇ ਆਪ ਨੂੰ ਮਾਰਕਸਵਾਦੀ ਪ੍ਰਭਾਵ ਵਾਲੇ ਖੱਬੇ ਪਾਸੇ ਰੱਖਦੇ ਹਨ। ਦੋਹਾਂ ਨੇ ਆਪਣੀ ਨਵੀਨਤਮ ਕੈਦ ਦੀ ਮਿਆਦ ਨੂੰ ਕਿਤਾਬ ਲਿਖਣ ਲਈ ਵਰਤਿਆ ਹੈ। ਜੋ ਕਿ ਕਾਗਰਲਿਟਸਕੀ ਦੁਆਰਾ ਪਲੂਟੋ ਪ੍ਰੈਸ ਦੁਆਰਾ ਬਹੁਤ ਜਲਦੀ ਸਾਹਮਣੇ ਲਿਆਂਦਾ ਜਾਵੇਗਾ। ਖੱਬੇ-ਪੱਖੀ ਪਬਲੀਸ਼ਰਾਂ ਨੇ ਹਾਲ ਹੀ ਵਿੱਚ ਪੁਰੁਕਾਯਸਥਾ ਦੀ ਚੰਗੀ ਲੜਾਈ: ਐਮਰਜੈਂਸੀ ਤੋਂ ਲੈ ਕੇ ਮੌਜੂਦਾ ਦਿਨ ਤੱਕ ਸਾਹਮਣੇ ਲਿਆਂਦਾ ਹੈ। ਬੋਰਿਸ, ਖੁਸ਼ਕਿਸਮਤੀ ਨਾਲ, ਆਖਰਕਾਰ ਰਿਹਾਅ ਹੋ ਗਿਆ ਹੈ ਅਤੇ ਇਸ ਸਬੰਧ ਵਿੱਚ ਇੰਟਰਨੈਟ 'ਤੇ ਅੰਤਰਰਾਸ਼ਟਰੀ ਪ੍ਰਚਾਰ ਨੇ ਨਿਸ਼ਚਤ ਤੌਰ 'ਤੇ ਆਪਣੀ ਭੂਮਿਕਾ ਨਿਭਾਈ ਹੈ। ਇਹ ਉਮੀਦ ਕੀਤੀ ਜਾਂਦੀ ਹੈ ਕਿ ਇੱਥੇ ਵੀ, ਕੇਵਲ ਪ੍ਰਬੀਰ ਦੀ ਦੁਰਦਸ਼ਾ ਦਾ ਹੀ ਪ੍ਰਚਾਰ ਨਹੀਂ, ਸਗੋਂ ਯੂ.ਏ.ਪੀ.ਏ (ਅਤੇ ਨਿਆਂਪਾਲਿਕਾ ਦੀ ਆਮ ਪਾਲਣਾ) ਦੀ ਬੇਇਨਸਾਫ਼ੀ ਨੂੰ ਉਜਾਗਰ ਕਰਨਾ, ਜਿਸ ਦੇ ਤਹਿਤ ਬਹੁਤ ਸਾਰੇ ਹੋਰਾਂ ਨੂੰ ਗਲਤ ਤਰੀਕੇ ਨਾਲ ਕੈਦ ਕੀਤਾ ਗਿਆ ਹੈ, ਘੱਟੋ-ਘੱਟ ਜ਼ਮਾਨਤ 'ਤੇ, ਪ੍ਰਬੀਰ ਨੂੰ ਰਿਹਾਅ ਕਰਨ ਵਿੱਚ ਮਦਦ ਕਰ ਸਕਦਾ ਹੈ। ਪੁਰਕਸ ਯਸਥਾ ਅਤੇ ਹੋਰ ਬਹੁਤ ਸਾਰੇ। ਸਾਨੂੰ ਦੁਨੀਆ ਭਰ ਦੇ ਵੱਧ ਤੋਂ ਵੱਧ ਲੋਕਾਂ ਨੂੰ ਇਹ ਪਛਾਣਨ ਦੀ ਜ਼ਰੂਰਤ ਹੈ ਕਿ ਇੱਕ ਭਾਰਤ ਜੋ ਬਹੁਤ ਜਲਦੀ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਜਾਵੇਗਾ, ਜੇਕਰ ਪਹਿਲਾਂ ਹੀ ਨਹੀਂ ਬਣ ਗਿਆ, ਤਾਂ ਦੁਨੀਆ ਦੀ ਸਭ ਤੋਂ ਵੱਡੀ ਉੱਚ ਤਾਨਾਸ਼ਾਹੀ ਚੋਣ ਤਾਨਾਸ਼ਾਹੀ ਵਿੱਚ ਤੇਜ਼ੀ ਨਾਲ ਤਬਦੀਲ ਹੋ ਰਿਹਾ ਹੈ!

**(ਅਚਿਨ ਵਨਾਇਕ ਇੱਕ ਲੇਖਕ ਅਤੇ ਸਮਾਜਿਕ ਕਾਰਕੁਨ, ਦਿੱਲੀ ਯੂਨੀਵਰਸਿਟੀ ਤੋਂ ਇੱਕ ਸੇਵਾਮੁਕਤ ਪ੍ਰੋਫੈਸਰ ਅਤੇ ਟਰਾਂਸਨੈਸ਼ਨਲ ਇੰਸਟੀਚਿਊਟ, ਐਮਸਟਰਡਮ ਦੇ ਦਿੱਲੀ ਸਥਿਤ ਫੈਲੋ ਹਨ)**



# ਸਿਟੀ ਆਫ ਬਰੈਂਪਟਨ : ਰੈਜ਼ੀਡੈਂਸ਼ੀਅਲ ਰੈਂਟਲ ਲਾਇਸੈਂਸ ਪ੍ਰੋਗਰਾਮ ਦਾ ਮਸਲਾ

**ਵਿਸ਼ੇਸ਼ ਰਿਪੋਰਟ : ਸਰੋਕਾਰਾਂ ਦੀ ਅਵਾਜ਼**

ਬਰੈਂਪਟਨ ਦੇ ਸਤਿਕਾਰਯੋਗ ਨਿਵਾਸੀਓ,

ਅਸੀਂ, ਹੇਠਾਂ ਹਸਤਾਖਰਿਤ, ਸਿਟੀ ਆਫ ਬਰੈਂਪਟਨ ਦੁਆਰਾ ਹਾਲ ਹੀ ਵਿੱਚ ਰੈਜ਼ੀਡੈਂਸ਼ੀਅਲ ਰੈਂਟਲ ਲਾਇਸੈਂਸ (RRL) ਪ੍ਰੋਗਰਾਮ ਦੀ ਸ਼ੁਰੂਆਤ ਲਈ ਸਾਡੀ ਸਮੂਹਿਕ ਚਿੰਤਾ ਅਤੇ ਰਸਮੀ ਇਤਰਾਜ਼ ਪ੍ਰਗਟ ਕਰਨਾ ਚਾਹੁੰਦੇ ਹਾਂ। ਜਦੋਂ ਕਿ ਅਸੀਂ ਨਿਯਮ ਅਤੇ ਪਾਲਣਾ ਦੀ ਲੋੜ ਨੂੰ ਸਵੀਕਾਰ ਕਰਦੇ ਹਾਂ, ਮੌਜੂਦਾ ਫਰੇਮਵਰਕ, ਵਰਤਮਾਨ ਵਿੱਚ ਵਾਰਡ 1, 3, 4, 5, ਅਤੇ 7 ਵਿੱਚ ਇਸਦੇ ਪਾਇਲਟ ਪੜਾਅ ਵਿੱਚ ਹੈ, ਮਕਾਨ ਮਾਲਕਾਂ ਅਤੇ ਵਿਆਪਕ ਹਾਊਸਿੰਗ ਲੈਂਡਸਕੇਪ 'ਤੇ ਇਸਦੇ ਪ੍ਰਭਾਵ ਬਾਰੇ ਮਹੱਤਵਪੂਰਨ ਖਦਸ਼ੇ ਪੈਦਾ ਕਰਦਾ ਹੈ।

RRL ਐਪਲੀਕੇਸ਼ਨ ਪ੍ਰਕਿਰਿਆ ਦਸਤਾਵੇਜ਼ਾਂ ਦੇ ਇੱਕ ਵਿਆਪਕ ਸਮੂਹ ਨੂੰ ਲਾਜ਼ਮੀ ਕਰਦੀ ਹੈ, ਜਿਸ ਵਿੱਚ ਇੱਕ ਜਾਇਦਾਦ ਮਿਆਰ ਅਤੇ ਸੁਰੱਖਿਆ ਸਵੈ-ਪ੍ਰਮਾਣਨ ਜਾਂਚ ਸੂਚੀ, ਮਾਲਕੀ ਦਾ ਸਬੂਤ, ਅਪਰਾਧਿਕ ਰਿਕਾਰਡ ਦੀ ਜਾਂਚ, ਹਰੇਕ ਮੰਜ਼ਿਲ ਲਈ ਫਲੋਰ ਪਲਾਨ, ਪਾਰਕਿੰਗ ਅਤੇ ਸਟੋਰੇਜ ਯੋਜਨਾ, ਬੀਮਾ ਘੋਸ਼ਣਾ, ਇਲੈਕਟ੍ਰੀਕਲ ਸਿਸਟਮ ਨਿਰੀਖਣ ਫਾਰਮ, ਗੈਸ ਸ਼ਾਮਲ ਹਨ। ਜਾਂ ਤੇਲ ਬਾਲਣ ਵਾਲੇ ਉਪਕਰਣ ਨਿਰੀਖਣ ਫਾਰਮ ਅਤੇ ਇੱਕ ਐਮਰਜੈਂਸੀ ਜਾਣਕਾਰੀ ਪੈਕੇਜ। ਇਸ ਤੋਂ ਇਲਾਵਾ, ਮਕਾਨ ਮਾਲਕਾਂ ਨੂੰ ਨਿਰੀਖਣ ਲਈ ਇਲੈਕਟ੍ਰਿਕ ਅਤੇ ਗੈਸ ਟੈਕਨੀਸ਼ੀਅਨ ਦੀਆਂ ਸੇਵਾਵਾਂ ਦੀ ਭਰਤੀ ਕਰਨ, ਅਪਰਾਧਿਕ ਸਰਟੀਫਿਕੇਟ ਪ੍ਰਾਪਤ ਕਰਨ ਲਈ ਪਾਬੰਦ ਹੈ – ਇੱਕ ਪ੍ਰਕਿਰਿਆ ਜੋ ਪੀਲ ਪੁਲਿਸ ਚੈਨਲਾਂ ਦੁਆਰਾ ਛੇ ਹਫ਼ਤਿਆਂ ਤੱਕ ਵਧ ਸਕਦੀ ਹੈ – ਅਤੇ ਸੰਭਾਵੀ ਤੌਰ 'ਤੇ ਫਲੋਰ ਯੋਜਨਾਵਾਂ ਲਈ ਆਰਕੀਟੈਕਚਰਲ ਸੇਵਾਵਾਂ ਨੂੰ ਸ਼ਾਮਲ ਕਰਨ, ਜਿਸ ਨਾਲ ਕਾਫ਼ੀ ਵਾਧੂ ਖਰਚੇ ਹੁੰਦੇ ਹਨ।

ਵਿੱਤੀ ਪ੍ਰਭਾਵ RRL ਲਾਇਸੈਂਸ ਲਈ $300 ਸਾਲਾਨਾ ਫ਼ੀਸ ਦੁਆਰਾ ਹੋਰ ਵਧੇ ਹਨ, ਜੋ ਕਿ ਜਾਇਦਾਦ ਟੈਕਸਾਂ ਤੋਂ ਵੱਖਰਾ ਇੱਕ ਵਾਧੂ ਵਿੱਤੀ ਥੋਪਣ ਹੈ।

ਗੈਸ ਅਤੇ ਬਿਜਲੀ ਨਿਰੀਖਣ ਰਿਪੋਰਟਾਂ ਨੂੰ ਸੁਰੱਖਿਅਤ ਕਰਨ ਲਈ $300 ਅਤੇ $400 ਦੇ ਵਿਚਕਾਰ ਸਾਲਾਨਾ ਖਰਚੇ ਦੀ ਲੋੜ ਹੁੰਦੀ ਹੈ, ਜੋ ਯੋਗ ਗੈਸ ਅਤੇ ਇਲੈਕਟ੍ਰਿਕ ਟੈਕਨੀਸ਼ੀਅਨਾਂ ਨੂੰ ਭੁਗਤਾਨਯੋਗ ਹੁੰਦਾ ਹੈ।

ਇਸ ਤੋਂ ਇਲਾਵਾ, ਮਕਾਨ ਮਾਲਕਾਂ ਨੂੰ ਪ੍ਰਾਪਤ ਕੀਤੇ ਹਰੇਕ ਅਪਰਾਧਿਕ ਜਾਂਚ ਸਰਟੀਫਿਕੇਟ ਲਈ $35 ਤੋਂ $40 ਵਾਧੂ ਨਿਵੇਸ਼ ਕਰਨ ਦੀ ਲੋੜ ਹੁੰਦੀ ਹੈ। ਉਨ੍ਹਾਂ ਸਾਰੇ ਮਾਲਕਾਂ ਲਈ ਅਪਰਾਧਿਕ ਜਾਂਚ ਸਰਟੀਫਿਕੇਟ ਦੀ ਲੋੜ ਹੁੰਦੀ ਹੈ ਜੋ ਜਾਇਦਾਦ ਦੇ ਟਾਈਟਲ 'ਤੇ ਹਨ।

ਰਿਹਾਇਸ਼ੀ ਰੈਂਟਲ ਲਾਈਸੈਂਸ (ਆਰਆਰਐਲ) ਦੇ ਲਾਗੂ ਕਰਨ ਨਾਲ ਜੁੜੀ ਇੱਕ ਹੋਰ ਕਮਜ਼ੋਰੀ ਜਾਇਦਾਦ ਬੀਮਾ ਲਾਗਤਾਂ ਵਿੱਚ ਸੰਭਾਵੀ ਵਾਧਾ ਹੈ। RRL ਪ੍ਰਾਪਤ ਕਰਦੇ ਸਮੇਂ, ਸ਼ਹਿਰ ਇੱਕ ਕਾਰੋਬਾਰੀ ਲਾਇਸੰਸ ਜਾਰੀ ਕਰਦਾ ਹੈ, ਜਿਸ ਨਾਲ ਘਰ ਦੇ ਮਾਲਕਾਂ ਨੂੰ ਬੀਮੇ ਦੇ ਉਦੇਸ਼ਾਂ ਲਈ ਆਪਣੀ ਜਾਇਦਾਦ ਦਾ ਐਲਾਨ ਕਰਨ ਲਈ ਕਿਹਾ ਜਾਂਦਾ ਹੈ। ਜਵਾਬ ਵਿੱਚ, ਬੀਮਾ ਪ੍ਰਦਾਤਾ ਪੁੱਛ-ਗਿੱਛ ਕਰ ਸਕਦੇ ਹਨ ਕਿ ਕੀ ਸੰਪੱਤੀ ਦੀ ਵਰਤੋਂ ਕਾਰੋਬਾਰੀ ਗਤੀਵਿਧੀਆਂ ਲਈ ਕੀਤੀ ਜਾ ਰਹੀ ਹੈ, ਜਿਸ ਲਈ ਘਰ ਦੇ ਮਾਲਕਾਂ ਨੂੰ ਕਾਰੋਬਾਰੀ ਲਾਇਸੈਂਸ ਦੇ ਕਬਜ਼ੇ ਕਾਰਨ ਇਸਦੀ ਪੁਸ਼ਟੀ ਕਰਨ ਦੀ ਲੋੜ ਹੁੰਦੀ ਹੈ। ਸਿੱਟੇ ਵਜੋਂ, ਕੁਝ ਬੀਮਾ ਕੰਪਨੀਆਂ ਪ੍ਰਾਪਰਟੀ ਇੰਸ਼ੋਰੈਂਸ ਪ੍ਰੀਮੀਅਮ ਵਧਾਉਣ ਦੀ ਚੋਣ ਕਰ ਸਕਦੀਆਂ ਹਨ, ਜਦੋਂ ਕਿ ਦੂਜੀਆਂ ਸੰਭਾਵੀ ਤੌਰ 'ਤੇ ਕਵਰੇਜ ਤੋਂ ਇਨਕਾਰ ਕਰ ਸਕਦੀਆਂ ਹਨ, ਇਸਦੀ ਬਜਾਏ ਵਪਾਰਕ ਬੀਮੇ ਦੀ ਪ੍ਰਾਪਤੀ ਦੀ ਸਿਫ਼ਾਰਸ਼ ਕਰਦੀਆਂ ਹਨ। ਇਹ ਮਕਾਨ ਮਾਲਕਾਂ ਲਈ ਇੱਕ ਮਹੱਤਵਪੂਰਨ ਝਟਕਾ ਪੇਸ਼ ਕਰਦਾ ਹੈ, ਕਿਉਂਕਿ ਵਪਾਰਕ ਬੀਮੇ ਵਿੱਚ ਤਬਦੀਲੀ ਮਹੱਤਵਪੂਰਨ ਵਾਧੂ ਲਾਗਤਾਂ ਅਤੇ ਜਟਿਲਤਾਵਾਂ ਨੂੰ ਸ਼ਾਮਲ ਕਰਦੀ ਹੈ।

**ਲਾਇਸੈਂਸ ਲਈ ਅਰਜ਼ੀ ਦੇਣ ਲਈ ਲੋੜੀਂਦੇ ਜਾਇਦਾਦ ਨਾਲ ਸਬੰਧਤ ਦਸਤਾਵੇਜ਼:**

ਸੰਪੱਤੀ ਦੇ ਮਿਆਰ ਅਤੇ ਸੁਰੱਖਿਆ ਸਵੈ-ਪ੍ਰਮਾਣੀਕਰਨ ਚੈੱਕਲਿਸਟ [ਫਾਰਮ 2]

ਬੀਮਾ ਘੋਸ਼ਣਾ [ਫਾਰਮ ਡੀ]

**ਚਿੰਤਾ:** ਤੁਹਾਡੀ ਜਾਇਦਾਦ 'ਤੇ ਕਿਰਾਏ ਦੇ ਕਾਰੋਬਾਰੀ ਲਾਇਸੈਂਸ ਦਾ ਐਲਾਨ ਕਰਨ ਦਾ ਸੰਭਾਵੀ ਨਤੀਜਾ ਤੁਹਾਡੀ ਮੌਜੂਦਾ ਬੀਮਾ ਕੰਪਨੀ ਦੁਆਰਾ ਬੀਮਾ ਪ੍ਰੀਮੀਅਮਾਂ ਵਿੱਚ ਵਾਧਾ ਹੈ। ਕੁਝ ਮਾਮਲਿਆਂ ਵਿੱਚ, ਤੁਹਾਡਾ ਮੌਜੂਦਾ ਘਰੇਲੂ ਬੀਮਾ ਪ੍ਰਦਾਤਾ ਇੱਕ ਵਪਾਰਕ ਬੀਮਾ ਪਾਲਿਸੀ ਵਿੱਚ ਤਬਦੀਲ ਕਰਨ ਦੀ ਸਿਫ਼ਾਰਸ਼ ਕਰ ਸਕਦਾ ਹੈ। ਇਹ ਸਮਾਯੋਜਨ ਕਿਰਾਏ ਦੇ ਉਦੇਸ਼ਾਂ ਲਈ ਵਰਤੀ ਜਾ ਰਹੀ ਸੰਪਤੀ ਦੀ ਮਾਨਤਾ ਦੁਆਰਾ ਪ੍ਰੇਰਿਤ ਕੀਤਾ ਗਿਆ ਹੈ, ਜੋ ਕਿ ਬੀਮਾ ਕਵਰੇਜ ਵਿੱਚ ਗੁੰਝਲਦਾਰਤਾ ਦੀ ਇੱਕ ਵਾਧੂ ਪਰਤ ਅਤੇ ਸੰਭਾਵੀ ਲਾਗਤ ਵਾਧੇ ਨੂੰ ਦਰਸਾਉਂਦਾ ਹੈ

ਇਲੈਕਟ੍ਰੀਕਲ ਸਿਸਟਮ ਇੰਸਪੈਕਸ਼ਨ ਫਾਰਮ [ਫਾਰਮ ਈ] (ਇੱਕ ਲਾਇਸੰਸਸ਼ੁਦਾ ਇਲੈਕਟ੍ਰੀਸ਼ੀਅਨ ਦੁਆਰਾ ਪੂਰਾ ਕੀਤਾ ਜਾਣਾ)

**ਚਿੰਤਾ:** ਲਾਗਤ ਲਗਭਗ ਸਾਲਾਨਾ ਲਾਗਤ $300 – $500

ਐਮਰਜੈਂਸੀ ਜਾਣਕਾਰੀ ਪੈਕੇਜ [ਫਾਰਮ 6]

ਗੈਸ ਜਾਂ ਤੇਲ ਬਾਲਣ ਵਾਲੇ ਉਪਕਰਣ ਨਿਰੀਖਣ ਫਾਰਮ [ਫਾਰਮ 71] (ਇੱਕ ਲਾਇਸੰਸਸ਼ੁਦਾ ਗੈਸ ਫਿਟਰ ਦੁਆਰਾ ਪੂਰਾ ਕੀਤਾ ਜਾਣਾ), ਜਾਂ

ਘੋਸ਼ਣਾ ਕੋਈ ਗੈਸ ਜਾਂ ਤੇਲ ਬਾਲਣ ਵਾਲਾ ਉਪਕਰਨ ਫਾਰਮ ਨਹੀਂ [ਫਾਰਮ 72]।

**ਚਿੰਤਾ:** ਲਗਭਗ ਸਾਲਾਨਾ ਲਾਗਤ $300 – $500

ਮਾਲਕੀ ਦਾ ਸਬੂਤ (ਜ਼ਮੀਨ ਦਾ ਤਬਾਦਲਾ ਜਾਂ ਡੀਡ – ਲੰਬਾ ਫਾਰਮ)

ਕਾਰਪੋਰੇਟ ਮਾਲਕੀ (ਜੇ ਜਾਇਦਾਦ ਦਾ ਮਾਲਕ ਇੱਕ ਕਾਰਪੋਰੇਸ਼ਨ ਹੈ)

ਸਥਿਤੀ ਦਾ ਸਰਟੀਫਿਕੇਟ ਜਾਂ ਕਾਰਪੋਰੇਟ ਪ੍ਰੋਫਾਈਲ ਰਿਪੋਰਟ (ਪ੍ਰੋਵਿੰਸ਼ੀਅਲ ਕਾਰਪੋਰੇਸ਼ਨ)

ਪਾਲਣਾ ਦਾ ਸਰਟੀਫਿਕੇਟ ਜਾਂ ਕਾਰਪੋਰੇਟ ਪ੍ਰੋਫਾਈਲ ਰਿਪੋਰਟ (ਫੈਡਰਲ ਕਾਰਪੋਰੇਸ਼ਨ)

ਅਪਰਾਧਿਕ ਰਿਕਾਰਡ ਦੀ ਜਾਂਚ – ਪੱਧਰ 1 (ਹਰੇਕ ਮਾਲਕ ਅਤੇ ਬਿਨੈਕਾਰ ਲਈ ਲੋੜੀਂਦਾ – ਕਿਰਾਏਦਾਰਾਂ ਲਈ ਨਹੀਂ)

**ਚਿੰਤਾ:** ਲਗਭਗ ਸਲਾਨਾ ਲਾਗਤ $70 – $80 ਆਮ ਤੌਰ 'ਤੇ ਔਸਤਨ 2 ਜਾਇਦਾਦ ਮਾਲਕਾਂ 'ਤੇ ਵਿਚਾਰ ਕਰਦੇ ਹੋਏ

ਜੇਕਰ ਮਾਲਕ ਇੱਕ ਕਾਰਪੋਰੇਸ਼ਨ ਹੈ, ਤਾਂ ਕਾਰਪੋਰੇਸ਼ਨ ਦੇ 30% ਤੋਂ ਵੱਧ ਦੇ ਮਾਲਕ ਸਾਰੇ ਸ਼ੇਅਰਧਾਰਕਾਂ, ਨਿਗਮ ਦੇ ਹਰੇਕ ਡਾਇਰੈਕਟਰ ਅਤੇ ਅਧਿਕਾਰੀ ਲਈ ਇੱਕ ਰਿਕਾਰਡ ਜਾਂਚ ਦੀ ਲੋੜ ਹੁੰਦੀ ਹੈ। Vele 1 ਚੈਕ ਕਿਸੇ ਤੀਜੀ ਧਿਰ ਜਾਂ ਪੀਲ ਰੀਜਨਲ ਪੁਲਿਸ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ

ਫਲੋਰ ਪਲਾਨ – ਇਮਾਰਤ ਦੀ ਹਰੇਕ ਮੰਜ਼ਿਲ, ਬੇਸਮੈਂਟਾਂ ਸਮੇਤ, ਹੇਠ ਲਿਖੀਆਂ ਸਾਰੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ:

ਸਾਰੀਆਂ ਰਿਹਾਇਸ਼ੀ ਇਕਾਈਆਂ, ਕਮਰਿਆਂ, ਹਾਲਵੇਅ, ਸਾਂਝੀਆਂ ਥਾਵਾਂ ਅਤੇ ਖਿੜਕੀਆਂ ਦੇ ਸਹੀ ਮਾਪ ਅਤੇ ਲੇਬਲਿੰਗ, ਜਿਸ ਵਿੱਚ ਸੌਣ ਦੇ ਖੇਤਰ, ਭੋਜਨ ਤਿਆਰ ਕਰਨ/ਖਾਣ ਦੇ ਖੇਤਰ, ਵਾਸ਼ਰੂਮ ਖੇਤਰ ਸ਼ਾਮਲ ਹਨ।


**ਚਿੰਤਾ:** ਜੇਕਰ ਤੁਸੀਂ ਸੰਪੱਤੀ ਦੇ ਦੂਜੇ ਜਾਂ ਤੀਜੇ ਮਾਲਕ ਹੋ, ਤਾਂ ਫਲੋਰ ਪਲਾਨ ਤਿਆਰ ਕਰਨ ਲਈ ਇੱਕ ਆਰਕੀਟੈਕਟ ਨੂੰ ਖਰੀਦਣ ਦੀ ਜ਼ਰੂਰਤ ਪੈਦਾ ਹੋ ਸਕਦੀ ਹੈ, ਖਾਸ ਤੌਰ 'ਤੇ ਜੇਕਰ ਹਾਲ ਹੀ ਵਿੱਚ ਦੂਜੀ ਰਿਹਾਇਸ਼ ਜਾਂ ਵਾਧੂ ਰਿਹਾਇਸ਼ੀ ਯੂਨਿਟ ਦਾ ਕੋਈ ਨਿਰਮਾਣ ਨਹੀਂ ਹੋਇਆ ਹੈ। ਇਸ ਸੇਵਾ ਲਈ ਆਮ ਤੌਰ 'ਤੇ $500 ਅਤੇ $800 ਦੇ ਵਿਚਕਾਰ ਲਾਗਤ ਹੁੰਦੀ ਹੈ।

ਪਾਰਕਿੰਗ ਅਤੇ ਸਟੋਰੇਜ ਪਲਾਨ – ਹੇਠ ਲਿਖੇ ਸ਼ਾਮਲ ਹੋਣੇ ਚਾਹੀਦੇ ਹਨ:

– ਗੈਰੇਜ, ਡਰਾਈਵਵੇਅ ਅਤੇ ਹੋਰ pa ਦੇ ਮਾਪ ਨਾਲ ਇੱਕ ਡਰਾਇੰਗ

ਸੰਪਤੀ 'ਤੇ rking ਖੇਤਰ

– ਰੀਸਾਈਕਲਿੰਗ / ਜੈਵਿਕ / ਕੂੜਾ




ਸਟੋਰੇਜ਼ ਅਤੇ ਕਿਸੇ ਵੀ ਬਰਫ਼ ਸਟੋਰੇਜ਼ ਖੇਤਰ ਨੂੰ ਦਰਸਾਉਣਾ ਚਾਹੀਦਾ ਹੈ।

**ਚਿੰਤਾ:** ਦੁਬਾਰਾ, ਜੇਕਰ ਤੁਸੀਂ ਸੰਪਤੀ ਦੇ ਦੂਜੇ ਜਾਂ ਤੀਜੇ ਮਾਲਕ ਹੋ, ਤਾਂ ਫਲੋਰ ਯੋਜਨਾਵਾਂ ਦੀ ਤਿਆਰੀ ਲਈ ਇੱਕ ਆਰਕੀਟੈਕਟ ਨੂੰ ਖਰੀਦਣ ਦੀ ਜ਼ਰੂਰਤ ਪੈਦਾ ਹੋ ਸਕਦੀ ਹੈ, ਖਾਸ ਤੌਰ 'ਤੇ ਜੇਕਰ ਕਿਸੇ ਦੂਜੇ ਨਿਵਾਸ ਜਾਂ ਵਾਧੂ ਰਿਹਾਇਸ਼ੀ ਯੂਨਿਟ ਦਾ ਕੋਈ ਹਾਲ ਹੀ ਵਿੱਚ ਨਿਰਮਾਣ ਨਹੀਂ ਹੋਇਆ ਹੈ। ਇਸ ਸੇਵਾ ਲਈ ਆਮ ਤੌਰ 'ਤੇ $500 ਅਤੇ $800 ਦੇ ਵਿਚਕਾਰ ਲਾਗਤ ਹੁੰਦੀ ਹੈ।

**ਚਿੰਤਾ:** ਅਸੀਂ ਵਰਤਮਾਨ ਵਿੱਚ ਵਪਾਰਕ ਲਾਇਸੈਂਸ ਦੀ ਪ੍ਰਾਪਤੀ ਤੋਂ ਬਾਅਦ ਜਾਇਦਾਦ ਲਈ ਰਿਹਾਇਸ਼ੀ ਜਾਂ ਵਪਾਰਕ ਦਰਾਂ ਦੀ ਅਰਜ਼ੀ ਦੇ ਸਬੰਧ ਵਿੱਚ ਸਾਡੇ ਉਪਯੋਗਤਾ ਪ੍ਰਦਾਤਾ ਤੋਂ ਪੁਸ਼ਟੀ ਦੀ ਉਡੀਕ ਕਰ ਰਹੇ ਹਾਂ। ਇਸ ਮਾਮਲੇ 'ਤੇ ਸਪੱਸ਼ਟੀਕਰਨ ਅਜੇ ਵੀ ਲੰਬਿਤ ਹੈ ਅਤੇ ਅਸੀਂ ਸਹੀ ਅਤੇ ਸੂਚਿਤ ਫੈਸਲੇ ਲੈਣ ਨੂੰ ਯਕੀਨੀ ਬਣਾਉਣ ਲਈ ਉਪਯੋਗਤਾਵਾਂ ਕੰਪਨੀ ਤੋਂ ਨਿਸ਼ਚਿਤ ਜਾਣਕਾਰੀ ਲੈਣ ਦੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਰੁੱਝੇ ਹੋਏ ਹਾਂ। ਇਸ ਮਾਮਲੇ ਵਿੱਚ ਤੁਹਾਡੀ ਸਮਝ ਅਤੇ ਧੀਰਜ ਦੀ ਬਹੁਤ ਪ੍ਰਸ਼ੰਸਾ ਕੀਤੀ ਜਾਂਦੀ ਹੈ।

ਪੂਰੀਆਂ ਲੋੜਾਂ ਅਤੇ ਹੋਰ ਵੇਰਵਿਆਂ ਲਈ ਸਿਟੀ ਆਫ਼ ਬਰੈਂਪਟਨ ਦੀ ਵੈੱਬਸਾਈਟ www.Brampton.ca/RRL ਵੇਖੋ

ਮਕਾਨ ਮਾਲਕਾਂ ਲਈ, ਇਹ $1500 ਤੋਂ $2000 ਪ੍ਰਤੀ ਵਾਧੂ ਜਾਂ ਦੂਜੀ ਨਿਵਾਸ ਇਕਾਈ ਤੱਕ ਦੀ ਸਾਲਾਨਾ ਆਵਰਤੀ ਲਾਗਤ ਵਿੱਚ ਅਨੁਵਾਦ ਕਰਦਾ ਹੈ। ਇਹ ਇੱਕ ਮਹੱਤਵਪੂਰਨ ਵਿੱਤੀ ਵਚਨਬੱਧਤਾ ਹੈ, ਖਾਸ ਤੌਰ 'ਤੇ ਜਦੋਂ ਕੈਨੇਡੀਅਨਾਂ ਦੁਆਰਾ ਦਰਪੇਸ਼ ਪ੍ਰਚਲਿਤ ਆਰਥਿਕ ਚੁਣੌਤੀਆਂ ਦੇ ਸੰਦਰਭ ਵਿੱਚ ਵਿਚਾਰਿਆ ਜਾਂਦਾ ਹੈ, ਜਿਸ ਵਿੱਚ ਕੋਵਿਡ ਤੋਂ ਬਾਅਦ ਦੀ ਮਹਿੰਗਾਈ ਅਤੇ ਵਿਆਜ ਦਰਾਂ ਵਿੱਚ ਵਾਧੇ ਕਾਰਨ ਗਿਰਵੀ ਖਰਚਿਆਂ ਵਿੱਚ ਹਾਲ ਹੀ ਵਿੱਚ ਵਾਧਾ ਸ਼ਾਮਲ ਹੈ।

ਅਸੀਂ ਇਸ ਤੱਥ ਵੱਲ ਧਿਆਨ ਖਿੱਚਣਾ ਚਾਹੁੰਦੇ ਹਾਂ ਕਿ ਅਜਿਹੇ ਆਰਥਿਕ ਬੋਝ ਕਾਰਨ ਮਕਾਨ ਮਾਲਕਾਂ ਦੁਆਰਾ ਆਪਣੇ ਬੇਸਮੈਂਟ ਕਿਰਾਏ 'ਤੇ ਦੇਣ 'ਤੇ ਮੁੜ ਵਿਚਾਰ ਕੀਤਾ ਜਾ ਸਕਦਾ ਹੈ, ਜਿਸ ਨਾਲ ਬਰੈਂਪਟਨ ਵਿੱਚ ਮੌਜੂਦਾ ਰਿਹਾਇਸ਼ੀ ਸੰਕਟ ਹੋਰ ਵਧ ਸਕਦਾ ਹੈ। ਵਧਦੀ ਆਬਾਦੀ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਵਧੇ ਹੋਏ ਕਿਰਾਏ ਦੇ ਵਿਕਲਪਾਂ ਦੀ ਲੋੜ ਦੇ ਨਾਲ, ਕੈਨੇਡਾ ਵਿੱਚ ਪ੍ਰਚਲਿਤ ਰਿਹਾਇਸ਼ਾਂ ਦੀ ਘਾਟ ਦਾ ਪ੍ਰਭਾਵ ਉਲਟ ਹੈ।

ਅਸੀਂ ਇੱਥੇ ਬਹੁਤ ਸਪੱਸ਼ਟ ਕਰਦੇ ਹਾਂ, ਕਿ ਸਾਡੀ ਪਟੀਸ਼ਨ ਕਿਸੇ ਬਿਲਡਿੰਗ ਸੁਰੱਖਿਆ ਕੋਡ ਨਾਲ ਸਮਝੌਤਾ ਜਾਂ ਢਿੱਲ ਦੇਣ ਦੀ ਕੋਸ਼ਿਸ਼ ਨਹੀਂ ਕਰਦੀ ਹੈ। ਅਸੀਂ ਰੂਮਿੰਗ ਰੈਂਟਲ, ਭੀੜ-ਭੜੱਕੇ ਵਾਲੇ ਰੈਂਟਲ ਯੂਨਿਟਾਂ, ਗੈਰ-ਕਾਨੂੰਨੀ ਯੂਨਿਟਾਂ ਅਤੇ ਬਿਲਡਿੰਗ ਕੋਡਾਂ, ਸੁਰੱਖਿਆ ਨਿਯਮਾਂ, ਸਿਹਤ ਸੁਰੱਖਿਆ ਕੋਡਾਂ, ਫਾਇਰ ਕੋਡਾਂ, ਜਾਂ ਕਿਸੇ ਵੀ ਹੋਰ ਢੁਕਵੇਂ ਦੁਆਰਾ ਪਾਲਣਾ ਨਾ ਕਰਨ ਵਾਲੇ ਕਿਸੇ ਵੀ ਮਕਾਨ ਮਾਲਕ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਸ਼ਹਿਰ ਦੇ ਯਤਨਾਂ ਦੇ ਸਮਰਥਨ ਵਿੱਚ ਮਜ਼ਬੂਤੀ ਨਾਲ ਖੜ੍ਹੇ ਹਾਂ। ਕਾਨੂੰਨ ਜੋ ਕਿਰਾਏਦਾਰ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ।

9 ਜਨਵਰੀ ਨੂੰ www.insauga.com 'ਤੇ ਪ੍ਰਕਾਸ਼ਿਤ ਲੇਖ ਵਿੱਚ ਮੇਅਰ ਪੈਟਰਿਕ ਬ੍ਰਾਊਨ ਦੇ ਬਿਆਨ ਦੇ ਸੰਦਰਭ ਵਿੱਚ, ਜਿੱਥੇ ਉਸਨੇ ਦੋ ਸਾਲਾਂ ਦੇ ਪਾਇਲਟ ਪ੍ਰੋਜੈਕਟ ਦੇ ਪੂਰਾ ਹੋਣ ਤੋਂ ਬਾਅਦ $925,000 ਦੀ ਅਨੁਮਾਨਤ ਕਮੀ ਦਾ ਜ਼ਿਕਰ ਕੀਤਾ, ਅਸੀਂ ਇੱਕ ਹੱਲ ਦਾ ਪ੍ਰਸਤਾਵ ਕਰਨਾ ਚਾਹੁੰਦੇ ਹਾਂ। ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਸ਼ਹਿਰ ਇਸ ਘਾਟ ਨੂੰ ਵਾਧੂ ਇਨਫੋਰਸਮੈਂਟ ਇੰਸਪੈਕਟਰਾਂ ਦੀ ਨਿਯੁਕਤੀ ਲਈ ਨਿਰਧਾਰਤ ਕਰੇ। ਇਹ ਨਿਵੇਸ਼ ਮੌਜੂਦਾ ਬਿਲਡਿੰਗ ਉਪ-ਨਿਯਮਾਂ ਨੂੰ ਲਾਗੂ ਕਰਨ ਅਤੇ ਕਿਰਾਏ ਦੀ ਸੁਰੱਖਿਆ ਦੇ ਮਾਪਦੰਡਾਂ ਨੂੰ ਕਾਇਮ ਰੱਖਣ ਲਈ ਬੇਤਰਤੀਬੇ ਨਿਰੀਖਣ ਕਰਨ ਲਈ ਸ਼ਹਿਰ ਦੀ ਸਮਰੱਥਾ ਨੂੰ ਮਹੱਤਵਪੂਰਨ ਤੌਰ 'ਤੇ ਵਧਾ ਸਕਦਾ ਹੈ।

ਸਾਡੀ ਮੁੱਢਲੀ ਚਿੰਤਾ, ਜਿਵੇਂ ਕਿ ਪਟੀਸ਼ਨ ਵਿੱਚ ਦਰਸਾਈ ਗਈ ਹੈ, ਕਾਨੂੰਨੀ ਇਕਾਈਆਂ 'ਤੇ RRL ਨੂੰ ਲਾਗੂ ਕਰਨ ਦੇ ਆਲੇ-ਦੁਆਲੇ ਘੁੰਮਦੀ ਹੈ। ਇਹ ਇਕਾਈਆਂ, ਬਿਲਡਿੰਗ ਅਤੇ ਸੇਫਟੀ ਕੋਡਾਂ ਦੀ ਪਾਲਣਾ ਵਿੱਚ ਬਣਾਈਆਂ ਗਈਆਂ ਹਨ ਅਤੇ ਸ਼ਹਿਰ ਤੋਂ ਵੈਧ ਪਰਮਿਟ ਲੈ ਕੇ, ਮੌਜੂਦਾ ਉਪ-ਨਿਯਮਾਂ ਦੇ ਤਹਿਤ ਪਹਿਲਾਂ ਹੀ ਬੇਤਰਤੀਬ ਜਾਂਚਾਂ ਦੇ ਅਧੀਨ ਹਨ। RRL, ਜਿਵੇਂ ਕਿ ਇਹ ਖੜ੍ਹਾ ਹੈ, ਇਹਨਾਂ ਰੁਟੀਨ ਜਾਂਚਾਂ ਲਈ ਲੋੜੀਂਦਾ ਨਹੀਂ ਹੈ।

ਉਦਾਹਰਣ ਦੇ ਲਈ, ਇੱਕ ਕਾਨੂੰਨੀ ਯੂਨਿਟ ਬਣਾਉਣ 'ਤੇ ਵਿਚਾਰ ਕਰਨਾ ਸੜਕ 'ਤੇ ਵਾਹਨ ਚਲਾਉਣ ਲਈ ਡਰਾਈਵਰਜ਼ ਲਾਇਸੈਂਸ ਪ੍ਰਾਪਤ ਕਰਨ ਵਰਗਾ ਹੈ। ਇਹਨਾਂ ਕਨੂੰਨੀ ਇਕਾਈਆਂ ਲਈ RRL ਦਾ ਸਲਾਨਾ ਨਵੀਨੀਕਰਣ ਉਸੇ ਤਰ੍ਹਾਂ ਹੈ ਜਿਵੇਂ ਕੋਈ ਵਿਅਕਤੀ ਇੱਕ ਵੈਧ ਲਾਇਸੈਂਸ ਨੂੰ ਕਾਇਮ ਰੱਖਣ ਲਈ ਇੱਕ ਬੇਲੋੜੀ ਸਲਾਨਾ ਰੋਡ ਟੈਸਟ ਲਈ ਮਜਬੂਰ ਕਰਦਾ ਹੈ।

ਅਸੀਂ ਸ਼ਹਿਰ ਨੂੰ ਇਕੱਲੇ ਜਾਂ ਦੋ-ਨਿਵਾਸ ਕਾਨੂੰਨੀ ਇਕਾਈਆਂ ਲਈ RRL ਲੋੜਾਂ 'ਤੇ ਮੁੜ ਵਿਚਾਰ ਕਰਨ ਲਈ ਦਿਲੋਂ ਬੇਨਤੀ ਕਰਦੇ ਹਾਂ। ਇਹਨਾਂ ਇਕਾਈਆਂ ਲਈ ਵਾਧੂ ਪ੍ਰਸ਼ਾਸਕੀ ਬੋਝ ਅਤੇ ਆਵਰਤੀ ਸਾਲਾਨਾ ਲਾਇਸੈਂਸ, ਜੋ ਕਿ ਪਹਿਲਾਂ ਹੀ ਸਖ਼ਤ ਜਾਂਚ ਦੇ ਅਧੀਨ ਹਨ, ਅਸਪਸ਼ਟ ਅਤੇ ਉਲਟ ਜਾਪਦੇ ਹਨ।

ਅਸੀਂ ਸਤਿਕਾਰ ਨਾਲ ਇਹ ਦਰਜ ਕਰਦੇ ਹਾਂ ਕਿ, ਜੇਕਰ ਸਿਟੀ ਆਫ ਬਰੈਂਪਟਨ ਨੂੰ ਕਮਰੇ ਦੇ ਕਿਰਾਏ ਨਾਲ ਸਬੰਧਤ ਖਾਸ ਚਿੰਤਾਵਾਂ ਹਨ, ਤਾਂ RRL ਲੋੜਾਂ ਦੇ ਦਾਇਰੇ ਨੂੰ ਅਜਿਹੇ ਮਾਮਲਿਆਂ ਤੱਕ ਨਿਆਂਪੂਰਨ ਤੌਰ 'ਤੇ ਸੀਮਤ ਕੀਤਾ ਜਾਣਾ ਚਾਹੀਦਾ ਹੈ। ਮਕਾਨ ਮਾਲਕ ਜੋ ਘੱਟੋ-ਘੱਟ ਇੱਕ ਸਾਲ ਦੀ ਮਿਆਦ ਲਈ ਪੂਰੀਆਂ ਇਕਾਈਆਂ ਨੂੰ ਲੀਜ਼ 'ਤੇ ਦਿੰਦੇ ਹਨ, ਨੂੰ ਇਸ ਵਾਧੂ ਰੈਗੂਲੇਟਰੀ ਪਰਤ ਤੋਂ ਛੋਟ ਦਿੱਤੀ ਜਾਣੀ ਚਾਹੀਦੀ ਹੈ।

ਇਹਨਾਂ ਚਿੰਤਾਵਾਂ ਦੇ ਮੱਦੇਨਜ਼ਰ, ਅਸੀਂ ਸਿਟੀ ਆਫ ਬਰੈਂਪਟਨ ਨੂੰ ਬੇਨਤੀ ਕਰਦੇ ਹਾਂ ਕਿ ਰਿਹਾਇਸ਼ੀ ਕਿਰਾਏ ਦੇ ਲਾਇਸੈਂਸ ਦੇ ਚੱਲ ਰਹੇ ਅਮਲ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ। ਅਸੀਂ ਸੁਰੱਖਿਆ ਅਤੇ ਰੈਗੂਲੇਟਰੀ ਉਪਾਵਾਂ ਦੀ ਜ਼ਰੂਰਤ ਤੋਂ ਜਾਣੂ ਹਾਂ ਪਰ ਵਿਸ਼ਵਾਸ ਕਰਦੇ ਹਾਂ ਕਿ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦੋਵਾਂ ਦੇ ਹਿੱਤਾਂ ਦੀ ਰਾਖੀ ਲਈ ਇੱਕ ਸੂਖਮ ਅਤੇ ਸੰਤੁਲਿਤ ਪਹੁੰਚ ਦੀ ਲੋੜ ਹੈ।

ਇੱਕ ਭਾਈਚਾਰੇ ਦੇ ਰੂਪ ਵਿੱਚ, ਅਸੀਂ ਆਪਣੀਆਂ ਸਮੂਹਿਕ ਚਿੰਤਾਵਾਂ ਨੂੰ ਸਪੱਸ਼ਟ ਕਰਨ ਅਤੇ ਇਹਨਾਂ ਨਿਯਮਾਂ ਪ੍ਰਤੀ ਵਧੇਰੇ ਬਰਾਬਰੀ ਅਤੇ ਸੂਚਿਤ ਪਹੁੰਚ ਦੀ ਵਕਾਲਤ ਕਰਨ ਲਈ ਇੱਕ ਸ਼ਾਂਤਮਈ ਪ੍ਰਦਰਸ਼ਨ ਦਾ ਆਯੋਜਨ ਕਰ ਰਹੇ ਹਾਂ। ਇੱਕ ਵਿਆਪਕ ਅਤੇ ਨਿਰਪੱਖ ਹੱਲ ਪ੍ਰਾਪਤ ਕਰਨ ਵਿੱਚ ਤੁਹਾਡਾ ਸਮਰਥਨ ਸਭ ਤੋਂ ਮਹੱਤਵਪੂਰਨ ਹੈ।

ਤੁਹਾਡੇ ਧਿਆਨ ਅਤੇ ਵਿਚਾਰ ਲਈ ਧੰਨਵਾਦ।

ਦਿਲੋਂ,

ਸਬੰਧਤ ਨਿਵਾਸੀ

ਅੱਜ 416 ਲੋਕਾਂ ਨੇ ਦਸਤਖਤ ਕੀਤੇ

ਇਸ ਪਟੀਸ਼ਨ 'ਤੇ ਦਸਤਖਤ ਕਰੋ

ਪਟੀਸ਼ਨ ਨੂੰ ਆਸਾਨੀ ਨਾਲ ਲੱਭਣ ਅਤੇ ਦਸਤਖਤ ਕਰਨ ਵਿੱਚ ਦੂਜਿਆਂ ਦੀ ਮਦਦ ਕਰਨ ਲਈ ਇਸ QR ਕੋਡ ਨੂੰ ਡਾਊਨਲੋਡ ਕਰੋ।

**ਫੈਸਲਾ ਲੈਣ ਵਾਲੇ**

**ਸੰਵਾਦ ਬੰਦ ਕਰੋ**

**ਪੈਟਰਿਕ ਬਰਾਊਨ**

**ਮੇਅਰ ਸਿਟੀ ਆਫ ਬਰੈਂਪਟਨ**

**ਹਰਕੀਰਤ ਸਿੰਘ**

**ਸਿਟੀ ਕੌਂਸਲਰ ਵਾਰਡ 9 ਅਤੇ 10 ਦੇ ਡਿਪਟੀ ਮੇਅਰ ਸਿਟੀ ਆਫ ਬਰੈਂਪਟਨ**

**ਰਾਡ ਪਾਵਰ**

**ਸਿਟੀ ਕੌਂਸਲਰ ਵਾਰਡ 7 ਅਤੇ 8 ਸਿਟੀ ਆਫ ਬਰੈਂਪਟਨ**

**ਡੇਨਿਸ ਕੀਨਨ**

**ਖੇਤਰੀ ਕੌਂਸਲਰ ਵਾਰਡ 3 ਅਤੇ 4 ਸਿਟੀ ਆਫ ਬਰੈਂਪਟਨ**

**ਨਵਜੀਤ ਕੌਰ ਬਰਾੜ**

**ਖੇਤਰੀ ਕੌਂਸਲਰ ਵਾਰਡ 2 ਅਤੇ 6 ਸਿਟੀ ਆਫ ਬਰੈਂਪਟਨ**

**ਰੋਵੇਨਾ ਸੈਂਟੋਸ**

**ਖੇਤਰੀ ਕੌਂਸਲਰ ਵਾਰਡ 1 ਅਤੇ 5 ਸਿਟੀ ਆਫ ਬਰੈਂਪਟਨ**

**ਗੁਰਪ੍ਰਤਾਪ ਸਿੰਘ ਤੂਰ**

**ਖੇਤਰੀ ਕੌਂਸਲਰ ਵਾਰਡ 9 ਅਤੇ 10 ਸਿਟੀ ਆਫ ਬਰੈਂਪਟਨ**

**ਪੈਟ ਫੋਰਟੀਨੀ**

**ਖੇਤਰੀ ਕੌਂਸਲਰ ਵਾਰਡ 7 ਅਤੇ 8 ਸਿਟੀ ਆਫ ਬਰੈਂਪਟਨ**

**ਮਾਈਕਲ ਪੈਲੇਸਚੀ**

**ਖੇਤਰੀ ਕੌਂਸਲਰ ਵਾਰਡ 2 ਅਤੇ 6 ਸਿਟੀ ਆਫ ਬਰੈਂਪਟਨ**

**ਪਾਲ ਵਿਸੇਂਟ**


**ਖੇਤਰੀ ਕੌਂਸਲਰ ਵਾਰਡ 1 ਅਤੇ 5 ਸਿਟੀ ਆਫ ਬਰੈਂਪਟਨ**

**ਮਾਰਟਿਨ ਮੇਡੀਰੋਸ**

**ਖੇਤਰੀ ਕੌਂਸਲਰ ਵਾਰਡ 3 ਏ**

# ਅਸੁੱਰਖਿਆ ਦੀ ਸੰਸਾਰ ਪੱਧਰੀ ਸਥਿਤੀ ਦਾ ਅਧਿਐਨ : ਇਕ ਮੁਲਾਂਕਣ

*ਜਿਸ ਕਿਸਮ ਨਾਲ ਦੁਨੀਆ ਵਿਚ ਆਰਥਿਕ ਗੈਰ-ਬਰਾਬਰਤਾ ਵਧੀ ਹੈ । ਇਸ ਦੇ ਨਾਲ ਹੀ ਵੱਖ ਵੱਖ ਦੇਸ਼ਾਂ ਵਿਚ ਅਸੁਰੱਖਿਆ ਦੀ ਭਾਵਨਾ ਦਾ ਫਾਇਦਾ ਉਠਾਉਂਦੇ ਹੋਏ ਦੁਨੀਆ ਭਰ ਦੇ ਦੇਸ਼ਾਂ ਵਿਚ ਪੁਨਰ-ਸੁਰਜੀਤੀ ਦਾ ਦੌਰ ਸ਼ੁਰੂ ਹੋ ਗਿਆ ਹੈ । ਇਸ ਦੌਰ ਵਿਚ ਦੁਨੀਆ ਦਾ ਕੋਈ ਵੀ ਕੋਨਾ ਬਚਿਆ ਨਹੀਂ ਹੈ । ਕਾਰਪੋਰੇਟ ਘਰਾਣੇ ਅਤੇ ਸੱਜੇਪੱਖੀ ਨੇਤਾ ਪਾਰਲੀਮੈਂਟ ਢੰਗਾਂ ਰਾਹੀਂ ਸੱਤਾ ਵਿਚ ਪਹੁੰਚ ਰਹੇ ਹਨ । ਜਿਸ ਦੀਆਂ ਸਪਸ਼ਟ ਉਦਾਹਰਣਾਂ ਹੰਗਰੀ, ਤੁਰਕੀ, ਬ੍ਰਾਜ਼ੀਲ ਅਤੇ ਭਾਰਤ ਹਨ । ਆਉਣ ਵਾਲੇ ਸਮੇਂ ਵਿਚ ਇਹ ਖਦਸ਼ਾ ਜਾਹਿਰ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਵਿਚ ਵੀ ਟਰੰਪ ਮੁੜ ਕੇ ਸੱਤਾ ਵਿਚ ਆ ਸਕਦਾ ਹੈ । ਉਸ ਦੇ ਸੱਤਾ ਵਿਚ ਆਉਣ ਨਾਲ ਦੁਨੀਆ ਇਕ ਹੋਰ ਨਵੇਂ ਸੰਕਟ ਵੱਲ ਵਧ ਜਾਵੇਗੀ । ਇਸ ਦੀਆਂ ਵੱਖ ਵੱਖ ਪਰਤਾਂ ਨੂੰ ਸਮਝਣ ਲਈ ਪ੍ਰੋ. ਬਰਧਨ ਦੀ ਕਿਤਾਬ 'ਏ ਵਰਲਡ ਆਫ਼ ਇਨਸਕਿਊਰਿਟੀ' ਬੜੀ ਮਹੱਤਵਪੂਰਨ ਕਿਤਾਬ ਹੈ ਜਿਹੜੀ ਇਹ ਦਰਸਾਉਂਦੀ ਹੈ ਕਿ ਕਿਸ ਕਿਸਮ ਨਾਲ ਸੱਜੇਪੱਖੀ ਤਾਕਤਾਂ ਵੱਖ ਵੱਖ ਦੇਸ਼ਾਂ ਵਿਚ ਕਾਬਜ਼ ਹੋ ਗਈਆਂ । ਪ੍ਰੋ. ਬਰਧਨ ਉਨ੍ਹਾਂ ਚੋਟੀ ਦੇ ਰਾਜਨੀਤਕ ਅਰਥਸ਼ਾਸਤਰੀਆਂ ਵਿਚੋਂ ਹਨ । ਜਿਨ੍ਹਾਂ ਨੇ ਆਪਣੇ ਖੋਜ ਦਾ ਕਾਰਜ ਗੈਰ-ਬਰਾਬਰਤਾ ਅਤੇ ਭਾਰਤ ਵਿਚ ਧਨੀ ਜਮਾਤਾਂ ਦੇ ਆਪਸੀ ਸਬੰਧਾਂ ਉਪਰ ਕੀਤਾ ਹੈ ਕਿ ਕਿਸ ਤਰ੍ਹਾਂ ਭਾਰਤ ਦੀਆਂ ਸਰਮਾਏਦਾਰ ਜਮਾਤਾਂ, ਧਨੀ ਕਿਸਾਨ ਅਤੇ ਪਬਲਿਕ ਅਦਾਰਿਆਂ ਦੀ ਨੀਤੀਘਾੜੇ ਦੇਸ਼ ਦੀਆਂ ਨੀਤੀਆਂ ਬਣਾਉਂਦੇ ਹਨ । ਇਹ ਜਮਾਤਾਂ ਨੇ ਰਲਮਿਲ ਕੇ ਬਣੇ ਹੋਣ ਸਮਾਜ ਨੂੰ ਤਬਾਹ ਕਰਨ ਵਿਚ ਯੋਗਦਾਨ ਪਾਇਆ ਹੈ । ਭਾਰਤ ਵਿਚ ਇਹ ਗਠਜੋੜ ਸਪਸ਼ਟ ਰੂਪ ਵਿਚ ਦਿਖਾਈ ਦਿੰਦਾ ਹੈ । - ਸੰਪਾਦਕ*






ਡਾ. ਕੁਲਦੀਪ ਸਿੰਘ
98151-15429

ਪ੍ਰੋ. ਬਰਧਨ ਦੀ ਖੋਜ ਭਰਪੂਰ ਪੁਸਤਕ 'ਅਸੁਰੱਖਿਅਤ ਦੀ ਦੁਨੀਆ' ਵਿਚ ਸਪਸ਼ਟ ਰੂਪ ਵਿਚ ਦਰਜ ਕਰਦਾ ਹੈ ਕਿ ਕਿਸ ਕਿਸਮ ਨਾਲ ਅਜੋਕੇ ਪੂੰਜੀਵਾਦੀ ਦੌਰ ਵਿਚ ਕਾਰਪੋਰੇਟ ਘਰਾਣਿਆਂ ਦੇ ਅਮੀਰ ਅਤੇ ਸੱਜੇਪੱਖੀਆਂ ਦਾ ਦੁਨੀਆ ਭਰ ਦੇ ਮੁਲਕਾਂ ਵਿਚ ਕਬਜ਼ਾ ਹੋ ਗਿਆ ਹੈ। ਉਨ੍ਹਾਂ ਦੀ ਇਹ ਪੁਸਤਕ ਨੌਂ ਅਧਿਆਇਆਂ ਵਿਚ ਵੰਡੀ ਹੋਈ ਹੈ। ਜਿਨ੍ਹਾਂ ਵਿਚ ਉਹ ਸਪਸ਼ਟ ਕਰਦੇ ਹਨ ਕਿ ਜੋ ਜਮਹੂਰੀਅਤਾਂ ਬਚੀਆਂ ਖੁਚੀਆਂ ਹੋਈਆਂ ਸਨ ਉਨ੍ਹਾਂ ਦੀਆਂ ਬਾਜਾਂ 1990 ਤੋਂ ਬਾਅਦ ਨਵਉਦਾਰਵਾਦ ਦੀ ਪ੍ਰੋਜੈਕਟ ਤਹਿਤ ਵੱਜਣਾ ਸ਼ੁਰੂ ਹੋ ਗਿਆ। ਕਿਉਂਕਿ ਜਿਸ ਕਿਸਮ ਨਾਲ ਵੱਖ ਵੱਖ ਮੁਲਕਾਂ ਦੀਆਂ ਜਮਹੂਰੀਅਤਾਂ ਰਾਹੀਂ ਪੂੰਜੀਪਤੀ ਸੱਤਾ ਵਿਚ ਆ ਗਏ ਸਨ ਉਨ੍ਹਾਂ ਨੇ ਪਹਿਲਾਂ ਹੀ ਜਮਹੂਰੀਅਤਾਂ ਨੂੰ ਖੋਖਲਾ ਕਰ ਦਿੱਤਾ ਸੀ। ਜਿਸ ਦੇ ਆਧਾਰ 'ਤੇ ਗੈਰ-ਬਰਾਬਰਤਾ ਦਾ ਪਹਿਲਾਂ ਹੀ ਇਨ੍ਹਾਂ ਸਮਾਜਾਂ ਵਿਚ ਵੱਧ ਚੁੱਕੀ ਸੀ ਹੌਲੀ ਹੌਲੀ ਅਸੁਰੱਖਿਆ ਦੀ ਭਾਵਨਾ ਵੀ ਵਧਣੀ ਸ਼ੁਰੂ ਹੋ ਗਈ। ਜਿਸ ਕਰਕੇ ਵੱਖ ਵੱਖ ਦੇਸ਼ਾਂ ਵਿਚ ਪੁਨਰ-ਸੁਰਜੀਤੀ ਦਾ ਦੌਰ ਸ਼ੁਰੂ ਹੋ ਗਿਆ। ਕਾਰਪੋਰੇਟ ਘਰਾਣੇ ਵੀ ਚਾਹੁੰਦੇ ਸਨ ਕਿ ਜੋ ਪੁਰਾਣੇ ਕਾਇਦੇ ਕਾਨੂੰਨ ਹਨ ਉਹ ਰਸਤੇ ਵਿਚੋਂ ਖਤਮ ਹੋਣੇ ਚਾਹੀਦੇ ਹਨ। ਇਸ ਕਰਕੇ ਇਸ ਦੌਰ ਵਿਚ ਤਿੰਨ ਪ੍ਰਮੁੱਖ ਨੁਕਤੇ ਸਪਸ਼ਟ ਰੂਪ ਵਿਚ ਸਾਹਮਣੇ ਆਏ ਕਿ ਜਮਹੂਰੀਅਤ ਤਬਾਹੀ ਵੱਲ ਵਧੀ ਅਤੇ ਗੈਰ-ਬਰਾਬਰਤਾ ਦਾ ਪੱਧਰ ਵੀ ਬਹੁਤ ਉਚਾ ਹੋ ਗਿਆ। ਜਿਸ ਨਾਲ ਜਨ ਸਮੂਹ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਗਈ। ਇਸ ਸਬੰਧੀ ਉਹ ਦਰਜ ਕਰਦੇ ਹਨ ਕਿ ਅੱਜ ਦੇ ਸਮਿਆਂ 'ਚ 68 ਪ੍ਰਤੀਸ਼ਤ ਦੁਨੀਆ ਦੇ ਆਬਾਦੀ ਉਪਰ ਸਿੱਧੇ ਜਾਂ ਅਸਿੱਧੇ ਰੂਪ ਵਿਚ 87 ਮੁਲਕਾਂ ਵਿਚ ਅਜਿਹੇ ਰਾਜ ਸਥਾਪਤ ਹੋਣ ਵੱਲ ਦੁਨੀਆ ਵੱਧ ਚੁੱਕੀ ਹੈ। ਇਥੋਂ ਤੱਕ ਪਿਛਲੇ ਇਕ ਦਹਾਕੇ ਵਿਚ ਹੀ 14 ਪ੍ਰਤੀਸ਼ਤ ਦੁਨੀਆ ਦੀ ਆਬਾਦੀ ਵਿਚੋਂ ਲਿਬਰਲ ਜਮਹੂਰੀਅਤਾਂ ਲਗਭਗ ਖਤਮ ਹੋ ਚੁੱਕੀਆਂ ਹਨ। ਇਹ ਵਰਤਾਰਾ ਭਾਰਤ ਵਿਚ ਬੜੀ ਤੇਜ਼ੀ ਨਾਲ ਵਾਪਰਿਆ। ਜਿਸ ਦੀ ਆਬਾਦੀ 1.4 ਬਿਲੀਅਨ ਹੈ। ਜੋ ਆਪਣੇ ਆਪ ਨੂੰ ਸਭ ਤੋਂ ਵੱਡੀ ਜਮਹੂਰੀਅਤ ਸਮਝਦੀ ਸੀ। ਉਸ ਮੁਲਕ ਵਿਚ ਵੋਟਾਂ ਦੇ ਢੰਗ ਰਾਹੀਂ ਸੱਜੇਪੱਖੀ ਸੱਤਾ ਵਿਚ ਆ ਚੁੱਕੇ ਹਨ। ਪ੍ਰੋ. ਬਰਦਨ ਸਪਸ਼ਟ ਸ਼ਬਦਾਂ ਵਿਚ ਦਰਜ ਕਰਦੇ ਹਨ ਕਿ ਸਿਵਲ ਸੁਸਾਇਟੀ, ਮੀਡੀਆ ਅਤੇ ਰਾਜਨੀਤਕ ਵਿਰੋਧੀਆਂ ਵਾਸਤੇ ਜ਼ਮੀਨ ਇਨ੍ਹਾਂ ਮੁਲਕਾਂ ਵਿਚ ਖਤਮ ਹੋ ਰਹੀ ਹੈ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਸਭ ਤੋਂ ਵੱਧ ਅਜ਼ਾਦੀ ਉਪਰ ਹਮਲੇ ਇਸ ਮੁਲਕ ਵਿਚ ਹੀ ਹੋ ਰਹੇ ਹਨ। ਅਕਾਦਮਿਕ ਸੰਸਥਾਵਾਂ ਬੁਰੀ ਤਰ੍ਹਾਂ ਤਬਾਹ ਹੋ ਰਹੀਆਂ ਹਨ।

ਇਸ ਦੇ ਨਾਲ ਹੀ ਉਨ੍ਹਾਂ ਅਗਲੇ ਅਧਿਆਇਆਂ ਵਿਚ ਸਪਸ਼ਟ ਕੀਤਾ ਹੈ ਕਿ ਜਮਾਤ ਦੀ ਥਾਂ ਭਾਈਚਾਰਿਆਂ ਚਾਹੇ ਉਹ ਪੁਰਾਣੇ ਹੋਣ ਜਾਂ ਨਵੇਂ ਬਣੇ ਰਹੇ ਹੋਣ ਉਹ ਦੁਆਰਾ ਸਮਾਜ 'ਤੇ ਕਾਬਜ਼ ਹੋ ਰਹੇ ਹਨ। ਇਸ ਦਾ ਰੂਪ ਧਾਰਮਿਕ ਵੀ ਹੋ ਸਕਦਾ ਹੈ ਅਤੇ ਸਮਾਜਿਕ ਵੀ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਡੇਰਿਆਂ ਦੇ ਵਧਦੇ ਕਦਮ ਨੂੰ ਸੰਦਰਭ ਵਿਚ ਦੇਖਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਦੇਸ਼ ਭਰ ਵਿਚ ਰਾਸ਼ਟਰਵਾਦ ਨੂੰ ਸਭਿਆਚਾਰ ਅਤੇ ਧਰਮ ਨਾਲ ਜੋੜ ਕੇ ਪੇਸ਼ ਕਰਨ ਦੀ ਪ੍ਰਵਿਰਤੀ ਇਨ੍ਹਾਂ ਮੁਲਕਾਂ ਵਿਚ ਪ੍ਰਮੁੱਖਤਾ ਹਾਸਲ ਕਰ ਗਈ ਹੈ। ਜਿਸ ਕਰਕੇ ਪੁਰਾਣੇ ਰਾਸ਼ਟਰਵਾਦ ਦੇ ਵਿਚਾਰ ਜੋ ਦੇਸ਼ ਦੀਆਂ ਆਜ਼ਾਦੀਆਂ ਅਤੇ ਬਸਤੀਵਾਦੀ ਵਿਰੋਧੀ ਵਿਚਾਰਾਂ ਨਾਲ ਜੁੜੇ ਹੋਏ ਸਨ ਉਹ ਮਲੀਆਮੇਟ ਕੀਤਾ ਜਾ ਰਹੇ ਹਨ।

ਅਗਲੇ ਅਧਿਆਇ ਵਿਚ ਪ੍ਰੋ. ਬਰਧਨ ਸਪਸ਼ਟ ਕਰਦੇ ਹਨ ਕਿ ਜਿਸ ਕਿਸਮ ਦੇ ਏਕਾਧਿਕਾਰ ਰਾਜ ਇਨ੍ਹਾਂ ਮੁਲਕਾਂ ਵਿਚ ਸਥਾਪਤ ਹੋ ਰਹੇ ਹਨ ਉਹ ਜਿਥੇ ਵੱਖ ਵੱਖ ਭਾਈਚਾਰਿਆਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਰਹੇ ਹਨ, ਸਮਾਜ ਨੂੰ ਤੋੜ ਰਹੇ ਹਨ। ਇਨ੍ਹਾਂ ਦੇ ਟੁੱਟਣ ਭੱਜਣ ਨਾਲ ਲੋਕਾਂ ਦੀਆਂ ਆਰਥਿਕ ਲੜਾਈਆਂ ਤਬਦੀਲ ਹੋ ਕੇ ਆਪੋ ਆਪਣੇ ਧਰਮਾਂ ਦੀ ਰੱਖਿਆ ਵੱਲ ਵੱਧ ਜਾਣ ਦੇ ਖਤਰੇ ਵੱਧ ਗਏ ਹਨ। ਜਿਸ ਨਾਲ ਉਹ ਜ਼ਿਕਰ ਕਰਦੇ ਹਨ ਕਿ ਪੁਰਾਣੇ ਸਮੇਂ ਦੀਆਂ ਤਰਾਸਦੀਆਂ ਜੋ ਹਿਟਲਰ ਅਤੇ ਮੁਸਲੀਨੀ ਦੇ ਦੇਸ਼ਾਂ ਵਿਚ ਵਾਪਰੀਆਂ ਸਨ। ਇਜ਼ਰਾਇਲ ਉਨ੍ਹਾਂ ਪੈਰਾਂ 'ਤੇ ਪੱਕਾ ਖੜ੍ਹਾ ਹੈ। ਉਹ ਫਲਸਤੀਨੀਆਂ ਨੂੰ ਉਜਾੜਣਾ ਹੀ ਨਹੀਂ ਚਾਹੁੰਦਾ ਬਲਕਿ ਤਬਾਹ ਕਰਨਾ ਚਾਹੁੰਦਾ ਹੈ। ਇਸ ਕਰਕੇ ਵੱਖ ਵੱਖ ਮੁਲਕਾਂ ਵਿਸ਼ੇਸ਼ ਕਰਕੇ ਭਾਰਤ ਵਿਚ ਜਿਥੇ ਇਕ ਪਾਸੇ ਧਾਰਮਿਕ ਅਸੁਰੱਖਿਆ ਦੀ ਭਾਵਨਾ ਉਤਪੰਨ ਹੋ ਰਹੀ ਹੈ ਉਥੇ ਖਦਸ਼ੇ ਉਤਪੰਨ ਹੋਣ ਦੀ ਸੰਭਾਵਨਾ ਹੈ। ਇਹ ਮੁਲਕ ਆਪਣੀਆਂ ਸਹਿਣਸ਼ੀਲਤਾ ਵਾਲੀਆਂ ਸਾਰੀਆਂ ਹੱਦਾਂਬੰਨੇ ਤੋੜ ਦੇਵੇਗਾ। ਉਨ੍ਹਾਂ ਵਿਸ਼ੇਸ਼ ਜ਼ਿਕਰ ਕੀਤਾ ਇਹ ਸਭ ਵਰਤਾਰਾ ਜਿਸ ਕਿਸਮ ਦਾ ਫਰਾਡ, ਪੂੰਜੀਵਾਦ ਅਤੇ ਸਮਾਜਿਕ ਜਮਹੂਰੀਅਤਾਂ ਦੇ ਸੁਮੇਲ ਕੀਤਾ ਸੀ ਉਹ ਫਰਾਡ ਨੰਗਾ ਵੀ ਹੋ ਰਿਹਾ ਹੈ। ਹਾਲਾਂਕਿ ਬਚੀਆਂ ਖੁਚੀਆਂ ਖੇਤਰੀ ਸਮਾਜਿਕ ਜਮਹੂਰੀਅਤ ਵਾਲੀਆਂ ਪਾਰਟੀਆਂ ਭਾਰਤ ਵਿਚ ਇਕ ਬਦਲ ਉਸਾਰਨਾ ਚਾਹੁੰਦੀਆਂ ਹਨ ਪਰ ਅੰਦਰੋਂ ਬੁਰੀ ਤਰ੍ਹਾਂ ਖੋਖਲੀਆਂ ਹੋਈਆਂ ਪਈਆਂ ਹਨ। ਕਿਉਂਕਿ ਪੂੰਜੀਵਾਦ ਦੇ ਵਿਕਾਸ ਨੇ ਇਨ੍ਹਾਂ ਨੂੰ ਬੁਰੀ ਤਰ੍ਹਾਂ ਭ੍ਰਿਸ਼ਟ ਕਰ ਦਿੱਤਾ ਅਤੇ ਰਾਜ ਦਾ ਤਾਣਾ-ਬਾਣਾ ਵੀ ਭ੍ਰਿਸ਼ਟ ਹੋ ਗਿਆ। ਜਿਸ ਵਿਚੋਂ ਕੋਈ ਬਦਲ ਨਹੀਂ ਉਸਰ ਸਕਿਆ। ਇਹ ਸਾਡੇ ਸਮਿਆਂ ਦੀ ਤਰਾਸਦੀ ਹੈ। ਉਹ ਇਸ ਪੁਸਤਕ ਵਿਚ ਕੋਸ਼ਿਸ਼ ਕਰਦੇ ਹਨ ਕਿ ਕਿਸੇ ਨਾ ਕਿਸੇ ਰੂਪ ਵਿਚ ਆਰਥਿਕ ਮਸਲੇ ਕੇਂਦਰ ਵਿਚ ਆਉਣ ਤਾਂ ਕਿ ਅਸੁਰੱਖਿਅਤ ਸਮਾਜਾਂ ਦੀ ਦਿਸ਼ਾ ਨੂੰ ਮੋੜਾ ਦਿੱਤਾ ਜਾ ਸਕੇ। ਇਹ ਖਾਲੀ ਵਿਚਾਰ ਹੀ ਲੱਗਦਾ ਹੈ। ਕਿਉਂਕਿ ਜਿਸ ਕਿਸਮ ਨਾਲ ਇਨ੍ਹਾਂ ਸੱਜੇਪੱਖੀਆਂ ਦੀਆਂ ਵਿਚਾਰਧਾਰਾਵਾਂ ਵਿਚ ਉਤਰਆਧੁਨਿਕਤਾਵਾਦ ਦਾ ਦੌਰ ਵੀ ਸ਼ਾਮਲ ਹੋ ਗਿਆ ਹੈ ਉਸ ਨੇ ਬੌਧਿਕ ਹਲਕਿਆਂ ਦੀ ਸੋਚ ਨੂੰ ਕਾਣਾ ਕਰ ਦਿੱਤਾ ਹੈ।

ਜਿਥੇ ਇਸ ਕਿਤਾਬ ਵਿਚ ਕਈ ਦਹਾਕਿਆਂ ਦੀ ਆਰਥਿਕ ਅਤੇ ਗੈਰ-ਬਰਾਬਰਤਾ ਦਾ ਵੀ ਜ਼ਿਕਰ ਹੈ, ਉਥੇ ਸਭਿਆਚਾਰਕ ਤੌਰ 'ਤੇ ਜੋ ਉਭਾਰ ਉਤਪੰਨ ਹੋਏ ਹਨ ਉਨ੍ਹਾਂ ਵਿਚ ਨਵੀਂ ਤਕਨਾਲੋਜੀ ਉਪਰ ਸੱਜੇਪੱਖੀਆਂ ਅਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਵੀ ਹੋ ਗਿਆ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਜਿਸ ਕਿਸਮ ਦੀ ਰਾਜਨੀਤਕ ਵਿਚਾਰਧਾਰਾ ਦਾ ਖਾਤਮਾ ਹੋਇਆ ਹੈ ਕਿਉਂਕਿ ਵੱਖ ਵੱਖ ਖੋਜ ਸੰਸਥਾਵਾਂ ਅਤੇ ਵਿਦਵਾਨਾਂ ਵਿਚੋਂ ਮਾਰਕਸ ਗਤੀਵਿਧੀਆਂ ਅੰਦਰੋਂ-ਅੰਦਰੀ ਖਤਮ ਹੋ ਗਈਆਂ ਸਨ। ਉਨ੍ਹਾਂ ਦੇ ਜਦੋਂ ਲੇਖਾਂ ਅਤੇ ਕਿਤਾਬਾਂ ਦਾ ਅਧਿਐਨ ਕੀਤਾ ਜਾਂਦਾ ਹੈ ਉਨ੍ਹਾਂ ਵਿਚ ਵੱਖ ਵੱਖ ਨਸਲਾਂ ਦੀ ਪਹਿਚਾਣ ਦਾ ਸਵਾਲ, ਧਰਮਾਂ ਦੀ ਪੁਨਰ-ਸੁਰਜੀਤੀ ਦਾ ਸਵਾਲ, ਸਭਿਆਚਾਰਕ ਸੰਕਟਾਂ ਅਤੇ ਸਭਿਆਚਾਰਕ ਤਬਦੀਲੀ ਨਾਲ ਸੋਚਣ ਦੀ ਵਿਧੀ, ਲਿੰਗਕ ਕਿਸਮ ਦੇ ਮਸਲੇ ਪ੍ਰਮੁੱਖਤਾ ਹਾਸਲ ਕਰ ਗਏ। ਵੱਡੀਆਂ ਵੱਡੀਆਂ ਕਾਰਪੋਰੇਟ ਸੰਸਥਾਵਾਂ ਨੇ ਇਨ੍ਹਾਂ ਕਾਰਜਾਂ ਲਈ ਖੁੱਲ੍ਹੇ ਮਨ ਨਾਲ ਗ੍ਰਾਂਟਾਂ ਅਤੇ ਪ੍ਰੋਜੈਕਟ ਪ੍ਰਦਾਨ ਕੀਤੇ। ਜਿਸ ਕਿਸਮ ਨਾਲ ਬੌਧਿਕਤਾ ਦੇ ਖੇਤਰ ਵਿਚ ਸੋਚਣ ਛੋਟੇਪਣ ਅਤੇ ਆਪਸੀ ਵੰਡੀਆਂ ਨੂੰ ਆਧਾਰ ਬਣਾ ਕੇ ਖੋਜ ਕਰਨ ਦੇ ਕਾਰਜਾਂ ਨੂੰ ਪ੍ਰਫੁੱਲਤ ਕੀਤਾ ਹੈ। ਜਿਸ ਨਾਲ ਸਮਾਜਾਂ ਰਾਜਨੀਤਕ ਆਰਥਿਕਤਾ ਦਾ ਸਵਾਲ ਕੇਂਦਰ ਵਿਚੋਂ ਪਰ੍ਹੇ ਹਟ ਗਿਆ।

ਇਹ ਕਿਤਾਬ ਉਹ ਸਮੇਂ ਆਈ ਹੈ ਜਦੋਂ ਪੋਲੈਂਡ ਵਿਚ ਇਸਾਈ ਰਾਸ਼ਟਰਵਾਦ, ਤੁਰਕੀ ਅਤੇ ਇੰਡੋਨੇਸ਼ੀਆ ਵਿਚ ਇਸਲਾਮ ਰਾਸ਼ਟਰਵਾਦ ਅਤੇ ਭਾਰਤ ਵਿਚ ਹਿੰਦੂ ਰਾਸ਼ਟਰਵਾਦ ਪੱਕੇ ਰੂਪ ਵਿਚ ਕਾਬਜ਼ ਹੋ ਗਿਆ ਹੈ। ਜਿਨ੍ਹਾਂ ਨੇ ਸੱਤਾ ਰਾਸ਼ੀਂ ਸੰਵਿਧਾਨਕ ਸਮਤਲ ਵੀ ਪੁਰਾਣੇ ਢੰਗਾਂ ਅਤੇ ਵਿਰਾਸਤਾਂ ਨਾਲ ਉਸਾਰ ਲਏ। ਜਿਹੜੀ ਥੋੜ੍ਹੀ ਬਹੁਤੀ ਜਮਹੂਰੀਅਤ ਦੇ ਸੁਰੱਖਿਅਤ ਗਾਰਡ ਸਨ ਜਿਨ੍ਹਾਂ ਵਿਚ ਯੂਨੀਵਰਸਿਟੀਆਂ, ਸਿਵਲ ਸੁਸਾਇਟੀ ਅਤੇ ਕਿਰਤ ਕਰਨ ਵਾਲਾ ਭਾਈਚਾਰਾ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਉਨ੍ਹਾਂ ਲਈ ਤਰਾਸਦੀ ਦਾ ਦੌਰ ਸ਼ੁਰੂ ਹੋ ਗਿਆ ਹੈ। ਕਿਤਾਬ ਇਹ ਵੀ ਦਿਖਾਉਂਦੀ ਹੈ ਕਿਸ ਕਿਸਮ ਤੋਂ ਸੁਰੱਖਿਅਤ ਸੰਸਾਰ ਹਨ੍ਹੇਰੇ ਭਰਿਆ ਗੰਧਲੇ ਪਾਣੀਆਂ ਵਾਲਾ ਹੋਵੇਗਾ। ਇਸ ਕਿਤਾਬ ਨੂੰ ਪੜ੍ਹਦਿਆਂ ਇਹ ਵਿਚਾਰ ਉਭਰਦਾ ਹੈ ਕਿ ਰਾਜਨੀਤਕ ਵਿਚਾਰਧਾਰਾ ਦਾ ਪਿਛਲੇ ਸਮੇਂ ਵਿਚ ਜਿਵੇਂ ਅੰਤ ਕਰ ਦਿੱਤਾ ਗਿਆ ਹੋਵੇ। ਮੁੜ ਰਾਜਨੀਤਕ ਵਿਚਾਰਧਾਰਾਵਾਂ ਜਿਨ੍ਹਾਂ ਵਿਚ ਗਰਾਮਸੀ, ਲੈਨਿਨ, ਮਾਰਕਸ ਅਤੇ ਦੁਨੀਆ ਦੇ ਹੋਰ ਚਿੰਤਕਾਂ ਉਪਰ ਕਾਰਜ ਕਰਕੇ ਆਧੁਨਿਕ ਭਾਰਤ ਦੀ ਰਾਜਨੀਤੀ ਅਤੇ ਆਰਥਿਕਤਾ ਨੂੰ ਮੁੜ ਪਰਿਭਾਸ਼ਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਸਹੀ ਦਸ਼ਾ ਵੱਲ ਅੱਗੇ ਵਧਿਆ ਜਾ ਸਕੇ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom

Harmanjot Dhudike
403-975-0006
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Sharmanjot22@gmail.com





-ਖੁਸ਼ਪਾਲ ਗਰੇਵਾਲ
+1 514 576-4373

# ਸਿੱਖਿਆ ਸੰਕਟ ਦੇ ਆਰ-ਪਾਰ

*ਜਿਸ ਕਿਸਮ ਨਾਲ ਸਿੱਖਿਆ ਇਕ ਧੰਦਾ ਬਣ ਗਿਆ ਹੈ । ਸਦੀਆਂ ਤੋਂ ਮਨੁੱਖ ਸਿੱਖਿਆ ਰਾਹੀਂ ਵਿਕਾਸ ਕਰਦਾ ਰਿਹਾ ਹੈ । ਇਹ ਕਦੀ ਵੀ ਧੰਦਾ ਨਹੀਂ ਹੋਇਆ । ਪ੍ਰੂਤੁ 1990 ਤੋਂ ਬਾਅਦ ਜਿਸ ਕਿਸਮ ਨਾਲ ਭਾਰਤ, ਪੰਜਾਬ ਅਤੇ ਕੈਨੇਡਾ ਆਦਿ ਵਰਗੇ ਮੁਲਕਾਂ ਨੇ ਸਿੱਖਿਆ ਨੂੰ ਧੰਦਾ ਬਣਾ ਦਿੱਤਾ ਹੈ । ਇਹ ਐਨਾ ਵੱਡਾ ਧੰਦਾ ਹੈ ਕਿ ਦਹਾਕਿਆਂ ਵਿਚ ਹੀ ਕਈ ਵੱਡੇ ਘਰਾਣੇ ਕਰੋੜਪਤੀ ਬਣ ਗਏ ਹਨ । ਕੈਨੇਡੀਅਨ ਪ੍ਰਬੰਧ ਦੇ ਵਿਚ ਚਲ ਰਹੇ ਇਸ ਧੰਦੇ ਦਾ ਇਕ ਰੂਪ ਸਨਮੁੱਖ ਰੱਖ ਰਹੇ ਹਾਂ ਤਾਂ ਕਿ ਮਾਪਿਆਂ ਤੇ ਵਿਦਿਆਰਥੀਆਂ ਦੀ ਹੋ ਰਹੀ ਲੁੱਟ ਸਮੇਤ ਸਿੱਖਿਆ ਬਾਰੇ ਪਤਾ ਚਲ ਸਕੇ । – ਸੰਪਾਦਕ*

ਮੁਨਾਫਾਖੋਰ ਸਿੱਖਿਆ ਪ੍ਰਬੰਧ ਦੇ ਵਿਰੋਧ ਦਾ ਪ੍ਰਤੀਕ ਅਲਗੋਮਾ ਯੂਨੀਵਰਸਿਟੀ ਵਿਦਿਆਰਥੀ ਸੰਘਰਸ਼ ਪੰਜਾਬ ਅਤੇ ਪ੍ਰਵਾਸ ਦਾ ਰਿਸ਼ਤਾ ਸਦੀਆਂ ਪੁਰਾਣਾ ਹੈ। ਅਜੋਕੇ ਸਮੇਂ ਪ੍ਰਵਾਸ ਲਈ ਪੰਜਾਬੀਆਂ ਦਾ ਪਸੰਦੀਦਾ ਦੇਸ਼ ਕੈਨੇਡਾ ਹੈ। ਕੈਨੇਡਾ ਦੇ ਉੱਚ-ਉਸਾਰ, ਵਿੱਦਿਅਕ ਢਾਂਚੇ, ਜਨਤਕ ਸਹੂਲਤਾਂ, ਕਾਨੂੰਨ ਅਤੇ ਆਵਾਸ ਨੀਤੀਆਂ ਨੂੰ ਕਲਿਆਣਕਾਰੀ ਬਣਾਕੇ ਪੇਸ਼ ਕੀਤਾ ਜਾਂਦਾ ਹੈ ਪਰ ਕੈਨੇਡਾ ਦੀਆਂ ਇਹਨਾਂ ਨੀਤੀਆਂ ਵਿਚਲੇ ਬੁਨਿਆਦੀ ਵਿਗਾੜਾਂ ਨੂੰਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਉੱਠ ਰਹੇ ਵਿਦਿਆਰਥੀ ਸੰਘਰਸ਼ਾਂ ਨੇ ਉਜ਼ਾਗਰ ਕਰ ਦਿੱਤਾ ਹੈ। ਬੁੱਢੀ ਹੋ ਰਹੀਂ ਵੱਸੋਂ ਦੇ ਅਨੁਪਾਤ ਜਵਾਨ ਵੱਸੋਂ ਵਧਾਉਣ ਅਤੇ ਸਸਤੇ ਤੇ ਹੁਨਰਮੰਦ ਕਾਮੇ ਬੁਲਾਉਣ ਲਈ ਇੱਥੋਂ ਦੀਆਂ ਸਰਕਾਰਾਂ ਨੇ ਸਿੱਖਿਆ ਪ੍ਰੋਗਰਾਮ ਦਾ ਸਹਾਰਾ ਲਿਆ। ਮਹਿੰਗੀ ਤੇ ਗੈਰ-ਮਿਆਰੀ ਸਿੱਖਿਆ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਲਈ ਇੱਥੋਂ ਦੇ ਪਬਲਿਕ ਤੇ ਪ੍ਰਾਈਵੇਟ ਕਾਲਜ-ਯੂਨੀਵਰਸਿਟੀਆਂ ਨੇ ਨੌਜਵਾਨਾਂ ਨੂੰ ਲੁਭਾਉਣ ਲਈ ਠੱਗ ਏਜੰਟਾਂ ਨੂੰ ਪ੍ਰਤੀ ਵਿਦਿਆਰਥੀ 3000-4500 ਡਾਲਰ ਕਮਿਸ਼ਨ ਦਿੱਤਾ। ਬਦਲਦੇ ਆਰਥਿਕ-ਸਮਾਜਿਕ ਹਾਲਤਾਂ ਦੌਰਾਨ ਜਦੋਂ ਕੈਨੇਡਾ ਵੱਲੋਂ ਆਵਾਸ ਨੀਤੀਆਂ ਸਖ਼ਤ ਕੀਤੀਆਂ ਜਾ ਰਹੀਆਂ ਹਨ। ਕੈਨੇਡੀਅਨ ਆਵਾਸ ਮੰਤਰੀ ਮਾਰਕ ਮਿੱਲਰ ਦਾ ਤਾਜ਼ਾ ਬਿਆਨ ਕਿ 'ਰਿਹਾਇਸ਼ ਦੀ ਕਮੀ ਤੇ ਕੁਝ ਕੈਨੇਡੀਅਨ ਸੰਸਥਾਵਾਂ ਵਿੱਚ ਢੁੱਕਵੀਆਂ ਵਿਦਿਅਕ ਸਹੂਲਤਾਂ ਦਾ ਨਾ ਹੋਣਾ ਹੈ', ਇਹ ਜ਼ਾਹਰ ਕਰਦਾ ਹੈ ਕਿ "ਸਮੱਸਿਆਵਾਂ ਹਨ ਤਾਂ ਹੀ ਸੰਘਰਸ਼ ਉੱਠ ਰਹੇ ਹਨ, ਸੰਘਰਸ਼ ਸਿਰਫ਼ ਸਮਾਜ ਦਾ ਸ਼ੀਸ਼ਾ ਬਣ ਰਹੇ ਹਨ।"ਕੈਨੇਡਾ ਦੀ ਅਲਗੋਮਾ ਯੂਨੀਵਰਸਿਟੀ ਦਾ ਵਿਦਿਆਰਥੀ ਇਸਦੀ ਤਾਜ਼ਾ ਮਿਸਾਲ ਹੈ। ਅਲਗੋਮਾ ਯੂਨੀਵਰਸਿਟੀ ਦੇ 'ਤਕਨੀਕੀ ਆਫ ਸਿਸਟਮ ਐਨਾਲਿਸਟ' ਦੇ ਇੱਕ ਪ੍ਰੋਫੈਸਰ ਨੇ ਜਾਣ-ਬੁੱਝ ਕੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੂੰ ਥੋਕ ਰੂਪ ਵਿੱਚ ਫੇਲ੍ਹ ਕਰ ਦਿੱਤਾ। ਸੰਬੰਧਿਤ ਪ੍ਰੋਫੈਸਰ ਦਾ ਵਿਦਿਆਰਥੀਆਂ ਨਾਲ ਵਰਤਾਓ ਬੇਹੱਦ ਮਾੜਾ ਸੀ, ਜਦ ਇਸ ਸੰਬੰਧੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਤੱਕ ਪਹੁੰਚ ਕੀਤੀ ਗਈ ਤਾਂ ਉਹਨਾਂ ਵਿਦਿਆਰਥੀਆਂ ਨੂੰ ਕੋਈ ਰਾਹ-ਸਿਰਾ ਨਹੀ ਫੜਾਇਆ। ਵਿਦਿਆਰਥੀਆਂ ਨੂੰ 3500 ਡਾਲਰ ਭਰਕੇ ਦੁਬਾਰਾ ਪੇਪਰ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਸਾਰੇ ਰਾਹ ਬੰਦ ਹੁੰਦੇ ਦੇਖ ਕੇ ਵਿਦਿਆਰਥੀਆਂ ਨੇ ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ, ਹੋਰ ਜਥੇਬੰਦੀਆਂ ਅਤੇ ਸਮਾਜਿਕ ਸਰੋਕਾਰ ਰੱਖਣ ਵਾਲੇ ਲੋਕਾਂ ਤੱਕ ਪਹੁੰਚ ਕੀਤੀ। ਇਸ ਤੋਂ ਬਾਅਦ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੇ ਬੈਠਕ ਬੁਲਾਈ ਅਤੇ ਵਿਚਾਰ-ਚਰਚਾ ਤੋਂ ਬਾਅਦ ਸਥਾਈ ਮੋਰਚੇ ਦਾ ਐਲਾਨ ਕਰ ਦਿੱਤਾ। ਇਸ ਮੋਰਚੇ ਦੀਆਂ ਮੁੱਖ ਮੰਗਾਂ ਸਨ ਜਾਣ-ਬੁੱਝ ਕੇ ਫੇਲ੍ਹ ਕੀਤੇ ਗਏ ਵਿਦਿਆਰਥੀਆਂ ਨੂੰ ਉਚਿਤ ਮੁਲਾਂਕਣ ਕਰਕੇ ਪਾਸ ਕੀਤਾ ਜਾਵੇ, ਫੇਲ੍ਹ ਵਿਸ਼ੇ ਦਾ ਸਲਾਨਾ ਗਰੇਡਿੰਗ ਮਾਪਦੰਡ ਤਬਦੀਲ ਕੀਤਾ ਜਾਵੇ, ਨਵੇਂ ਗਰੇਡਿੰਗ ਮਾਪਦੰਡ ਅਨੁਸਾਰ ਪੇਪਰ ਦੁਬਾਰਾ ਚੈੱਕ ਕੀਤੇ ਜਾਣ, ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਪ੍ਰੋਫੈਸਰ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ, ਵਿਦਿਆਰਥੀਆਂ ਉੱਤੇ ਦੁਬਾਰਾ ਪੇਪਰ ਦੇਣ ਦੀ ਵਾਧੂ ਫੀਸ ਦਾ ਬੋਝ ਖਤਮ ਕੀਤਾ ਜਾਵੇ, ਯੂਨੀਵਰਸਿਟੀ ਦੀ ਜਵਾਬਦੇਹੀ ਨਿਸ਼ਚਿਤ ਕੀਤੀ ਜਾਵੇ ਅਤੇ ਪੇਪਰ ਚੈੱਕ ਕਰਨ ਦੀ ਵਿਧੀ ਨੂੰ ਪਾਰਦਰਸ਼ੀ ਕੀਤਾ ਜਾਵੇ। ਪਹਿਲੇ ਤਿੰਨ ਦਿਨ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਚੁੱਪੀ ਸਾਧੀ ਰੱਖੀ, ਫਿਰ ਜਦ ਸ਼ਾਂਤਮਈ ਅਤੇ ਜਥੇਬੰਦ ਵਿਦਿਆਰਥੀਆਂ ਨੇ ਕੈਨੇਡੀਅਨ ਵਿੱਦਿਅਕ ਪ੍ਰਬੰਧ ਉੱਤੇ ਸਵਾਲ ਚੁੱਕਣ, ਅਲਗੋਮਾ ਯੂਨੀਵਰਸਿਟੀ ਦੇ ਪਿਛੋਕੜ ਤੇ ਨਾਕਸ ਪ੍ਰਬੰਧ ਨੂੰ ਜ਼ਾਹਰ ਕਰਨ, ਪੈਦਲ ਮਾਰਚ ਕਰਨ, ਮੀਡੀਆ ਤੱਕ ਪਹੁੰਚ ਕਰਨ, ਸਰਕਾਰੀ ਅਧਿਕਾਰੀਆਂ ਨੂੰ ਮੰਗ ਪੱਤਰ ਦੇਣ ਦਾ ਸਿਲਸਿਲਾ ਚਲਾਇਆ ਗਿਆ ਤਾਂ ਯੂਨੀਵਰਸਿਟੀ ਨੇ ਰਾਤ ਦੇ ਹਨੇਰੇ ਵਿੱਚ ਵਿਦਿਆਰਥੀਆਂ ਨਾਲ ਮੀਟਿੰਗ ਕਰਕੇ ਕੁਝ ਵਿਦਿਆਰਥੀਆਂ ਨੂੰ ਪਾਸ ਕਰ ਦਿੱਤਾ ਤੇ 32 ਵਿਦਿਆਰਥੀਆਂ ਦਾ ਮੁੜ ਮੁਲਾਂਕਣ ਕਰਨ ਦਾ ਵਾਅਦਾ ਕੀਤਾ ਗਿਆ। ਯੂਨੀਵਰਸਿਟੀ ਇਸ ਸੰਘਰਸ਼ ਨੂੰ ਫੇਲ੍ਹ ਵਿਦਿਆਰਥੀਆਂ ਨੂੰ ਧੱਕੇ ਨਾਲ ਪਾਸ ਕਰਵਾਉਣ ਦਾ ਮਾਮਲਾ ਬਣਾਉਣਾ ਚਾਹੁੰਦੀ ਸੀ ਪਰ ਮਾਇਸੋ ਦੀ ਸੰਜੀਦਾ ਅਗਵਾਈ ਨੇ ਕਾਲਜ ਪ੍ਰਸ਼ਾਸਨ ਦੇ ਹਰ ਆਰੋਪ ਦਾ ਤੱਥਾਂ ਸਾਹਿਤ ਜਵਾਬ ਦਿੱਤਾ। ਇਸ ਤੋਂ ਅਗਲੇ ਦਿਨ ਹੋਰ ਵਿਸ਼ੇ ਦੇ ਵਿਦਿਆਰਥੀ ਵੀ ਇਸੇ ਤਰਜ਼ 'ਤੇ ਫੇਲ ਕਰ ਦਿੱਤੇ ਗਏ, ਜਦ ਉਹ ਵੀ ਇਸ ਸੰਘਰਸ਼ ਵਿੱਚ ਸ਼ਾਮਿਲ ਹੋ ਗਏ ਤਾਂ ਯੂਨੀਵਰਸਿਟੀ ਨੇ ਸੰਘਰਸ਼ 'ਚ ਮੂਹਰਲੀਆਂ ਸਫਾਂ ਵਿੱਚ ਬੈਠੇ ਵਿਦਿਆਰਥੀਆਂ 'ਤੇ ਜਾਣ-ਬੁੱਝ ਕੇ ਨਕਲ ਦੇ ਦੋਸ਼ ਆਇਦ ਕਰ ਦਿੱਤੇ। ਮਾਇਸੋ ਦੀ ਅਗਵਾਨੂੰ ਟੀਮ ਨੇ ਯੂਨੀਵਰਸਿਟੀ ਦੀ ਬੁਖਲਾਹਟ ਨੂੰ ਭਾਂਪ ਲਿਆ ਅਤੇ ਇਸ ਝੂਠ ਦਾ ਪਰਦਾਚਾਕ ਕਰਨ ਦੇ ਨਾਲ-ਨਾਲ ਯੂਨੀਵਰਸਿਟੀ ਦੀਆਂ ਅਨੇਕਾਂ ਨਾਕਾਮੀਆਂ ਨੂੰ ਜੱਗ-ਜ਼ਾਹਰ ਕੀਤਾ। ਲਗਭਗ ਇੱਕ ਹਫਤੇ ਬਾਅਦ ਵਿਦਿਆਰਥੀਆਂ ਦੇ ਸੰਘਰਸ਼ ਜ਼ਰੀਏ ਯੂਨੀਵਰਸਿਟੀ ਨੇ ਅਣਗਹਿਲੀ ਨਾਲ ਫੇਲ੍ਹ ਵਿਦਿਆਰਥੀਆਂ ਨੂੰ ਪਾਸ ਕਰਨਾ, ਨਿਰਪੱਖ ਮੁਲਾਂਕਣ ਅਤੇ ਬਿਨਾਂ ਫੀਸ ਦੁਬਾਰਾ ਇਮਤਿਹਾਨ ਦੇਣ ਦੀਆਂ ਮੰਗਾਂ ਮੰਨੀਆਂ। ਵਿਦਿਆਰਥੀਆਂ ਨੇ ਕੜਾਕੇ ਦੀ ਠੰਡ ਵਿੱਚ ਇਸ ਸੰਘਰਸ਼ ਦੀ ਪੂਰਨ ਜਿੱਤ ਪ੍ਰਾਪਤ ਕਰਕੇ ਨਵੇਂ ਪੂਰਨੇ ਪਾਏ। ਇਸ ਸੰਘਰਸ਼ ਨੇ ਕੈਨੇਡਾ ਦੇ ਪ੍ਰਵਾਸੀਆਂ ਤੇ ਵਿਦਿਆਰਥੀਆਂ ਨੂੰ ਚੇਤੰਨ ਕੀਤਾ।

ਯੂਨੀਵਰਸਿਟੀ ਨੇ ਸ਼ਾਂਤਮਤੀ ਪੱਕੇ ਮੋਰਚੇ ਤੇ ਵਿਦਿਆਰਥੀ ਸੰਘਰਸ਼ ਨੂੰ ਕੁਰਾਹੇ ਪਾਉਣ ਲਈ ਆਪਣੀ ਜੇਬੀ ਵਿਦਿਆਰਥੀ ਜੱਥੇਬੰਦੀ ਨੂੰ ਮੂਹਰੇ ਲਾਕੇ ਸੰਘਰਸ਼ ਨੂੰ ਗਲਤ ਰੰਗਤ ਦੇ ਕੇ ਮਾਇਸੋ ਉੱਤੇ ਝੂਠੇ ਤੇ ਤੱਥਹੀਣ ਦੋਸ਼ ਲਗਾਏ ਅਤੇ ਜਿਸਦਾ ਵਿਦਿਆਰਥੀ ਜੱਥੇਬੰਦੀ ਨੇ ਤੱਥਾਂ ਸਾਹਿਤ ਜਵਾਬ ਦਿੱਤਾ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਲੁੱਟ ਅਤੇ ਸ਼ੋਸ਼ਣ ਖ਼ਿਲਾਫ਼ ਪ੍ਰਦਰਸ਼ਨਾਂ ਦਾ ਹੀ ਸਿੱਟਾ ਹੈ ਜਦ ਮਾਰਕ ਮਿਲਰ ਰਿਹਾਇਸ਼ੀ ਤੇ ਸਿਹਤ ਸਹੂਲਤਾਂ ਦੀ ਸਮੱਸਿਆ ਦੀ ਪੁਸ਼ਟੀ ਕਰਦਾ ਹੈ ਅਤੇ ਨਿੱਜੀ ਵਿਦਿਅਕ ਸੰਸਥਾਵਾਂ ਨੂੰ 'ਬੁਰੇ ਕਿਰਦਾਰ' ਮੰਨਦਾ ਹੈ ਤਾਂ ਇਸ ਤੱਥ ਦੀ ਵੀ ਪੁਸ਼ਟੀ ਹੋਰ ਜਾਂਦੀ ਹੈ ਕਿ ਮਾਇਸੋ ਵੱਲੋਂ ਲਗਾਤਾਰ ਉਭਾਰੀਆਂ ਮੰਗਾਂ ਤੇ ਵਿਦਿਆਰਥੀ ਸੰਘਰਸ਼ ਜਾਇਜ਼ ਸਨ। ਮਾਇਸੋ ਪਿਛਲੇ ਚਾਰ ਵਰ੍ਹਿਆਂ ਤੋਂ ਲਗਾਤਾਰ ਇਸ ਗੱਲ ਦਾ ਪ੍ਰਚਾਰ-ਪ੍ਰਸਾਰ ਕਰਦੀ ਆ ਰਹੀ ਹੈ ਕਿ ਨਵੀਆਂ ਬਦਲਦੀਆਂ ਸੰਸਾਰ ਆਰਥਿਕ ਹਾਲਤਾਂ ਵਿੱਚ ਸਭ ਤੋਂ ਵੱਧ ਬੋਝ ਨਵੇਂ ਪ੍ਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਪਵੇਗਾ ਅਤੇ ਭਵਿੱਖ ਵਿੱਚ ਵਿਕਸਿਤ ਮੁਲਕਾਂ ਦੀਆਂ ਸਰਕਾਰਾਂ ਆਵਾਸ ਨੀਤੀਆਂ ਨੂੰ ਹੋਰ ਵੱਧ ਸਖਤ ਕਰ ਸਕਦੀਆਂ ਹਨ। ਕੈਨੇਡਾ ਵਿੱਚ ਇਮੀਗ੍ਰੇਸ਼ਨ ਨੀਤੀਆਂ ਵਿੱਚ ਤਬਦੀਲੀਆਂ ਕੋਈ ਨਵਾਂ ਵਰਤਾਰਾ ਨਹੀਂ ਹੈ, ਨਾ ਹੀ ਕੈਨੇਡਾ ਦੇ ਨਿੱਜੀ ਕਾਲਜਾਂ ਵੱਲੋਂ ਵਿਦਿਆਰਥੀਆਂ ਨਾਲ ਕੀਤੀ ਜਾਂਦੀ ਧੱਕੇਸ਼ਾਹੀ ਨਵੀਂ ਹੈ। ਚਾਹੇ ਮੌਂਟਰੀਅਲ ਚ ਤਿੰਨ ਕਾਲਜਾਂ ਦੁਆਰਾ ਦਿਵਾਲਾ ਹੋਣ ਤੋਂ ਬਾਅਦ ਵਿਦਿਆਰਥੀਆ ਦਾ ਲਗਭਗ 64 ਲੱਖ ਡਾਲਰ ਦੱਬਣਾ ਹੋਵੇ, ਚਾਹੇ ਨਾਰਥਬੇਅ ਚ ਕੈਨਾਡੋਰ ਕਾਲਜ ਦੇ ਵਿਦਿਆਰਥੀਆਂ ਨੂੰ ਦਰਪੇਸ਼ ਹੋਈ ਰਿਹਾਇਸ਼ ਦੀ ਸਮੱਸਿਆ ਹੋਵੇ ਤੇ ਚਾਹੇ ਫੀਸਾਂ ਦੇ ਲਾਲਚ ਨੂੰ ਅਲਗੋਮਾ, ਸੈਂਟ ਕਲੇਅਰ ਤੇ ਹੋਰ ਵੀ ਕਈ ਅਦਾਰਿਆਂ ਵੱਲੋਂ ਗਰੇਡਿੰਗ ਸਿਸਟਮ ਚ ਕੀਤੀ ਹੇਰਾਫੇਰੀ ਨਾਲ ਫੇਲ ਕੀਤੇ ਸੈਂਕੜੇ ਵਿਦਿਆਰਥੀ, ਪਹਿਲਾਂ ਤੋਂ ਵੱਧ ਟਿਊਸ਼ਨ ਫੀਸ ਲੈਣ ਵਾਲੇ ਤੇ ਘੱਟ ਸਹੂਲਤਾਂ ਵਾਲੇ ਪਬਲਿਕ-ਪ੍ਰਾਈਵੇਟ ਸਾਂਝ ਵਿੱਚੋਂ ਨਿਕਲੇ ਅਦਾਰਿਆਂ ਵੱਲੋਂ ਨਿਰਧਾਰਿਤ ਫੀਸ ਨੂੰ ਚਲਦੇ ਕੋਰਸਾਂ ਦੇ ਐਨ ਵਿਚਕਾਰ ਵਧਾ ਦੇਣਾ ਹੋਵੇ। ਇਹਦੇ ਨਾਲ-ਨਾਲ ਸਿਹਤ ਸਹੂਲਤਾਂ, ਭਾਰਤ-ਕੈਨੇਡਾ ਕੂਟਨੀਤਿਕ ਤਣਾਅ ਦਾ ਕੈਨੇਡਾ ਸਥਿਤ ਭਾਰਤੀ ਪ੍ਰਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਮਾੜਾ ਪ੍ਰਭਾਵ ਆਦਿ ਮੁਸ਼ਕਿਲਾਂ ਪ੍ਰਵਾਸੀਆਂ ਨੂੰ ਤੰਗ ਕਰਦੀਆਂ ਹਨ। ਪਰ ਕੈਨੇਡਾ 'ਚ ਰਿਹਾਇਸ਼ੀ ਘਰਾਂ ਦੀ ਸਮੱਸਿਆ ਅੰਤਰਰਾਸ਼ਟਰੀ ਵਿਦਿਆਰਥੀਆਂ ਕਰਕੇ ਪੈਦਾ ਨਹੀਂ ਹੋਈ ਬਲਕਿ ਇਹ ਸਮੱਸਿਆ ਕੈਨੇਡਾ ਦੀ ਰੀਅਲ ਅਸਟੇਟ ਮਾਰਕਿਟ ਉਤੇ ਵੱਡੇ ਮੁਨਾਫਾਖੋਰ ਕਾਰੋਬਾਰੀਆਂ ਦੀ ਇਜਾਰੇਦਾਰੀ ਕਾਰਨ ਹੈ। ਜਿੱਥੇ ਘਰ ਬੇਹੱਦ ਮਹਿੰਗੇ ਹਨ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਵੱਧਦੀ ਮਹਿੰਗਾਈ ਕਾਰਨ ਰਿਹਾਇਸ਼ੀ ਘਰਾਂ ਦੇ ਕਿਰਾਏ ਵੱਧ ਰਹੇ ਹਨ ਤੇ ਇਹ ਨਵੇਂ ਪ੍ਰਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਦੂਸਰਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਥਾਨਕ ਵਿਦਿਆਰਥੀਆਂ ਦੇ ਮੁਕਾਬਲੇ ਬਰਾਬਰ ਸਿਹਤ ਸਹੂਲਤਾਂ ਹਾਸਲ ਨਹੀਂ ਹੁੰਦੀਆਂ ਜਿਸ ਕਾਰਨ ਕੌਮਾਂਤਰੀ ਵਿਦਿਆਰਥੀਆਂ ਦੇ ਬਿਮਾਰ ਹੋਣ ਜਾਂ ਮੌਤ ਹੋਣ ਦੀ ਸੂਰਤ ਵਿੱਚ ਕੈਨੇਡਾ ਦੇ ਸਿਹਤ ਢਾਚੇ ਉੱਤੇ ਸਵਾਲੀਆ ਚਿੰਨ੍ਹ ਲੱਗਦੇ ਰਹੇ। ਤੀਸਰਾ ਭਾਰਤ-ਕੈਨੇਡਾ ਕੂਟਨੀਤਿਕ ਸਬੰਧਾਂ ਵਿੱਚ ਤਣਾਅ ਕਰਕੇ ਭਾਰਤ ਨੇ ਕੈਨੇਡਾ ਦੇ 41 ਡਿਪਲੋਮੈਂਟ ਵਾਪਸ ਭੇਜਣ ਕਾਰਨ ਪਹਿਲਾਂ ਹੀ ਸਟੱਡੀ ਪਰਮਿਟਾਂ ਵਿੱਚ 86% ਦੀ ਗਿਰਾਵਟ ਆ ਚੁੱਕੀ ਹੈ। ਅੱਜ ਦੁਨੀਆਂ ਭਰ ਦੀਆਂ ਸਰਕਾਰਾਂ ਲਈ ਸੱਤਾ 'ਚ ਆਉਣ ਲਈ ਇਮੀਗ੍ਰੇਸ਼ਨ ਵਿਰੋਧੀ ਨੀਤੀ ਸਭ ਤੋਂ ਵੱਧ ਕਾਰਗਰ ਸਾਬਤ ਹੋ ਰਹੀ ਹੈ ਜੋ ਸਥਾਨਕ ਵੋਟ ਬੈਂਕ ਨੂੰ ਪੱਕਾ ਕਰਨ ਦਾ ਸਾਧਨ ਬਣਦੀ ਹੈ। ਕੈਨੇਡਾ ਦੀਆਂ ਅਵਾਸ ਨੀਤੀਆਂ ਵਿੱਚ ਵਿੱਚ ਤਬਦੀਲੀ ਬਦਲਦੇ ਆਰਥਿਕ-ਸਿਆਸੀ ਕਾਰਨਾਂ ਕਰਕੇ ਹੈ। ਜਿਵੇਂ-ਜਿਵੇਂ ਆਰਥਿਕਤਾ ਡਾਵਾਂਡੋਲ ਹੁੰਦੀ ਜਾਵੇਗੀ, ਹਾਲਾਤ ਹੋਰ ਔਖੇ ਹੁੰਦੇ ਜਾਣਗੇ, ਮਹਿੰਗਾਈ ਵਧਦੀ ਜਾਵੇਗੀ, ਕਾਲਜਾਂ ਅਤੇ ਦੁਕਾਨਨੁਮਾ ਯੂਨੀਵਰਸਿਟੀ ਦੇ ਕਾਬਜ਼ ਠੱਗ ਇਸ ਤਰਾਂ ਦੀਆਂ ਹੋਰ ਸਾਜ਼ਿਸ਼ਾਂ ਘੜਦੇ ਰਹਿਣਗੇ। ਵਿਦਿਆਰਥੀਆਂ ਨੂੰ ਹੋਰ ਸਮਝਦਾਰੀ ਨਾਲ ਜਥੇਬੰਦ ਹੋਣਾ ਪਵੇਗਾ। ਪ੍ਰਵਾਸੀਆਂ ਅਤੇ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਜਥੇਬੰਦਕ ਤਾਕਤ ਅਤੇ ਸਹੀ ਦਿਸ਼ਾ ਵਿੱਚ ਸੰਘਰਸ਼ ਕਰਨਾ ਹੀ ਇਹਨਾਂ ਮਾਰੂ-ਹੱਲਿਆਂ ਦਾ ਹੱਲ ਹੈ ਜੋ ਅਸੀ ਅਲਗੋਮਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੋਂ ਸਿੱਖਿਆ ਹੈ।

**ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ**









**ਰੇਡੀਓ ਕੈਨੇਡਾ ਦੀ ਇਕ ਰਿਪੋਰਟ**

# ਕੈਨੇਡਾ ਵਿਚ ਤਨਖਾਹ ਪਾੜੇ ਨੂੰ ਸਮਝਣ ਹਿਤ

ਕੈਨੇਡਾ ਦੇ ਸਭ ਤੋਂ ਅਮੀਰ ਸੀਈਓਜ਼ ਲਈ ਕਮਾਈ ਪੱਖੋਂ ਇੱਕ ਹੋਰ ਰਿਕਾਰਡ ਤੋੜ ਸਾਲ ਬੀਤਿਆ।

ਕੈਨੇਡੀਅਨ ਸੈਂਟਰ ਫ਼ੌਰ ਪੌਲਿਸੀ ਆਲਟਰਨੇਟਿਵਜ਼ (CCPA) ਦੀ ਇੱਕ ਨਵੀਂ ਰਿਪੋਰਟ ਅਨੁਸਾਰ, ਇੱਕ ਦਿਨ ਵਿਚ ਅਤੇ ਨਵੇਂ ਸਾਲ ਦੇ ਪਹਿਲੇ ਅੱਧੇ ਘੰਟੇ (ਜਾਂ ਕਹੋ ਕਿ ਸਟੀਕ 27 ਮਿੰਟ ਵਿਚ) ਕੈਨੇਡਾ ਦੇ ਸਿਖਰਲੇ 100 ਸਭ ਤੋਂ ਵੱਧ ਤਨਖ਼ਾਹ ਲੈਣ ਵਾਲੇ ਸੀਈਓਜ਼ ਇੱਕ ਔਸਤ ਵਰਕਰ ਦੀ ਸਾਲਾਨਾ ਆਮਦਨ ਜਿੰਨੀ ਕਮਾਈ ਕਰ ਚੁੱਕੇ ਹੋਣਗੇ।

ਯਾਨੀ ਕਿ 2 ਜਨਵਰੀ ਨੂੰ 9:27 ਤੱਕ, ਜੇ ਸੋਮਵਾਰ ਨੂੰ ਤਨਖ਼ਾਹ ਸਮੇਤ ਛੁੱਟੀ ਵੱਜੋਂ ਗਿਣੋ, ਤਾਂ ਇਹ ਅੰਕੜਾ 60,600 ਡਾਲਰ ਬਣਦਾ ਹੈ।

ਸਮਾਜਿਕ, ਆਰਥਿਕਤਾ ਅਤੇ ਵਾਤਾਵਰਣ ਸਬੰਧੀ ਮੁੱਦਿਆਂ ’ਤੇ ਫ਼ੋਕਸ ਕਰਨ ਵਾਲੇ ਔਟਵਾ ਅਧਾਰਤ ਥਿੰਕ-ਟੈਂਕ CCPA ਨੇ ਪਾਇਆ ਕਿ ਕੈਨੇਡਾ ਦੇ ਸਭ ਤੋਂ ਅਮੀਰ ਸੀਈਓਜ਼ ਆਮ ਵਰਕਰ ਨਾਲੋਂ 246 ਗੁਣਾ ਵੱਧ ਕਮਾਈ ਕਰਦੇ ਹਨ। ਨਵੇਂ ਅੰਕੜਿਆਂ ਨੇ ਪਿਛਲੇ ਸਾਲ ਦੇ 243 ਗੁਣਾ ਵੱਧ ਕਮਾਈ ਦਾ ਰਿਕਾਰਡ ਤੋੜਿਆ ਹੈ।

CCPA ਦੇ ਸੀਨੀਅਰ ਅਰਥਸ਼ਾਸਤਰੀ, ਡੇਵਿਡ ਮੈਕਡੌਨਲਡ ਨੇ ਕਿਹਾ, 100 ਸੀਈਓਜ਼ ਜਿਨ੍ਹਾਂ ਵਿਚੋਂ ਜ਼ਿਆਦਾਤਰ ਪੁਰਸ਼ ਹਨ ਨੂੰ 2022 ਵਿਚ ਔਸਤਨ 14.9 ਮਿਲੀਅਨ ਤਨਖ਼ਾਹ ਮਿਲੀ। ਇਹ ਗਿਣਤੀ 2021 ਦੀ 14.3 ਮਿਲੀਅਨ ਡਾਲਰ ਸਾਲਾਨਾ ਤਨਖ਼ਾਹ ਤੋਂ ਵੱਧ ਹੈ ਅਤੇ ਹੁਣ ਤੱਕ ਦਾ ਸਭ ਤੋਂ ਉੱਚਾ ਅੰਕੜਾ ਹੈ।

ਕੈਨੇਡਾ ਦੀ ਸਭ ਤੋਂ ਵੱਡੀ ਪ੍ਰਾਈਵੇਟ ਸੈਕਟਰ ਯੂਨੀਅਨ ਯੂਨੀਫ਼ੌਰ ਦੀ ਨੈਸ਼ਨਲ ਪ੍ਰੈਜ਼ੀਡੈਂਟ, ਲੈਨਾ ਪੇਅਨ ਨੇ ਇਸ ਰਿਪੋਰਟ ਨੂੰ ਬਹੁਤ ਗੁੱਸਾ ਚੜਾਉਣ ਵਾਲੀ ਰਿਪੋਰਟ ਆਖਿਆ ਹੈ।

ਉਹਨਾਂ ਕਿਹਾ, ਅਸੀਂ ਪਿਛਲੇ ਸਾਲਾਂ ਵਿੱਚ ਸੀਈਓਜ਼ ਦੀ ਤਨਖ਼ਾਹ ਵਿੱਚ ਲਗਾਤਾਰ ਵਾਧਾ ਦੇਖਿਆ ਹੈ ਅਤੇ ਹੁਣ ਇਹ ਹੁਣ ਤੱਕ ਦੇ ਸਭ ਤੋਂ ਉਤਲੇ ਪੱਧਰ ‘ਤੇ ਪਹੁੰਚ ਗਿਆ ਹੈ ... ਅਤੇ ਨਾਲ ਹੀ ਇਹ ਸੀਈਓਜ਼ ਅਤੇ ਰੁਜ਼ਗਾਰਦਾਤਾ ਇੱਕਠੇ ਹੋਕੇ ਹਰ ਰੋਜ਼ ਇਹ ਯਕੀਨੀ ਬਣਾਉਣ ਦੇ ਯਤਨ ਕਰਦੇ ਹਨ ਕਿ ਸਾਡੇ ਮੁਲਕ ਵਿੱਚ ਬਿਹਤਰ ਕਿਰਤ ਕਾਨੂੰਨ ਨਾ ਹੋਣ।

**ਇੱਕ ਸੀਈਓ ਵੱਲੋਂ ਸੰਤੁਲਨ ਬਣਾਉਣ ਦੀ ਕੋਸ਼ਿਸ਼** : ਹਾਲਾਂਕਿ, ਸਾਰੇ ਸੀਈਓਜ਼ ਨੂੰ ਇੰਨੀ ਵੱਡੀ ਤਨਖ਼ਾਹ ਨਹੀਂ ਮਿਲਦੀ। ਟੋਰੌਂਟੋ-ਅਧਾਰਤ ਟੈਕਨਾਲੋਜੀ ਕੰਪਨੀ, ਕਨੈਕਟੇਡ ਲੈਬਜ਼ ਦੇ ਸੀਈਓ, ਹੋਸਨੀ ਜ਼ੌਅਲੀ ਦਾ ਇੱਕ ਖਾਸ ਫਾਰਮੂਲਾ ਹੈ ਜਿਸਦਾ ਉਸਨੇ ਕਿਹਾ ਕਿ ਉਹ ਆਪਣੀ ਤਨਖ਼ਾਹ ਅਤੇ ਮੁਲਾਜ਼ਮਾਂ ਦੀ ਤਨਖ਼ਾਹ ਨੂੰ ਬਰਾਬਰ ਪੈਮਾਨੇ ’ਤੇ ਹੋਣ ਨੂੰ ਯਕੀਨੀ ਬਣਾਉਣ ਲਈ ਪਾਲਣਾ ਕਰਦਾ ਹੈ।

ਉਸਨੇ ਕਿਹਾ ਕਿ ਉਸਦੀ ਕੰਪਨੀ ਵਿੱਚ ਸਭ ਤੋਂ ਵੱਧ ਤਨਖ਼ਾਹ ਕਦੇ ਵੀ ਸਭ ਤੋਂ ਘੱਟ ਤਨਖ਼ਾਹ ਨਾਲੋਂ 10 ਗੁਣਾ ਵੱਧ ਨਹੀਂ ਹੁੰਦੀ।

ਇਸਦਾ ਮਤਲਬ ਹੈ ਕਿ ਜੇਕਰ ਕੰਪਨੀ ਸਫਲਤਾ, ਸੰਚਾਲਨ ਸਫਲਤਾ ਅਤੇ ਵਿੱਤੀ ਸਫਲਤਾ ਦਿਖਾਉਂਦੀ ਹੈ, ਤਾਂ ਇਹ ਨਾ ਸਿਰਫ ਸੀਈਓ ਕਰਕੇ ਹੈ ਸਗੋਂ ਇਹ ਕੰਪਨੀ ਵਿੱਚ ਸਭ ਤੋਂ ਘੱਟ ਤਨਖ਼ਾਹ ਸਮੇਤ ਹਰ ਕਿਸੇ ਕਰਕੇ ਹੈ। ਉਸਨੇ ਕਿਹਾ ਕਿ ਇਸ ਲਈ ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਹਰੇਕ ਨੂੰ ਉਸ ਅਨੁਸਾਰ ਮੁਆਵਜ਼ਾ ਦਿੱਤਾ ਜਾਵੇ।

ਹੋਸਨੀ ਨੇ ਕਿਹਾ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਸਭ ਤੋਂ ਘੱਟ ਤਨਖ਼ਾਹ ਅਤੇ ਸਾਡੀ ਕੰਪਨੀ ਵਿੱਚ ਸਭ ਤੋਂ ਵੱਧ ਤਨਖ਼ਾਹ ਦਰਮਿਆਨ ਬਹੁਤ ਜ਼ਿਆਦਾ ਪਾੜਾ ਨਾ ਹੋਵੇ ਤਾਂ ਜੋ ਹਰ ਕਿਸੇ ਨੂੰ ਊਰਜਾਵਾਨ ਅਤੇ ਹਰ ਕਿਸੇ ਨੂੰ ਪ੍ਰੇਰਿਤ ਰੱਖਿਆ ਜਾ ਸਕੇ।

CCPA ਦੀ ਰਿਪੋਰਟ ਦੇ ਅਨੁਸਾਰ, ਭਾਵੇਂ ਸੀਈਓਜ਼ ਦੀ ਕਮਾਈ ’ਤੇ ਵਿਚਾਰ ਕਰਦੇ ਸਮੇਂ ਬੇਸ ਤਨਖ਼ਾਹ ਇੱਕ ਮਹੱਤਵਪੂਰਨ ਨੁਕਤਾ ਹੈ, ਪਰ ਇਹ ਉਹਨਾਂ ਦੇ ਕੁੱਲ ਮੁਆਵਜ਼ੇ ਦੀ ਪੂਰੀ ਤਸਵੀਰ ਪ੍ਰਦਾਨ ਨਹੀਂ ਕਰਦੀ।

**ਮਹਿੰਗਾਈ ਦੀ ਕਹਾਣੀ** : ਮੈਕਡੌਨਲਡ ਨੇ ਕਿਹਾ ਕਿ ਪਿਛਲੇ ਸਾਲ ਦੀ ਰਿਪੋਰਟ ਵਾਂਗ, ਇਸ ਵਾਰ ਵੀ ਸੀਈਓ ਦੀ ਵਧੇਰੇ ਕਮਾਈ ਦਾ ਇੱਕ ਵੱਡਾ ਕਾਰਨ ਮਹਿੰਗਾਈ ਰਹੀ।

ਉਨ੍ਹਾਂ ਕਿਹਾ ਕਿ ਸੀਈਓਜ਼ ਨੂੰ ਮੁੱਖ ਤੌਰ ‘ਤੇ ਬੋਨਸ ਰਾਹੀਂ ਕਮਾਈ ਹੁੰਦੀ ਹੈ। ਬੋਨਸ ਆਮਦਨ ਅਤੇ ਮੁਨਾਫ਼ੀਆਂ ’ਤੇ ਅਧਾਰਤ ਹੁੰਦੇ ਹਨ। ਅਤੇ ਮਹਿੰਗਾਈ ਕਰਕੇ ਜਦੋਂ ਆਮਦਨੀ ਅਤੇ ਮੁਨਾਫ਼ਾ ਵਧਦਾ ਹੈ, ਤਾਂ ਬੋਨਸ ਵੀ ਉੱਪਰ ਵੱਲ ਨੂੰ ਜਾਂਦੇ ਹਨ।

ਮੈਕਡੌਨਲਡ ਨੇ ਕਿਹਾ ਕਿ ਇਸ ਸਭ ਦੇ ਬਾਵਜੂਦ ਆਮ ਵਰਕਰ ਦੀ ਤਨਖ਼ਾਹ ਮਹਿੰਗਾਈ ਵਾਧੇ ਅਨੁਸਾਰ ਨਹੀਂ ਵਧਦੀ।

2022 ਵਿਚ ਕੈਨੇਡਾ ਵਿਚ ਇੱਕ ਔਸਤ ਵਰਕਰ ਦੀ ਤਨਖ਼ਾਹ ਵਿਚ ਔਸਤਨ 1800 ਡਾਲਰ ਜਾਂ 3% ਦਾ ਵਾਧਾ ਹੋਇਆ। ਪਰ ਕੀਮਤਾਂ ਵਿਚ 6.8% ਵਾਧਾ ਹੋਇਆ, ਯਾਨੀ 2021 ਦੇ ਮੁਕਾਬਲੇ 2022 ਵਿਚ ਵਰਕਰਾਂ ਨੂੰ ਆਪਣੀ ਆਮਦਨ ਵਿਚ ਤਕਰੀਬਨ 4% ਸ਼ੁੱਧ ਕਟੌਤੀ ਮਹਿਸੂਸ ਹੋਈ ਹੋਣੀ।

ਪਰ ਕੁਝ ਅਰਥਸ਼ਾਸਤਰੀਆਂ ਦਾ ਵੱਖਰਾ ਨਜ਼ਰੀਆ ਹੈ ਅਤੇ ਉਹ CCPA ਦੀ ਅਜਿਹੀ ਰਿਪੋਰਟ ਨੂੰ ਨੁਕਸਦਾਰ ਆਖਦੇ ਹਨ।

ਯੂਨੀਵਰਸਿਟੀ ਔਫ਼ ਵਰਜੀਨੀਆ ਵਿਚ ਅਰਥਸ਼ਾਸਤਰ ਦੇ ਪ੍ਰੋਫ਼ੈਸਰ, ਵਿਨਸੈਂਟ ਜਿਲੋਸੋ ਦਾ ਕਹਿਣਾ ਹੈ ਕਿ ਇਸ ਕਿਸਮ ਦੀਆਂ ਰਿਪੋਰਟਾਂ ਮੁਲਾਜ਼ਮਾਂ ਨੂੰ ਮਿਲਣ ਵਾਲੇ ਮੁਆਵਜ਼ਿਆਂ ਅਤੇ ਹੋਰ ਲਾਭਾਂ (ਬੈਨਿਫ਼ਟਸ) ਨੂੰ ਸ਼ਾਮਲ ਨਹੀਂ ਕਰਦੀਆਂ ਅਤੇ ਜੇ ਇਹਨਾਂ ਵਿਚ ਇਹ ਨੁਕਤੇ ਸ਼ਾਮਲ ਕੀਤੇ ਜਾਣ ਤਾਂ ਬਿਲਕੁਲ ਵੱਖਰੀ ਤਸਵੀਰ ਸਾਹਮਣੇ ਆਵੇਗੀ।

ਯੂਨੀਅਨ ਲੀਡਰ, ਲੈਨਾ ਪੇਅਨ ਸੋਚਦੀ ਹੈ ਕਿ ਸਰਕਾਰਾਂ ਵਧ ਰਹੀ ਅਸਮਾਨਤਾ ਨੂੰ ਘਟਾਉਣ ਵਿੱਚ ਮਦਦ ਕਰ ਸਕਦੀਆਂ ਹਨ। ਉਹ ਕਾਮਿਆਂ ਲਈ ਸਮੂਹਿਕ ਸੌਦੇਬਾਜ਼ੀ ਦੇ ਅਧਿਕਾਰਾਂ ਤੱਕ ਪਹੁੰਚ ਵਿੱਚ ਸੁਧਾਰ ਅਤੇ ਵਿਸਤਾਰ, ਘੱਟੋ-ਘੱਟ ਉਜਰਤ ਵਧਾਉਣ ਅਤੇ ਲੋਕਾਂ ਨੂੰ ਕੰਮ ਦੇ ਘੰਟਿਆਂ ਦੀ ਗਾਰੰਟੀ ਦੇਣ ਵਰਗੇ ਉਪਾਵਾਂ ਦਾ ਸਮਰਥਨ ਕਰਦੀ ਹੈ।

CCPA ਦੀ ਰਿਪੋਰਟ ਤਨਖ਼ਾਹ ਦੇ ਅੰਤਰ ਨੂੰ ਘਟਾਉਣ ਲਈ ਕਈ ਸੁਝਾਅ ਵੀ ਦਿੰਦੀ ਹੈ। ਸੁਝਾਵਾਂ ਵਿਚ: ਸਿਖਰਲੇ ਸੀਮਾਂਤ ਟੈਕਸ ਬਰੈਕਟਾਂ ਨੂੰ ਵਧਾਉਣਾ, $1 ਮਿਲੀਅਨ ਤੋਂ ਵੱਧ ਦੇ ਮੁਆਵਜ਼ੇ ਲਈ ਕਾਰਪੋਰੇਟ ਟੈਕਸ ਕਟੌਤੀਯੋਗਤਾ ਨੂੰ ਹਟਾਉਣਾ, ਅਮੀਰਾਂ ’ਤੇ ਵੈਲਥ ਟੈਕਸ ਦੀ ਸ਼ੁਰੂਆਤ ਕਰਨਾ ਅਤੇ ਪੂੰਜੀ ਲਾਭ ਸ਼ਮੂਲੀਅਤ ਦੀ ਦਰ ਨੂੰ ਵਧਾਉਣਾ (ਸੀਈਓਜ਼ ਵੱਲੋਂ ਸਟਾਕ ਵੇਚਣ ‘ਤੇ ਕਮਾਏ ਪੈਸੇ ’ਤੇ ਵਧੇਰੇ ਟੈਕਸ ਵਸੂਲਣਾ) ਵਰਗੇ ਉਪਾਅ ਸ਼ਾਮਲ ਹਨ।

**ਬਰੌਕ ਵਿਲਸਨ - ਸੀਬੀਸੀ ਨਿਊਜ਼**
**ਪੰਜਾਬੀ ਰੂਪਾਂਤਰ - ਤਾਬਿਸ਼ ਨਕਵੀ,**
**ਸੀਨੀਅਰ ਰਾਈਟਰ, ਰੇਡੀਓ ਕੈਨੇਡਾ**
**ਇੰਟਰਨੈਸ਼ਨਲ**


NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਣਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ੍ਹਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

‘ਕੇਅਰ ਇੰਕ’
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available





www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds





Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਤੱਥ ਅਤੇ ਖੋਜ ਦੇ ਆਰ-ਪਾਰ : ਪੁਨਰ-ਸੁਰਜੀਤੀ ਦਾ ਮਸਲਾ

-ਸਾਗਰ
ਅਨੁ.: ਬੂਟਾ ਸਿੰਘ ਮਹਿਮੂਦਪੁਰ

(ਅਯੁੱਧਿਆ ਵਿਚ 22 ਜਨਵਰੀ ਨੂੰ ਬਾਬਰੀ ਮਸਜਿਦ ਵਾਲੀ ਜਗ੍ਹਾ ਬਣਾਏ ਰਾਮ ਮੰਦਰ ਅਤੇ ਇਸ ਅਧੂਰੇ ਮੰਦਰ ਵਿਚ 2024 ਦੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਨਰਿੰਦਰ ਮੋਦੀ ਵੱਲੋਂ ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਨਾਲ ਮਿਲ ਕੇ ਕੀਤੀ ਜਾ ਰਹੀ 'ਪ੍ਰਾਣ ਪ੍ਰਤਿਸ਼ਠਾ' ਦਾ ਦੂਰਗਾਮੀ ਮਨੋਰਥ ਕੀ ਹੈ, ਕਾਰਵਾਂ ਰਸਾਲੇ ਦੇ ਸਟਾਫ਼ ਮੈਂਬਰ ਸਾਗਰ ਦੀ ਇਹ ਟਿੱਪਣੀ ਗ਼ੌਰਤਲਬ ਹੈ, ਜੋ ਰਸਾਲਾ ਆਪਣੀਆਂ ਖੋਜੀ ਰਿਪੋਰਟਾਂ ਲਈ ਜਾਣਿਆ ਜਾਂਦਾ ਹੈ। ਟਿੱਪਣੀ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ – ਸੰਪਾਦਕ)

25 ਨਵੰਬਰ 2023 ਨੂੰ, ਮੱਧ ਪ੍ਰਦੇਸ਼ ਦੇ ਤੀਰਥ ਅਸਥਾਨ ਚਿਤਰਕੂਟ ਦੇ ਇਕ ਮੰਦਰ ਦੇ ਮੁੱਖ ਪੁਜਾਰੀ ਰਾਮਭੱਦਰਾਚਾਰੀਆ ਨੇ ਇਕ ਨਿਊਜ਼ ਚੈਨਲ ਨੂੰ ਦੱਸਿਆ ਕਿ ਸਵੇਰ ਵੇਲੇ ਪੇਸ਼ਾਬ ਜਾਣ ਸਮੇਂ ਹਿੰਦੂ ਭਗਵਾਨ ਰਾਮ ਨੇ ਉਸਨੂੰ ਦੈਵੀ ਦਰਸ਼ਨ ਦਿੱਤੇ ਸਨ। ਉਸਨੇ ਕਿਹਾ, ਉਹ ਹਾਜ਼ਤ ਲਈ ਜਾਗਿਆ ਸੀ ਜਦੋਂ ਰਾਮ ਤਿੰਨ ਸਾਲ ਦੇ ਬਾਲਕ ਦੇ ਰੂਪ ਵਿਚ ਪ੍ਰਗਟ ਹੋਏ, ਉਸਦਾ ਹੱਥ ਫੜ ਕੇ ਬਾਥਰੂਮ ਲੈ ਗਏ ਅਤੇ ਫਿਰ ਉਸ ਨੂੰ ਵਾਪਸ ਬਿਸਤਰੇ 'ਤੇ ਪਹੁੰਚਾ ਗਏ। ਰਾਮਭੱਦਰਚਾਰੀਆ ਅੱਖਾਂ ਤੋਂ ਅੰਨ੍ਹਾ ਹੈ ਅਤੇ ਭਗਵਾਨ ਦੇ ਦਰਸ਼ਨ ਹੋਏ ਹੋਣ ਦਾ ਦਾਅਵਾ ਕਰਦਾ ਹੈ। ਇਕ ਸਵਰਨ ਪੱਤਰਕਾਰ ਸੁਧੀਰ ਚੌਧਰੀ, ਜੋ ਬਹੁਜਨਾਂ ਲਈ ਰਾਖਵਾਂਕਰਨ ਦੇ ਵਿਰੁੱਧ ਸ਼ੋਅ ਕਰਨ ਲਈ ਬਦਨਾਮ ਹੈ, ਆਜ ਤਕ ਚੈਨਲ ਉੱਪਰ ਉਸ ਨੂੰ ਹੋਸਟ ਕਰ ਰਿਹਾ ਸੀ। ਚੌਧਰੀ ਨੇ ਸਿਰਫ਼ ਹਿੰਦੂਆਂ ਵੱਲੋਂ ਪੂਜੇ ਜਾਣ ਵਾਲੇ ਭਗਵਾਨ ਬਾਰੇ ਅਜਿਹੇ ਬਿਆਨ ਦੇਦ ਲਈ ਰਾਮਭੱਦਰਚਾਰੀਆ ਦੀ ਆਲੋਚਨਾ ਨਹੀਂ ਕੀਤੀ ਸਗੋਂ ਪੁਜਾਰੀ ਨੂੰ "ਗੁਰੂਜੀ" ਵੀ ਕਹਿੰਦਾ ਰਿਹਾ।

ਇਸ ਦੀ ਬਜਾਏ ਚੌਧਰੀ ਨੇ ਪੁਜਾਰੀ ਨੂੰ ਪੁੱਛਿਆ ਕਿ 22 ਜਨਵਰੀ ਨੂੰ ਰਾਮ ਮੰਦਰ ਦਾ ਜੋ ਮਹੂਰਤ ਕੀਤਾ ਜਾਣਾ ਹੈ, ਉਸ ਬਾਰੇ ਉਸ ਦਾ ਬ੍ਰਹਮ ਦ੍ਰਿਸ਼ਟੀ ਕੀ ਕਹਿੰਦੀ ਹੈ। ਰਾਮਭੱਦਰਾਚਾਰੀਆ ਨੇ ਕਿਹਾ ਕਿ ਰਾਮ ਨੇ ਉਸ ਨੂੰ ਕਿਹਾ ਕਿ "ਗੁਰੂਵਰ ਤੁਸੀਂ ਵੀ ਆਓ, ਮੇਰੇ ਨਾਲਅੰਮ੍ਰਿਤ ਮਹੋਤਸਵ ਮਨਾਓ।" ਅੰਮ੍ਰਿਤ ਮਹੋਤਸਵ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨਾਂ ਬਾਰੇ ਸਰਕਾਰੀ ਪ੍ਰਚਾਰ ਸ਼ਬਦ ਹੈ ਜੋ ਬ੍ਰਾਹਮਣਵਾਦੀ ਸੰਸਕ੍ਰਿਤੀ ਦਾ ਪ੍ਰਚਾਰ ਕਰਨ ਦਾ ਸਾਧਨ ਹੈ।



ਮਹਿਜ਼ ਇਕ ਮਹੀਨਾ ਪਹਿਲਾਂ ਅਤੇ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਇਕ ਜਨਤਕ ਸਮਾਗਮ ਦੌਰਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੇਦਾਂ ਅਤੇ ਹੋਰ ਬ੍ਰਾਹਮਣੀ ਸਾਹਿਤ ਦੇ ਗਿਆਨ ਲਈ ਰਾਮਭੱਦਰਾਚਾਰੀਆ ਨੂੰ "ਰਾਸ਼ਟਰੀ ਵਿਰਾਸਤ" ਐਲਾਨਿਆ ਸੀ। ਮੋਦੀ ਨੇ ਉਨ੍ਹਾਂ ਦੀ ਸਰਕਾਰ ਦੁਆਰਾ 2015 'ਚ ਰਾਮਭੱਦਰਾਚਾਰੀਆ ਨੂੰ ਦੇਸ਼ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤੇ ਜਾਣ ਨੂੰ ਵੀ ਮਾਣ ਵਾਲੀ ਗੱਲ ਕਿਹਾ ਸੀ। ਉਸ ਦਿਨ ਮੋਦੀ ਦਾ ਧੰਨਵਾਦ ਕਰਦੇ ਹੋਏ ਰਾਮਭੱਦਰਾਚਾਰੀਆ ਨੇ ਕਿਹਾ ਕਿ ਉਸ ਨੇ ਭਗਵਾਨ ਨੂੰ ਕਿਹਾ ਸੀ ਕਿ ਉਹ ਆਪਣੇ ਲਈ ਅੱਖਾਂ ਨਹੀਂ ਸਗੋਂ ਭਾਰਤ ਵਿਚ ਦੁਬਾਰਾ ਜਨਮ ਲੈਣਾ ਚਾਹੁੰਦਾ ਹੈ – ਅਤੇ ਉਹ ਵੀ "ਸਿਰਫ਼ ਬ੍ਰਾਹਮਣ ਵੰਸ਼ ਵਿਚ।"

ਰਾਮਭੱਦਰਾਚਾਰੀਆ ਇੱਕੋ-ਇਕ ਅਜਿਹਾ ਪੁਜਾਰੀ ਨਹੀਂ ਹੈ ਜਿਸ ਦੇ ਤਰਕਹੀਣ ਭਾਸ਼ਣਾਂ ਨੂੰ ਸਵਰਨ ਪੱਤਰਕਾਰਾਂ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਰਾਮ ਦੇ ਨਾਮ 'ਤੇ ਜਨਤਕ ਤੌਰ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ ਅਤੇ ਮੰਚ ਦਿੱਤਾ ਜਾ ਰਿਹਾ ਹੈ। ਪਿਛਲੇ ਕੁਝ ਹਫ਼ਤਿਆਂ ਤੋਂ, ਜਿਉਂ ਹੀ ਮੰਦਰ ਦਾ ਮਹੂਰਤ ਨੇੜੇ ਆ ਰਿਹਾ ਹੈ, ਮੁੱਖਧਾਰਾ ਮੀਡੀਆ ਅਤੇ ਭਾਜਪਾ ਆਗੂ ਬ੍ਰਾਹਮਣ ਸਰਵਉੱਚਤਾ ਅਤੇ ਰਾਮ ਦੇ ਬ੍ਰਾਹਮਣਵਾਦੀ ਰੂਪ ਨੂੰ ਉਤਸ਼ਾਹਿਤ ਕਰ ਰਹੇ ਹਨ, ਜਦੋਂਕਿ ਕਿਸੇ ਵੀ ਤਰਕਸ਼ੀਲ ਆਵਾਜ਼ ਨੂੰ ਸਿਆਸੀ, ਵਿਵਾਦਪੂਰਨ ਅਤੇ ਹਿੰਦੂ ਅਕੀਦਿਆਂ ਵਿਰੋਧੀ ਵੀ ਕਹਿ ਰਹੇ ਹਨ।

ਜਨਵਰੀ ਦੇ ਪਹਿਲੇ ਹਫ਼ਤੇ, ਸ਼ੰਕਰਾਚਾਰੀਆ ਨਿਸਚਲਾਨੰਦ ਸਰਸਵਤੀ, ਜੋ ਕਿ ਹਿੰਦੂ ਧਰਮ ਦੇ ਚਾਰ ਸਭ ਤੋਂ ਉੱਚੇ ਪੀਠ ਵਿੱਚੋਂ ਇਕ ਹੈ, ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਰਾਮ ਮੰਦਰ ਦੇ ਮਹੂਰਤ ਵਿਚ ਸ਼ਾਮਲ ਨਹੀਂ ਹੋਣਗੇ, ਕਿਉਂਕਿ ਮੋਦੀ ਨੂੰ ਮੂਰਤੀ ਸਥਾਪਤ ਕਰਦੇ ਦੇਖਣਾ ਉਸ ਦੇ ਰੁਤਬੇ ਦੀ ਹੇਠੀ ਹੋਵੇਗਾ। ਉਸਦਾ ਮੰਨਣਾ ਸੀ ਕਿ ਸਥਾਪਨਾ ਸਿਰਫ਼ ਇਕ ਧਰਮਾਚਾਰੀਆ ਦੁਆਰਾ ਹੀ ਕੀਤੀ ਜਾ ਸਕਦੀ ਹੈ – ਇਕ ਬ੍ਰਾਹਮਣ ਬੰਦਾ ਜੋ ਹਿੰਦੂ ਮੱਤ ਦਾ ਅਧਿਕਾਰੀ ਹੈ। 2019 'ਚ, ਮੋਦੀ ਨੇ ਜਨਤਕ ਤੌਰ 'ਤੇ ਦਾਅਵਾ ਕੀਤਾ ਸੀ ਕਿ ਉਹ ਅਤਿ ਪਿਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਹੈ। ਖ਼ਫ਼ਾ ਹੋਏ ਸਰਸਵਤੀ ਨੇ ਕਿਹਾ, "ਜਦੋਂ ਮੋਦੀ ਸਮਾਰੋਹ ਵਿਚ ਮੂਰਤੀ ਨੂੰ ਛੂਹੇਗਾ, ਤਾਂ ਕੀ ਉਹ ਤਾੜੀ ਵਜਾਏਗਾ?" ਸ਼ੰਕਰਾਚਾਰੀਆ ਜਾਤੀ ਵਿਵਸਥਾ ਦਾ ਪੱਕਾ ਹਮਾਇਤੀ ਹੈ। ਪੱਤਰਕਾਰਾਂ ਦੇ ਸਾਹਮਣੇ ਆਪਣੀ ਬ੍ਰਹਮ ਸ਼ਖ਼ਸੀਅਤ ਪੇਸ਼ ਕਰਦੇ ਹੋਏ ਸਰਸਵਤੀ ਨੇ ਕਿਹਾ ਸੀ, "ਮੈਂ ਭਗਵਤੀ ਸੀਤਾ (ਰਾਮ ਦੀ ਸੁਪਤਨੀ) ਨੂੰ ਆਪਣੀ ਬੜੀ ਭੈਣ ਮੰਨਦਾ ਸੀ ਪਰ ਇਕ ਵਾਰ, ਜਦੋਂ ਮੈਂ ਅੰਤਰ-ਧਿਆਨ ਸੀ ਤਾਂ ਸੀਤਾ ਨੇ ਮੈਨੂੰ ਕਿਹਾ ਕਿ ਮੈਂ ਉਸ ਨੂੰ ਆਪਣੀ ਛੋਟੀ ਭੈਣ ਮੰਨਾਂ।"

ਸੁਧੀਰ ਚੌਧਰੀ ਵਾਂਗ, ਪੱਤਰਕਾਰਾਂ ਨੇ ਸਰਸਵਤੀ ਨੂੰ ਗੁਰੂਦੇਵ ਕਹਿ ਕੇ ਸੰਬੋਧਨ ਕੀਤਾ ਅਤੇ ਉਸ ਦੇ ਬਿਆਨਾਂ ਦਾ ਵਿਰੋਧ ਨਹੀਂ ਕੀਤਾ, ਜਦਕਿ ਰਾਮਭੱਦਰਾਚਾਰੀਆ ਵਰਗੇ ਉਸ ਦੇ ਬਿਆਨ ਭਗਵਾਨ ਦੀ ਹੇਠੀ ਕਰਨ ਵਾਲੇ ਸਨ। ਇਸ ਤੋਂ ਤੁਰੰਤ ਬਾਅਦ, ਸਰਸਵਤੀ ਨੂੰ ਸੀਐੱਨਐੱਨ ਨਿਊਜ਼ 18 ਦੇ ਇਕ ਸ਼ੋਅ ਵਿਚ ਬੁਲਾਇਆ ਗਿਆ, ਜਿੱਥੇ ਉਸਨੇ ਕਿਹਾ ਕਿ ਕਿਵੇਂ ਸਿਰਫ਼ ਇਕ ਬ੍ਰਾਹਮਣ ਹੀ ਅਧਿਆਪਕ ਹੋ ਸਕਦਾ ਹੈ ਅਤੇ ਉਪਦੇਸ਼ ਦੇਣ ਦੇ ਕਾਬਲ ਵੀ ਉਹੀ ਹੋ ਸਕਦਾ ਹੈ। ਆਨੰਦ ਨਰਸਿਮਹਨ, ਇਕ ਮੈਨੇਜਿੰਗ ਐਡੀਟਰ ਜੋ ਕਿ ਤਾਮਿਲ ਬ੍ਰਾਹਮਣ ਹੈ, ਨੇ ਸਰਸਵਤੀ ਦੀ ਇੰਟਰਵਿਊ ਕੀਤੀ, ਜੋ ਇਕ ਸੋਫ਼ੇ 'ਤੇ ਬੈਠਾ ਸੀ, ਜਦੋਂ ਕਿ ਨਰਸਿਮਹਨ ਆਪ ਫਰਸ਼ 'ਤੇ ਬੈਠਾ ਸੀ ਅਤੇ ਉਸਨੂੰ ਗੁਰੂਦੇਵ ਕਹਿ ਕੇ ਸੰਬੋਧਨ ਕਰ ਰਿਹਾ ਸੀ। ਨਰਸਿਮਹਨ ਨੇ ਸਰਸਵਤੀ ਨੂੰ ਐਸੇ ਸਵਾਲ ਪੁੱਛੇ ਜਿਸ ਦੇ ਜਵਾਬ 'ਚ ਉਸ ਨੇ ਕਿਹਾ ਕਿ ਰਾਮ ਮੰਦਰ ਭਾਰਤੀਆਂ ਦੀ ਧਾਰਮਿਕ ਚੇਤਨਾ ਨੂੰ ਜਾਗਰਿਤ ਕਰੇਗਾ।

ਉਸੇ ਹਫ਼ਤੇ, ਇਕ ਮਸ਼ਹੂਰ ਬ੍ਰਾਹਮਣ ਪ੍ਰਚਾਰਕ, ਧੀਰੇਂਦਰ ਕ੍ਰਿਸ਼ਨ ਸ਼ਾਸਤਰੀ, ਨੇ ਇਕ ਸਰਕਾਰ ਪੱਖੀ ਟੈਲੀਵਿਜ਼ਨ ਚੈਨਲ 'ਤੇ ਕਿਹਾ ਕਿ ਮਨੁਸਮ੍ਰਿਤੀ "ਮਾਨਵਤਾ ਦੀ ਗੱਲ ਕਰਦੀ ਹੈ" ਅਤੇ ਜੋ ਲੋਕ ਮਨੂਸਮ੍ਰਿਤੀ ਨੂੰ ਹੋਰ ਤਰ੍ਹਾਂ ਪੇਸ਼ ਕਰਦੇ ਹਨ ਉਹ "ਮਾਨਸਿਕ ਰੋਗ" ਦਾ ਸ਼ਿਕਾਰ ਹਨ। ਹਿੰਦੂਆਂ ਦਾ ਇਹ ਗ੍ਰੰਥ ਨਾ ਸਿਰਫ਼ ਜਾਤ ਪ੍ਰਣਾਲੀ ਨੂੰ ਦਰਜੇਬੰਦੀਆਂ ਅਨੁਸਾਰ ਕੋਡ ਦਾ ਰੂਪ ਦਿੰਦਾ ਹੈ ਸਗੋਂ ਇਸ ਨੂੰ ਧਾਰਮਿਕ ਮਨਜ਼ੂਰੀ ਵੀ ਦਿੰਦਾ ਹੈ।

ਸਿਰਫ਼ ਧਾਰਮਿਕ ਆਗੂ ਹੀ ਨਹੀਂ, ਸਵਰਨ ਭਾਜਪਾ ਦੇ ਆਗੂ ਵੀ ਅੰਧਵਿਸ਼ਵਾਸ ਫੈਲਾਉਣ ਲਈ ਰਾਮ ਦਾ ਸਹਾਰਾ ਲੈ ਰਹੇ ਹਨ। 5 ਜਨਵਰੀ ਨੂੰ, ਭਾਜਪਾ ਦੇ ਇਕ ਬੁਲਾਰੇ ਸੁਧਾਂਸ਼ੂ ਤ੍ਰਿਵੇਦੀ ਨੇ, ਜੋ ਕਿ ਬ੍ਰਾਹਮਣ ਹੈ, ਇਕ ਟੈਲੀਵਿਜ਼ਨ ਸ਼ੋਅ ਵਿਚ ਦਲੀਲ ਦਿੱਤੀ ਕਿ ਹਸਪਤਾਲਾਂ ਨਾਲੋਂ ਮੰਦਰਾਂ ਦੀ ਲੋੜ ਜ਼ਿਆਦਾ ਹੈ, ਕਿਉਂਕਿ ਹਸਪਤਾਲ ਸਿਰਫ਼ ਬੰਦੇ ਦੀ ਸਿਹਤ ਦਾ ਇਲਾਜ ਕਰਦੇ ਹਨ, ਜਦੋਂ ਕਿ ਮੰਦਰ ਲੋਕਾਂ ਦੇ ਚਰਿੱਤਰ ਦਾ ਨਿਰਮਾਣ ਕਰਦੇ ਹੈ। ਤ੍ਰਿਵੇਦੀ ਬਿਹਾਰ ਦੇ ਉੱਪ ਮੁੱਖ ਮੰਤਰੀ ਤੇਜਸਵੀ ਯਾਦਵ ਦਾ ਵਿਰੋਧ ਕਰ ਰਿਹਾ ਸੀ, ਜਿਸ ਨੇ ਪਹਿਲਾਂ ਕਿਹਾ ਸੀ ਕਿ ਲੋਕਾਂ ਨੂੰ ਮੰਦਰਾਂ ਨਾਲੋਂ ਹਸਪਤਾਲਾਂ ਦੀ ਲੋੜ ਜ਼ਿਆਦਾ ਹੈ। ਯਾਦਵ ਹੋਰ ਪਿੱਛੜੀਆਂ ਸ਼੍ਰੇਣੀਆਂ 'ਚੋਂ ਹੈ।

ਦਸੰਬਰ 2023 'ਚ, ਤ੍ਰਿਵੇਦੀ ਨੇ ਸੰਸਦ ਵਿਚ ਸੁਝਾਅ ਦਿੱਤਾ ਸੀ ਕਿ ਭਾਰਤ ਦਾ ਆਰਥਕ ਵਿਕਾਸ ਅਤੇ ਇਸਦੀ ਗਿਰਾਵਟ ਕ੍ਰਮਵਾਰ ਰਾਮ ਜਨਮ ਭੂਮੀ ਮੁਹਿੰਮ ਦੇ ਉਭਾਰ ਅਤੇ ਗਿਰਾਵਟ ਨਾਲ ਜੁੜੀ ਹੋਈ ਹੈ। ਜਨਵਰੀ 2023 'ਚ ਜਦੋਂ ਰਾਸ਼ਟਰੀ ਜਨਤਾ ਦਲ ਦੇ ਇਕ ਆਗੂ ਚੰਦਰ ਸ਼ੇਖਰ, ਜੋ ਸ਼ੂਦਰ ਸਮਾਜ 'ਚੋਂ ਹੈ, ਨੇ ਸੋਲ੍ਹਵੀਂ ਸਦੀ ਦੇ ਬ੍ਰਾਹਮਣ ਲੇਖਕ ਤੁਲਸੀਦਾਸ ਦੂੱਬੇ ਦੀ ਇਸ ਲਈ ਆਲੋਚਨਾ ਕੀਤੀ ਸੀ ਕਿ ਉਸ ਨੇ ਆਪਣੀ ਮਹਾਂਕਾਵਿ ਪੁਸਤਕ ਰਾਮਚਰਿਤਮਾਨਸ ਦੇ ਇਕ ਛੰਦ ਵਿਚ ਸੂਦਰਾਂ ਦਾ ਅਪਮਾਨ ਕੀਤਾ ਸੀ, ਤਾਂ ਤ੍ਰਿਵੇਦੀ ਨੇ ਅਪਮਾਨਜਨਕ ਛੰਦ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ ਇਸ ਦੀ ਆਲੋਚਨਾ ਕਰਨ ਵਾਲਿਆਂ ਨੂੰ ਇਸ ਦੇ ਸਹੀ ਅਰਥ ਸਮਝ ਨਹੀਂ ਆਉਂਦੇ।







ਇਕ ਪਾਸੇ ਮੁੱਖ ਧਾਰਾ ਦਾ ਮੀਡੀਆ ਰਾਮ ਮੰਦਰ ਦੇ ਨਾਮ 'ਤੇ ਕਿਸੇ ਵੀ ਤਰ੍ਹਾਂ ਦੇ ਬਕਵਾਸ ਦਾ ਪ੍ਰਚਾਰ ਪ੍ਰਸਾਰ ਕਰ ਰਿਹਾ ਹੈ, ਦੂਜੇ ਪਾਸੇ ਪਿਛਲੇ ਵਰਗਾਂ ਅਤੇ ਇੱਥੋਂ ਤੱਕ ਕਿ ਸਵਰਣ ਜਾਤੀ ਦੇ ਆਗੂਆਂ ਦੇ ਤਰਕਸ਼ੀਲ ਬਿਆਨਾਂ ਨੂੰ ਤੁਰੰਤ ਰਾਜਨੀਤਕ ਅਤੇ ਵਿਵਾਦਪੂਰਨ ਕਰਾਰ ਦਿੱਤਾ ਜਾ ਰਿਹਾ ਹੈ। ਹਾਲ ਹੀ ਵਿਚ, ਇਕ ਖ਼ਾਨਾਬਦੋਸ਼ ਕਬੀਲੇ ਨਾਲ ਸੰਬੰਧਤ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਇਕ ਆਗੂ ਜਤਿੰਦਰ ਅਵਹਾਦ ਨੇ ਕਿਹਾ, "ਰਾਮ ਬਹੁਜਨਾਂ ਦਾ ਹੈ। ਸ਼ਿਕਾਰ ਕਰਨ ਵਾਲਾ, ਮਾਸਾਹਾਰੀ ਰਾਮ ਸਾਡਾ ਹੈ।" ਵਾਲਮੀਕਿ ਦੀ ਰਾਮਾਇਣ ਦਾ ਹਵਾਲਾ ਦਿੰਦਿਆਂ ਆਵਦ ਨੇ ਕਿਹਾ ਕਿ ਰਾਮ ਮਾਸਾਹਾਰੀ ਸਨ ਕਿਉਂਕਿ ਉਹ ਚੌਦਾਂ ਸਾਲ ਤੱਕ ਜੰਗਲਾਂ ਵਿਚ ਰਹੇ ਸਨ। ਹਿੰਦੂ ਧਰਮ ਉੱਪਰ ਆਪਣੀਆਂ ਵਿਸਤਾਰਤ ਲਿਖਤਾਂ ਵਿਚ, ਬੀ ਆਰ ਅੰਬੇਡਕਰ ਨੇ ਵੀ ਲਿਖਿਆ ਹੈ ਕਿ ਰਾਮ ਤੇ ਕ੍ਰਿਸ਼ਨ ਵੈਦਿਕ ਦੇਵਤੇ ਨਹੀਂ ਸਨ ਸਗੋਂ ਬ੍ਰਾਹਮਣਾਂ ਦੁਆਰਾ ਕਬਜ਼ਾ ਕੀਤਾ ਜਾਣ ਤੋਂ ਪਹਿਲਾਂ ਸਥਾਨਕ ਭਾਈਚਾਰਿਆਂ 'ਚੋਂ ਪੈਦਾ ਹੋਏ ਸੰਪਰਦਾਇ ਸਨ।

ਜਦੋਂ ਅਵਹਾਦ ਨੇ ਦਾਅਵਾ ਕੀਤਾ ਕਿ ਰਾਮ ਉਨ੍ਹਾਂ ਦੇ ਭਾਈਚਾਰੇ ਦਾ ਭਗਵਾਨ ਹੈ ਅਤੇ ਉਨ੍ਹਾਂ ਨੂੰ ਉਸ ਦੇ ਮਾਸ ਖਾਣ ਵਾਲੇ ਸੱਭਿਆਚਾਰ 'ਤੇ ਮਾਣ ਹੈ, ਤਾਂ ਮੁੱਖਧਾਰਾ ਮੀਡੀਆ ਨੇ ਤੁਰੰਤ ਉਸ ਦੇ ਬਿਆਨ ਨੂੰ ਵਿਵਾਦਪੂਰਨ ਕਹਿ ਕੇ ਤੋੜ-ਮਰੋੜ ਕੇ ਪੇਸ਼ ਕੀਤਾ। ਰਾਮਭੱਦਰਾਚਾਰੀਆ ਨੇ ਅਵਹਾਦ ਦੇ ਵਾਲਮੀਕਿ ਦੇ ਹਵਾਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ ਜਿਸ ਅਧਿਆਏ ਦਾ ਜ਼ਿਕਰ ਅਵਹਾਦ ਨੇ ਕੀਤਾ, ਉਹ "ਪ੍ਰਾਕਸ਼ਿਪਤ" (ਯਾਨੀ ਬਾਅਦ ਵਿਚ ਜੋੜਿਆ ਗਿਆ) ਹੈ ਅਤੇ "ਇਸ ਨੂੰ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ।" ਇਕ ਟੈਲੀਵਿਜ਼ਨ ਸ਼ੋਅ ਵਿਚ ਤ੍ਰਿਵੇਦੀ ਨੇ ਵੀ ਕੁਝ ਇਸੇ ਤਰ੍ਹਾਂ ਸੁਝਾਅ ਦਿੰਦੇ ਹੋਏ ਕਿਹਾ ਕਿ ਸਿਰਫ਼ ਜੋ ਲੋਕ ਸੰਸਕ੍ਰਿਤ ਭਾਸ਼ਾ 'ਚ ਵੈਦਿਕ ਸਕੂਲਾਂ ਤੋਂ ਗ੍ਰੈਜੂਏਟ ਹੋਏ ਹਨ, ਉਨ੍ਹਾਂ ਨੂੰ ਹੀ ਧਾਰਮਿਕ ਪੁਸਤਕਾਂ 'ਤੇ ਟਿੱਪਣੀ ਕਰਨ ਦੇ ਯੋਗ ਮੰਨਿਆ ਜਾ ਸਕਦਾ ਹੈ। ਉਸ ਨੇ ਇਹ ਵੀ ਕਿਹਾ ਕਿ ਧਾਰਮਿਕ ਕਿਤਾਬਾਂ ਦੀ ਗੈਰ-ਬ੍ਰਾਹਮਣ ਵਿਆਖਿਆ ਸਹੀ ਨਹੀਂ ਹੈ। ਇਹ ਦਲੀਲ ਜਾਤ-ਪਾਤੀ ਸ਼੍ਰੇਸ਼ਟਤਾ ਵਾਲੀ ਮਾਨਸਿਕਤਾ ਦੀ ਪ੍ਰਤੀਕ ਹੈ ਜੋ ਇਸ ਵਿਚਾਰ ਨੂੰ ਮਜ਼ਬੂਤ ਕਰਦੀ ਹੈ ਕਿ ਸਿਰਫ਼ ਬ੍ਰਾਹਮਣ ਹੀ ਧਾਰਮਿਕ ਪੁਸਤਕਾਂ ਨੂੰ ਪੜ੍ਹਨ ਅਤੇ ਪ੍ਰਚਾਰ ਕਰਨ ਦੇ ਯੋਗ ਹਨ।

ਉਸੇ ਹਫ਼ਤੇ, ਰਾਮ ਜਨਮ ਭੂਮੀ ਤੀਰਥ ਖੇਤਰ, ਜੋ ਕਿ ਅਯੁੱਧਿਆ ਵਿਖੇ ਮੰਦਰ ਕੰਪਲੈਕਸ ਦੀ ਉਸਾਰੀ ਲਈ ਜ਼ਿੰਮੇਵਾਰ ਟਰੱਸਟ, ਦਾ ਜਨਰਲ ਸਕੱਤਰ ਚੰਪਤ ਰਾਏ ਬਾਂਸਲ ਤਾਂ ਸੰਘ ਪਰਿਵਾਰ ਦੇ ਰਾਮ ਦੇ ਬਿਰਤਾਂਤ ਨੂੰ ਅੱਗੇ ਵਧਾਉਂਦਿਆਂ ਇਕ ਕਦਮ ਹੋਰ ਅੱਗੇ ਚਲਾ ਗਿਆ। ਆਪਣੇ ਪੈਰੋਕਾਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬਾਂਸਲ ਨੇ ਕਿਹਾ ਸੀ ਕਿ ਰਾਮ ਪੰਜ ਸਾਲ ਦੇ ਬਾਲਕ ਹਨ ਅਤੇ ਇਸੇ ਕਾਰਨ ਨਵੇਂ ਮੰਦਰ ਵਿਚ ਰਾਮ ਦੇ ਨਾਲ ਸੀਤਾ ਦੀ ਮੂਰਤੀ ਨਹੀਂ ਲਗਾਈ ਜਾਵੇਗੀ। ਬਾਂਸਲ ਇਕ ਔਰਤ ਪੈਰੋਕਾਰ ਦੇ ਸਵਾਲ ਦਾ ਜਵਾਬ ਦੇ ਰਿਹਾ ਸੀ ਜਿਸ ਨੇ ਪੁੱਛਿਆ ਸੀ, "ਕੀ ਸਾਡੀ ਜਾਨਕੀ ਜੀ ਮੰਦਰ ਵਿਚ ਨਹੀਂ ਰਹੇਗੀ?" ਬਾਂਸਲ ਨੇ ਕਿਹਾ ਕਿ ਸੀਤਾ ਦੀ ਮੂਰਤੀ ਰਾਮ ਦੇ ਤਿੰਨ ਹੋਰ ਭਰਾਵਾਂ ਦੇ ਨਾਲ ਮੰਦਰ ਦੀ ਦੂਜੀ ਮੰਜ਼ਲ 'ਤੇ ਲਗਾਈ ਜਾਵੇਗੀ, ਜਦੋਂ ਕਿ ਰਾਮ ਦੀ ਮੂਰਤੀ ਪਹਿਲੀ ਮੰਜ਼ਲ 'ਤੇ ਇਕੱਲੀ ਲਗਾਈ ਜਾਵੇਗੀ। ਬਾਂਸਲ ਨਾ ਸਿਰਫ਼ ਭਗਵਾਨ ਦਾ ਸਰਪ੍ਰਸਤ ਬਣ ਰਿਹਾ ਸੀ ਸਗੋਂ ਰਾਮ ਦੀ ਉਮਰ ਵੀ ਤੈਅ ਕਰ ਰਿਹਾ ਸੀ।

ਰਾਮ ਦੇ "ਹਮੇਸ਼ਾ ਬਾਲਕ ਰਹਿਣ" ਬਾਰੇ ਸੁਪਰੀਮ ਕੋਰਟ 'ਚ ਵੀ ਲੰਮੀ ਬਹਿਸ ਹੋਈ। ਰਾਮ ਨੂੰ ਮਨੁੱਖਾਂ ਵਰਗੇ ਅਧਿਕਾਰਾਂ ਵਾਲੇ ਨਿਆਂਇਕ ਵਿਅਕਤਿਤਵ ਦੇ ਰੂਪ 'ਚ ਸਵੀਕਾਰ ਕੀਤਾ ਗਿਆ, ਪਰ ਉਸਦੇ ਹਮੇਸ਼ਾ ਬਾਲਕ ਅਵਸਥਾ 'ਚ ਰਹਿਣ ਦੀ ਸਥਿਤੀ ਨੂੰ ਸੀਮਤ ਕਰ ਦਿੱਤਾ ਗਿਆ। ਇਸ ਦਾ ਮਤਲਬ ਇਹ ਸੀ ਕਿ ਰਾਮ ਸਦਾ ਲਈ ਬਾਲਕ ਅਵਸਥਾ 'ਚ ਨਹੀਂ ਰਹਿ ਸਕਦੇ। ਸਿਰਫ਼ ਰਾਮ ਦੀ ਬਾਲਕ ਅਵਸਥਾ ਦੇ ਕਰਕੇ ਹੀ ਹਿੰਦੂ ਮੁਕੱਦਮਾ ਪੱਖ ਭਗਵਾਨ ਦੀ ਤਰਫ਼ੋਂ ਕੇਸ ਲੜਨ ਦੇ ਯੋਗ ਸੀ। ਬੈਂਚ ਨੇ ਆਪਣੇ ਫ਼ੈਸਲੇ ਵਿਚ ਲਿਖਿਆ, "ਇਕ ਭਗਵਾਨ ਦੀ ਨਾਬਾਲਗ ਦੇ ਰੂਪ 'ਚ ਕਾਨੂੰਨੀ ਕਲਪਨਾ ਭਗਵਾਨ ਦੀ ਆਪਣੇ ਆਪ ਕਾਨੂੰਨੀ ਕਾਰਵਾਈ ਸ਼ੁਰੂ ਕਰਨ 'ਚ ਅਸਮਰੱਥਾ ਨੂੰ ਦੂਰ ਕਰਨ ਲਈ ਘੜੀ ਗਈ ਹੈ। "ਇਸ ਅਪਾਹਜਪਣ ਉੱਪਰ ਕਾਬੂ ਪਾਉਣ ਲਈ ਇਕ ਮਨੁੱਖੀ ਏਜੰਟ ਵੱਲੋਂ ਭਗਵਾਨ ਦੀ ਤਰਫ਼ੋਂ ਕਾਨੂੰਨੀ ਕਾਰਵਾਈ ਸ਼ੁਰੂ ਕਰਨੀ ਜ਼ਰੂਰੀ ਹੈ। ਹਾਲਾਂਕਿ, ਸੀਮਤਾਈ ਦੇ ਕਾਨੂੰਨ ਦੀ ਅਮਲਦਾਰੀ ਤੋਂ ਭਗਵਾਨ ਨੂੰ ਛੋਟ ਦੇਣ ਲਈ ਕਲਪਨਾ ਦਾ ਵਿਸਤਾਰ ਨਹੀਂ ਕੀਤਾ ਗਿਆ ਹੈ।"

ਫਿਰ ਵੀ ਟਰੱਸਟ ਨੇ ਰਾਮ ਨੂੰ ਉਮਰ ਦੇ ਦਿੱਤੀ ਹੈ। ਹਾਲਾਂਕਿ ਅਸਲ ਸਵਾਲ ਇਹ ਹੈ ਕਿ ਕੀ ਟਰੱਸਟ ਕੇਂਦਰ ਸਰਕਾਰ ਦੁਆਰਾ ਉਸ ਨੂੰ ਦਿੱਤੀ ਗਈ ਸੱਤਰ ਏਕੜ ਜ਼ਮੀਨ ਅਤੇ ਰਾਮ ਦੇ ਨਾਂ 'ਤੇ ਖ਼ਰੀਦੀ ਗਈ ਵਾਧੂ ਜ਼ਮੀਨ ਰਾਮ ਦੇ ਬਾਲਗ ਹੋਣ 'ਤੇ ਭਗਵਾਨ ਨੂੰ ਵਾਪਸ ਕਰੇਗਾ ਜਾਂ ਇਹ ਉਸ ਦਾ ਨਿਗਰਾਨ ਬਣਿਆ ਰਹੇਗਾ? ਇਸ ਤੋਂ ਇਲਾਵਾ, ਇਹ ਫ਼ੈਸਲਾ ਕੌਣ ਕਰੇਗਾ ਕਿ ਰਾਮ ਕਦੋਂ ਬਾਲਗ ਹੋਵੇਗਾ, ਇਸ ਬਾਰੇ ਕਦੇ ਵੀ ਜਨਤਕ ਤੌਰ 'ਤੇ ਗੱਲ ਨਹੀਂ ਕੀਤੀ ਗਈ। ਇਸ ਬਾਰੇ ਮੀਡੀਆ ਵੱਲੋਂ ਵੀ ਕੋਈ ਚਰਚਾ ਨਹੀਂ ਕੀਤੀ ਗਈ ਹੈ।

ਫਰਵਰੀ 2022 'ਚ, ਉੱਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣ ਮੁਹਿੰਮ ਦੌਰਾਨ, ਬਾਂਸਲ ਨੇ ਕਿਹਾ ਸੀ ਕਿ ਭਾਜਪਾ ਨੂੰ "ਰਾਮ ਮੰਦਰ ਦੇ ਨਿਰਮਾਣ ਦਾ ਸਿਹਰਾ ਲੈਣ ਦਾ ਪੂਰਾ ਹੱਕ ਹੈ" ਅਤੇ ਨਾਗਰਿਕਾਂ ਨੂੰ ਅਜਿਹੇ ਲੋਕਾਂ ਨੂੰ ਵੋਟ ਪਾਉਣੀ ਚਾਹੀਦੀ ਹੈ। ਇਹ ਟਰੱਸਟ ਵੱਲੋਂ ਨਿਰੋਲ ਸਿਆਸੀ ਬਿਆਨ ਸੀ ਜਿਸ ਨੇ ਅਦਾਲਤ ਵਿਚ ਇਕ ਨਿੱਜੀ ਸੰਸਥਾ ਹੋਣ ਦਾ ਦਾਅਵਾ ਕੀਤਾ ਸੀ। ਫਿਰ ਵੀ, ਕਿਸੇ ਵੀ ਮੀਡੀਆ ਨੇ ਬਾਂਸਲ ਦੇ ਬਿਆਨ ਨੂੰ ਸਿਆਸੀ ਜਾਂ ਵਿਵਾਦਪੂਰਨ ਨਹੀਂ ਕਿਹਾ। ਦਸੰਬਰ 2023 'ਚ, ਰਾਮ ਕੀ ਪੈੜੀ ਕੋਲ ਚੱਲ ਰਹੇ ਇਕ ਟੈਲੀਵਿਜ਼ਨ ਸ਼ੋਅ ਵਿਚ ਬਾਂਸਲ ਨੇ ਸਿਆਸੀ ਹੰਕਾਰ ਨਾਲ ਕਿਹਾ, "ਜੇਕਰ ਵਿਰੋਧੀ ਧਿਰ ਦੇ ਆਗੂ ਚੁੱਪ ਰਹਿਣਗੇ ਤਾਂ ਉਨ੍ਹਾਂ ਲਈ ਇਹੀ ਚੰਗਾ ਹੋਵੇਗਾ। ਜੇਕਰ ਤੁਸੀਂ ਚੁੱਪ ਰਹੋਗੇ ਤਾਂ ਤੁਹਾਡਾ ਸੱਦਾ ਪੱਤਰ ਆ ਸਕਦਾ ਹੈ।"

ਟਰੱਸਟ ਨੂੰ ਆਉਂਦੀ ਮਾਇਆ ਉੱਪਰ ਟੈਕਸ ਛੋਟ ਵੀ ਹਾਸਲ ਹੈ, ਜੋ ਮਾਰਚ 2023 ਤੱਕ 3000 ਕਰੋੜ ਰੁਪਏ ਤੋਂ ਵੱਧ ਸੀ। ਟਰੱਸਟ ਜਿਸ ਤਰ੍ਹਾਂ ਮੰਦਰ ਨੂੰ ਕੰਟਰੋਲ ਕਰਦਾ ਹੈ ਅਤੇ ਭਗਵਾਨ ਦੀ ਤਰਫ਼ੋਂ ਫ਼ੈਸਲੇ ਲੈਂਦਾ ਹੈ, ਉਹ ਹੁਣ ਬਹੁਤ ਸਪੱਸ਼ਟ ਹੈ। ਜਨਵਰੀ 2023 'ਚ, ਰਾਜਪੂਤ ਭਾਈਚਾਰੇ ਦੇ ਇਕ ਰਾਸ਼ਟਰੀ ਜਨਤਾ ਦਲ ਦੇ ਨੇਤਾ, ਜਗਦਾਨੰਦ ਸਿੰਘ ਨੇ ਵੀ ਇਹੀ ਗੱਲ ਕਹੀ ਸੀ ਕਿ ਰਾਮ ਦਾ ਸ਼ਰਧਾਲੂ ਹੋਣ ਦੇ ਨਾਤੇ ਉਸ ਨੂੰ ਇਹ ਦੇਖ ਕੇ ਦੁੱਖ ਹੋਇਆ ਕਿ ਕਿਵੇਂ ਭਗਵਾਨ ਉੱਪਰ ਰਾਜਨੀਤਿਕ ਲਾਹੇ ਲਈ ਕਬਜ਼ਾ ਕਰ ਲਿਆ ਗਿਆ ਹੈ। "ਰਾਮ ਨੂੰ ਇਕ ਆਲੀਸ਼ਾਨ ਇਮਾਰਤ ਵਿਚ ਕੈਦ ਕਰ ਦਿੱਤਾ ਗਿਆ ਹੈ," ਉਸਨੇ ਕਿਹਾ। "ਪਹਿਲਾਂ ਉਹ ਇਸ ਰਾਸ਼ਟਰ ਦੇ ਕਣ-ਕਣ ਵਿਚ ਰਹਿੰਦੇ ਸਨ। ਭਾਰਤ ਹੁਣ ਰਾਮ ਦਾ ਨਹੀਂ ਹੋਵੇਗਾ, ਰਾਮ ਦਾ ਸਿਰਫ਼ ਇਕ ਮੰਦਰ ਹੋਵੇਗਾ।" ਮੀਡੀਆ ਨੇ ਇਸ ਬਿਆਨ ਨੂੰ ਵੀ ਵਿਵਾਦਗ੍ਰਸਤ ਕਰਾਰ ਦਿੱਤਾ, ਹਾਲਾਂਕਿ ਇਹ ਬਿਆਨ ਹਿੰਦੂਆਂ ਲਈ ਇਕ ਚੇਤਾਵਨੀ ਤੋਂ ਸਿਵਾਏ ਕੁਝ ਨਹੀਂ ਸੀ ਕਿ ਉਹ ਰਾਮ ਨੂੰ ਇਕ ਸਥਾਨ ਤੱਕ ਸੀਮਤ ਰੱਖਣ ਦੇ ਰਾਜਨੀਤਕ ਪ੍ਰਚਾਰ ਤੋਂ ਖ਼ੁਦ ਨੂੰ ਰੋਕਣ।

ਇਸੇ ਤਰ੍ਹਾਂ, ਨਵੰਬਰ 2023 'ਚ, ਸਮਾਜਵਾਦੀ ਪਾਰਟੀ ਦੇ ਇਕ ਪਿਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਆਗੂ ਸਵਾਮੀ ਪ੍ਰਸਾਦ ਮੌਰੀਆ ਨੇ 22 ਜਨਵਰੀ ਨੂੰ ਭਗਵਾਨ ਰਾਮ ਦੀ ਮੂਰਤੀ ਲਗਾਉਣ ਲਈ ਟਰੱਸਟ ਦੁਆਰਾ ਆਯੋਜਿਤ ਕੀਤੀ ਜਾ ਰਹੀ ਰਸਮ 'ਤੇ ਸਵਾਲ ਚੁੱਕੇ। ਟਰੱਸਟ ਨੇ ਰਾਮ ਦੀ ਮੂਰਤੀ ਦੀ ਸਥਾਪਨਾ ਨੂੰ "ਪ੍ਰਾਣ ਪ੍ਰਤਿਸ਼ਟਾ" ਦਾ ਨਾਮ ਦਿੱਤਾ ਹੈ – ਜਿਸਦਾ ਸ਼ਾਬਦਿਕ ਅਰਥ ਹੈ ਕਿਸੇ ਮੂਰਤੀ ਵਿਚ ਜਾਨ ਪਾਉਣਾ। ਮੌਰੀਆ ਨੇ ਕਿਹਾ, "ਤੁਸੀਂ ਉਸ ਵਿਚ ਜਾਨ ਕਿਵੇਂ ਪਾ ਸਕਦੇ ਹੋ ਜਿਸਦੀ ਹਜ਼ਾਰਾਂ ਸਾਲਾਂ ਤੋਂ ਪੂਜਾ ਕੀਤੀ ਜਾ ਰਹੀ ਹੈ? ਕੀ ਇਹ ਇਸ ਲਈ ਹੈ ਕਿਉਂਕਿ ਤੁਸੀਂ ਇਹ ਦਿਖਾਉਣਾ ਚਾਹੁੰਦੇ ਹੋ ਕਿ ਤੁਸੀਂ ਭਗਵਾਨ ਤੋਂ ਉੱਪਰ ਹੋ?" ਇਹ ਇਕ ਵਾਜਬ ਸਵਾਲ ਸੀ ਜਿਸ ਨੂੰ ਰਾਮ ਦਾ ਕੋਈ ਵੀ ਵਫ਼ਾਦਾਰ ਸ਼ਰਧਾਲੂ ਪੁੱਛਣਾ ਚਾਹੇਗਾ। ਮੀਡੀਆ ਨੇ ਮੌਰੀਆ ਨੂੰ ਵੀ ਵਿਵਾਦ ਖੜ੍ਹੇ ਕਰਨ ਵਾਲਾ ਕਰਾਰ ਦੇ ਦਿੱਤਾ।

ਮੀਡੀਆ ਅਤੇ ਭਾਜਪਾ ਦੇ ਆਗੂ ਬ੍ਰਾਹਮਣੀ ਸਰਦਾਰੀ, ਅੰਧਵਿਸ਼ਵਾਸ, ਸਿਆਸੀ ਹਿੰਦੂਵਾਦ ਅਤੇ ਰਾਮ ਦੀ ਕੱਟੜ ਤਸਵੀਰ ਦਾ ਪ੍ਰਚਾਰ ਕਰਕੇ ਹਿੰਦੂਆਂ ਦੀ ਬੁੱਧੀ ਨੂੰ ਕਮਜ਼ੋਰ ਕਰ ਰਹੇ ਹਨ। ਆਪਣੇ ਜਾਤੀ ਵਿਸ਼ੇਸ਼ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ 'ਚ, ਉਹ ਇਕ ਦਬੂ ਵਸੋਂ ਪੈਦਾ ਕਰ ਰਹੇ ਹਨ ਜੋ ਇਕ ਬਰਾਬਰੀ ਵਾਲੇ ਅਤੇ ਸਿਹਤਮੰਦ ਸਮਾਜ ਲਈ ਚੰਗੀ ਗੱਲ ਨਹੀਂ ਹੈ।

---

# ਖੋਜ ਅਤੇ ਪੁਨਰਵਾਸ : 500 ਸਾਲਾਂ ਬਾਅਦ ਅਯੁੱਧਿਆ ਵਿਚ ਵਾਪਸੀ ਦਾ ਮਸਲਾ

ਮੀਡੀਆ, ਭਾਰਤੀ ਜਨਤਾ ਪਾਰਟੀ ਮੀਡੀਆ ਸੈੱਲ ਦੇ ਸੰਦੇਸ਼ ਅਤੇ ਸਾਧੂ ਸਾਰੇ ਗੁੱਸੇ ਨਾਲ (ਕਈ ਅਵਿਸ਼ਵਾਸੀ ਸਰੋਤਾਂ ਦੇ ਆਧਾਰ 'ਤੇ) ਇਹ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਭਗਵਾਨ ਰਾਮ ਆਖਰਕਾਰ ਪੰਜ ਸਦੀਆਂ ਦੇ ਵਕਫੇ ਤੋਂ ਬਾਅਦ ਇੱਕ ਬੱਚੇ (ਬਾਲਕ ਰਾਮ) ਦੇ ਰੂਪ ਵਿੱਚ ਅਯੁੱਧਿਆ ਪਰਤ ਆਏ ਹਨ। ਅਚਾਨਕ ਸਭ ਕੁਝ ਉਲਝਣ ਵਿੱਚ ਹੈ. ਕੀ ਰਾਮ ਨੂੰ ਉਸ ਦੇ ਆਪਣੇ ਪਿਤਾ ਨੇ 14 ਸਾਲਾਂ ਲਈ ਜੰਗਲ ਵਿਚ ਨਹੀਂ ਸੁੱਟ ਦਿੱਤਾ ਸੀ ਜਦੋਂ ਉਹ ਜਵਾਨ ਸੀ? ਜੇ ਅਜਿਹਾ ਹੈ, ਤਾਂ ਉਸ ਨੂੰ ਇੱਕ ਬੱਚੇ ਦੇ ਰੂਪ ਵਿੱਚ 'ਵਾਪਸੀ' ਕਿਵੇਂ ਕਿਹਾ ਜਾ ਸਕਦਾ ਹੈ? ਵਾਲਮੀਕਿ ਦੀ ਰਮਾਇਣ ਅਤੇ ਤੁਲਸੀਦਾਸ ਦੇ ਰਾਮ ਚਰਿਤ ਮਾਨਸ ਦੋਵੇਂ ਸਾਨੂੰ ਦੱਸਦੇ ਹਨ ਕਿ ਰਾਮ ਬਾਲਗ ਦੇ ਰੂਪ ਵਿੱਚ ਵਾਪਸ ਆਇਆ ਅਤੇ ਲੰਬੇ ਸਮੇਂ ਤੱਕ ਰਾਜ ਕੀਤਾ, ਜੋੜੇ ਪੁੱਤਰਾਂ ਅਤੇ ਆਪਣੇ ਸ਼ਾਨਦਾਰ ਸ਼ਾਸਨ ਦੀਆਂ ਸਦੀਵੀ ਯਾਦਾਂ ਛੱਡ ਕੇ: ਰਾਮ ਰਾਜ। ਭਗਵਾਨ ਰਾਮ ਦੀ ਪਹਿਲਾਂ ਰਾਮ ਲੱਲਾ ਦੇ ਰੂਪ ਵਿੱਚ ਅਤੇ ਫਿਰ ਬਾਲਕ ਰਾਮ ਦੇ ਰੂਪ ਵਿੱਚ ਅਜੀਬ ਖੋਜ ਅਤੇ ਪੁਨਰਵਾਸ ਬਾਰੇ ਕੀ? ਦੱਬੇ ਹੋਏ ਖਜ਼ਾਨਿਆਂ ਅਤੇ ਪਵਿੱਤਰ ਅਵਸ਼ੇਸ਼ਾਂ ਬਾਰੇ ਸੁਪਨਿਆਂ ਦੀਆਂ ਕਹਾਣੀਆਂ ਭਾਰਤ ਵਿੱਚ ਇੱਕ ਵਿਸ਼ਾਲ ਅਦਿੱਖ ਨੈੱਟਵਰਕ ਬਣਾਉਂਦੀਆਂ ਹਨ। ਰਾਮ ਦੇ ਮਾਮਲੇ ਵਿੱਚ, ਇਹ ਪ੍ਰਾਚੀਨ ਟਰੈਕ ਲੋਕ ਗੀਤਾਂ, ਪਾਠਾਂ ਅਤੇ ਰਾਮ ਬਾਰੇ ਮਹਾਂਕਾਵਿਆਂ ਦੇ ਸਾਲਾਨਾ ਪੁਨਰ-ਨਿਰਮਾਣ ਦੁਆਰਾ ਇੱਕ ਦੂਜੇ ਨਾਲ ਅਸਾਨੀ ਨਾਲ ਜੁੜੇ ਹੋਏ ਹਨ। ਪੇਂਡੂ ਔਰਤਾਂ ਤੋਂ ਲੈ ਕੇ ਚੌਲ ਪੀਸਣ ਜਾਂ ਕਣਕ ਪੀਸਣ ਵਾਲੀਆਂ ਸਾਧੂਆਂ ਅਤੇ ਗੈਰ-ਹਿੰਦੂ ਸੰਪਰਦਾਵਾਂ ਦੇ ਕਵੀਆਂ ਤੱਕ, ਹਰ ਕਿਸੇ ਨੇ ਇਸ ਕਹਾਣੀ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਗਾਇਆ ਹੈ। ਅਜਿਹਾ ਹੀ ਇੱਕ ਅਵਧੀ ਗੀਤ ਚੱਲਦਾ ਹੈ: 'ਰਾਮ ਨੇ ਆਪਣੇ ਵਫ਼ਾਦਾਰ ਪਰ ਬਹੁਤ ਛੋਟੇ ਭਰਾ ਅਤੇ ਇੱਕ ਸੁੰਦਰ ਪਤਨੀ ਨਾਲ ਤੇਜ਼ ਸੂਰਜ ਦੇ ਹੇਠਾਂ ਤੁਰਦਿਆਂ ਬਹੁਤ ਸਾਰੀਆਂ ਮੁਸੀਬਤਾਂ ਝੱਲੀਆਂ, ਜੋ ਕਦੇ ਧੁੱਪ ਵਿੱਚ ਨਹੀਂ ਗਈ ਸੀ। ਰਾਵਣ, ਜਿਸ ਨੇ ਉਸ ਨੂੰ ਅਗਵਾ ਕਰ ਲਿਆ ਸੀ, ਨੂੰ ਪੂਰੀ ਤਰ੍ਹਾਂ ਕੁਚਲ ਕੇ ਸਾੜ ਦਿੱਤਾ ਗਿਆ ਸੀ। ਰਾਮ, ਸੀਤਾ ਅਤੇ ਲਕਸ਼ਮਣ ਦੀਆਂ ਮੂਰਤੀਆਂ ਸਮੇਂ-ਸਮੇਂ 'ਤੇ ਖੰਡਰਾਂ, ਟੈਂਕਾਂ ਜਾਂ ਨਦੀਆਂ ਦੇ ਵਿਚਕਾਰ ਲੱਭੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ 12ਵੀਂ ਸਦੀ ਤੋਂ ਬਾਅਦ ਦੇ ਹਨ ਜਦੋਂ ਹਿੰਦੂ ਦੇਵਤਿਆਂ ਦੀਆਂ ਮੂਰਤੀਆਂ ਮੰਦਰਾਂ ਲਈ ਬਣਾਈਆਂ ਜਾਣ ਲੱਗੀਆਂ ਸਨ ਜੋ ਵਿੰਧੀਆਂ ਦੇ ਦੋਵੇਂ ਪਾਸੇ ਉੱਗਦੇ ਸਨ। ਮਾਝਾ ਪ੍ਰਵਾਸ ਦੇ ਅਨੁਸਾਰ, ਇੱਕ ਮਰਾਠੀ ਤੀਰਥ ਯਾਤਰੀ ਦੀ ਯਾਤਰਾ ਦੇ ਅਨੁਸਾਰ, ਕਾਲੇ ਰਾਮ ਦੇ ਇੱਕ ਮੰਦਿਰ ਦੇ ਪ੍ਰਾਚੀਨ ਪੁਜਾਰੀ ਪਰਸ਼ੂਰਾਮ ਬਾਬਾ ਨੇ ਉਸਨੂੰ ਦੱਸਿਆ ਕਿ ਮੰਦਰ ਵਿੱਚ ਰਾਮ, ਲਕਸ਼ਮਣ ਅਤੇ ਜਾਨਕੀ ਦੀਆਂ ਤਿੰਨ ਮੂਰਤੀਆਂ ਅਯੁੱਧਿਆ ਜਾਣ ਸਮੇਂ ਉਸਦੇ ਦਾਦਾ ਜੀ ਨੂੰ ਸੁਪਨੇ ਵਿੱਚ ਦਿਖਾਈ ਦਿੱਤੀਆਂ ਸਨ। ਉਸ ਨੇ ਉਨ੍ਹਾਂ ਨੂੰ ਸਰਯੂ ਨਦੀ ਤੋਂ ਬਚਾਇਆ। ਇਹ 17ਵੀਂ-18ਵੀਂ ਸਦੀ ਦੇ ਆਸ-ਪਾਸ ਦਾ ਹੋਣਾ ਚਾਹੀਦਾ ਹੈ। ਇੱਕ ਉਦਾਰ ਮਰਾਠਾ ਸਰਦਾਰ ਦੀ ਮਦਦ ਨਾਲ, ਉਨ੍ਹਾਂ ਨੂੰ ਸਰਯੂ ਨਦੀ ਦੇ ਕੰਢੇ 'ਤੇ ਵਿਵਸਥਿਤ ਕੀਤਾ ਗਿਆ ਸੀ। ਵਿਸ਼ਨੂੰ ਭੱਟ ਨੇ 1858 ਵਿੱਚ 1 ਰੁਪਏ ਅਤੇ ਚਾਰ ਆਨੇ ਦੀ ਪ੍ਰਵੇਸ਼ ਫੀਸ ਅਦਾ ਕਰਨ ਦਾ ਰਿਕਾਰਡ ਵੀ ਦਰਜ ਕੀਤਾ ਹੈ, ਜੋ ਉਸ ਸਮੇਂ ਦੀ ਇੱਕ ਵੱਡੀ ਰਕਮ ਸੀ। ਉਹ ਮੰਦਿਰ ਕਿੱਥੇ ਹੈ, ਇੱਕ ਹੈਰਾਨੀ ਹੈ। ਫਿਰ ਅਜ਼ਾਦੀ ਤੋਂ ਬਾਅਦ ਦੇ ਭਾਰਤ ਵਿੱਚ, ਰਾਮ ਲੱਲਾ ਦੀ ਇੱਕ ਮੂਰਤੀ ਨੂੰ ਇੱਕ ਸਾਧੂ ਦੁਆਰਾ ਸਰਯੂ ਦੇ ਪਾਣੀ ਵਿੱਚੋਂ ਦੁਬਾਰਾ ਬਚਾ ਲਿਆ ਗਿਆ ਸੀ ਜਦੋਂ ਉਸਨੇ ਇਸਦਾ ਸੁਪਨਾ ਦੇਖਿਆ ਸੀ। ਸਰਕਾਰ ਦੇ ਇਤਰਾਜ਼ਾਂ ਦੇ ਬਾਵਜੂਦ, ਮੂਰਤੀ ਨੂੰ ਬਾਹਰ ਲਿਆਂਦਾ ਗਿਆ ਅਤੇ ਇੱਕ ਮਸਜਿਦ ਦੇ ਅੰਦਰ ਰਾਮ ਲੱਲਾ ਦੇ ਰੂਪ ਵਿੱਚ ਸਥਾਪਿਤ ਕੀਤਾ ਗਿਆ। ਲੰਮਾ ਮੁਕੱਦਮਾ ਚੱਲਿਆ ਅਤੇ ਮੂਰਤੀ ਨੂੰ ਇੱਕ ਅਸਥਾਈ ਪਰ ਭਾਰੀ ਸੁਰੱਖਿਆ ਵਾਲੇ ਤੰਬੂ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ, ਇੱਕ ਹੋਰ ਲੰਮਾ ਅਰਸਾ ਉਦੋਂ ਤੱਕ ਚੱਲਿਆ, ਜਦੋਂ ਤੱਕ ਕਿ 2019 ਵਿੱਚ ਐਨਡੀਏ ਸਰਕਾਰ ਨੂੰ ਅਦਾਲਤਾਂ ਤੋਂ ਅੱਗੇ ਵਧਣ ਦਾ ਸੰਕੇਤ ਨਹੀਂ ਮਿਲਿਆ। ਤਾਜ਼ਾ ਮੀਡੀਆ ਚਿੱਤਰ ਸੁਪਨਿਆਂ ਅਤੇ ਮੁਕੱਦਮੇਬਾਜ਼ੀ ਅਤੇ ਖ਼ੂਨ ਵਹਿਣ ਨੂੰ ਨਹੀਂ ਦਰਸਾਉਂਦੇ ਹਨ। 22 ਜਨਵਰੀ ਦੀ ਸਵੇਰ ਨੂੰ, ਸਾਰੇ ਅਖ਼ਬਾਰਾਂ ਨੇ ਵੱਡੇ-ਵੱਡੇ ਪੋਸਟਰ-ਆਕਾਰ ਦੇ ਫਰੰਟ-ਪੇਜ ਇਸ਼ਤਿਹਾਰ ਦਿਖਾਏ। ਹਾਈਪਰਵੈਂਟੀਲੇਟਿੰਗ ਸੁਰਖੀਆਂ ਨੇ 500 ਸਾਲਾਂ ਬਾਅਦ ਅਯੁੱਧਿਆ ਵਿੱਚ ਰਾਮ ਦੇ 'ਆਗਮਨ' ਅਤੇ ਭਾਰਤ ਵਿੱਚ ਰਾਮ ਰਾਜ ਦੀ ਸ਼ੁਰੂਆਤ ਕੀਤੀ। ਗੰਭੀਰ ਪੁਰਖੀ ਚਿਹਰਿਆਂ ਵਾਲੇ ਨੇਤਾਵਾਂ ਅਤੇ ਪੁਜਾਰੀਆਂ ਦੀਆਂ ਵੱਡੀਆਂ ਫੋਟੋਆਂ ਨੇ ਮੀਡੀਆ ਅਤੇ ਬਾਹਰੀ ਹੋਰਡਿੰਗਜ਼ ਨੂੰ ਪਸੰਦ ਕੀਤਾ। ਉਨ੍ਹਾਂ ਦੇ ਉਠੇ ਹੋਏ ਹੱਥਾਂ ਨੇ ਜੰਗ ਜਿੱਤਣ ਦਾ ਸੰਕੇਤ ਦਿੱਤਾ, ਨਿਯੰਤਰਿਤ ਵਿਸ਼ੇਸ਼ਤਾਵਾਂ ਨਾ ਤਾਂ ਚਿੰਤਾ ਅਤੇ ਨਾ ਹੀ ਹਾਰ ਨੂੰ ਦਰਸਾਉਂਦੀਆਂ ਸਨ, ਪਰ ਉਨ੍ਹਾਂ ਦੀਆਂ ਅੱਖਾਂ ਵਿੱਚ ਜੋਸ਼ ਅਤੇ ਜਿੱਤ ਦੀ ਇੱਕ ਬੇਮਿਸਾਲ ਚਮਕ ਸੀ। ਟੀਵੀ 'ਤੇ ਇਵੈਂਟ ਦੇਖਦੇ ਹੋਏ ਇੰਡੈਕਸ ਕਾਰਡਾਂ 'ਤੇ ਕਾਹਲੀ ਨਾਲ ਸਕ੍ਰੌਲ ਕੀਤੇ ਨੋਟ ਅਤੇ ਮੇਰੇ ਡੈਸਕ 'ਤੇ ਹਿੰਦੀ ਅਖਬਾਰਾਂ ਦੇ ਟੁਕੜੇ ਹਫੜਾ-ਦਫੜੀ ਵਾਲੇ ਹਨ। 'ਤਪੱਸਿਆ, ਗਿਆਰਾਂ ਦਿਨਾਂ ਲਈ ਅਨਾਜ ਖਾਧੇ ਅਤੇ ਸਖ਼ਤ ਫਰਸ਼ 'ਤੇ ਸੌਣ ਤੋਂ ਬਿਨਾਂ ਤਪੱਸਵੀ ਜੀਵਨ।' ਲੀਡਰਸ਼ਿਪ ਕਹਿੰਦੀ ਹੈ ਕਿ ਉਸਨੂੰ 500 ਸਾਲਾਂ ਬਾਅਦ ਘਰ ਲਿਆਉਣ ਦੇ ਮਹਾਨ ਕਾਰਜ ਲਈ 'ਰੱਬ ਦੁਆਰਾ ਚੁਣਿਆ ਗਿਆ'। "ਕਾਸ਼ੀ ਦੇ ਜੋਤਿਸ਼ੀਆਂ ਨੇ ਬ੍ਰਹਮ ਅਭਿਜੀਤ ਮੁਹੂਰਤਮ ਲਈ ਸਮਾਂ ਚਾਰਟ ਤਿਆਰ ਕੀਤਾ।" ਉਹ 32 ਪੌੜੀਆਂ ਅਤੇ ਪੰਜ ਮੰਡਪਾਂ ਨੂੰ ਪਾਰ ਕਰਦਾ ਹੈ ਅਤੇ ਇੱਕ ਲਾਲ ਅਤੇ ਸੋਨੇ ਦੇ ਕੱਪੜੇ ਉੱਤੇ ਚਾਂਦੀ ਦੀਆਂ ਵਸਤੂਆਂ ਲੈ ਕੇ ਜਾਂਦਾ ਹੈ, ਬਾਅਦ ਵਿੱਚ ਸਸ਼ਤਾਂਗ ਪ੍ਰਣਾਮ ਕਰਦਾ ਹੈ। ਕੁੱਖ ਦੇ ਕਮਰੇ ਵਿੱਚ ਨੇਤਾਵਾਂ ਨੇ ਮਹਿਸੂਸ ਕੀਤਾ 'ਅਲੌਕਿਕ' 'ਦੈਵੀ' ਊਰਜਾਵਾਂ ਸਰੀਰ ਵਿੱਚ ਵਹਿ ਰਹੀਆਂ ਹਨ। 'ਭਾਵਨਾਵਾਂ ਦੁਆਰਾ ਕਾਬੂ ਪਾਓ. ਬਿਆਨ ਕਰਨ ਲਈ ਕੋਈ ਸ਼ਬਦ ਨਹੀਂ ਹੈ।' ਜੈ ਸ਼੍ਰੀ ਰਾਮ ਦਾ ਨਾਅਰਾ ਮਾਰਦੇ ਹੋਏ ਬਾਲੀਵੁੱਡ ਅਦਾਕਾਰ ਫਿਰ ਦੇਖਣਾ ਕਿ ਕੈਮਰੇ ਨੇ ਇਸ ਨੂੰ ਫੜ ਲਿਆ ਹੈ, ਫਿਰ ਦੁਬਾਰਾ ਜੈ ਸ਼੍ਰੀ ਰਾਮ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਇੱਕ ਰਾਜਸੂਯਾ ਯੱਗ ਵਾਂਗ ਇੱਕ ਜਿੱਤ ਦਾ ਜਸ਼ਨ ਸੀ। ਕੈਮਰਿਆਂ ਨੇ ਕੁਝ ਇੱਕ ਨੂੰ ਪੱਕੇ ਤੌਰ 'ਤੇ ਰਸਮਾਂ ਨਿਭਾਉਂਦੇ ਹੋਏ ਦਿਖਾਇਆ। ਹੋਰ ਸੱਦਾ ਦੇਣ ਵਾਲਿਆਂ ਨੇ ਇਸ ਨੂੰ ਬਾਹਰ ਵੱਡੀਆਂ ਸਕਰੀਨਾਂ 'ਤੇ ਦੇਖਿਆ। ਸੁਰੱਖਿਆ ਸਖ਼ਤ ਹੈ। ਕਈ ਵੀਆਈਪੀਜ਼ ਦਾ ਕਹਿਣਾ ਹੈ ਕਿ ਉਹ ਦਰਸ਼ਨ ਕਰਨ ਵਿੱਚ ਅਸਫਲ ਰਹੇ। ਆਮ ਲੋਕਾਂ ਨੂੰ ਪਹਿਲਾਂ ਹੀ 22 ਜਨਵਰੀ ਨੂੰ ਦੂਰ ਰਹਿਣ ਦੀ ਬੇਨਤੀ ਕੀਤੀ ਗਈ ਸੀ। ਹੁਣ ਕੈਬਨਿਟ ਦੇ ਸਹਿਯੋਗੀਆਂ ਨੂੰ ਵੀ ਨਿਮਰਤਾ ਨਾਲ ਆਪਣੇ ਦੌਰੇ ਮੁਲਤਵੀ ਕਰਨ ਲਈ ਕਿਹਾ ਗਿਆ ਹੈ। ਹਰ ਪਾਸੇ ਤੋਂ ਆਮ ਲੋਕਾਂ ਦੀ ਭੀੜ ਹੋਣ ਦਾ ਕਾਰਨ ਸਥਾਨਕ ਪ੍ਰਸ਼ਾਸਨ ਨੂੰ ਹਾਵੀ ਕਰ ਰਿਹਾ ਹੈ।

ਬਾਲੀਵੁੱਡ ਤੋਂ ਕਿਹਾ ਗਿਆ ਹੈ ਕਿ ਅਯੁੱਧਿਆ ਵਿੱਚ ਇੱਕ ਘਰ ਲਈ ਜ਼ਮੀਨ ਖਰੀਦੀ ਹੈ, ਇੱਕ ਬਿਲਡਰ ਦੇ ਵਿਗਿਆਪਨ ਵਿੱਚ ਅਯੁੱਧਿਆ ਵਿੱਚ ਆਸਾਨ EMIs ਦੇ ਨਾਲ ਕਾਟੇਜ ਦੀ ਪੇਸ਼ਕਸ਼ ਵਿੱਚ ਦੇਖਿਆ ਗਿਆ ਹੈ। ਕਸਬੇ ਵਿੱਚ ਸੌਖੇ ਪੈਸੇ ਅਤੇ ਚਮਕਦਾਰ ਲੈਣ-ਦੇਣ ਦੇ ਉਛਾਲ ਦੀਆਂ ਹੋਰ ਬੇਮਿਸਾਲ ਤਸਵੀਰਾਂ ਹਨ ਜੋ ਧਾਰਮਿਕ ਸੈਰ-ਸਪਾਟਾ ਸਰਕਟ ਵਿੱਚ ਸਭ ਤੋਂ ਉੱਚੀ ਸ਼੍ਰੇਣੀ ਵਿੱਚ ਬਣੀਆਂ ਹਨ। ਭਗਵੇਂ ਅਤੇ ਪੀਲੇ ਰੰਗ ਦੇ ਪਹਿਰਾਵੇ ਪਹਿਨੇ ਸਥਾਨਕ ਦੁਕਾਨਦਾਰ ਖੁਸ਼ ਹਨ। ਉਹ ਚੈਨਲਾਂ ਨੂੰ ਦੱਸਦੇ ਹਨ ਕਿ ਸਿਰਫ ਲਖਨਊ ਹੀ ਨਹੀਂ, ਸਗੋਂ ਅਯੁੱਧਿਆ ਦਾ ਨਵਾਂ ਬਣਿਆ ਹਵਾਈ ਅੱਡਾ, ਸਾਰੇ ਖੇਤਰਾਂ ਦੇ ਵੀਆਈਪੀਜ਼ ਨੂੰ ਲੈ ਕੇ ਜਾਣ ਵਾਲੇ ਇੰਨੇ ਪ੍ਰਾਈਵੇਟ ਜੈੱਟ ਪਹਿਲਾਂ ਕਦੇ ਨਹੀਂ ਵੇਖੇ ਹਨ: ਕਾਰਪੋਰੇਟ, ਰਾਜਨੀਤੀ, ਕ੍ਰਿਕਟ, ਬਾਲੀਵੁੱਡ, ਇਵੈਂਟ ਮੈਨੇਜਰ ਕੈਮਰਾ ਅਮਲਾ ਫਿਰ ਗਣਤੰਤਰ ਦਿਵਸ ਪਰੇਡ ਅਤੇ ਫਰਾਂਸ ਤੋਂ ਆਏ ਸਨਮਾਨਿਤ ਮਹਿਮਾਨ ਵੱਲ ਵਧਦਾ ਹੈ। ਵੀਆਈਪੀਜ਼ ਨਾਲ ਘਿਰੇ ਹੋਏ ਵੀਆਈਪੀ ਖੇਤਰਾਂ ਦੀਆਂ ਤਸਵੀਰਾਂ, ਰੰਗੇ ਹੋਏ ਚਿਹਰਿਆਂ ਵਾਲੇ, ਉਤਸੁਕ ਪਤਨੀਆਂ ਇੱਕ ਦੂਜੇ ਨੂੰ ਚੁਸਤ ਨਜ਼ਰ ਨਾਲ ਦੇਖ ਰਹੀਆਂ ਹਨ। ਧਿਆਨ ਨਾਲ ਕੱਟੀ ਹੋਈ ਦਾੜ੍ਹੀ ਦੇ ਉੱਪਰ ਪ੍ਰਧਾਨ ਮੰਤਰੀ ਦਾ ਚਿਹਰਾ ਫਿੱਕਾ ਅਤੇ ਸਥਿਰ ਦਿਖਾਈ ਦਿੰਦਾ ਹੈ। ਇੱਕ ਵਾਰ ਵਿੱਚ ਉਹ ਆਪਣਾ ਸਿਰ ਥੋੜ੍ਹਾ ਜਿਹਾ ਝੁਕਾਉਂਦਾ ਹੈ ਅਤੇ ਆਪਣੀਆਂ ਮੋਟੀਆਂ ਚਿੱਟੀਆਂ ਭਰਵੀਆਂ ਨੂੰ ਉੱਚਾ ਚੁੱਕਦਾ ਹੈ, ਨਹੀਂ ਤਾਂ ਚਿਹਰੇ ਵਿੱਚ ਇੱਕ ਮਾਸਪੇਸ਼ੀ ਨਹੀਂ ਹਿੱਲਦੀ। ਬੇਅੰਤ, ਜ਼ਿੱਦੀ, ਅਣਥੱਕ, ਬੇਝਿਜਕ, ਅਟੱਲ ਇੱਛਾ ਸ਼ਕਤੀ ਵਾਲਾ ਆਦਮੀ। ਰਾਜ ਮਾਰਗ (ਰਾਜੇ ਦਾ ਮਾਰਗ) ਕੀ ਸੀ ਅਤੇ ਹੁਣ ਕਾਰਤਵਯ ਮਾਰਗ (ਡਿਊਟੀ ਐਵੇਨਿਊ) ਹੈ, ਉਸ 'ਤੇ ਰਾਜਾਂ ਦੇ ਫਲੋਟਾਂ 'ਤੇ ਕੇਂਦਰੀ ਤੌਰ 'ਤੇ ਪ੍ਰਵਾਨਿਤ ਦੇਸ਼ਭਗਤੀ ਦਾ ਬਾਗ ਖਿੜਦਾ ਹੈ। ਬਸਤੀਵਾਦੀ ਮਾਲਕਾਂ ਦੀ ਗ਼ੁਲਾਮੀ ਵਿੱਚ ਇੱਕ ਰਾਸ਼ਟਰ ਇੱਕ ਵਸਤੂ ਦੇ ਰੂਪ ਵਿੱਚ ਘਟਿਆ ਹੋਇਆ ਹੈ, ਇੱਕ ਸਵੈ-ਚਿੱਤਰ, ਆਪਣੀ ਇੱਕ ਪਛਾਣ ਦੀ ਭਾਲ ਕਰਦਾ ਹੈ। ਰਾਜ ਖਤਮ ਹੋ ਗਿਆ ਹੈ, ਕਾਰਤਵਿਆ ਆ ਗਿਆ ਹੈ। ਫਿਰ ਕੀ ਸਾਨੂੰ ਕਿਸੇ ਪੂਰਨਿਮਾ ਜਾਂ ਇਕਾਦਸ਼ੀ ਜਾਂ ਅਮਾਵਸਿਆ ਜਾਂ ਸੰਕ੍ਰਾਂਤੀ ਦੀ ਉਮੀਦ ਕਰਨੀ ਚਾਹੀਦੀ ਹੈ, 'ਸਾਡੇ' ਦੇਵਤੇ ਦੀ ਪੂਜਾ ਦੇ ਇੱਕ ਕੋਰੀਓਗ੍ਰਾਫੀ ਧਮਾਕੇ ਦੀ, ਜੋ ਕਿ ਦੂਰ-ਦੁਰਾਡੇ ਦੇ ਕਸਬਿਆਂ ਵਿੱਚ ਅਕਸਰ ਚੁਣੇ ਹੋਏ ਧਾਰਮਿਕ ਚਿੰਨ੍ਹਾਂ ਅਤੇ ਸਮਾਰਕਾਂ ਦੇ ਵਿਰੁੱਧ ਬਦਲਾ ਲੈਣ ਦੀਆਂ ਕਾਰਵਾਈਆਂ ਵਿੱਚ ਗੂੰਜਦੀ ਹੈ? ਬੁਲਡੋਜ਼ਰਾਂ ਕੋਲ ਇਹ ਇੰਨਾ ਚੰਗਾ ਕਦੇ ਨਹੀਂ ਸੀ। ਕੈਮਰਾਮੈਨਾਂ ਨੇ ਕਦੇ ਵੀ ਰੈਲੀਆਂ ਲਈ ਲੰਬੇ ਸ਼ਾਟ ਦੀ ਵਰਤੋਂ ਇੰਨੀ ਵਾਰ ਨਹੀਂ ਕੀਤੀ। ਰਾਗ ਕਾਫੀ ਵਿੱਚ ਲਾਲਨ ਪਿਆ (18ਵੀਂ ਸਦੀ ਦਾ ਇੱਕ ਗਾਇਕ ਕਵੀ) ਦੀ ਠੁਮਰੀ ਯਾਦ ਆਉਂਦੀ ਹੈ: "ਦੇਖੋ, ਰਾਜਾ ਜਨਕ ਦੀ ਧੀ ਨਾਲ ਰਾਮ ਅਤੇ ਉਸਦਾ ਛੋਟਾ ਭਰਾ/ਰਾਜਾ ਦਸ਼ਰਥ ਦੇ ਗੁਜ਼ਰਨ ਨਾਲ ਅਵਧ ਨੇ ਆਪਣੀ ਪ੍ਰਸੰਨ ਆਤਮਾ ਗੁਆ ਦਿੱਤੀ ਹੈ/ਮਰਦ ਅਤੇ ਔਰਤਾਂ ਦੁੱਖ ਦੀ ਅੱਗ ਦੁਆਰਾ ਗਾਇਆ ਗਿਆ/ਰਾਣੀ ਮਾਂ ਕੌਸ਼ੱਲਿਆ ਨੂੰ ਆਪਣੇ ਆਪ ਰੋਂਦੇ ਹੋਏ ਦੇਖੋ।"

**(ਸਾਖੀ ਮ੍ਰਿਣਾਲ ਪਾਂਡੇ ਦਾ ਇੱਕ ਐਤਵਾਰ ਦਾ ਕਾਲਮ ਹੈ, ਜਿਸ ਵਿੱਚ ਉਹ ਜੋ ਦੇਖਦੀ ਹੈ ਉਹ ਲਿਖਦੀ ਹੈ ਅਤੇ ਉਸ ਵਿੱਚ ਹਿੱਸਾ ਵੀ ਲੈਂਦੀ ਹੈ। ਜਦੋਂ ਤੋਂ ਉਸਨੇ ਇੱਕ ਪੱਤਰਕਾਰ, ਲੇਖਕ, ਸੰਪਾਦਕ, ਲੇਖਕ ਅਤੇ ਪ੍ਰਸਾਰ ਦੀ ਚੇਅਰਪਰਸਨ ਦੇ ਰੂਪ ਵਿੱਚ ਜੀਵਨ ਸ਼ੁਰੂ ਕੀਤਾ ਹੈ, ਉਦੋਂ ਤੋਂ ਇਹ ਉਸਨੂੰ ਝੱਲਣ ਦਾ ਬੋਝ ਰਿਹਾ ਹੈ। ਭਾਰਤੀ ਉਸ ਦਾ ਗਵਾਹ-ਭਾਗੀਦਾਰ ਬਣਨ ਦਾ ਸਫ਼ਰ ਜਾਰੀ ਹੈ।)**

ਦ ਵਾਇਰ ਤੋਂ ਧੰਨਵਾਦ ਸਹਿਤ

# 295ਏ ਧਾਰਾਵਾਂ : ਲੋਕ ਵਿਰੋਧੀ ਤਾਕਤਾਂ ਲਈ ਵਰਦਾਨ


ਬੂਟਾ ਸਿੰਘ
ਮਹਿਮੂਦਪੁਰ
94634-74342

22 ਜਨਵਰੀ ਨੂੰ ਅਯੁੱਧਿਆ ਵਿਖੇ ਉਸਾਰੀ-ਅਧੀਨ ਰਾਮ ਮੰਦਰ ਵਿਖੇ ਰਾਮ ਲੱਲਾ ਦੀ ਮੂਰਤੀ ਦੇ 'ਪ੍ਰਾਣ ਪ੍ਰਤਿਸ਼ਠਾ' ਸਮਾਰੋਹ ਦੇ ਨਾਂ ਹੇਠ ਆਰ.ਐੱਸ.ਐੱਸ-ਭਾਜਪਾ ਵੱਲੋਂ ਖੇਡੀ ਗਈ ਰਾਜਨੀਤਕ ਖੇਡ ਭਾਰਤ ਦੀ ਭਵਿੱਖੀ ਦਿਸ਼ਾ ਦੇ ਨਜ਼ਰੀਏ ਤੋਂ ਬਹੁਤ ਹੀ ਖ਼ਤਰਨਾਕ ਹੈ। ਸ਼ੰਕਰਾਚਾਰੀਆ ਸਵਾਮੀ ਨਿਸ਼ਚਲਾਨੰਦ ਸਰਸਵਤੀ ਨੇ ਵੀ ਇਸ ਨੂੰ 'ਰਾਜਨੀਤਕ ਸ਼ੋਅ' ਕਰਾਰ ਦਿੱਤਾ ਹੈ। ਇਸ ਮੌਕੇ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਦੇ ਨਾਲ ਮੌਜੂਦਾ ਪ੍ਰਧਾਨ ਮੰਤਰੀ ਦਾ ਸ਼ਾਮਲ ਹੋਣਾ ਭਾਰਤੀ ਸਟੇਟ ਨੂੰ ਭਗਵਾ ਰੰਗ 'ਚ ਰੰਗਣ ਦਾ ਸੁਚੇਤ ਯਤਨ ਹੈ ਜੋ ਹੁਣ ਤੱਕ 'ਧਰਮਨਿਰਪੱਖ' ਦੇ ਤੌਰ 'ਤੇ ਜਾਣਿਆ ਜਾਂਦਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਲੌਕਡਾਊਨ ਦੌਰਾਨ ਰਾਮ ਮੰਦਰ ਦਾ 'ਭੂਮੀ ਪੂਜਨ' ਕਰਨਾ, ਸੰਸਦ ਦੀ ਨਵੀਂ ਇਮਾਰਤ ਵਿਚ 'ਸੈਂਗੋਲ' ਨੂੰ ਪ੍ਰੇਰਨਾ ਸਰੋਤ ਵਜੋਂ ਸ਼ੁਸ਼ੋਭਿਤ ਕਰਨਾ ਅਤੇ ਹੁਣ ਪ੍ਰਧਾਨ ਮੰਤਰੀ ਦਾ ਇਕ ਵਿਸ਼ੇਸ਼ ਧਰਮ ਦਾ ਨੁਮਾਇੰਦਾ ਬਣ ਕੇ 'ਮੁੱਖ ਜਜਮਾਨ' ਦੀ ਭੂਮਿਕਾ ਨਿਭਾਉਣਾ ਤੇ ਰਾਮ-ਭਗਤ ਵਜੋਂ ਹਿੰਦੂ ਸਮਾਜ ਨੂੰ ਬੇਹੱਦ ਭਾਵਨਾਤਮਕ ਰੂਪ 'ਚ ਸੰਬੋਧਨ ਕਰਨਾ ਸਾਧਾਰਨ ਧਾਰਮਿਕ ਆਸਥਾ ਦਾ ਮਾਮਲਾ ਨਹੀਂ ਹੈ। ਇਹ ਰਾਜਨੀਤਕ ਹਿੰਦੂਵਾਦ ਹੈ ਜਿਸਦਾ ਹਿੰਦੂ ਧਰਮ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਹਿੰਦੂ ਆਸਥਾ ਨੂੰ ਆਪਣੇ ਰਾਜਨੀਤਕ ਏਜੰਡੇ ਲਈ ਵਰਤਿਆ ਜਾ ਰਿਹਾ ਹੈ। ਲੇਖਕ ਨਿਲੰਜਨ ਮੁਖੋਪਾਧਿਆਏ ਅਨੁਸਾਰ, ਜੋ ਮੋਦੀ ਦੇ ਜੀਵਨੀ ਲੇਖਕ ਵੀ ਹਨ, ਉਸ ਦਾ ਬਿੰਬ 'ਹਿੰਦੂ ਧਰਮ ਦੇ ਵੱਡੇ ਪੁਜਾਰੀ' ਦਾ ਸਿਰਜਿਆ ਗਿਆ ਹੈ।

26 ਜਨਵਰੀ ਨੂੰ ਆਪਣੇ 'ਰਿਪਬਲਿਕ ਦਿਵਸ' ਸੰਬੋਧਨ ਵਿਚ ਮੌਜੂਦਾ ਰਾਸ਼ਟਰਪਤੀ ਵੱਲੋਂ ਕਹੇ ਇਹ ਸ਼ਬਦ ਵੀ ਇਸ ਘਟਨਾਕ੍ਰਮ ਨੂੰ ਖ਼ਾਸ ਮਹੱਤਵ ਦਿੰਦੇ ਹਨ, "ਭਵਿੱਖੀ ਇਤਿਹਾਸਕਾਰ ਇਸ ਨੂੰ ਭਾਰਤੀ ਦੀ ਆਪਣੀ ਸੱਭਿਅਤਾਗਤ ਵਿਰਾਸਤ ਦੀ ਲਗਾਤਾਰ ਮੁੜ ਖੋਜ 'ਚ ਇਕ ਮੀਲ-ਪੱਥਰ ਮੰਨਣਗੇ।" ਇੰਝ, ਇਹ ਭਾਰਤੀ ਸਮਾਜ ਦੀ ਇਕ ਖ਼ਾਸ ਦਿਸ਼ਾ 'ਚ ਕੀਤੀ ਜਾ ਰਹੀ ਸੋਸ਼ਲ ਇੰਜੀਨੀਅਰਿੰਗ ਦਾ ਚਿੰਨ੍ਹ ਹੈ ਜਿਸ ਨੂੰ 26 ਜਨਵਰੀ ਤੋਂ ਐਨ ਪਹਿਲਾਂ ਆਯੋਜਤ ਕਰਕੇ, ਜਸ਼ਨੀਂ ਜਲੂਸ ਕੱਢਕੇ ਅਤੇ 'ਪ੍ਰਾਣ ਪ੍ਰਤਿਸ਼ਠਾ' ਨੂੰ ਪਿੰਡਾਂ, ਮੁਹੱਲਿਆਂ ਅਤੇ ਮੰਦਰਾਂ ਵਿਚ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਲਾਈਵ ਦਿਖਾਕੇ ਆਮ ਲੋਕਾਂ ਦੇ ਜ਼ਿਹਨ 'ਚ ਬਿਠਾਇਆ ਗਿਆ ਹੈ। ਹਿੰਦੂ ਅਵਾਮ ਨੂੰ ਹਿੰਦੂ ਧਰਮ ਅਤੇ ਰਾਜਨੀਤਕ ਹਿੰਦੂ ਧਰਮ (ਹਿੰਦੂਤਵ) ਦੇ ਬੁਨਿਆਦੀ ਫ਼ਰਕ ਨੂੰ ਸਮਝਣਾ ਪਵੇਗਾ। ਨਹੀਂ ਤਾਂ ਰਾਜਨੀਤਕ ਤਾਕਤਾਂ ਉਨ੍ਹਾਂ ਦੀ ਆਸਥਾ ਨੂੰ ਰਾਜਨੀਤਕ ਸਵਾਰਥ ਲਈ ਇਸੇ ਤਰ੍ਹਾਂ ਵਰਤਦੀਆਂ ਰਹਿਣਗੀਆਂ।

ਇਹ ਵੀ ਗੌਰਤਲਬ ਹੈ ਕਿ ਹਕੂਮਤੀ ਸਰਪ੍ਰਸਤੀ ਹੇਠ ਇਹ ਸਮਾਰੋਹ ਵਿਵਾਦਾਂ ਤੋਂ ਮੁਕਤ ਨਹੀਂ ਸੀ। ਸਨਾਤਨ ਹਿੰਦੂ ਧਰਮ ਦੇ ਚਾਰ ਚੋਟੀ ਦੇ ਰੂਹਾਨੀ ਆਗੂ, ਸ਼ੰਕਰਾਚਾਰੀਆ, ਇਸ ਵਿਚ ਸ਼ਾਮਲ ਨਹੀਂ ਹੋਏ। ਸ਼ੰਕਰਾਚਾਰੀਆਂ ਵੱਲੋਂ ਸ਼ਾਮਲ ਨਾ ਹੋਣ ਦੇ ਆਪੋ-ਆਪਣੇ ਵੱਖਰੇ-ਵੱਖਰੇ ਕਾਰਨ ਹਨ। ਪਰ ਇਹ ਸਪਸ਼ਟ ਹੈ ਕਿ ਉਨ੍ਹਾਂ ਦੇ ਵਿਰੋਧ ਪਿੱਛੇ ਰਾਜ ਅਤੇ ਧਰਮ ਨੂੰ ਅਲਹਿਦਾ ਰੱਖਣ ਦੀ ਧਰਮਨਿਰਪੱਖ ਸੋਚ ਨਹੀਂ ਸੀ। ਜੇ ਉਹ ਸ਼ਾਮਲ ਵੀ ਹੋ ਜਾਂਦੇ ਅਤੇ 'ਪ੍ਰਾਣ ਪ੍ਰਤਿਸ਼ਠਾ' ਦੀ ਰਸਮ ਆਪਣੇ ਹੱਥੀਂ ਕਰਦੇ, ਉਸ ਹਾਲਤ 'ਚ ਵੀ ਇਸ ਜਗ੍ਹਾ ਮੌਜੂਦ 16ਵੀਂ ਸਦੀ ਦੀ ਮਸਜਿਦ ਢਾਹੁਣ ਨਾਲ ਜੁੜਿਆ ਇਤਿਹਾਸਕ ਵਿਵਾਦ ਅਤੇ ਇਸ ਕੇਸ 'ਚ ਮੁਸਲਮਾਨ ਘੱਟਗਿਣਤੀ ਨਾਲ ਹੋਏ ਰਾਜਕੀ ਤੇ ਅਦਾਲਤੀ ਅਨਿਆਂ ਦਾ ਤੱਥ ਬਦਲ ਨਹੀਂ ਸੀ ਜਾਣਾ।

ਇਸ ਮੌਕੇ ਜੁੜੇ ਸੰਤਾਂ, ਰਿਸ਼ੀਆਂ ਤੇ ਸਰੋਤਿਆਂ ਅਤੇ ਵਿਸ਼ਵ ਦੇ ਕੋਨੇ-ਕੋਨੇ 'ਚ ਇਸ ਸਮਾਰੋਹ ਨਾਲ ਜੁੜੇ ਸਾਰੇ ਰਾਮ ਭਗਤਾਂ ਨੂੰ ਮੁਖ਼ਾਤਬ ਹੁੰਦਿਆਂ ਸ੍ਰੀ ਮੋਦੀ ਨੇ ਕਿਹਾ, 'ਰਾਮ ਆਗ ਨਹੀਂ ਹੈ ਰਾਮ ਊਰਜਾ ਹੈਂ। ਰਾਮ ਵਿਵਾਦ ਨਹੀਂ ਰਾਮ ਸਮਾਧਾਨ ਹੈਂ। ਰਾਮ ਸਿਰਫ਼ ਹਮਾਰੇ ਨਹੀਂ ਹੈ ਰਾਮ ਸਭ ਕੇ ਹੈਂ।' ਪ੍ਰਧਾਨ ਮੰਤਰੀ ਨੇ ਇਸ ਉੱਪਰ ਉਚੇਚਾ ਜ਼ੋਰ ਦਿੱਤਾ ਕਿ ਮੰਦਰ ਬਣਾਉਣ ਨਾਲ ਕੋਈ ਅੱਗ ਨਹੀਂ ਲੱਗ ਰਹੀ, ਸਗੋਂ ਇਹ ਊਰਜਾ ਨੂੰ ਜਨਮ ਦੇ ਰਿਹਾ ਹੈ। ਇਕ ਸਮੇਂ ਕੁਝ ਲੋਕ ਕਹਿੰਦੇ ਸਨ ਕਿ ਰਾਮ ਮੰਦਰ ਬਣਿਆ ਤਾਂ ਅੱਗ ਲੱਗ ਜਾਵੇਗੀ। ਐਸੇ ਲੋਕ ਭਾਰਤ ਦੇ ਸਮਾਜਿਕ ਭਾਵ ਦੀ ਪਵਿੱਤਰਤਾ ਨੂੰ ਨਹੀਂ ਸਮਝ ਸਕੇ। ਇਸ ਮੰਦਰ ਦਾ ਨਿਰਮਾਣ ਭਾਰਤੀ ਸਮਾਜ ਦੀ ਸ਼ਾਂਤੀ, ਸਬਰ, ਆਪਸੀ ਸਦਭਾਵਨਾ ਅਤੇ ਇਕਸੁਰਤਾ ਦਾ ਵੀ ਪ੍ਰਤੀਕ ਹੈ।

ਪਰ ਇਸ ਸਮਾਰੋਹ ਤੋਂ ਕੁਝ ਦਿਨ ਪਹਿਲਾਂ ਤੋਂ ਲੈ ਕੇ ਹੁਣ ਤੱਕ ਮੁਲਕ ਦੇ ਅੰਦਰ ਜ਼ਮੀਨੀਂ ਪੱਧਰ 'ਤੇ ਫਿਰਕੂ ਸਿਆਸਤ, ਭਾਈਚਾਰਿਆਂ ਦਰਮਿਆਨ ਟਕਰਾਅ, ਦਹਿਸ਼ਤ ਅਤੇ ਹਿੰਸਾ ਦੀ ਜੋ ਤਸਵੀਰ ਉੱਭਰ ਰਹੀ ਹੈ ਉਹ 'ਭਾਰਤੀ ਸਮਾਜ ਦੀ ਸ਼ਾਂਤੀ, ਸਬਰ, ਆਪਸੀ ਸਦਭਾਵਨਾ ਅਤੇ ਇਕਸੁਰਤਾ' ਦੇ ਦਾਅਵੇ ਨੂੰ ਰੱਦ ਕਰਦੀ ਹੈ। ਫਿਰਕੂ ਹਿੰਸਾ ਅਤੇ ਭਗਵਾ ਦਹਿਸ਼ਤ ਦਾ ਆਲਮ ਹੈ ਅਤੇ ਵੱਖਰੇ ਵਿਚਾਰਾਂ, ਵੱਖਰੇ ਧਰਮਾਂ ਵਾਲਿਆਂ ਉੱਪਰ ਬਹੁਗਿਣਤੀ ਆਸਥਾ ਜਬਰਦਸਤੀ ਥੋਪੀ ਜਾ ਰਹੀ ਹੈ। ਦਿੱਲੀ ਯੂਨੀਵਰਸਿਟੀ ਵਰਗੀਆਂ ਉੱਚ ਵਿਦਿਅਕ ਸੰਸਥਾਵਾਂ ਵਿਚ ਮਥੁਰਾ ਅਤੇ ਵਾਰਾਨਸੀ ਦੀਆਂ ਹੋਰ ਮਸਜਿਦਾਂ ਨੂੰ ਢਾਹੁਣ ਦੇ ਨਾਅਰੇ ਗੂੰਜੇ ਹਨ। ਇਸ ਮੌਕੇ ਧਾਰਮਿਕ ਜਨੂੰਨ ਦੇ ਮਾਹੌਲ 'ਚ ਭਗਵਾਨ ਰਾਮ ਦਾ ਕਥਿਤ ਅਪਮਾਨ ਕਰਨ ਵਾਲੀਆਂ ਪੋਸਟਾਂ ਨੂੰ ਲੈ ਕੇ ਹਜੂਮੀ ਧਮਕੀਆਂ ਅਤੇ ਝੂਠੇ ਕੇਸਾਂ ਦਾ ਵਰਤਾਰਾ ਖ਼ਾਸ ਤੌਰ 'ਤੇ ਉੱਭਰਿਆ ਹੈ। ਪੂਰੇ ਮੁਲਕ 'ਚ ਬਣੇ ਮਾਹੌਲ ਨੂੰ ਸਮਝਣ ਲਈ ਇੱਥੇ ਕੁਝ ਮਿਸਾਲਾਂ ਪੇਸ਼ ਹਨ।

ਦੀ ਵਾਇਰ ਦੀ ਰਿਪੋਰਟ ਅਨੁਸਾਰ ਮਹਾਰਾਸ਼ਟਰ, ਗੁਜਰਾਤ ਅਤੇ ਮੱਧ ਪ੍ਰਦੇਸ਼ ਦੇ ਹਿੱਸਿਆਂ 'ਚ ਹਿੰਸਾ ਭੜਕੀ। ਕਿਸੇ ਵੀ ਤਰ੍ਹਾਂ ਦੀ ਅਸਹਿਮਤੀ ਨੂੰ ਪੁਲਿਸ ਕਾਰਵਾਈ ਰਾਹੀਂ ਦਬਾਇਆ ਗਿਆ। ਹੈਦਰਾਬਾਦ ਅਤੇ ਕੇਰਲਾ ਵਿਚ ਜਾਗਰੂਕ ਵਿਦਿਆਰਥੀਆਂ ਵੱਲੋਂ ਆਨੰਦ ਪਟਵਰਧਨ ਦੀ ਮਸ਼ਹੂਰ ਦਸਤਾਵੇਜ਼ੀ ਫਿਲਮ 'ਰਾਮ ਕੇ ਨਾਮ' ਦੀ ਸਕ੍ਰੀਨਿੰਗ ਲਈ ਰੱਖੇ ਸਮਾਗਮਾਂ 'ਚ ਖ਼ਲਲ ਪਾਇਆ ਗਿਆ। ਕੁਝ ਵਿਦਿਅਕ ਸੰਸਥਾਵਾਂ ਵਿਚ ਸਕ੍ਰੀਨਿੰਗ ਨਾ ਹੋਣ ਦੇਣ ਲਈ ਵਿਦਿਆਰਥੀਆਂ ਉੱਪਰ ਅਗਾਊਂ ਰੋਕਾਂ ਲਾ ਦਿੱਤੀਆਂ ਗਈਆਂ। ਵਿਦਿਆਰਥੀਆਂ ਦੀ ਕੁੱਟਮਾਰ ਵੀ ਕੀਤੀ ਗਈ।

ਪੁਣੇ ਦੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਵਿਚ 22 ਜਨਵਰੀ ਨੂੰ ਇਕ ਵਿਦਿਆਰਥੀ ਜਥੇਬੰਦੀ ਨੇ 'ਰਾਮ ਕੇ ਨਾਮ' ਫਿਲਮ ਦੀ ਸਕ੍ਰੀਨਿੰਗ ਜਨੂੰਨੀ ਅਨਸਰਾਂ ਦੇ ਵਿਰੋਧ ਦੇ ਬਾਵਜੂਦ ਸਫ਼ਲਤਾ ਨਾਲ ਕੀਤੀ। 23 ਜਨਵਰੀ ਨੂੰ ਉਨ੍ਹਾਂ ਨੇ 'ਬਾਬਰੀ ਨੂੰ ਚੇਤੇ ਕਰਦਿਆਂ' ਦੇ ਬੈਨਰ ਹੇਠ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨਾ ਚਾਹਿਆ ਤਾਂ ਭਗਵਾ ਪਰਨਿਆਂ ਵਾਲਾ ਇਕ ਗਰੁੱਪ ਨੇ 'ਜੈ ਸ੍ਰੀ ਰਾਮ' ਦੇ ਨਾਅਰਿਆਂ ਲਾਉਂਦਿਆਂ ਇਕੱਠ ਨੂੰ ਨਿਸ਼ਾਨਾ ਬਣਾਇਆ। ਪੁਲਿਸ ਨੇ ਉਲਟਾ ਵਿਦਿਆਰਥੀਆਂ ਨੂੰ ਹਿਰਾਸਤ 'ਚ ਲੈ ਲਿਆ। ਇਸੇ ਤਰ੍ਹਾਂ ਹੈਦਰਾਬਾਦ ਦੇ ਇਕ ਰੇਸਤਰਾਂ ਵਿਚ 21 ਜਨਵਰੀ ਨੂੰ 'ਰਾਮ ਕੇ ਨਾਮ' ਦੀ ਸਕ੍ਰੀਨਿੰਗ ਹਿੰਦੂਤਵੀ ਗਰੁੱਪਾਂ ਨੇ ਧੱਕੇ ਨਾਲ ਰੋਕੀ। ਇੱਥੇ ਵੀ ਪੁਲਿਸ ਨੇ ਉਲਟਾ ਸਕ੍ਰੀਨਿੰਗ ਦਾ ਆਯੋਜਨ ਕਰਨ ਵਾਲੀ ਵਿਦਿਆਰਥੀ ਜਥੇਬੰਦੀ ਦੇ ਵਿਦਿਆਰਥੀਆਂ ਅਤੇ ਰੇਸਤਰਾਂ ਦੇ ਮਾਲਕ ਨੂੰ 295-ਏ ਤੇ ਹੋਰ ਧਾਰਾਵਾਂ ਤਹਿਤ ਗ੍ਰਿਫ਼ਤਾਰ ਕਰ ਲਿਆ।

ਮੁੰਬਈ ਦੇ ਟਾਟਾ ਇੰਸਟੀਚਿਊਟ (ਟਿਸ) ਦੇ ਪ੍ਰਸ਼ਾਸਨ ਵੱਲੋਂ ਲਿਖਤੀ ਨਿਰਦੇਸ਼ ਜਾਰੀ ਕਰਕੇ ਅਤੇ ਸੁਰੱਖਿਆ ਏਜੰਸੀਆਂ ਦੁਆਰਾ 'ਜ਼ਰੂਰੀ ਕਾਰਵਾਈ' ਕੀਤੇ ਜਾਣ ਦੀ ਚੇਤਾਵਨੀ ਦੇ ਕੇ ਵਿਦਿਆਰਥੀਆਂ ਨੂੰ ਕੈਂਪਸ ਦੇ ਅੰਦਰ 'ਪ੍ਰਾਣ ਪ੍ਰਤਿਸ਼ਠਾ' ਵਿਰੁੱਧ ਕਿਸੇ ਵੀ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਹੋਣ ਤੋਂ ਵਰਜਿਆ ਗਿਆ। ਪ੍ਰਸ਼ਾਸਨ ਨੇ ਇਸ ਜ਼ਰੀਏ ਕੈਂਪਸ ਵਿਚ ਇਕ ਖ਼ਾਸ ਰਾਜਨੀਤਕ ਏਜੰਡਾ ਘੁਸੇੜਿਆ। ਦੂਜੇ ਪਾਸੇ, ਆਈਆਈਟੀ ਮੁੰਬਈ ਵਿਚ 'ਪ੍ਰਾਣ ਪ੍ਰਤਿਸ਼ਠਾ' ਤੋਂ ਪਹਿਲਾਂ ਜੋ 'ਸ਼ੋਭਾ ਯਾਤਰਾ' ਅਤੇ 'ਰਾਮਧੁਨ' ਵਰਗੇ ਕਈ ਸਮਾਰੋਹ ਐਲਾਨ ਕੀਤੇ ਗਏ, ਉਨ੍ਹਾਂ 'ਚ ਪ੍ਰਸ਼ਾਸਨ ਨੇ ਕੋਈ ਰੁਕਾਵਟ ਨਹੀਂ ਪਾਈ। ਕੇਰਲਾ ਦੇ ਕੇਆਰ ਨਾਰਾਇਣਨ ਫਿਲਮ ਇੰਸਟੀਚਿਊਟ ਦੇ ਕੈਂਪਸ 'ਚ ਵਿਦਿਆਰਥੀਆਂ ਵੱਲੋਂ ਆਯੋਜਨ 'ਰਾਮ ਕੇ ਨਾਮ' ਦੀ ਸਕ੍ਰੀਨਿੰਗ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਜੋ ਵਿਦਿਆਰਥੀਆਂ ਦੀ ਦ੍ਰਿੜਤਾ ਕਾਰਨ ਸਫ਼ਲ ਨਾ ਹੋਈ।

ਮੁੰਬਈ ਦੇ ਬਾਹਰਵਾਰ ਮੀਰਾ ਰੋਡ ਉੱਪਰ ਹਿੰਸਾ ਦੀਆਂ ਦੋ ਘਟਨਾਵਾਂ ਅਤੇ ਪਨਵੇਲ ਵਿਚ ਇਕ ਘਟਨਾ ਦੀ ਖ਼ਬਰ ਹੈ। ਇੱਥੇ ਭਗਵਾ ਝੰਡਿਆਂ ਵਾਲੀਆਂ ਗੱਡੀਆਂ ਤੇ ਹੋਰ ਵਾਹਨਾਂ 'ਤੇ ਸਵਾਰ ਇਕ ਗਰੁੱਪ ਵੱਲੋਂ ਮੁਸਲਿਮ ਬਹੁਗਿਣਤੀ ਵਾਲੇ ਇਲਾਕੇ 'ਚ ਘੁਸਣ ਦੀ ਕੋਸ਼ਿਸ਼ ਕਰਨ 'ਤੇ ਸਥਾਨਕ ਬਾਸ਼ਿੰਦਿਆਂ ਨਾਲ ਝੜਪ ਹੋਈ। (ਇਹ ਭਗਵਾ ਰੈਲੀਆਂ ਸੋਸ਼ਲ ਮੀਡੀਆ ਉੱਪਰ ਲਾਈਵ ਦਿਖਾਈਆਂ ਗਈਆਂ) ਅਗਲੇ ਦਿਨ, ਇੱਥੇ ਸੈਕਟਰ 5 ਉੱਪਰ ਹਮਲਾ ਕਰਕੇ 200-300 ਵਿਅਕਤੀਆਂ ਦੇ ਹਜੂਮ ਵੱਲੋਂ ਮੁਸਲਮਾਨਾਂ ਦੀਆਂ ਦੁਕਾਨਾਂ ਤੋੜੀਆਂ ਗਈਆਂ ਪਰ ਜਿਨ੍ਹਾਂ ਉੱਪਰ ਭਗਵਾ ਝੰਡੇ ਲੱਗੇ ਹੋਏ ਸਨ, ਉਹ ਛੱਡ ਦਿੱਤੀਆਂ ਗਈਆਂ। ਇਸੇ ਤਰ੍ਹਾਂ ਪਨਵੇਲ ਵਿਚ 'ਜੈ ਸ਼੍ਰੀਰਾਮ' ਦੇ ਨਾਅਰੇ ਲਾਉਂਦੇ ਹਜੂਮ ਵੱਲੋਂ ਮੁਸਲਮਾਨ ਬਹੁਗਿਣਤੀ ਮੁਹੱਲੇ 'ਚ ਘੁਸਣ ਕਾਰਨ ਸਥਾਨਕ ਮੁਸਲਮਾਨਾਂ ਨਾਲ ਟਕਰਾਅ ਖੜ੍ਹਾ ਹੋਇਆ। ਜਿਸ ਦੌਰਾਨ ਕੁਝ ਵਿਅਕਤੀ ਜ਼ਖ਼ਮੀ ਹੋ ਗਏ। ਇਸੇ ਤਰ੍ਹਾਂ ਦਾ ਇਕ ਟਕਰਾਅ ਪਨਵੇਲ ਰੇਲਵੇ ਸਟੇਸ਼ਨ 'ਤੇ ਵੀ ਹੋਣ ਦੀ ਰਿਪੋਰਟ ਹੈ। ਥਾਣੇ ਜ਼ਿਲ੍ਹੇ ਵਿਚ ਤਿੰਨ ਫਿਰਕੂ ਝੜਪਾਂ ਹੋਣ ਦੀ ਖ਼ਬਰ ਹੈ। ਮੁੱਖ ਮੰਤਰੀ ਫੜਨਵੀਸ ਦੇ ਦੰਗਈਆਂ ਵਿਰੁੱਧ ਸਖ਼ਤ ਕਾਰਵਾਈ ਦੇ ਬਿਆਨ ਤੋਂ ਅਗਲੇ ਦਿਨ ਨਯਾ ਨਗਰ ਇਲਾਕੇ 'ਚ ਸੜਕ ਕਿਨਾਰੇ 20 'ਗੈਰਕਾਨੂੰਨੀ' ਦੁਕਾਨਾਂ ਬੁਲਡੋਜ਼ਰ ਚਲਾ ਕੇ ਢਾਹ ਦਿੱਤੀਆਂ ਗਈਆਂ। ਯਾਨੀ ਸਿਰਫ਼ ਮੁਸਲਮਾਨ ਹੀ ਦੰਗਈ ਹਨ ਜਿਨ੍ਹਾਂ ਨੂੰ ਸਬਕ ਸਿਖਾਉਣ ਲਈ ਭਾਰਤੀ ਲੋਕਤੰਤਰ ਕੋਲ ਬੁਲਡੋਜ਼ਰ ਦੀ ਆਪਸ਼ਨ ਹੀ ਹੈ!

ਮੱਧ ਪ੍ਰਦੇਸ਼ ਦੇ ਝਬੂਆ ਜ਼ਿਲ੍ਹੇ ਵਿਚ 21 ਜਨਵਰੀ ਨੂੰ ਚਾਰ ਕਬਾਇਲੀ ਬਹੁਗਿਣਤੀ ਵਾਲੇ ਪਿੰਡਾਂ ਵਿਚ ਈਸਾਈ ਚਰਚਾਂ ਉੱਪਰ ਹਿੰਦੂ ਹਜੂਮ ਵੱਲੋਂ ਧੱਕੇ ਨਾਲ ਭਗਵਾ ਝੰਡੇ ਲਗਾ ਦਿੱਤੇ ਗਏ ਜਿਨ੍ਹਾਂ ਉੱਪਰ 'ਜੈ ਸ੍ਰੀਰਾਮ' ਦਾ ਨਾਅਰਾ ਅਤੇ ਭਗਵਾਨ ਹਨੂਮਾਨ ਦੀ ਤਸਵੀਰ ਛਪੀ ਹੋਈ ਸੀ। ਤੇਲੰਗਾਨਾ ਦੇ ਸਾਂਗਾਰੈਡੀ ਜ਼ਿਲ੍ਹੇ ਦੇ ਹਥਨੂਰ ਪਿੰਡ ਵਿਚ ਹਿੰਦੂਤਵੀ ਹਜੂਮ ਨੇ ਮੁਸਲਮਾਨ ਦੁਕਾਨਦਾਰਾਂ ਦੀਆਂ ਦੁਕਾਨਾਂ ਦੀ ਭੰਨਤੋੜ ਕੀਤੀ। ਅੱਗਜ਼ਨੀ ਅਤੇ ਵਾਹਨਾਂ ਦੀ ਭੰਨਤੋੜ ਵੀ ਹੋਈ।

21 ਜਨਵਰੀ ਨੂੰ ਗੁਜਰਾਤ ਦੇ ਮਹਿਸਾਨਾ ਜ਼ਿਲ੍ਹੇ ਦੇ ਮੁਸਲਮਾਨ ਬਹੁਗਿਣਤੀ ਬੇਲਿਮ ਵਾਸ ਇਲਾਕੇ 'ਚ 'ਸ਼ੋਭਾ ਯਾਤਰਾ' ਟਕਰਾਅ ਦਾ ਕਾਰਨ ਬਣੀ। ਸਥਾਨਕ ਬਾਸ਼ਿੰਦਿਆਂ ਵੱਲੋਂ ਮਸਜਿਦ ਸਾਹਮਣੇ ਕੰਨ-ਪਾੜਵੇਂ ਸੰਗੀਤ ਅਤੇ ਪਟਾਕੇ ਨਾ ਚਲਾਉਣ ਦੀ ਅਪੀਲ ਪਹਿਲਾਂ ਤਕਰਾਰ ਤੇ ਫਿਰ ਹਿੰਸਕ ਟਕਰਾਅ 'ਚ ਬਦਲ ਗਈ। ਦੀ ਵਾਇਰ ਦੀ ਰਿਪੋਰਟ ਅਨੁਸਾਰ ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਪੁਲਿਸ ਨੇ ਸਿਰਫ਼ ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਘਰ ਤੇ ਵਾਹਨ ਤੋੜ ਦਿੱਤੇ ਗਏ ਜਦਕਿ ਸ਼ੋਭਾ ਯਾਤਰਾ ਵਾਲਿਆਂ ਨੂੰ ਤਲਵਾਰਾਂ ਅਤੇ ਰਾਡਾਂ ਲੈ ਕੇ ਚੱਲਣ ਦੀ ਇਜਾਜ਼ਤ ਦਿੱਤੀ ਗਈ।

ਕਰਨਾਟਕਾ ਦੇ ਬਿਦਰ ਜ਼ਿਲ੍ਹੇ ਦੇ ਹੁਮਨਾਬਾਦ ਵਿਚ ਇਕ 12ਵੀਂ ਜਮਾਤ ਦੇ ਵਿਦਿਆਰਥੀ ਨੂੰ ਹਜੂਮ ਨੇ ਇਹ ਦੋਸ਼ ਲਾ ਕੇ ਅਤੇ ਅਗਵਾ ਕਰਕੇ ਹਨੂਮਾਨ ਮੰਦਰ ਵਿਚ ਲਿਜਾ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਕਿ ਉਸਨੇ ਵੱਟਸਐਪ ਉੱਪਰ ਭਗਵਾਨ ਰਾਮ ਅਤੇ ਭਗਵਾਨ ਹਨੂਮਾਨ ਦਾ ਅਪਮਾਨ ਕਰਨ ਵਾਲੀ ਪੋਸਟ ਪਾਈ ਸੀ। ਲੜਕੇ ਅਨੁਸਾਰ ਉਸ ਨੇ ਕੁਝ ਵੀ ਗ਼ਲਤ ਨਹੀਂ ਕੀਤਾ, ਉਸ ਦੀ ਪੋਸਟ ਵਿਚ ਡਾ. ਅੰਬੇਡਕਰ, ਭਗਵਾਨ ਰਾਮ ਅਤੇ ਹਨੂਮਾਨ ਦੀਆਂ ਤਸਵੀਰਾਂ ਸਨ।

ਉੱਤਰ ਪ੍ਰਦੇਸ਼ ਵਿਚ ਆਗਰਾ ਵਿਚ ਇਕ 17ਵੀਂ ਸਦੀ ਦੀ ਮਸਜਿਦ ਅਤੇ ਸੰਤ ਕਬੀਰ ਨਗਰ ਵਿਚ ਮਸਜਿਦ ਉੱਪਰ ਹਮਲਾ ਕਰਕੇ ਉੱਥੇ ਭਗਵਾ ਧਵੱਜ ਲਗਾ ਦਿੱਤੇ ਗਏ



ਅਤੇ ਮਸਜਿਦ 'ਚ ਮੌਜੂਦ ਮੁਸਲਮਾਨਾਂ ਨੂੰ ਗਾਲ੍ਹਾਂ ਤੇ ਧਮਕੀਆਂ ਦੇ ਕੇ ਉਨ੍ਹਾਂ ਨੂੰ ਇਹ ਅਹਿਸਾਸ ਕਰਾਇਆ ਗਿਆ ਕਿ ਹੁਣ ਉਨ੍ਹਾਂ ਦਾ ਅਕੀਦਾ ਅਤੇ ਨਾਗਰਿਕ ਅਧਿਕਾਰ ਬਹੁਗਿਣਤੀ ਰਾਜ ਦੇ ਰਹਿਮ-ਕਰਮ 'ਤੇ ਹਨ।

ਤੇਲੰਗਾਨਾ-ਕਰਨਾਟਕਾ ਸਰਹੱਦ ਉੱਪਰਲੇ ਮੋਰਗੀ ਪਿੰਡ (ਜ਼ਿਲ੍ਹਾ ਸੰਗਾਰੈਡੀ) ਵਿਚ ਇਕ 19 ਸਾਲ ਦੇ ਲੜਕੇ ਨੂੰ ਹਿੰਦੂ ਹਜੂਮ ਨੇ ਧਾਰਮਿਕ ਝੰਡੇ ਦਾ ਅਪਮਾਨ ਕਰਨ ਦਾ ਦੋਸ਼ ਲਾ ਕੇ ਕੁਟਾਪਾ ਚਾੜ੍ਹਿਆ, ਨਿਰਵਸਤਰ ਕਰਕੇ ਪਿੰਡ 'ਚ ਘੁੰਮਾਇਆ ਅਤੇ ਉਸ ਦੇ ਗੁਪਤ ਅੰਗ ਨੂੰ ਜਲਾਉਣ ਦੀ ਕੋਸ਼ਿਸ਼ ਵੀ ਕੀਤੀ। ਹਮਲੇ ਦੀ ਵੀਡੀਓ ਬਣਾਕੇ ਸੋਸ਼ਲ ਮੀਡੀਆ ਉੱਪਰ ਸ਼ੇਅਰ ਕੀਤੀ ਗਈ। ਪੁਲਿਸ ਨੇ ਪੰਜ ਦੋਸ਼ੀਆਂ ਦੀ ਪਛਾਣ ਕਰ ਲੈਣ ਦਾ ਦਾਅਵਾ ਕੀਤਾ ਹੈ ਪਰ ਗੌਰਤਲਬ ਇਹ ਹੈ ਕਿ ਪੀੜਤ ਲੜਕੇ ਦਾ ਰਿਮਾਂਡ ਲੈ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

ਪੰਜਾਬ ਵਿਚ ਉੱਘੇ ਤਰਕਸ਼ੀਲ ਆਗੂ ਸੁਰਜੀਤ ਦੌਧਰ (ਲੁਧਿਆਣਾ) ਸਮੇਤ ਧਨੌਲਾ (ਬਰਨਾਲਾ), ਰਾਮਾ ਮੰਡੀ (ਬਠਿੰਡਾ), ਭੀਖੀ (ਮਾਨਸਾ), ਗੜ੍ਹਸ਼ੰਕਰ (ਹੁਸ਼ਿਆਰਪੁਰ) ਵਿਚ ਪੰਜ ਵਿਅਕਤੀਆਂ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਕੇਸ ਦਰਜ ਕੀਤੇ ਗਏ ਹਨ। ਚਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬੇਸ਼ੱਕ ਇਨ੍ਹਾਂ ਵਿੱਚੋਂ ਦੋ ਪੋਸਟਾਂ ਤੇ ਟਿੱਪਣੀਆਂ ਦੇ ਸ਼ਬਦ ਕਿਸੇ ਸੂਝਵਾਨ ਇਨਸਾਨ ਨੂੰ ਵੀ ਗ਼ਲਤ ਲੱਗਦੇ ਹਨ। ਪਰ ਪੋਸਟਾਂ ਦਾ ਮਨੋਰਥ ਭਗਵਾਨ ਰਾਮ ਜਾਂ ਹਿੰਦੂ ਧਰਮ ਦਾ ਅਪਮਾਨ ਕਰਨਾ ਜਾਂ ਹਿੰਦੂ ਭਾਈਚਾਰੇ ਨੂੰ ਠੇਸ ਪਹੁੰਚਾਉਣਾ ਨਹੀਂ ਜਾਪਦਾ। ਜ਼ਿਆਦਾਤਰ ਟਿੱਪਣੀਆਂ ਦਾ ਸਰੋਕਾਰ ਭਗਵਾਨ ਰਾਮ ਦੇ ਨਾਮ 'ਤੇ ਖੇਡੀ ਜਾ ਰਹੀ ਫਿਰਕੂ ਸਿਆਸਤ ਨਾਲ ਹੈ।

ਦੂਜੇ ਪਾਸੇ, ਪਰਚੇ ਦਰਜ ਕਰਾਉਣ ਵਾਲਿਆਂ ਦਾ ਉਦੇਸ਼ ਕਥਿਤ ਦੋਸ਼ੀਆਂ ਨੂੰ ਸੰਵਾਦ ਰਾਹੀਂ ਗ਼ਲਤ ਸਾਬਤ ਕਰਨਾ ਨਹੀਂ ਸਗੋਂ ਦਹਿਸ਼ਤ ਦਾ ਮਾਹੌਲ ਬਣਾ ਕੇ ਆਲੋਚਕਾਂ ਦੀ ਜ਼ੁਬਾਨਬੰਦੀ ਕਰਨਾ ਅਤੇ ਫਿਰਕੂ ਪਾਲਾਬੰਦੀ ਵਧਾਉਣ ਲਈ ਰਾਹ ਪੱਧਰਾ ਕਰਨਾ ਹੈ। ਸੱਤਾਧਾਰੀ ਧਿਰ ਦਾ ਧਰਮ ਜਾਂ ਇਸ ਦੇ ਅਪਮਾਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਉਨ੍ਹਾਂ ਨੂੰ ਤਾਂ ਫਿਰਕੂ ਪਾਲਾਬੰਦੀ ਲਈ ਮੁੱਦਿਆਂ ਦੀ ਭਾਲ ਹੈ। ਪਰਚੇ ਦਰਜ ਕਰਾਉਣ ਵਾਲੀਆਂ ਜਥੇਬੰਦੀਆਂ ਸ਼ੰਕਰਾਚਾਰੀਆਂ ਵੱਲੋਂ ਚੁੱਕੇ ਸਵਾਲਾਂ ਬਾਰੇ ਚੁੱਪ ਹਨ। ਪਰ ਹੋਰ ਆਲੋਚਕਾਂ ਬਾਰੇ ਹਿੰਦੂ ਭਾਈਚਾਰੇ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਇਹ ਵਿਅਕਤੀ ਹਿੰਦੂ ਧਰਮ ਦੇ ਵਿਰੋਧੀ ਹਨ ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ। 2014 ਤੋਂ ਲੈ ਕੇ ਸੈਡੀਸ਼ਨ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਸਮਾਜਿਕ ਸਦਭਾਵਨਾ ਲਈ ਖ਼ਤਰਾ ਪੈਦਾ ਕਰਨ ਵਰਗੇ ਇਕਤਰਫ਼ਾ ਕੇਸ ਰਾਸ਼ਟਰਵਾਦੀ ਜਨੂੰਨ ਭੜਕਾਉਣ ਅਤੇ ਫਿਰਕੂ ਭੀੜਾਂ ਨੂੰ ਲਾਮਬੰਦ ਕਰਨ ਦਾ ਸਾਧਨ ਚਲੇ ਆ ਰਹੇ ਹਨ।

ਅੰਧਕਾਰ ਦੇ ਬੋਲਬਾਲੇ ਲਈ ਧਾਰਮਿਕ ਅਸਹਿਣਸ਼ੀਲਤਾ ਜ਼ਰੂਰੀ ਹੈ। ਹਰ ਤਰ੍ਹਾਂ ਦੀਆਂ ਕੱਟੜ, ਪਿਛਾਂਹਖਿੱਚੂ ਤਾਕਤਾਂ ਮਾਮੂਲੀ ਆਲੋਚਨਾ ਨੂੰ ਸਹਿਜ ਰੂਪ ਵਿਚ ਲੈਣ ਦੀ ਬਜਾਏ ਦਲੀਲ ਨੂੰ ਧੌਂਸ ਨਾਲ ਦਬਾਉਣ ਵਿਚ ਯਕੀਨ ਰੱਖਦੀਆਂ ਹਨ। ਵੱਖ ਵੱਖ ਧਾਰਮਿਕ ਅਕੀਦਿਆਂ ਦੇ ਧਾਰਨੀਆਂ ਦਰਮਿਆਨ ਦਲੀਲ ਆਧਾਰਿਤ ਸਾਰਥਕ ਸੰਵਾਦ ਦੀ ਸਿਹਤਮੰਦ ਪਰੰਪਰਾ ਕੱਟੜਵਾਦੀ ਤਾਕਤਾਂ ਦੇ ਸੌੜੇ ਹਿਤਾਂ ਨੂੰ ਰਾਸ ਨਹੀਂ ਆਉਂਦੀ। ਸੰਵਾਦ ਦੀ ਸਪੇਸ ਪੂਰੀ ਤਰ੍ਹਾਂ ਖਤਮ ਕੀਤੀ ਜਾ ਰਹੀ ਹੈ। ਭਗਵਾ ਹਕੂਮਤ ਹੇਠ ਪੂਰੇ ਮੁਲਕ ਵਿਚ ਜਿਸ ਤਰ੍ਹਾਂ ਦਾ ਦਮਘੋਟੂ ਮਾਹੌਲ ਬਣਾਇਆ ਗਿਆ ਹੈ, ਆਉਣ ਵਾਲੇ ਸਮੇਂ ਵਿਚ ਇਸ ਦੇ ਹੋਰ ਵੀ ਬੇਕਿਰਕ ਰੂਪ ਵਿਚ ਸਾਹਮਣੇ ਆਉਣ ਦੇ ਆਸਾਰ ਹਨ। ਅੱਜ ਭਗਵਾਨ ਰਾਮ ਵਿਰੁੱਧ ਟਿੱਪਣੀਆਂ ਦੇ ਬਹਾਨੇ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਮੁੱਦਾ ਬਣਾਇਆ ਗਿਆ ਹੈ, ਭਵਿੱਖ ਵਿਚ ਅਜਿਹੇ ਹੋਰ ਮੁੱਦੇ ਬਣਾਏ ਜਾਣਗੇ।

ਮਹਿਜ਼ ਸੋਸ਼ਲ ਮੀਡੀਆ ਪੋਸਟ ਨੂੰ ਆਧਾਰ ਬਣਾ ਕੇ ਕੁਝ ਹਿੰਦੂ ਜਥੇਬੰਦੀਆਂ ਵੱਲੋਂ ਪਾਏ ਦਬਾਅ ਹੇਠ ਪੁਲਿਸ ਵੱਲੋਂ 295-ਏ ਤਹਿਤ ਪਰਚੇ ਦਰਜ ਕਰਨ ਅਤੇ ਤੁਰੰਤ ਗ੍ਰਿਫ਼ਤਾਰੀ ਕਰਨ ਤੋਂ ਸਪਸ਼ਟ ਹੈ ਕਿ ਪੁਲਿਸ ਅਧਿਕਾਰੀ ਮਾਮਲੇ ਦੀ ਆਜ਼ਾਦਾਨਾ ਤਫ਼ਤੀਸ਼ ਕਰਨ ਦੀ ਵੀ ਜ਼ਰੂਰਤ ਨਹੀਂ ਸਮਝਦੇ। ਉਹ ਸੱਤਾ ਦਾ ਖ਼ੌਫ਼ ਪੈਦਾ ਕਰਨ ਲਈ ਡੰਡੇ ਦਾ ਕਿੰਤੂਰਹਿਤ ਰਾਜ ਕਾਇਮ ਕਰਨ ਦਾ ਸਾਧਨ ਬਣੇ ਹੋਏ ਹਨ।


295-ਏ ਲੋਕਾਂ ਦੀ ਜ਼ੁਬਾਨਬੰਦੀ ਦਾ ਹਥਿਆਰ ਹੈ, ਜਿਸ ਨੂੰ ਹੋਰ ਕਾਲੇ ਕਾਨੂੰਨਾਂ ਤਹਿਤ ਭਾਰਤੀ ਹਾਕਮ ਜਮਾਤ ਨੇ ਨਾਗਰਿਕਾਂ ਨੂੰ ਦਬਾਉਣ ਲਈ ਜਾਣ ਬੁੱਝ ਕੇ ਬਰਕਰਾਰ ਰੱਖਿਆ ਹੋਇਆ ਹੈ। ਪੁਰਾਣੇ ਇੰਡੀਅਨ ਪੀਨਲ ਕੋਡ ਵਾਲੀਆਂ ਸੈਡੀਸ਼ਨ (ਰਾਜਧ੍ਰੋਹ) ਵਰਗੀਆਂ ਜਾਬਰ ਧਾਰਾਵਾਂ ਨੂੰ ਨਵੇਂ ਰੂਪ ਵਿਚ ਅਤੇ ਹੋਰ ਵੀ ਬੇਕਿਰਕ ਬਣਾ ਕੇ ਭਾਰਤੀਆ ਨਿਆਏ ਸੰਹਿਤਾ ਦਾ ਹਿੱਸਾ ਬਣਾਇਆ ਗਿਆ ਹੈ। ਯੂਏਪੀਏ ਵਰਗੇ ਕਾਲੇ ਕਾਨੂੰਨ ਪੂਰੇ ਮੁਲਕ ਵਿਚ ਇਨਸਾਫ਼ਪਸੰਦਾਂ ਅਤੇ ਹਕੂਮਤ ਦੇ ਆਲੋਚਕਾਂ ਵਿਰੁੱਧ ਧੜਾਧੜ ਵਰਤੇ ਜਾ ਰਹੇ ਹਨ। ਇਨ੍ਹਾਂ ਜਾਬਰ ਕਾਨੂੰਨਾਂ ਬਾਰੇ ਜਾਗਰੂਕਤਾ ਆਮ ਨਾਗਰਿਕ ਦੀ ਚੇਤਨਾ ਦਾ ਹਿੱਸਾ ਨਹੀਂ ਹੈ। ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਉਪਰੋਕਤ ਕੇਸ ਵਾਪਸ ਲੈਣ ਦੀ ਮੰਗ ਕਰਨ ਦੇ ਨਾਲ-ਨਾਲ 295-ਏ ਅਤੇ ਲੋਕਾਂ ਦੀ ਸੰਘੀ ਘੁੱਟਣ ਵਾਲੇ ਸਾਰੇ ਹੀ ਜਾਬਰ ਕਾਲੇ ਕਾਨੂੰਨਾਂ ਨੂੰ ਖਤਮ ਕਰਾਉਣ ਵਿਰੁੱਧ ਲਗਾਤਾਰ ਮੁਹਿੰਮ ਹੱਥ ਲੈਣੀ ਚਾਹੀਦੀ ਹੈ ਅਤੇ ਵਿਆਪਕ ਲੋਕ ਰਾਇ ਤਿਆਰ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਉਪਰੋਕਤ ਮਾਹੌਲ ਵਿਚ ਪਿਛਾਂਹਖਿੱਚੂ ਵਿਚਾਰਾਂ, ਅੰਧਵਿਸ਼ਵਾਸਾਂ ਦਾ ਵਿਰੋਧ ਕਰਨ ਵਾਲੀਆਂ ਲੋਕ ਹਿਤੈਸ਼ੀ ਤਾਕਤਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ। ਸੰਵਾਦ ਅਤੇ ਟਿੱਪਣੀਆਂ ਆਮ ਲੋਕਾਂ ਨੂੰ ਪ੍ਰੇਰਿਤ ਕਰਨ ਵਾਲੇ ਹੋਣ ਅਤੇ ਇਹ ਸੌੜੇ ਸਵਾਰਥਾਂ ਵਾਲੀਆਂ ਕਥਿਤ ਧਾਰਮਿਕ ਤਾਕਤਾਂ ਦੇ ਹੱਥ ਵਿਚ ਹਥਿਆਰ ਨਾ ਬਣਨ। ਭਾਰਤੀ ਸਮਾਜ ਦੀ ਧਾਰਮਿਕ-ਸੱਭਿਆਚਾਰਕ ਵੰਨ-ਸੁਵੰਨਤਾ, ਸਮਾਜਿਕ ਸਦਭਾਵਨਾ ਅਤੇ ਆਰਥਿਕਤਾ ਖ਼ਤਰਨਾਕ ਹਮਲੇ ਦੀ ਮਾਰ ਹੇਠ ਹੈ। ਆਮ ਲੋਕਾਈ ਨੂੰ ਸਾਡੇ ਸਮਾਜ ਦੇ ਅਸਲ ਸਰੋਕਾਰਾਂ, ਮੁੱਦਿਆਂ ਅਤੇ ਮਸਲਿਆਂ ਬਾਰੇ ਬਹੁਤ ਹੀ ਤਹੱਮਲ, ਸੂਝ ਅਤੇ ਦਲੀਲ ਨਾਲ ਜਾਗਰਿਤ ਤੇ ਚੇਤਨ ਕਰਨ ਦੀ ਜ਼ਰੂਰਤ ਹੈ।

ਇਕ ਸ਼ਰਧਾਂਜਲੀ

*(ਐਡ ਬ੍ਰੌਡਬੈਂਟ 1980 ਦਾ ਭਾਸ਼ਣ )*

# ਵੈਲਫੇਅਰ ਸਟੇਟ ਦਾ ਅਸਲੀ ਸਵਾਲ





## *ਅਜੋਕੀ ਕੈਨੇਡੀਅਨ ਰਾਜਨੀਤੀ ਨੂੰ ਸਮਝਣ ਦੇ ਸਵਾਲ 'ਤੇ ਐਡ ਬ੍ਰੌਡਬੈਂਟ ਦੀ ਦਿਸ਼ਾ ਨੂੰ ਸਮਝਣਾ ਵੀ ਜ਼ਰੂਰੀ ਹੈ ਕਿ ਕਿਸ ਕਿਸਮ ਨਾਲ ਹੁਣ ਐਨਡੀਪੀ ਅਤੇ ਫੈਡਰਲ ਸਰਕਾਰ ਆਪਣੇ ਰਸਤੇ ਤੋਂ ਭਟਕ ਗਈ ਹੈ*

**(ਐਡ ਬ੍ਰਾਡਬੇਂਟ ਕੈਨੇਡੀਅਨ ਸਮਾਜਵਾਦੀ ਐਡ ਬਰਾਡਬੈਂਟ ਦੀ ਇਸ ਮਹੀਨੇ ਦੇ ਸ਼ੁਰੂ ਵਿੱਚ ਮੌਤ ਹੋ ਗਈ ਸੀ। ਉਸਦੇ ਅੰਤਮ ਸੰਸਕਾਰ ਦੇ ਹਫਤੇ ਦੇ ਅੰਤ ਵਿੱਚ, ਅਸੀਂ ਕੈਨੇਡੀਅਨ ਹਾਊਸ ਆਫ ਕਾਮਨਜ਼ ਵਿੱਚ ਉਸਦੇ ਪ੍ਰਭਾਵਸ਼ਾਲੀ ਪਹਿਲੇ ਭਾਸ਼ਣ ਨੂੰ ਦੁਬਾਰਾ ਪ੍ਰਕਾਸ਼ਿਤ ਕਰਦੇ ਹਾਂ, ਜਿਸ ਵਿੱਚ ਉਸਨੇ ਲੋਕਤੰਤਰ ਨੂੰ ਡੂੰਘਾ ਕਰਨ ਅਤੇ ਕਲਿਆਣਕਾਰੀ ਰਾਜ ਤੋਂ ਪਰੇ ਜਾਣ ਦੀ ਲੋੜ ਲਈ ਦਲੀਲ ਦਿੱਤੀ ਸੀ। ਐਡ ਬ੍ਰੌਡਬੈਂਟ, ਸਮਾਜਿਕ ਜਮਹੂਰੀ ਰਾਜਨੀਤੀ ਦੇ ਜੀਵਨ ਭਰ ਦੇ ਚੈਂਪੀਅਨ, ਦਾ 11 ਜਨਵਰੀ ਨੂੰ ਸੱਤਰ ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ, ਜਿਸ ਨਾਲ ਕੈਨੇਡਾ ਦੇ ਰਾਜਨੀਤਿਕ ਲੈਂਡਸਕੇਪ ਵਿੱਚ ਇੱਕ ਮਹੱਤਵਪੂਰਨ ਖਲਾਅ ਪੈਦਾ ਹੋ ਗਿਆ ਹੈ ਅਤੇ ਦੇਸ਼ ਦੇ ਖੱਬੇ ਪੱਖੀ ਲਈ ਇੱਕ ਦੁਖਦਾਈ ਘਾਟਾ ਹੈ। ਬ੍ਰੌਡਬੈਂਟ, ਜਿਸਨੇ ਸੰਸਦ ਦੇ ਮੈਂਬਰ ਵਜੋਂ ਸੇਵਾ ਕੀਤੀ ਅਤੇ ਇੱਕ ਕੱਟੜ ਲੇਬਰ ਐਡਵੋਕੇਟ ਸੀ, ਨੇ 1975 ਤੋਂ 1989 ਤੱਕ ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ (NDP) ਦੀ ਅਗਵਾਈ ਕੀਤੀ। 2011 ਵਿੱਚ, ਉਸਨੇ ਬ੍ਰੌਡਬੈਂਟ ਇੰਸਟੀਚਿਊਟ, ਇੱਕ ਪ੍ਰਗਤੀਸ਼ੀਲ ਨੀਤੀ ਖੋਜ ਅਤੇ ਵਿਦਿਅਕ ਸੰਸਥਾ ਦੀ ਸਥਾਪਨਾ ਕੀਤੀ। 20 ਸਤੰਬਰ, 1968 ਨੂੰ, ਬ੍ਰੌਡਬੈਂਟ ਨੇ ਕੈਨੇਡਾ ਦੀ 28ਵੀਂ ਪਾਰਲੀਮੈਂਟ ਦੇ ਪਹਿਲੇ ਸੈਸ਼ਨ ਦੌਰਾਨ ਹਾਊਸ ਆਫ਼ ਕਾਮਨਜ਼ ਵਿੱਚ ਆਪਣਾ ਪਹਿਲਾ ਭਾਸ਼ਣ ਦਿੱਤਾ, ਜੋ ਹੇਠਾਂ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ। ਉਸ ਸਮੇਂ, ਜਸਟਿਨ ਟਰੂਡੋ ਦੇ ਪਿਤਾ ਪੀਅਰੇ ਇਲੀਅਟ ਟਰੂਡੋ ਨੂੰ ਪ੍ਰਧਾਨ ਮੰਤਰੀ ਵਜੋਂ ਅਹੁਦੇ ਲਈ ਚੁਣਿਆ ਗਿਆ ਸੀ।)**

ਮੈਡੀਕੇਅਰ ਅਤੇ ਕੈਨੇਡੀਅਨ ਪੈਨਸ਼ਨ ਯੋਜਨਾ ਵਰਗੀਆਂ ਹਾਲੀਆ ਪ੍ਰਾਪਤੀਆਂ ਦੁਆਰਾ ਉਤਸ਼ਾਹਿਤ, ਇੱਕ ਵਧੇਰੇ ਉਦਾਰ ਅਤੇ ਸਮਾਜਿਕ ਤੌਰ 'ਤੇ ਪ੍ਰਗਤੀਸ਼ੀਲ ਕੈਨੇਡਾ ਦੇ ਟਰੂਡੋ ਦੇ ਦ੍ਰਿਸ਼ਟੀਕੋਣ ਲਈ ਉਤਸ਼ਾਹ ਦੀ ਇੱਕ ਲਹਿਰ 'ਟਰੂਡੋਮੇਨੀਆ' ਦੁਆਰਾ ਰਾਸ਼ਟਰ ਨੂੰ ਮੋਹਿਤ ਕੀਤਾ ਗਿਆ ਸੀ। ਮੌਜੂਦਾ ਤੌਰ 'ਤੇ, ਬ੍ਰੌਡਬੈਂਟ ਦੇ ਉਦਘਾਟਨੀ ਭਾਸ਼ਣ ਨੇ ਇੱਕ ਹੋਰ ਭਾਗੀਦਾਰੀ ਵਾਲੇ ਲੋਕਤੰਤਰ ਵੱਲ ਬਦਲਣ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ, ਇਸ ਉਤਸ਼ਾਹ ਵਿੱਚ ਛੇਕ ਦਿੱਤੇ। ਬ੍ਰੌਡਬੈਂਟ ਦੇ ਦ੍ਰਿਸ਼ਟੀਕੋਣ ਨੇ ਕੈਨੇਡਾ ਲਈ ਇੱਕ ਅਜਿਹੇ ਸਮਾਜ ਵੱਲ ਬੁਨਿਆਦੀ ਕਲਿਆਣਕਾਰੀ ਪਹਿਲਕਦਮੀਆਂ ਤੋਂ ਅੱਗੇ ਤਰੱਕੀ ਕਰਨ ਲਈ ਇੱਕ ਮਾਰਗ ਨਿਰਧਾਰਿਤ ਕੀਤਾ ਜੋ ਸੱਚਮੁੱਚ ਨਿਆਂਪੂਰਨ ਅਤੇ ਸਮਾਨਤਾਵਾਦੀ ਹੈ - ਇੱਕ ਦ੍ਰਿਸ਼ਟੀ ਜੋ ਅੱਜ ਵੀ ਡੂੰਘਾਈ ਨਾਲ ਸੰਬੰਧਿਤ ਹੈ। ਹੁਣ, ਮੇਰੇ ਛੋਟੇ ਪਰ, ਮੈਂ ਉਮੀਦ ਕਰਦਾ ਹਾਂ ਕਿ, ਪੂਰੀ ਤਰ੍ਹਾਂ ਅਪ੍ਰਸੰਗਿਕ ਭਾਸ਼ਣ ਨਹੀਂ, ਮੈਂ ਪ੍ਰਧਾਨ ਮੰਤਰੀ (ਸ਼੍ਰੀਮਾਨ ਟਰੂਡੋ) ਦੁਆਰਾ ਉਠਾਏ ਗਏ ਦੋ ਮੁੱਦਿਆਂ ਵੱਲ ਆਪਣੇ ਆਪ ਨੂੰ ਸੰਬੋਧਿਤ ਕਰਨਾ ਚਾਹੁੰਦਾ ਹਾਂ। ਇਸ ਹਫਤੇ ਦੇ ਸੋਮਵਾਰ ਨੂੰ ਆਪਣੇ ਭਾਸ਼ਣ ਵਿੱਚ, ਸਹੀ ਮਾਨਯੋਗ. ਸੱਜਣ ਨੇ ਸੁਝਾਅ ਦਿੱਤਾ ਕਿ ਮੌਜੂਦਾ ਬਹਿਸ ਦੌਰਾਨ ਸਾਡੀਆਂ ਵਿਚਾਰ-ਵਟਾਂਦਰੇ ਵਿੱਚ ਸਾਨੂੰ ਆਪਣੇ ਆਪ ਨੂੰ ਉਹਨਾਂ ਸਵਾਲਾਂ ਨਾਲ ਚਿੰਤਤ ਹੋਣਾ ਚਾਹੀਦਾ ਹੈ ਜੋ 'ਅਸੀਂ ਕਿਸ ਤਰ੍ਹਾਂ ਦੇ ਦੇਸ਼ ਵਿੱਚ ਰਹਿਣਾ ਚਾਹੁੰਦੇ ਹਾਂ ਅਤੇ ਅਜਿਹੇ ਦੇਸ਼ ਨੂੰ ਬਣਾਉਣ ਲਈ ਸਾਨੂੰ ਕਿਸ ਦਿਸ਼ਾ ਵਿੱਚ ਅੱਗੇ ਵਧਣਾ ਚਾਹੀਦਾ ਹੈ' ਨਾਲ ਸਬੰਧਤ ਹੈ। ਇਸ ਸਾਲ ਦੇ ਸ਼ੁਰੂ ਵਿੱਚ ਪ੍ਰਧਾਨ ਮੰਤਰੀ ਨੇ ਸੁਝਾਅ ਦਿੱਤਾ ਸੀ, ਜੇਕਰ ਮੈਂ ਉਨ੍ਹਾਂ ਨੂੰ ਸਹੀ ਢੰਗ ਨਾਲ ਸਮਝਦਾ ਹਾਂ, ਕਿ ਕੈਨੇਡਾ ਵਿੱਚ ਅਸੀਂ ਇੱਕ ਕਲਿਆਣਕਾਰੀ ਰਾਜ ਦੇ ਨਿਰਮਾਣ ਲਈ ਆਪਣੀਆਂ ਕੋਸ਼ਿਸ਼ਾਂ ਵਿੱਚ ਵੱਧ ਤੋਂ ਵੱਧ ਗਏ ਹਾਂ। ਇੱਕ ਵਾਰ ਜਦੋਂ ਸਾਡੇ ਕੋਲ ਇੱਕ ਰਾਸ਼ਟਰੀ ਆਧਾਰ 'ਤੇ ਮੈਡੀਕੇਅਰ ਦੀ ਸਥਾਪਨਾ ਹੋ ਜਾਂਦੀ ਹੈ, ਤਾਂ ਉਸਨੇ ਸੰਕੇਤ ਦਿੱਤਾ, ਢਾਂਚਾ ਲਗਭਗ ਪੂਰਾ ਹੋ ਜਾਵੇਗਾ। ਵਿਰੋਧੀ ਧਿਰ ਦੇ ਮੈਂਬਰ ਵਜੋਂ ਅਤੇ, ਖਾਸ ਕਰਕੇ, ਸ਼ਾਇਦ, ਇੱਕ ਨਿਊ ਡੈਮੋਕਰੇਟ ਦੇ ਰੂਪ ਵਿੱਚ, ਮੈਂ ਦੋਵਾਂ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਨਾਲ ਸਹਿਮਤ ਹੋਣ ਦੀ ਮੰਦਭਾਗੀ ਸਥਿਤੀ ਵਿੱਚ ਹਾਂ। ਸੰਖੇਪ ਵਿੱਚ, ਇਹ ਮੈਨੂੰ ਲੱਗਦਾ ਹੈ ਕਿ ਕੈਨੇਡਾ ਦੇ ਸਮਾਜਿਕ ਦਾਰਸ਼ਨਿਕ ਉਦੇਸ਼ਾਂ ਦੀ ਚਰਚਾ ਕੀਤੀ ਜਾਣੀ ਚਾਹੀਦੀ ਹੈ; ਅਤੇ ਦੂਜਾ, ਇਹ ਸੱਚ ਹੈ ਕਿ ਸਾਡੇ ਕੋਲ ਹੁਣ ਕੈਨੇਡਾ ਵਿੱਚ ਇੱਕ ਆਧੁਨਿਕ ਕਲਿਆਣਕਾਰੀ ਰਾਜ ਦੇ ਬੁਨਿਆਦੀ ਢਾਂਚੇ ਦੇ ਹਿੱਸੇ ਹਨ। ਸ਼੍ਰੀਮਾਨ ਸਪੀਕਰ, ਮੈਂ ਦੂਜੇ ਮੁੱਦੇ ਬਾਰੇ ਕੁਝ ਕਹਿ ਕੇ ਆਪਣਾ ਯੋਗਦਾਨ ਸ਼ੁਰੂ ਕਰਨਾ ਚਾਹਾਂਗਾ। ਕਨਫੈਡਰੇਸ਼ਨ ਤੋਂ ਬਾਅਦ ਦੇ ਸੌ ਸਾਲਾਂ ਨੂੰ ਮੋਟੇ ਤੌਰ 'ਤੇ ਦੋ ਸਮਾਜਿਕ-ਆਰਥਿਕ ਦੌਰਾਂ ਵਿੱਚ ਵੰਡਿਆ ਜਾ ਸਕਦਾ ਹੈ। 1930 ਦੇ ਦਹਾਕੇ ਤੱਕ ਕੈਨੇਡੀਅਨ ਇੱਕ ਵਿਹਾਰਕ ਪੂੰਜੀਵਾਦੀ ਜਮਹੂਰੀਅਤ ਦੀ ਨੀਂਹ ਰੱਖਣ ਲਈ ਚਿੰਤਤ ਸਨ ਜਿਸ ਵਿੱਚ ਸਾਡੇ ਦੋ ਪ੍ਰਮੁੱਖ ਸੱਭਿਆਚਾਰਕ ਸਮੂਹ ਘੱਟੋ-ਘੱਟ ਇੱਕ ਉਦਾਰ ਸੰਵਿਧਾਨ ਦੇ ਢਾਂਚੇ ਦੇ ਅੰਦਰ ਸ਼ਾਂਤੀ ਨਾਲ ਰਹਿ ਸਕਦੇ ਸਨ। ਇੱਕ ਉਦਾਰ ਜਮਹੂਰੀ ਸਮਾਜ ਦੇ ਕੇਂਦਰੀ ਹਿੱਸੇ ਪੂਰੇ ਦੇਸ਼ ਵਿੱਚ ਮਜ਼ਬੂਤੀ ਨਾਲ ਸਥਾਪਿਤ ਕੀਤੇ ਗਏ ਸਨ: ਯੂਨੀਵਰਸਲ ਫਰੈਂਚਾਈਜ਼; ਬੋਲਣ, ਧਰਮ, ਪ੍ਰੈਸ ਅਤੇ ਅਸੈਂਬਲੀ ਦੀ ਆਜ਼ਾਦੀ; ਮੁਕਾਬਲੇ ਵਾਲੀਆਂ ਸਿਆਸੀ ਪਾਰਟੀਆਂ; ਅਤੇ ਇੱਕ ਰਾਸ਼ਟਰੀ ਬੈਂਕਿੰਗ ਪ੍ਰਣਾਲੀ। 1930 ਦੇ ਦਹਾਕੇ ਤੋਂ ਅਸੀਂ ਕਲਾਸੀਕਲ ਉਦਾਰਵਾਦੀ ਢਾਂਚੇ ਦੀਆਂ ਮਹੱਤਵਪੂਰਨ ਤਬਦੀਲੀਆਂ ਦਾ ਅਨੁਭਵ ਕੀਤਾ ਹੈ। ਇਹਨਾਂ ਵਿੱਚੋਂ ਵਧੇਰੇ ਮਹੱਤਵਪੂਰਨ ਹਨ: (1) ਟਰੇਡ ਯੂਨੀਅਨਾਂ ਦੀ ਮੌਜੂਦਗੀ ਅਤੇ ਹੜਤਾਲ ਕਰਨ ਦਾ ਅਧਿਕਾਰ; (2) ਬੁਢਾਪਾ ਪੈਨਸ਼ਨਾਂ ਨੂੰ ਹੌਲੀ-ਹੌਲੀ ਲਾਗੂ ਕਰਨਾ; (3) ਪ੍ਰਗਤੀਸ਼ੀਲ ਟੈਕਸ ਦੇ ਕੁਝ ਰੂਪ; (4) ਵਿਆਪਕ ਮੈਡੀਕਲ ਅਤੇ ਸਿਹਤ ਪ੍ਰੋਗਰਾਮ; ਅਤੇ (5) ਇੱਕ ਬੇਰੁਜ਼ਗਾਰੀ ਬੀਮਾ ਯੋਜਨਾ। ਸਾਡੇ ਕੋਲ ਕੋਰ ਹੈ। ਹਾਲਾਂਕਿ, ਮੇਰੇ ਲਈ ਇਹ ਸੁਝਾਅ ਦੇਣਾ ਗਲਤ ਅਤੇ ਗੈਰ-ਜ਼ਿੰਮੇਵਾਰਾਨਾ ਦੋਵੇਂ ਹੋਵੇਗਾ ਕਿ ਸਾਡੇ ਕੋਲ ਸਾਰਾ ਸੇਬ ਹੈ। ਕੋਈ ਵੀ ਸਮਝਦਾਰ ਕੈਨੇਡੀਅਨ ਇਸ ਗੱਲ ਤੋਂ ਇਨਕਾਰ ਨਹੀਂ ਕਰੇਗਾ ਕਿ ਇਹਨਾਂ ਉਪਾਵਾਂ ਨੇ ਜੀਵਨ ਦੀ ਕਿਸਮ ਵਿੱਚ ਇੱਕ ਬਹੁਤ ਮਹੱਤਵਪੂਰਨ ਤਬਦੀਲੀ ਕੀਤੀ ਹੈ ਜਿਸਦਾ ਸਾਡੇ ਜ਼ਿਆਦਾਤਰ ਲੋਕ ਹੁਣ ਅਨੁਭਵ ਕਰ ਸਕਦੇ ਹਨ। ਉਨ੍ਹਾਂ ਨੇ ਲੱਖਾਂ ਬਾਲਗਾਂ ਅਤੇ ਬੱਚਿਆਂ ਲਈ ਗੁਣਾਤਮਕ ਤੌਰ 'ਤੇ ਭਰਪੂਰ ਜੀਵਨ ਲਈ ਗਿਣਾਤਮਕ ਆਧਾਰ ਪ੍ਰਦਾਨ ਕੀਤਾ ਹੈ। ਇਨ੍ਹਾਂ ਪੰਜ ਤਬਦੀਲੀਆਂ ਨੇ ਸਾਡੇ ਆਧੁਨਿਕ ਕਲਿਆਣਕਾਰੀ ਰਾਜ ਦਾ ਢਾਂਚਾਗਤ ਮੂਲ ਪ੍ਰਦਾਨ ਕੀਤਾ ਹੈ। ਮੈਂ ਇਸ ਗੱਲ 'ਤੇ ਜ਼ੋਰ ਦਿੰਦਾ ਹਾਂ ਕਿ ਸਾਡੇ ਕੋਲ ਕੋਰ ਹੈ. ਹਾਲਾਂਕਿ, ਮੇਰੇ ਲਈ ਇਹ ਸੁਝਾਅ ਦੇਣਾ ਗਲਤ ਅਤੇ ਗੈਰ-ਜ਼ਿੰਮੇਵਾਰਾਨਾ ਦੋਵੇਂ ਹੋਵੇਗਾ ਕਿ ਸਾਡੇ ਕੋਲ ਸਾਰਾ ਸੇਬ ਹੈ।

ਸੰਸਥਾਵਾਂ, ਕਨੂੰਨੀ ਸ਼ਕਤੀ ਨੂੰ ਸਿਖਰ 'ਤੇ ਕੁਝ ਤੋਂ ਹੇਠਾਂ ਬਹੁਤਿਆਂ ਤੱਕ ਬਦਲਣਾ ਚਾਹੀਦਾ ਹੈ। ਸਾਨੂੰ ਬੇਸ਼ੱਕ ਅਧਿਕਾਰ ਨਾਲ ਪੂਰੀ ਤਰ੍ਹਾਂ ਵੰਡਣ ਬਾਰੇ ਕੋਈ ਭੁਲੇਖਾ ਨਹੀਂ ਹੋ ਸਕਦਾ। ਇੱਕ ਗੁੰਝਲਦਾਰ ਉਦਯੋਗਿਕ ਸਮਾਜ ਵਿੱਚ, ਇਹ ਅਸੰਭਵ ਹੈ. ਪਰ ਅਸੀਂ ਆਪਣੀਆਂ ਗੈਰ-ਸਿਆਸੀ ਸੰਸਥਾਵਾਂ ਵਿੱਚ ਅਧਿਕਾਰ ਦਾ ਲੋਕਤੰਤਰੀਕਰਨ ਕਰ ਸਕਦੇ ਹਾਂ ਜਿਵੇਂ ਕਿ ਸਾਡੇ ਕੋਲ ਰਾਜਨੀਤਿਕ ਹੈ। ਮੈਨੇਜਮੈਂਟ ਨੂੰ ਵਰਕਰਾਂ ਪ੍ਰਤੀ ਜਿੰਮੇਵਾਰ ਬਣਾਇਆ ਜਾ ਸਕਦਾ ਹੈ ਅਤੇ ਹੋਣਾ ਚਾਹੀਦਾ ਹੈ, ਜਿਵੇਂ ਕਿ ਅਸੀਂ ਆਪਣੇ ਹਲਕੇ ਪ੍ਰਤੀ ਜ਼ਿੰਮੇਵਾਰ ਹਾਂ। ਇਸ ਤੋਂ ਵੱਧ, ਹਾਲਾਂਕਿ, ਲੋੜੀਂਦਾ ਹੈ. ਨਾ ਸਿਰਫ ਕਾਨੂੰਨੀ ਨਿਯੰਤਰਣ ਕੁਝ ਲੋਕਾਂ ਤੋਂ ਬਹੁਤਿਆਂ ਤੱਕ ਪਹੁੰਚਣਾ ਚਾਹੀਦਾ ਹੈ, ਬਲਕਿ ਬਹੁਤ ਸਾਰੇ ਲੋਕਾਂ ਨੂੰ ਆਪਣੇ ਆਪ ਹੋਰ ਫੈਸਲੇ ਲੈਣ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਵਿਸ਼ਵ ਭਰ ਦੇ ਜ਼ਿੰਮੇਵਾਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਪਣੇ ਕੈਂਪਸ ਵਿੱਚ ਇਸ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ ਹੈ। ਮੈਂ ਕੈਨੇਡੀਅਨ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਵਿਕਾਸ ਨੂੰ ਅੱਗੇ ਵਧਾਉਣ ਲਈ, ਅਗਵਾਈ ਕਰਨ ਲਈ, ਨਾ ਸਿਰਫ ਇਸ ਲਈ ਕਿ ਅਜਿਹੀਆਂ ਲੋਕਤਾਂਤਰਿਕ ਸੰਸਥਾਵਾਂ ਵਧੇਰੇ ਨਿਆਂਪੂਰਨ ਹੋਣਗੀਆਂ, ਬਲਕਿ ਇਸ ਲਈ ਵੀ ਕਿਉਂਕਿ ਉਹ ਜ਼ਿੰਮੇਵਾਰ ਅਤੇ ਸਿਰਜਣਾਤਮਕ ਪੁਰਸ਼ਾਂ ਅਤੇ ਔਰਤਾਂ ਦੇ ਵਿਕਾਸ ਲਈ ਬੇਅੰਤ ਅਨੁਕੂਲ ਹੋਣਗੀਆਂ। ਕਾਰਲ ਮਾਰਕਸ ਅਤੇ ਜੌਹਨ ਸਟੂਅਰਟ ਮਿਲ ਨੇ ਇਸ ਗੱਲ ਨੂੰ ਸੌ ਸਾਲ ਪਹਿਲਾਂ ਮਹਿਸੂਸ ਕੀਤਾ ਸੀ। ਹਰਬਰਟ ਮਾਰਕੁਸ, ਏਰਿਕ ਫਰੋਮ, ਅਤੇ ਹੋਰ ਬਹੁਤ ਸਾਰੇ ਲੋਕਾਂ ਨੇ ਸਾਡੇ ਆਪਣੇ ਜ਼ਮਾਨੇ ਵਿੱਚ ਉਸੇ ਸੱਚਾਈ 'ਤੇ ਜ਼ੋਰ ਦਿੱਤਾ ਹੈ। ਦੇਸ਼ ਦੇ ਰਾਜਨੀਤਿਕ ਨੇਤਾਵਾਂ ਦੇ ਤੌਰ 'ਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇੱਕ ਸੱਚਮੁੱਚ ਲੋਕਤੰਤਰੀ ਸਮਾਜ ਲਈ ਇਸ ਲੜਾਈ ਦੀ ਸ਼ੁਰੂਆਤ ਕਰੀਏ। ਸ਼੍ਰੀਮਾਨ ਸਪੀਕਰ, ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਿਰਫ਼ ਆਪਣੇ ਅਤੀਤ ਦੀ ਪ੍ਰਸ਼ੰਸਾ ਕਰੀਏ ਅਤੇ ਆਪਣੇ ਵਰਤਮਾਨ ਦਾ ਜਸ਼ਨ ਮਨਾਈਏ, ਸਗੋਂ ਭਵਿੱਖ ਦੀ ਸਿਰਜਣਾ ਵੀ ਕਰੀਏ। ਸਾਨੂੰ ਸਰਕਾਰ ਅਤੇ ਸਰਕਾਰੀ ਵਿਰੋਧੀ ਧਿਰ ਦੋਵਾਂ ਦੇ ਨਿਰਜੀਵ ਨਜ਼ਰੀਏ ਨੂੰ ਰੱਦ ਕਰਨਾ ਚਾਹੀਦਾ ਹੈ। ਲਿਬਰਲ ਅਤੇ ਕੰਜ਼ਰਵੇਟਿਵ ਦੋਵੇਂ ਪਾਰਟੀਆਂ ਮਾੜੇ ਇਰਾਦਿਆਂ ਨਾਲ ਨਹੀਂ ਸਗੋਂ ਪੁਰਾਣੀ ਅਤੇ ਬੇਇਨਸਾਫ਼ੀ ਵਾਲੀ ਵਿਚਾਰਧਾਰਾ ਨਾਲ ਬੱਝੀਆਂ ਹੋਈਆਂ ਹਨ। ਉਨ੍ਹਾਂ ਦੇ ਸਿਰ ਦੇ ਨਾਲ-ਨਾਲ ਉਨ੍ਹਾਂ ਦੇ ਪੈਰ ਵੀ ਅਤੀਤ ਦੇ ਵਿਚਾਰਾਂ ਅਤੇ ਅਭਿਆਸਾਂ ਵਿੱਚ ਮਜ਼ਬੂਤੀ ਨਾਲ ਜੁੜੇ ਹੋਏ ਹਨ। ਹਾਲ ਹੀ ਦੇ ਦਹਾਕਿਆਂ ਵਿੱਚ ਅਸੀਂ ਇੱਕ ਕਲਿਆਣਕਾਰੀ ਰਾਜ ਬਣਾਇਆ ਹੈ। ਹੁਣ ਇਸ ਤੋਂ ਅੱਗੇ ਜਾਣ ਦਾ ਸਮਾਂ ਆ ਗਿਆ ਹੈ। ਕੋਈ ਵੀ ਸੰਸਦੀ ਸੁਧਾਰ, ਸਮਾਜਿਕ ਰਜ਼ਮਾਤਾਜ਼ ਜਾਂ ਵਿੱਤੀ ਜ਼ਿੰਮੇਵਾਰੀ ਇੱਕ ਨਿਆਂਪੂਰਨ ਸਮਾਜ ਦੀ ਅਗਵਾਈ ਨਹੀਂ ਕਰ ਸਕਦੀ। ਸਭ ਤੋਂ ਵੱਧ ਉਹ ਅਕੁਸ਼ਲਤਾ ਦੀਆਂ ਛੋਟੀਆਂ ਜੇਬਾਂ ਨੂੰ ਹਟਾ ਸਕਦੇ ਹਨ. ਬੁਨਿਆਦੀ ਬੇਇਨਸਾਫ਼ੀ ਅਤੇ ਅਸਮਾਨ ਢਾਂਚਾ ਕਾਇਮ ਰਹੇਗਾ। ਕੈਨੇਡੀਅਨਾਂ ਨੂੰ ਅਜਿਹੀ ਲੀਡਰਸ਼ਿਪ ਦੀ ਲੋੜ ਹੈ ਜੋ ਸਮੁੱਚੇ ਸਮਾਜ ਦੇ ਲੋਕਤੰਤਰੀਕਰਨ ਨੂੰ ਡੂੰਘਾਈ ਨਾਲ ਸਮਰਪਿਤ ਹੋਵੇ ਅਤੇ ਇਸ ਨੂੰ ਲਿਆਉਣ ਲਈ ਲੋੜੀਂਦੇ ਮੌਜੂਦਾ ਸ਼ਕਤੀ ਸਬੰਧਾਂ ਨੂੰ ਕਾਨੂੰਨ ਦੁਆਰਾ ਬਦਲਣ ਲਈ ਪੂਰੀ ਤਰ੍ਹਾਂ ਵਚਨਬੱਧ ਹੋਵੇ। ਹਾਲ ਹੀ ਦੇ ਦਹਾਕਿਆਂ ਵਿੱਚ ਅਸੀਂ ਇੱਕ ਕਲਿਆਣਕਾਰੀ ਰਾਜ ਬਣਾਇਆ ਹੈ। ਹੁਣ ਇਸ ਤੋਂ ਅੱਗੇ ਜਾਣ ਦਾ ਸਮਾਂ ਆ ਗਿਆ ਹੈ। ਸ਼੍ਰੀਮਾਨ ਸਪੀਕਰ, ਇਹਨਾਂ ਸੰਖੇਪ ਟਿੱਪਣੀਆਂ ਵਿੱਚ ਮੈਂ ਪ੍ਰਧਾਨ ਮੰਤਰੀ ਦੇ ਸੁਝਾਅ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇੱਕ ਆਮ ਤਰੀਕੇ ਨਾਲ ਚਰਚਾ ਕੀਤੀ ਹੈ ਕਿ ਮੇਰੇ ਖਿਆਲ ਵਿੱਚ ਕੈਨੇਡਾ ਦਾ ਭਵਿੱਖ ਕੀ ਹੋਣਾ ਚਾਹੀਦਾ ਹੈ। ਅਜਿਹਾ ਕਰਦਿਆਂ, ਮੈਂ ਵਰਤਮਾਨ ਦੀਆਂ ਕਮੀਆਂ ਨੂੰ ਵੀ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਇਲਾਵਾ, ਰਾਜਨੀਤੀ ਲਈ ਇੱਕ ਗੰਭੀਰ ਪਹੁੰਚ ਲਈ ਲੋੜੀਂਦੇ ਭਵਿੱਖ ਨੂੰ ਲਿਆਉਣ ਦੇ ਇਰਾਦੇ ਵਾਲੇ ਖਾਸ ਕਾਨੂੰਨਾਂ ਦੇ ਪ੍ਰਸਤਾਵਾਂ ਦੀ ਵੀ ਲੋੜ ਹੁੰਦੀ ਹੈ। ਅਤੀਤ ਵਿੱਚ ਕੋ-ਆਪ੍ਰੇਟਿਵ ਕਾਮਨਵੈਲਥ ਫੈਡਰੇਸ਼ਨ ਅਤੇ ਨਿਊ ਡੈਮੋਕ੍ਰੇਟਿਕ ਪਾਰਟੀ ਨੇ ਇਸ ਅਹਿਮ ਜ਼ਿੰਮੇਵਾਰੀ ਨੂੰ ਸਵੀਕਾਰ ਕੀਤਾ ਹੈ, ਅਤੇ ਕਲਿਆਣਕਾਰੀ ਰਾਜ ਲਈ ਵਿਚਾਰ ਪ੍ਰਦਾਨ ਕਰਨ ਵਿੱਚ ਅਗਵਾਈ ਕੀਤੀ ਹੈ। ਆਉਣ ਵਾਲੇ ਦਿਨਾਂ ਅਤੇ ਮਹੀਨਿਆਂ ਵਿੱਚ, ਅਸੀਂ ਸਾਨੂੰ ਕਲਿਆਣਕਾਰੀ ਰਾਜ ਤੋਂ ਪਰੇ ਲੈ ਜਾਣ ਦੇ ਇਰਾਦੇ ਵਾਲੇ ਪ੍ਰੋਗਰਾਮ ਪ੍ਰਦਾਨ ਕਰਦੇ ਰਹਾਂਗੇ। ਧੰਨਵਾਦ, ਸ਼੍ਰੀਮਾਨ ਸਪੀਕਰ।

**(ਐਡ ਬ੍ਰੌਡਬੈਂਟ ਇੱਕ ਕੈਨੇਡੀਅਨ ਸੋਸ਼ਲ ਡੈਮੋਕਰੇਟਿਕ ਸਿਆਸਤਦਾਨ, ਰਾਜਨੀਤਿਕ ਵਿਗਿਆਨੀ, ਅਤੇ ਬ੍ਰੌਡਬੈਂਟ ਇੰਸਟੀਚਿਊਟ, ਇੱਕ ਨੀਤੀ ਥਿੰਕ ਟੈਂਕ ਦਾ ਚੇਅਰ ਸੀ। ਉਹ 1975 ਤੋਂ 1989 ਤੱਕ ਨਿਊ ਡੈਮੋਕਰੇਟਿਕ ਪਾਰਟੀ ਦਾ ਆਗੂ ਸੀ।)**

# ਦੁਨੀਆ ਦੇ ਸਭ ਤੋਂ ਅਮੀਰ 1% ਕੋਲ ਗਲੋਬਲ ਵਿੱਤੀ ਸੰਪਤੀਆਂ ਦਾ 43%




ਦੁਨੀਆ ਦੇ ਸਭ ਤੋਂ ਅਮੀਰ 1% ਕੋਲ ਗਲੋਬਲ ਵਿੱਤੀ ਸੰਪਤੀਆਂ ਦਾ 43% ਹੈ, ਅਤੇ ਚੋਟੀ ਦੇ ਪੰਜ ਅਰਬਪਤੀਆਂ ਦੀ ਦੌਲਤ 2020 ਤੋਂ ਦੁੱਗਣੀ ਹੋ ਗਈ ਹੈ, ਜਦੋਂ ਕਿ 60% ਮਨੁੱਖਤਾ - ਲਗਭਗ 5 ਬਿਲੀਅਨ ਲੋਕ - ਸਮੂਹਿਕ ਤੌਰ 'ਤੇ ਗਰੀਬ ਹੋ ਗਏ ਹਨ, ਆਕਸਫੈਮ ਦੀ ਇੱਕ ਰਿਪੋਰਟ ਦੇ ਅਨੁਸਾਰ। ਇਸ ਜਨਵਰੀ ਵਿੱਚ ਦਾਵੋਸ, ਸਵਿਟਜ਼ਰਲੈਂਡ ਵਿੱਚ ਕਾਰਪੋਰੇਟ ਕੁਲੀਨ ਅਤੇ ਪੱਛਮੀ ਸਰਕਾਰੀ ਅਧਿਕਾਰੀਆਂ ਦੀ ਵਿਸ਼ਵ ਆਰਥਿਕ ਫੋਰਮ ਦੀ ਮੀਟਿੰਗ। 2023 ਵਿੱਚ ਧਰਤੀ ਦੇ ਪੰਜ ਸਭ ਤੋਂ ਅਮੀਰ ਲੋਕ ਐਲੋਨ ਮਸਕ, ਬਰਨਾਰਡ ਅਰਨੌਲਟ, ਜੇਫ ਬੇਜੋਸ, ਲੈਰੀ ਐਲੀਸਨ ਅਤੇ ਵਾਰੇਨ ਬਫੇਟ ਸਨ। ਉਨ੍ਹਾਂ ਦੀ ਸੰਯੁਕਤ ਦੌਲਤ 2020 ਵਿੱਚ $340 ਬਿਲੀਅਨ ਤੋਂ ਸਿਰਫ ਤਿੰਨ ਸਾਲਾਂ ਬਾਅਦ $869 ਬਿਲੀਅਨ ਹੋ ਗਈ। ਮਹਿੰਗਾਈ ਲਈ ਵਿਵਸਥਿਤ, ਇਹ 114% ਦਾ ਅਸਲ ਵਾਧਾ ਸੀ। ਆਕਸਫੈਮ ਨੇ ਪਾਇਆ ਕਿ ਦੁਨੀਆ ਦੀ ਸਭ ਤੋਂ ਅਮੀਰ 1% ਆਬਾਦੀ ਓਨਾ ਹੀ ਕਾਰਬਨ ਪ੍ਰਦੂਸ਼ਣ ਛੱਡਦੀ ਹੈ ਜਿੰਨਾ ਕਿ ਸਮੁੱਚੀ ਮਨੁੱਖੀ ਆਬਾਦੀ ਦਾ ਸਭ ਤੋਂ ਗਰੀਬ ਦੋ ਤਿਹਾਈ ਹਿੱਸਾ। ਸੰਗਠਨ ਨੇ ਲਿਖਿਆ, 'ਦੁਨੀਆ ਦੀਆਂ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਵਿੱਚੋਂ ਸਿਰਫ 0.4 ਪ੍ਰਤੀਸ਼ਤ ਜਨਤਕ ਤੌਰ 'ਤੇ ਕਾਮਿਆਂ ਨੂੰ ਇੱਕ ਜੀਵਤ ਉਜਰਤ ਦਾ ਭੁਗਤਾਨ ਕਰਨ ਲਈ ਵਚਨਬੱਧ ਹਨ ਅਤੇ ਉਹਨਾਂ ਦੀਆਂ ਵੈਲਯੂ ਚੇਨਾਂ ਵਿੱਚ ਇੱਕ ਜੀਵਤ ਮਜ਼ਦੂਰੀ ਦਾ ਸਮਰਥਨ ਕਰਦੀਆਂ ਹਨ', ਸੰਗਠਨ ਨੇ ਲਿਖਿਆ। ਜਦੋਂ ਕਿ ਕਾਰਪੋਰੇਟ ਮੁਨਾਫੇ ਵੱਧ ਰਹੇ ਹਨ, ਦੁਨੀਆ ਭਰ ਦੇ ਲਗਭਗ 800 ਮਿਲੀਅਨ ਕਾਮਿਆਂ ਦੀਆਂ ਉਜਰਤਾਂ ਮਹਿੰਗਾਈ ਨੂੰ ਬਰਕਰਾਰ ਰੱਖਣ ਵਿੱਚ ਅਸਫਲ ਰਹੀਆਂ ਹਨ, ਨਤੀਜੇ ਵਜੋਂ ਪਿਛਲੇ ਦੋ ਸਾਲਾਂ ਵਿੱਚ ਉਹਨਾਂ ਕਾਮਿਆਂ ਲਈ $1.5 ਟ੍ਰਿਲੀਅਨ ਦਾ ਨੁਕਸਾਨ ਹੋਇਆ ਹੈ। ਆਕਸਫੈਮ ਨੇ ਇਸੇ ਤਰ੍ਹਾਂ ਖੋਜ ਕੀਤੀ ਕਿ ਗ੍ਰਹਿ 'ਤੇ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਵਿੱਚੋਂ 10 ਵਿੱਚੋਂ ਸੱਤ ਕੋਲ ਜਾਂ ਤਾਂ ਉਨ੍ਹਾਂ ਦੇ ਸੀਈਓ ਵਜੋਂ ਇੱਕ ਅਰਬਪਤੀ ਹੈ ਜਾਂ ਉਨ੍ਹਾਂ ਦੇ ਪ੍ਰਮੁੱਖ ਸ਼ੇਅਰਧਾਰਕ ਵਜੋਂ ਇੱਕ ਅਰਬਪਤੀ ਹੈ। 'ਅਸੀਂ ਏਕਾਧਿਕਾਰ ਸ਼ਕਤੀ ਦੇ ਇੱਕ ਯੁੱਗ ਵਿੱਚੋਂ ਜੀ ਰਹੇ ਹਾਂ ਜੋ ਕਾਰਪੋਰੇਸ਼ਨਾਂ ਨੂੰ ਵਪਾਰ ਨੂੰ ਗੁਆਉਣ ਦੇ ਡਰ ਤੋਂ ਬਿਨਾਂ ਬਜ਼ਾਰਾਂ ਨੂੰ ਨਿਯੰਤਰਿਤ ਕਰਨ, ਐਕਸਚੇਂਜ ਦੀਆਂ ਸ਼ਰਤਾਂ ਅਤੇ ਮੁਨਾਫ਼ਾ ਨਿਰਧਾਰਤ ਕਰਨ ਦੇ ਯੋਗ ਬਣਾਉਂਦਾ ਹੈ', ਆਕਸਫੈਮ ਨੇ ਚੇਤਾਵਨੀ ਦਿੱਤੀ। ਇਹ ਵਧ ਰਹੀ ਅਸਮਾਨਤਾ ਗਲੋਬਲ ਉੱਤਰੀ ਅਤੇ ਦੱਖਣ ਵਿਚਕਾਰ ਅੰਤਰਾਂ ਵਿੱਚ ਵਿਸ਼ੇਸ਼ ਤੌਰ 'ਤੇ ਸਪੱਸ਼ਟ ਹੈ। ਆਕਸਫੈਮ ਨੇ ਲਿਖਿਆ, 'ਗਲੋਬਲ ਨੌਰਥ ਵਿੱਚ ਅਮੀਰ ਲੋਕ ਅਜੇ ਵੀ ਦੁਨੀਆ ਦੇ ਮਾਲਕ ਹਨ।'

# ਪੰਜਾਬ ਦੇ ਸਾਂਝੇ ਵਿਰਸੇ ਦਾ ਅਲੰਬਰਦਾਰ: ਸਵਰਾਜਬੀਰ

## (ਪੰਜਾਬੀਆਂ ਦੀ 'ਮੁਕਤੀ' ਲੋਚਦੀਆਂ ਦੋ ਕਾਟਵੀਆਂ ਸੋਚਾਂ!)



ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਪੰਜਾਬ ਜਿਸ ਕਿਸਮ ਨਾਲ ਰਾਜਨੀਤਕ, ਆਰਥਿਕ, ਧਾਰਮਿਕ, ਸਭਿਆਚਾਰਕ ਆਦਿ ਦੁਸ਼ਵਾਰੀਆਂ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਜਿਨ੍ਹਾਂ ਦਾ ਦੁਨੀਆ ਭਰ ਦੇ ਪੰਜਾਬੀਆਂ ਉਪਰ ਸਿਧਾ ਅਤੇ ਅਸਿੱਧਾ ਅਸਰ ਪੈ ਰਿਹਾ ਹੈ। ਉਨ੍ਹਾਂ ਨੂੰ ਸਮਝਣ, ਫਰੋਲਣ ਅਤੇ ਦਿਸ਼ਾ ਪ੍ਰਦਾਨ ਕਰਨ ਲਈ ਅਸੀਂ ਚਾਹਾਂਗੇ ਕਿ ਹੋਰ ਵਿਦਵਾਨ ਵੀ ਆਪਣੀਆਂ ਲਿਖਤਾਂ 'ਸਰੋਕਾਰਾਂ ਦੀ ਆਵਾਜ਼' ਨਾਲ ਸਾਂਝੀਆਂ ਕਰਨ। ਉਸ ਸੰਦਰਭ ਵਿਚ ਹੀ ਇਹ ਲਿਖਤ ਦੇ ਰਹੇ ਹਾਂ। – ਸੰਪਾਦਕ*



ਪੰਜਾਬ ਗਏ ਹੋਏ ਇੱਕ ਮਿੱਤਰ ਦਾ ਅਚਾਨਕ ਸਵੇਰੇ ਸਵੇਰੇ ਫੋਨ ਆਇਆ ਤਾਂ ਕਹਿਣ ਲੱਗੇ ਕਿ ਬੜੀ ਮਾੜੀ ਗੱਲ ਹੋਈ, ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਅਸਤੀਫਾ ਦੇ ਗਿਆ ਜਾਂ ਅਗਲਿਆਂ ਨੇ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਹੈ, ਜੋ ਵੀ ਹੋਇਆ, ਪੰਜਾਬੀਆਂ ਲਈ ਇਹ ਬੜੀ ਮਨਹੂਸ ਖ਼ਬਰ ਹੈ, ਕਹਿਣ ਲੱਗੇ ਕਿ ਅਜੇ ਇੱਕ ਦਿਨ ਪਹਿਲਾਂ ਹੀ ਪੰਜਾਬੀ ਟ੍ਰਿਬਿਊਨ ਨਾਲ਼ ਜੁੜੇ ਇੱਕ ਦੋਸਤ ਨੇ ਉਥੇ ਦਫਤਰ ਅੰਦਰ ਚੱਲ ਰਹੀ, ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਦੀ ਇੰਟਰਵਿਊ ਬਾਰੇ ਚੁੰਝ ਚਰਚਾ ਦਾ ਜ਼ਿਕਰ ਕੀਤਾ ਸੀ ਤੇ ਦੱਸਿਆ ਸੀ ਕਿ ਸੰਪਾਦਕ ਅਤੇ ਮੁੱਖ ਸੰਪਾਦਕ ਬਾਰੇ ਤਣਾ-ਤਣੀ ਕਾਫੀ ਵਧੀ ਹੋਈ ਹੈ।ਵਰਨਣਯੋਗ ਹੈ ਕਿ 15 ਮਾਰਚ, 2018 ਨੂੰ ਵੀ ਟ੍ਰਿਬਿਊਨ ਦੇ ਉਸ ਵਕਤ ਦੇ ਐਡੀਟਰ-ਇਨ-ਚੀਫ ਹਰੀਸ਼ ਖਰੇ ਨੂੰ ਵੀ ਅਚਾਨਕ ਅਸਤੀਫਾ ਦੇ ਕੇ ਜਾਣਾ ਪਿਆ ਸੀ, ਜਦੋਂ ਉਸਨੇ 'ਡੈਟਾ ਬਰੀਚ' ਬਾਰੇ ਮੋਦੀ ਸਰਕਾਰ ਦਾ ਭਾਂਡਾ ਭੰਨਿਆ ਚੁਰਾਹੇ ਭੰਨ੍ਹ ਦਿੱਤਾ ਸੀ।ਅਸਲ ਵਿੱਚ ਸਵਰਾਜਬੀਰ ਨੇ ਜਦੋਂ ਤੋਂ ਸੰਪਾਦਕ ਦਾ ਅਹੁਦਾ ਸੰਭਾਲ਼ਿਆ ਸੀ, ਉਸੇ ਦਿਨ ਤੋਂ ਹੀ ਦਿੱਲੀ ਤਖਤ 'ਤੇ ਕਾਬਿਜ਼ ਭਾਜਪਾ ਦੀ ਫਿਰਕੂ ਤੰਗ-ਨਜ਼ਰ ਅਤੇ ਧਾਕੜ-ਤਾਨਾਸ਼ਾਹ ਰਾਜਨੀਤੀ ਵਿਰੁੱਧ ਤਿੱਖੀ ਧਾਰ ਅਪਨਾਈ ਹੋਈ ਸੀ।ਪਾਰਲੀਮਾਨੀ ਚੋਣਾਂ ਸਿਰ 'ਤੇ ਹਨ, ਅਗਲਿਆਂ ਦੀ ਸਿਰ ਧੜ ਦੀ ਬਾਜੀ ਲੱਗੀ ਹੋਈ ਹੈ, ਅਜਿਹੇ ਵਿੱਚ ਮਾਨਮੱਤੇ ਸੰਪਾਦਕ ਨੂੰ ਉਨ੍ਹਾਂ ਕਿੱਥੇ ਸਹਿਣ ਕਰਨਾ ਸੀ।

ਮੈਂ ਮਾਸਟਰ ਜੀ ਦੀ ਨਾਲ਼ ਗੱਲ ਮੁਕਾ ਕੇ ਅਜੇ ਚਾਹ ਹੀ ਪੀਣ ਲੱਗਾ ਸੀ ਕਿ ਸਾਡੇ ਇੱਕ ਹੋਰ ਮਿੱਤਰ ਹਜਾਰਾ ਸਿੰਘ ਮਿਸੀਸਾਗਾ ਦਾ ਫੋਨ ਆ ਗਿਆ, ਕਹਿੰਦੇ ਸਵਰਾਜਬੀਰ ਵਾਲ਼ੀ ਖ਼ਬਰ ਸੁਣ ਲਈ ਹੈ, ਟ੍ਰਿਬਿਊਨ ਦੇ ਟਰੱਸਟੀਆਂ ਨੇ ਮਰਦ ਦੇ ਬੱਚੇ ਨੂੰ ਅਚਾਨਕ ਘਰੇ ਤੋਰ ਕੇ ਲਗਦਾ ਸਿੱਖ ਚਿੰਤਕਾਂ ਲਈ ਤਾਂ ਈਦ ਹੀ ਬਣਾ ਦਿੱਤੀ ਹੈ।ਆਂਹਦੇ, ਕਰਮਜੀਤ ਦੀ ਫੇਸਬੁੱਕ ਪੋਸਟ ਪੜ੍ਹ ਲਈ ਹੈ, ਏਨਾ ਖੁਸ਼ ਉਹ ਕਦੇ ਸ਼ਾਇਦ ਹੀ ਨਜ਼ਰ ਆਇਆ ਹੋਵੇ।ਉਹ ਕਹਿਣ ਲੱਗੇ, ਪੰਜਾਬੀ ਦੇ ਵੱਡੇ ਸ਼ਾਇਰ ਵਾਰਿਸ ਸ਼ਾਹ ਨੇ ਠੀਕ ਹੀ ਲਿਖਿਆ ਸੀ: '**ਜਦੋਂ ਸੁਭ੍ਹਾ ਦੀ ਕਜ਼ਾ ਨਮਾਜ ਹੋਵੇ, ਖੁਸ਼ੀ ਹੋਏ 'ਇਬਲੀਸ' ਵੀ ਨੱਚਦਾ ਏ!**' ਕਰਮਜੀਤ ਸਿੰਘ, ਗੁਰਬਚਨ ਸਿੰਘ ਆਦਿ ਵਰਗੇ ਕੁਝ ਸਿੱਖ ਵਿਦਵਾਨਾਂ ਤੋਂ ਬਿਨਾਂ ਸ਼ਾਇਦ ਹੀ ਕਿਸੇ ਤੰਦਰੁਸਤ ਇਨਸਾਨ ਨੂੰ ਉਸਦੇ ਅਸਤੀਫੇ ਦੀ ਇਤਨੀ ਖੁਸ਼ੀ ਹੋਈ ਹੋਵੇ।

ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਹੋਰਾਂ ਦੀ ਆਪਣੀ ਫੇਸਬੁੱਕ 'ਤੇ ਸਵਰਾਜਬੀਰ ਦੇ ਅਸਤੀਫੇ ਬਾਰੇ '**ਪੰਜਾਬ ਦੀ ਪੀੜ ਤੋਂ 'ਸੱਖਣੇ ਅਤੇ ਅਣਜਾਣ' ਸੰਪਾਦਕ ਨੂੰ ਅਲਵਿਦਾ**' ਨਾਮ ਦੀ ਪੋਸਟ ਤੋਂ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਨੂੰ ਉਸਦੇ ਕੱਢੇ ਜਾਣ 'ਤੇ ਸੱਚਮੁਚ ਹੀ ਬੇਹੱਦ ਖੁਸ਼ੀ ਹੋਈ ਹੈ ਕਿਉਂਕਿ ਉਨ੍ਹਾਂ ਅਨੁਸਾਰ ਸਬਰਾਜਬੀਰ, ਸਿੱਖ ਮਸਲਿਆਂ ਪ੍ਰਤੀ ਬੜੀ ਬੇਰੁੱਖੀ ਵਾਲ਼ੀ ਭਾਵਨਾ ਰੱਖਦਾ ਸੀ ਅਤੇ ਰਵਾਇਤੀ ਮਾਰਕਸਵਾਦ ਦੇ ਟੇਟੇ ਚੜ੍ਹਿਆ ਹੋਇਆ ਸੀ। ਉਸਨੇ 'ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ' ਦੇ ਵਾਰਿਸਾਂ ਦਾ ਦਰਦ ਕਦੇ ਨਹੀਂ ਪਹਿਚਾਣਿਆ ਸੀ।ਸ. ਕਰਮਜੀਤ ਸਿੰਘ ਵਰਗੇ ਹੰਢੇ ਵਰਤੇ ਸੀਨੀਅਰ ਪੱਤਰਕਾਰ ਅਤੇ 'ਖਾਲਿਸਤਾਨ' ਦੀ ਸੋਚ ਨੂੰ ਪ੍ਰਨਾਏ ਹੋਏ ਸਿੱਖ ਵਿਦਵਾਨ ਨੂੰ ਇਹ ਸਵਾਲ ਕਰਨ ਦੀ ਗੁਸਤਾਖੀ ਤਾਂ ਕੀਤੀ ਹੀ ਜਾ ਸਕਦੀ ਹੈ ਕਿ ਕਦੇ ਉਨ੍ਹਾਂ ਇਹ ਵਿਚਾਰਿਆ ਹੈ ਕਿ ਸਬਰਾਜਬੀਰ ਹੀ ਨਹੀਂ, ਉਨ੍ਹਾਂ ਵਰਗੇ ਹਜਾਰਾਂ ਪੱਤਰਕਾਰ, ਲੇਖਕ, ਬੁੱਧੀਜੀਵੀ, ਦਾਨਸ਼ਵਰ ਵਿਅਕਤੀ, ਉਨ੍ਹਾਂ ਵਾਲ਼ੇ 'ਖਾਲਿਸਤਾਨ' ਦੀ ਤਾਂਘ ਕਿਉਂ ਮਹਿਸੂਸ ਨਹੀਂ ਕਰਦੇ? ਉਨ੍ਹਾਂ ਨੂੰ ਕਿਉਂ 'ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ' ਦੇ ਵਾਰਿਸਾਂ ਦਾ ਦਰਦ ਮਹਿਸੂਸ ਨਹੀਂ ਹੁੰਦਾ? ਆਖਿਰ ਸਾਰੇ ਤਾਂ ਨਾ ਪੰਥ ਦੋਖੀ ਹੋ ਸਕਦੇ ਹਨ, ਨਾ ਭਾਰਤੀ ਸਟੇਟ ਦੇ ਸੰਦ, ਨਾ ਹੀ ਇਤਨੇ ਬੁਜ਼ਦਿਲ ਹੋ ਸਕਦੇ ਹਨ ਕਿ ਸਟੇਟ ਦੇ ਭੈਅ ਹੇਠ ਸਿੱਖ ਪੰਥ ਦੇ ਹੱਕ 'ਚ ਦੋ ਸ਼ਬਦ ਲਿਖ ਜਾਂ ਬੋਲ ਨਾ ਸਕਣ?

ਕਰਮਜੀਤ ਸਿੰਘ ਅਤੇ ਉਸਦੇ ਸਾਥੀ ਚਿੰਤਕ, ਲਗਦਾ ਪਹਿਲੇ ਦਿਨ ਤੋਂ ਹੀ ਸਵਰਾਜਬੀਰ ਸਿੰਘ ਦੀ ਸੋਚ ਤੇ ਸ਼ੈਲੀ ਤੋਂ ਕੁਝ ਜ਼ਿਆਦਾ ਹੀ ਖਫਾ ਸਨ, ਇਸ ਸਬੰਧੀ ਅਜੇ ਮਹੀਨਾ ਕੁ ਪਹਿਲਾਂ 18 ਦਸੰਬਰ, 2023 ਦੀ ਸਵਰਾਜਬੀਰ ਬਾਰੇ ਮਰਹੂਮ ਸਿੱਖ ਵਿਦਵਾਨ ਗੁਰਬਚਨ ਸਿੰਘ ਦੀ ਫੇਸਬੁੱਕ ਪੋਸਟ '**ਡੀ. ਜੀ. ਪੀ. ਸਵਰਾਜਬੀਰ ਵਲੋਂ ਸਿੱਖੀ ਦਾ ਵਿਰੋਧ ਕਰਨ ਲਈ ਗੁਰਮਤਿ ਦੀ ਗਲਤ ਵਿਆਖਿਆ ਤੇ ਦੁਰਵਰਤੋਂ**' ਯਾਦ ਆਉਂਦੀ ਹੈ, ਜਿਸ ਵਿੱਚ ਉਹ ਲਿਖਦੇ ਹਨ: 'ਸਾਬਕਾ ਡੀ. ਜੀ. ਪੀ. ਸਵਰਾਜਬੀਰ, ਜਿਸ ਦਿਨ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਬਣਿਆ ਸੀ, ਮੈਂ ਉਸੇ ਦਿਨ ਸੀਨੀਅਰ ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ ਨੂੰ ਟੈਲੀਫੋਨ ਕਰਕੇ ਇਸ ਗੱਲ ਦੀ ਜਾਣਕਾਰੀ ਦਿੱਤੀ ਸੀ ਕਿ ਇਸਨੂੰ ਪੰਜਾਬ ਵਿੱਚੋਂ ਸਿੱਖ (ਪੰਥਕ) ਬ੍ਰਿਤਾਂਤ ਨੂੰ ਹਾਸ਼ੀਏ 'ਤੇ ਧੱਕਣ ਲਈ ਖਾਸ ਜ਼ਿੰਮੇਵਾਰੀ ਦੇ ਕੇ ਭੇਜਿਆ ਗਿਆ ਹੈ।' ਇਸੇ ਲਿਖਤ ਵਿੱਚ ਗੁਰਬਚਨ ਸਿੰਘ ਜੀ ਸਵਰਾਜਬੀਰ ਦੀ ਪੰਜਾਬੀ ਟ੍ਰਿਬਿਊਨ ਵਿੱਚ 17 ਦਸੰਬਰ, 2023 ਨੂੰ ਛਪੀ ਸੰਪਾਦਕੀ 'ਆਸਾ ਅੰਦੇਸਾ ਦੁਇ ਪਟ ਜੜੇ॥' ਬਾਰੇ ਇਵੇਂ ਲਿਖਦੇ ਹਨ: 'ਇਹ ਸੰਪਾਦਕੀ ਲਿਖਣ ਦਾ ਮੰਤਵ ਵੀ ਬੜਾ ਸਪੱਸ਼ਟ ਹੈ', ਸਵਰਾਜਬੀਰ ਅਨੁਸਾਰ ਵੱਡਾ ਮਸਲਾ ਇਹ ਹੈ ਕਿ ਉਨ੍ਹਾਂ ਲੋਕ-ਸਮੂਹਾਂ, ਜਿਨ੍ਹਾਂ ਤੋਂ ਸਿਆਸੀ ਚੇਤੰਨਤਾ ਖੋਹ ਕੇ, ਉਨ੍ਹਾਂ ਦੇ ਮਨਾਂ ਵਿਚ ਧਾਰਮਿਕ ਕੱਟੜਤਾ ਤੇ ਸੌੜਾਪਣ ਭਰਿਆ ਜਾ ਰਿਹਾ ਹੋਵੇ, ਵਿੱਚ ਜਮਹੂਰੀ, ਧਰਮ ਨਿਰਪੱਖ ਤੇ ਅਗਾਂਹਵਧੂ ਸੋਚ ਕਿਵੇਂ ਸੰਚਾਰਿਤ ਕੀਤੀ ਜਾਵੇ?' ਹੁਣ ਇਹ ਕਿਹੜੇ ਲੋਕ ਸਮੂਹ ਨੇ ਜਿਨ੍ਹਾਂ ਤੋਂ 'ਸਿਆਸੀ ਚੇਤੰਨਤਾ ਖੋਹ ਕੇ ਉਨ੍ਹਾਂ ਦੇ ਮਨਾਂ ਵਿੱਚ ਧਾਰਮਿਕ ਕੱਟੜਤਾ ਦਾ ਸੌੜਾਪਣ ਭਰਿਆ ਜਾ ਰਿਹਾ ਹੈ?' ਤੇ ਜਮਹੂਰੀ, ਧਰਮ ਨਿਰਪੱਖ ਤੇ ਅਗਾਂਹਵਧੂ ਸੋਚ ਕਿਹੜੀ ਹੈ?' ਫਿਰ ਅੱਗੇ ਲੰਬੇ ਚੌੜੇ ਲੇਖ ਵਿੱਚ ਗੁਰਬਚਨ ਸਿੰਘ ਜੀ, ਮਾਰਕਸ, ਏਂਗਲਜ਼, ਲੈਨਿਨ, ਮਾਓ ਆਦਿ ਦੀਆਂ ਲਿਖਤਾਂ ਦੇ ਹਵਾਲੇ ਦੇ ਕੇ ਆਪ ਹੀ ਉਲਝ ਜਾਂਦੇ ਹਨ, ਪਰ ਕਿਤੇ ਵੀ ਸਪੱਸ਼ਟ ਨਹੀਂ ਕਰ ਪਾਉਂਦੇ ਕਿ ਉਪਰਲੀਆਂ ਚਾਰ ਲਾਈਨਾਂ ਵਿੱਚ ਸਿੱਖ ਧਰਮ ਜਾਂ ਸਿੱਖੀ ਦੇ ਵਾਰਿਸਾਂ ਬਾਰੇ ਕੀ ਗਲਤ ਬਿਆਨੀ ਹੈ, ਜਿਸ ਬਾਰੇ ਉਹ ਜਸਪਾਲ ਸਿੰਘ ਸਿੱਧੂ ਹੋਰਾਂ ਨੂੰ ਕਹਿੰਦੇ ਸਨ ਕਿ ਸਵਰਾਜਬੀਰ ਨੂੰ ਭਾਰਤੀ ਸਟੇਟ ਨੇ ਸਿੱਖੀ ਦਾ ਵਿਰੋਧ ਕਰਨ ਤੇ ਪੰਥਕ ਏਜੰਡੇ ਨੂੰ ਹਾਸ਼ੀਏ ਤੇ ਧੱਕਣ ਲਈ ਟ੍ਰਿਬਿਊਨ ਦਾ ਸੰਪਾਦਕ ਬਣਾ ਕੇ ਭੇਜਿਆ ਸੀ।

ਆਉ ਜ਼ਰਾ! ਸਵਰਾਜਬੀਰ ਦੀ ਉਸ ਸੰਪਾਦਕੀ 'ਆਸਾ ਅੰਦੇਸਾ ਦੁਇ ਪਟ ਜੜੇ॥ (ਗੁਰੂ ਨਾਨਕ, ਪੰਨਾ: 877)' ਵਿੱਚੋਂ ਉਨ੍ਹਾਂ ਦਾ ਨਜ਼ਰੀਆ ਜਾਨਣ ਦੀ ਕੋਸ਼ਿਸ਼ ਕਰਦੇ ਹਾਂ।ਉਹ ਇਸ ਸੰਪਾਦਕੀ ਵਿੱਚ ਲਿਖਦੇ ਹਨ: ਇਹ ਦਲੀਲ ਆਮ ਦਿੱਤੀ ਜਾਂਦੀ ਰਹੀ ਹੈ ਕਿ ਉਸ ਜਮਹੂਰੀ ਜ਼ਮੀਨ ਦਾ ਕੀ ਫ਼ਾਇਦਾ, ਜਿਸ 'ਤੇ ਸਿਆਸਤ ਕਰਕੇ ਬੁਨਿਆਦੀ ਤਬਦੀਲੀਆਂ ਨਹੀਂ ਲਿਆਂਦੀਆਂ ਜਾ ਸਕਦੀਆਂ ਅਤੇ ਇਹ ਦਲੀਲ ਵੀ ਦਿੱਤੀ ਜਾਂਦੀ ਸੀ/ਹੈ ਕਿ ਜਮਹੂਰੀ ਜ਼ਮੀਨ ਮੁਹੱਈਆ ਕਰਨ ਦੀ ਸਿਆਸਤ ਜਮਾਤੀ ਚੇਤਨਾ ਨੂੰ ਖੁੰਢਿਆਂ ਹੀ ਕਰਦੀ ਹੈ।' ਸ਼ਸ਼ 'ਆਸ਼ਾ-ਨਿਰਾਸ਼ਾ ਤੇ ਉਦਾਸੀ ਦੀ ਸਿਆਸਤ ਦਾ ਜਮਹੂਰੀ ਜ਼ਮੀਨ ਨੂੰ ਕਾਇਮ ਰੱਖਣ ਦੀ ਸਿਆਸਤ ਨਾਲ ਡੂੰਘਾ ਸਬੰਧ ਹੈ।ਜੇ ਜਮਹੂਰੀ ਜ਼ਮੀਨ ਥੋੜ੍ਹੀ ਮੋਕਲੀ/ਖੁੱਲ੍ਹੀ ਹੋਵੇ ਤਾਂ ਵਿਦਵਾਨਾਂ, ਪੱਤਰਕਾਰਾਂ, ਸਿਰਜਕਾਂ, ਚਿੰਤਕਾਂ ਤੇ ਕਲਾਕਾਰਾਂ ਨੂੰ ਵਿਚਾਰ-ਵਟਾਂਦਰੇ ਲਈ ਜ਼ਿਆਦਾ ਖੁੱਲ੍ਹ ਤੇ ਅਜ਼ਾਦੀ ਦੇ ਮੌਕੇ ਮਿਲਦੇ ਹਨ। ਅਜਿਹਾ ਮਾਹੌਲ ਆਸਾਂ-ਉਮੀਦਾਂ ਦੀ ਸਿਆਸਤ ਦੇ ਸੰਸਾਰ ਨੂੰ ਜਨਮ ਦਿੰਦਾ, ਸੰਘਰਸ਼ ਵਿੱਚ ਯਕੀਨ ਰੱਖਣ ਵਾਲੇ ਸਾਹਿਤ ਤੇ ਕਲਾ ਦੀ ਸਿਰਜਣ-ਭੋਇੰ ਬਣਦਾ, ਲੋਕਾਂ ਨੂੰ ਆਪਣੇ ਵੱਲ ਖਿੱਚਦਾ ਅਤੇ ਉਨ੍ਹਾਂ ਨੂੰ ਹਾਂਦਰੂ ਸੋਚ ਤੇ ਸਿਆਸਤ ਦੇ ਭਾਈਵਾਲ ਬਣਾਉਂਦਾ ਹੈ। ਅਜਿਹੇ ਮਾਹੌਲ ਦੇ ਖੋਹੇ ਜਾਣ ਨਾਲ ਨਿਰਾਸ਼ਾ ਉਪਜਦੀ ਹੈ।

ਇਸ ਨਿਰਾਸ਼ਾ ਵਿਰੁੱਧ ਕਿਵੇਂ ਲੜਿਆ ਜਾਵੇ? ਗ਼ੈਰ-ਜਮਹੂਰੀ ਦਿਸ਼ਾ ਵੱਲ ਵਧ ਰਹੀ ਸਿਆਸਤ ਦੇ ਦੌਰ ਵਿੱਚ ਜਮਹੂਰੀ ਤੇ ਲੋਕ-ਪੱਖੀ ਸਿਆਸਤ ਨੂੰ ਕਿਵੇਂ ਕਾਇਮ ਰੱਖਿਆ ਜਾਵੇ? ਉਨ੍ਹਾਂ ਲੋਕ-ਸਮੂਹਾਂ, ਜਿਨ੍ਹਾਂ ਤੋਂ ਸਿਆਸੀ ਚੇਤੰਨਤਾ ਖੋਹ ਕੇ, ਉਨ੍ਹਾਂ ਦੇ ਮਨਾਂ 'ਚ ਧਾਰਮਿਕ ਕੱਟੜਤਾ ਤੇ ਸੌੜਾਪਣ ਭਰਿਆ ਜਾ ਰਿਹਾ ਹੋਵੇ, ਵਿੱਚ ਜਮਹੂਰੀ, ਧਰਮ ਨਿਰਪੱਖ ਤੇ ਅਗਾਂਹਵਧੂ ਸੋਚ ਕਿਵੇਂ ਸੰਚਾਰਿਤ ਕੀਤੀ ਜਾਵੇ? ਕੀ ਕੀਤਾ ਜਾਵੇ, ਜਦੋਂ ਮਜ਼ਦੂਰਾਂ ਤੇ ਕਿਸਾਨਾਂ ਦੇ ਵੱਡੇ ਹਿੱਸੇ ਅਸੰਗਠਿਤ ਹੋਣ ਅਤੇ ਉਨ੍ਹਾਂ ਦੇ ਮਨਾਂ 'ਚ ਇਹ ਭਾਵਨਾ ਪੈਦਾ ਕਰ ਦਿੱਤੀ ਗਈ ਹੋਵੇ ਕਿ ਜਥੇਬੰਦ ਹੋਣ ਦਾ ਕੋਈ ਫ਼ਾਇਦਾ ਨਹੀਂ; ਜਦੋਂ ਇਸ ਸੋਚ ਦਾ ਪਸਾਰ ਵਧ ਰਿਹਾ ਹੋਵੇ ਕਿ ਨਿੱਜੀ ਆਰਥਿਕ ਸੁਰੱਖਿਆ ਤੋਂ ਵੱਧ ਇਸ ਦੁਨੀਆਂ ਵਿੱਚ ਹੋਰ ਕੋਈ ਚੀਜ਼ ਨਹੀਂ? ਅੱਜ ਇਹ ਸਵਾਲ ਲੋਕ-ਪੱਖੀ ਸਿਆਸਤਦਾਨਾਂ, ਸਿਰਜਕਾਂ, ਕਲਾਕਾਰਾਂ, ਸਮਾਜਿਕ ਕਾਰਕੁੰਨਾਂ ਅਤੇ ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਦੇ ਰੂਬਰੂ ਹਨ।'

ਕੀ ਇਹ ਸੰਪਾਦਕੀ ਪੜ੍ਹਦਿਆਂ ਪਾਠਕਾਂ ਨੂੰ ਸਮਝ ਨਹੀਂ ਆ ਰਿਹਾ ਕਿ ਸਵਰਾਜਬੀਰ ਕਿਸੇ ਗਰਮ ਜਾਂ ਨਰਮ ਸਿੱਖ ਰਾਜਨੀਤੀ ਨੂੰ ਨਹੀਂ, ਸਗੋਂ 'ਆਦਮ-ਬੋ-ਆਦਮ-ਬੋ' ਕਾਲ਼ੀ ਬੋਲ਼ੀ ਹਨ੍ਹੇਰੀ ਵਾਂਗ ਚੜ੍ਹੀ ਆ ਰਹੀ ਫਿਰਕੂ ਭਾਜਪਈ ਰਾਜਨੀਤੀ ਨੂੰ ਆਪਣੀ ਅਲੋਚਨਾ ਦਾ ਨਿਸ਼ਾਨਾ ਬਣਾ ਰਿਹਾ ਸੀ? ਪਰ ਪਤਾ ਨਹੀਂ ਕਿਵੇਂ ਗੁਰਬਚਨ ਸਿੰਘ ਵਰਗੇ ਸਿੱਖ ਵਿਦਵਾਨ ਧੱਕੇ ਨਾਲ਼ ਸਭ ਕੁਝ ਨੂੰ ਸਿੱਖਾਂ ਨਾਲ਼ ਜੋੜ ਲੈਂਦੇ ਹਨ ਅਤੇ ਅਜਿਹੀ ਮਨੋ-ਕਲਪਿਤ ਮਿੱਥ ਨੂੰ ਲੈ ਕੇ ਫਿਰ ਰਹੇ ਹਨ ਕਿ ਸਾਰੀ ਦੁਨੀਆਂ ਸਿੱਖਾਂ ਨੂੰ ਬਰਬਾਦ ਕਰਨ 'ਤੇ ਹੀ ਲੱਗੀ ਹੋਈ ਹੈ।ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆ ਰਹੀ ਕਿ ਪੰਜਾਬ ਦੀ ਸਿੱਖ ਸਿਆਸਤ ਦਾ ਭਾਰਤ ਜਾਂ ਅੰਤਰ ਰਾਸ਼ਟਰੀ ਸਿਆਸਤ ਵਿੱਚ ਕੋਈ ਅਜਿਹਾ ਰੋਲ ਨਹੀਂ, ਜਿਸ ਤੋਂ ਦੁਨੀਆਂ ਡਰ ਕੇ ਸਿੱਖਾਂ ਖਿਲਾਫ ਹੀ ਸਾਜ਼ਿਸ਼ਾਂ ਕਰਨ ਲੱਗ ਜਾਵੇ।

ਸਵਰਾਜਬੀਰ ਤਾਂ ਸਗੋਂ ਆਪਣੀ ਇਸੇ ਲਿਖਤ ਵਿੱਚ ਗੁਰੂ ਨਾਨਕ ਸਾਹਿਬ ਦੇ ਹਵਾਲੇ ਨਾਲ਼ ਇਵੇਂ ਲਿਖਦੇ ਹਨ: 'ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜ਼ਿੰਦਗੀ ਦੇ ਇਨ੍ਹਾਂ ਪਹਿਲੂਆਂ ਅਤੇ ਰੋਹ/ਸੰਘਰਸ਼ ਦੇ ਮਹੱਤਵ ਬਾਰੇ ਇਹ ਦੱਸਿਆ ਹੈ, "ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥" ਲੋਕ-ਰੋਹ ਨੇ ਹੀ ਲੋਕਾਂ ਦੇ ਰਖਵਾਲੇ ਬਣਨਾ ਹੈ।ਉਸ ਰੋਹ ਦੇ ਪਨਪਣ ਲਈ ਜਮਹੂਰੀ ਜ਼ਮੀਨ ਨੂੰ ਕਾਇਮ ਰੱਖਣਾ ਅਤਿਅੰਤ ਜ਼ਰੂਰੀ ਹੈ ਅਤੇ ਇਸਨੂੰ ਕਾਇਮ ਰੱਖਣ ਦੀ ਲੜਾਈ ਮਜ਼ਦੂਰ-ਕਿਸਾਨ ਜਥੇਬੰਦੀਆਂ ਦੇ ਆਗੂਆਂ, ਚਿੰਤਕਾਂ, ਵਿਦਵਾਨਾਂ, ਕਲਾਕਾਰਾਂ ਤੇ ਲੋਕ-ਸਮੂਹਾਂ ਨੂੰ ਇਕੱਠੇ ਹੋ ਕੇ ਲੜਨੀ ਪੈਣੀ ਹੈ; ਉਸ ਲਈ ਅਜਿਹੀ ਸੋਚ ਦੀ ਲੋੜ ਹੈ, ਜੋ ਲੋਕ-ਸੰਘਰਸ਼ਾਂ ਵਿੱਚ ਜਿੱਤਾਂ ਦਾ ਤਸੱਵਰ ਪੇਸ਼ ਕਰਨ ਦੇ ਨਾਲ-ਨਾਲ ਇਨ੍ਹਾਂ ਸੰਘਰਸ਼ਾਂ 'ਚ ਹੋਣ ਵਾਲੀਆਂ ਹਾਰਾਂ ਨੂੰ ਵੀ ਜੀਵਨ-ਚਿੰਤਨ ਦਾ ਹਿੱਸਾ ਬਣਾ ਸਕੇ। ਵਿਦਵਾਨ ਡਰੂਸਿਲਾ ਕੋਰਨਲ (Druscilla Cornell) ਅਨੁਸਾਰ, "ਅਸੀਂ ਹਾਰਾਂ ਬਾਰੇ ਅਗਾਊਂ ਨਹੀਂ ਜਾਣ ਸਕਦੇ।ਅਸੀਂ ਇਹ ਵੀ ਨਹੀਂ ਜਾਣ ਸਕਦੇ ਕਿ ਕਿਸੇ ਸੰਘਰਸ਼ 'ਚੋਂ ਕਿਹੋ ਜਿਹੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਅਸੀਂ ਸਿਰਫ਼ ਇਸ ਲਈ ਹੀ ਸੰਘਰਸ਼ ਨਹੀਂ ਕਰਦੇ ਕਿ ਅਸੀਂ ਜਿੱਤ ਜਾਈਏ ਜਾਂ ਸਾਨੂੰ ਜਿੱਤ ਦੀ ਆਸ ਹੈ; ਅਸੀਂ ਇਸ ਲਈ ਵੀ ਸੰਘਰਸ਼ ਕਰਦੇ ਹਾਂ ਕਿ ਅਸੀਂ ਅਜਿਹੀ ਜ਼ਿੰਦਗੀ ਜਿਊਣਾ ਚਾਹੁੰਦੇ ਹਾਂ, ਜਿਹੜੀ ਇਨਸਾਨੀਅਤ 'ਤੇ ਆਧਾਰਿਤ ਹੋਵੇ ਅਤੇ ਜਿਸ ਨਾਲ ਅਸੀਂ ਹੋਰਨਾਂ ਨਾਲ਼ ਸਾਂਝ ਪਾ ਕੇ ਕੁਝ ਨਵਾਂ ਸੰਸਾਰ ਸਿਰਜ ਸਕੀਏ।'

ਪਾਠਕ ਹੀ ਅੰਦਾਜ਼ਾ ਲਗਾਉਣ, ਸਾਡੀ ਤਾਂ ਸਮਝ ਤੋਂ ਬਾਹਰ ਹੈ ਕਿ ਕਰਮਜੀਤ ਸਿੰਘ, ਗੁਰਬਚਨ ਸਿੰਘ, ਅਜਮੇਰ ਸਿੰਘ ਵਰਗੇ ਨਾਮਵਰ ਸਿੱਖ ਚਿੰਤਕਾਂ ਨੂੰ ਸਵਰਾਜਬੀਰ ਦੀਆਂ ਲਿਖਤਾਂ 'ਚੋਂ ਕਿਵੇਂ ਉਸਦੇ 'ਸਿੱਖ ਵਿਰੋਧੀ' ਹੋਣ ਦੀ 'ਸੋਅ' ਆ ਜਾਂਦੀ ਹੈ।ਪਤਾ ਨਹੀਂ ਸਾਡੇ ਇਹ ਮਹਾਨ ਵਿਦਵਾਨ ਕਿਵੇਂ ਆਪਣੀ ਦਿੱਬ-ਦ੍ਰਿਸ਼ਟੀ ਨਾਲ਼ ਜਾਣ ਲੈਂਦੇ ਹਨ ਕਿ ਸਵਰਾਜਬੀਰ ਵਰਗਿਆਂ ਨੂੰ ਭਾਰਤੀ ਸਟੇਟ ਪੰਜਾਬ ਵਿੱਚੋਂ ਸਿੱਖ (ਪੰਥਕ) ਬ੍ਰਿਤਾਂਤ ਨੂੰ ਹਾਸ਼ੀਏ ਉਤੇ ਧੱਕਣ ਲਈ ਖਾਸ ਜ਼ਿੰਮੇਵਾਰੀ ਦੇ ਕੇ ਭੇਜਦੀ ਹੈ? ਹੁਣ ਕੀ ਇਹ ਵਿਦਵਾਨ ਦੱਸ ਸਕਦੇ ਹਨ ਕਿ ਜੇ ਸਵਰਾਜਬੀਰ ਵਰਗੇ ਪੰਜਾਬ ਤੇ ਲੋਕ ਹਿਤੈਸ਼ੀ ਵਿਅਕਤੀ, ਸਟੇਟ ਲਈ ਸਿੱਖ ਵਿਰੋਧੀ ਏਜੰਡੇ ਤੇ ਕੰਮ ਕਰ ਰਹੇ ਸਨ, ਫਿਰ ਉਨ੍ਹਾਂ ਨੂੰ ਬੜੀ ਬੇਰੁੱਖੀ ਨਾਲ਼ ਕਿਉਂ ਰੁਖਸਤ ਕੀਤਾ ਗਿਆ? ਕੀ ਇਸ ਤੋਂ ਇਹ ਮਹਿਸੂਸ ਨਹੀਂ ਹੁੰਦਾ ਕਿ ਭਾਰਤੀ ਸਟੇਟ ਨੇ ਸਵਰਾਜਬੀਰ ਨੂੰ ਘਰੇ ਭੇਜ ਕੇ ਸਾਡੇ ਸਿਰਮੌਰ ਵਿਦਵਾਨਾਂ ਦੀ ਇੱਛਾ ਪੂਰਤੀ ਕੀਤੀ ਹੈ? ਇਉਂ ਨਹੀਂ ਭਾਸ ਰਿਹਾ ਕਿ ਜਿਵੇਂ ਭਾਰਤੀ ਸਟੇਟ ਸਿੱਖ ਵਿਦਵਾਨਾਂ ਦੇ ਇਸ਼ਾਰੇ 'ਤੇ ਚੱਲਦੀ ਹੋਵੇ, ਜਿਸਨੂੰ ਇਹ ਸਿੱਖ ਵਿਰੋਧੀ ਗਰਦਾਨ ਦੇਣ, ਉਨ੍ਹਾਂ ਦਾ ਹਸ਼ਰ ਹਰੀਸ਼ ਖਰੇ, ਸਵਰਾਜਬੀਰ ਆਦਿ ਵਰਗਾ ਹੁੰਦਾ ਹੈ।

ਇਸ ਸਬੰਧੀ ਕੁਝ ਹੋਰ ਸਿੱਖ ਵਿਦਵਾਨਾਂ ਦੀਆਂ ਫੇਸਬੁੱਕ ਪੋਸਟਾਂ ਅਨੁਸਾਰ ਸਵਰਾਜਬੀਰ ਨਾ ਪੱਤਰਕਾਰ ਸੀ, ਨਾ ਉਸ ਕੋਲ਼ ਮੀਡੀਏ ਦਾ ਤਜਰਬਾ ਸੀ, ਪਰ ਉਸਨੂੰ ਫਿਰ ਵੀ ਪੰਜਾਬੀ ਟ੍ਰਿਬਿਊਨ ਵਰਗੇ ਨਾਮਵਰ ਅਖਬਾਰ ਦੀ ਜ਼ਿੰਮੇਵਾਰੀ ਕਿਉਂ ਦਿਤੀ ਗਈ, ਇਹ ਵੱਡਾ ਸੁਆਲ ਹੈ? ਅਜਿਹੇ ਵਿਦਵਾਨਾਂ ਦੀਆਂ ਜੇ ਸਾਰੀਆਂ ਗੱਲਾਂ ਨੂੰ ਵੀ ਸੱਚ ਮੰਨ ਲਈਏ ਤਾਂ ਇਹ ਗੱਲ ਤਾਂ ਸਪੱਸ਼ਟ ਹੈ ਕਿ ਸਵਰਾਜਬੀਰ ਹੀਰ ਵੰਨ੍ਹਾ ਇਨਕਲਾਬ ਲਿਆਉਣਾ ਚਾਹੁੰਦਾ ਸੀ, ਉਸਨੇ ਅਖੌਤੀ ਸਿੱਖ ਵਿਰੋਧੀ ਲੇਖਕਾਂ ਨੂੰ ਪ੍ਰਮੋਟ ਕੀਤਾ, ਉਸਨੇ ਕਮਿਉਨਿਸਟਾਂ ਦੀ ਬੱਲੇ-ਬੱਲੇ ਕਰਾਈ। ਜੇ ਉਹ ਅਜਿਹਾ ਕਰ ਰਿਹਾ ਸੀ ਤਾਂ ਇਸਦਾ ਨੁਕਸਾਨ ਕਿਸਨੂੰ ਹੋ ਰਿਹਾ ਸੀ? ਕੀ ਟ੍ਰਿਬਿਊਨ ਦੇ ਟਰੱਸਟੀ ਪੰਥਕ ਸੋਚ ਵਾਲ਼ੇ ਹਨ ਕਿ ਉਨ੍ਹਾਂ ਨੇ ਸਵਰਾਜਬੀਰ ਦੀ ਅਖੌਤੀ ਸਿੱਖ ਵਿਰੋਧੀ ਸੋਚ ਕਾਰਨ ਉਸਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ? ਜੇ ਇਹ ਸੱਚ ਹੈ ਤਾਂ ਇਹ ਵਿਦਵਾਨ ਆਪ ਹੀ ਝੂਠੇ ਪੈਂਦੇ ਹਨ, ਜਦੋਂ ਕਹਿੰਦੇ ਹਨ ਕਿ ਉਸਨੂੰ ਲਿਆਂਦਾ ਹੀ 'ਗੁਰਬਾਣੀ ਦੇ ਇਨਕਲਾਬ ਨੂੰ ਮੇਟਣ ਲਈ ਸੀ ਤਾਂ ਕਿ ਗੁਰਾਂ ਦੇ ਨਾਮ 'ਤੇ ਵਸਦੇ ਪੰਜਾਬ ਵਿੱਚ ਮਾਰਕਸ-ਲੈਨਿਨ ਦਾ ਇਨਕਲਾਬ ਲਿਆਂਦਾ ਜਾ ਸਕੇ।' ਕੀ ਸਾਡੇ ਬਹੁਤ ਹੀ ਸਤਿਕਾਰਯੋਗ ਅਤੇ ਸੂਝਵਾਨ ਵਿਦਵਾਨ ਦੱਸ ਸਕਦੇ ਹਨ ਕਿ ਟ੍ਰਿਬਿਊਨ ਦੇ ਟਰੱਸਟੀ ਕਦੋਂ ਪੰਥ ਵਿਰੋਧੀ ਤੋਂ ਪੰਥਕ ਹੋ ਗਏ ਸਨ?

ਜਿਹੜੇ ਲੋਕ ਅਜਿਹੇ ਦਾਅਵੇ ਕਰਦੇ ਹਨ ਕਿ ਸਵਰਾਜਬੀਰ ਨੂੰ ਪੰਜਾਬ ਵਿੱਚੋਂ ਸਿੱਖੀ ਨੂੰ ਹਾਸ਼ੀਏ 'ਤੇ ਧੱਕਣ ਲਈ ਲਿਆਂਦਾ ਗਿਆ ਸੀ, ਉਨ੍ਹਾਂ ਨੂੰ ਸਵਰਾਜਬੀਰ ਦਾ ਕੁਝ ਸਮਾਂ ਪਹਿਲਾਂ ਲਿਖਿਆ ਸੰਪਾਦਕੀ '**ਲੋਕ-ਪੱਖੀ ਸਿਆਸਤ ਦੀ ਸਿਰਜਣਾ**' ਪੜ੍ਹਨਾ ਚਾਹੀਦਾ ਹੈ, ਜਿਸ ਵਿੱਚ ਉਸਨੇ ਸਾਫ ਕਿਹਾ ਹੈ: 'ਅਜੋਕਾ ਭਾਰਤੀ ਸਟੇਟ ਪ੍ਰਬੰਧ ਗੰਭੀਰ ਆਰਥਿਕ ਸੰਕਟ ਪੈਦਾ ਕਰ ਰਿਹਾ ਹੈ ਅਤੇ ਇਹ ਸੰਕਟ ਲੋਕ-ਪੱਖੀ ਤਾਕਤਾਂ ਪੈਦਾ ਕਰਨ ਵਾਲੀ ਜ਼ਰਖ਼ੇਜ਼ ਜ਼ਮੀਨ ਹੈ। ਲੋਕ-ਪੱਖੀ ਸ਼ਕਤੀਆਂ ਦਾ ਨਿਰਮਾਣ ਕਿਵੇਂ ਹੋਵੇ ਅਤੇ ਇਸ ਲਈ ਕਿੰਨਾ ਸਮਾਂ ਲੱਗੇਗਾ? ਇਨ੍ਹਾਂ ਸਵਾਲਾਂ ਦੇ ਜਵਾਬ ਅਸਾਨ ਨਹੀਂ। **ਅਜਿਹੀਆਂ ਤਾਕਤਾਂ ਦੇ ਨਿਰਮਾਣ ਲਈ ਅਜਿਹੀ ਵਿਚਾਰਧਾਰਾ ਦੀ ਜ਼ਰੂਰਤ ਹੈ, ਜੋ ਭਾਜਪਾ ਦੇ ਵਿਚਾਰਧਾਰਕ ਪ੍ਰਮੁੱਖਤਾ ਦੇ ਕਿਲ੍ਹੇ ਨੂੰ ਤੋੜ ਕੇ ਹਿੰਦੂ ਭਾਈਚਾਰੇ ਦੇ ਉਸ ਵਰਗ ਨਾਲ ਸੰਵਾਦ ਰਚਾ ਸਕੇ, ਜਿਸਨੂੰ ਭਾਜਪਾ ਦੀ ਵਿਚਾਰਧਾਰਾ ਨੇ ਕੀਲ ਰੱਖਿਆ ਹੈ**; ਲੋਕ-ਪੱਖੀ ਵਿਚਾਰਧਾਰਾ ਲਗਾਤਾਰ ਲੋਕ-ਪੱਖੀ ਸਿਆਸੀ ਕਾਰਜਾਂ ਰਾਹੀਂ ਹੀ ਨਿਰਮਤ ਹੋਣੀ ਹੈ; ਅੱਜ ਗ਼ੈਰ-ਭਾਜਪਾ ਪਾਰਟੀਆਂ ਅਜਿਹੇ ਸਿਆਸੀ ਕਾਰਜਾਂ ਤੋਂ ਦੂਰੀ ਬਣਾ ਕੇ ਰੱਖ ਰਹੀਆਂ ਹਨ। ਲੋਕ-ਪੱਖੀ ਸਿਆਸੀ ਅੰਦੋਲਨਾਂ ਤੇ ਕਾਰਜਾਂ ਦੀ ਸਿਰਜਣਾ ਇਸ ਸਮੇਂ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਹਨ।'

ਸਵਰਾਜਬੀਰ ਦਾ ਇਹ ਸਵਾਲ ਪੰਥਕ ਸਿੱਖ ਲੀਡਰਸ਼ਿਪ ਤੇ ਸਿੱਖ ਚਿੰਤਕਾਂ ਲਈ ਵੀ ਉਤਨਾ ਹੀ ਸਾਰਥਕ ਹੈ ਕਿ ਕੀ ਉਹ ਕਦੇ ਸੋਚਣਗੇ ਕਿ ਪੰਜਾਬ ਦੇ ਗੈਰ ਸਿੱਖਾਂ ਨੂੰ ਤਾਂ ਛੱਡੋ, ਪੰਜਾਬ ਦੇ ਦੇਸ਼-ਵਿਦੇਸ਼ ਵਿੱਚ ਵਸਦੇ ਆਮ ਸਿੱਖ ਵੀ ਉਨ੍ਹਾਂ ਦੇ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਜਾਂ ਪੰਥਕ ਏਜੰਡੇ ਨੂੰ ਕਿਉਂ ਨਹੀਂ ਅਪਨਾ ਰਹੇ? ਵਾਰ-ਵਾਰ ਉਨ੍ਹਾਂ ਨੂੰ ਕਿਉਂ ਨਕਾਰ ਰਹੇ ਹਨ?

ਸਵਰਾਜਬੀਰ ਦੀ ਪੰਜਾਬੀ ਬੋਲੀ ਤੇ ਸਭਿਆਚਾਰ ਬਾਰੇ ਪ੍ਰਤੀਬੱਧਤਾ ਦੀ ਇੱਕ ਹੋਰ ਮਿਸਾਲ ਦੇਖੋ। ਉਸਨੇ ਪਿਛਲੇ ਸਾਲ ਮਾਂ-ਬੋਲੀ ਪੰਜਾਬੀ ਦਾ ਜ਼ਸ਼ਨ ਮਨਾਉਣ ਲਈ ਪੰਜਾਬੀ ਯੂਨੀਵਰਸਿਟੀ ਵਿੱਚ '**ਪੰਜਾਬੀ ਭਾਸ਼ਾ ਦੀ ਸਮੱਸਿਆ ਨੂੰ ਸਮਝਣ ਲਈ ਕੁਝ ਨੁਕਤੇ**' ਸਿਰਲੇਖ ਹੇਠਲੇ ਆਪਣੇ ਭਾਸ਼ਨ ਵਿੱਚ ਕਿਹਾ ਸੀ,: 'ਮੇਰੇ ਸਾਹਮਣੇ ਜੇ ਕੋਈ ਪੰਜਾਬੀ ਕਿਸੇ, ਹੋਰ ਭਾਸ਼ਾ ਵਿੱਚ ਗੱਲ ਕਰੇ ਜਾਂ ਕਿਸੇ ਹੋਰ ਭਾਸ਼ਾ ਵਿੱਚ ਲਿਖੇ ਤਾਂ ਮੈਨੂੰ ਵੱਟ ਚੜ੍ਹ ਜਾਂਦਾ ਹੈ, ਮੈਨੂੰ ਉਹ ਬੰਦਾ ਜ਼ਹਿਰ ਲਗਦਾ ਹੈ।ਮੈਂ ਅੰਦਰੋ-ਅੰਦਰ ਵਿਸ ਘੋਲ਼ਦਾਂ ਹਾਂ ਕਿ ਉਹ ਪੰਜਾਬੀ ਵਿੱਚ ਕਿਉਂ ਬੋਲ ਤੇ ਲਿਖ ਨਹੀਂ ਰਿਹਾ।ਕਈ ਵਾਰ ਮੈ ਅਜਿਹੇ ਬੰਦਿਆਂ ਨਾਲ਼ ਲੜ ਵੀ ਪੈਂਦਾ ਹਾਂ। ਲੜਨ ਤੋਂ ਬਾਅਦ ਮੈਂ ਆਪਣੇ ਆਪ ਨੂੰ ਇਹ ਕਹਿ ਕਿ ਧਰਵਾਸ ਦਿੰਦਾ ਹਾਂ ਕਿ ਆਪਣੀ ਮਾਂ ਬੋਲੀ ਵਿੱਚ ਨਾ ਲਿਖਣ ਜਾਂ ਬੋਲਣ ਵਾਲ਼ਾ ਬੰਦਾ ਰੂਹਾਨੀ ਤੇ ਸਭਿਆਚਾਰਕ ਪੱਖ ਤੋਂ ਲਿੱਸਾ ਤੇ ਬੌਣਾ ਹੁੰਦਾ ਹੈ।'

ਸਵਰਾਜਬੀਰ ਦੀ ਕਹਿਣੀ ਤੇ ਕਥਨੀ ਵਿੱਚ ਸਾਨੂੰ ਤਾਂ ਕੋਈ ਨਜ਼ਰ ਨਹੀਂ ਆਇਆ, ਪਰ ਜਿਹੜੇ ਸਿੱਖ ਚਿੰਤਕ ਉਸਨੂੰ ਪੰਜਾਬੀ ਟ੍ਰਿਬਿਊਨ ਤੋਂ ਕੱਢੇ ਜਾਣ ਤੇ ਚੜ੍ਹਗਿੱਲੀ ਪਾ ਰਹੇ ਹਨ।ਉਨ੍ਹਾਂ ਦੀ ਕਹਿਣੀ ਤੇ ਕਰਨੀ ਦਾ ਰੱਬ ਹੀ ਰਾਖਾ ਹੈ! ਉਹ ਪੰਜਾਬ ਦੇ ਹਿੰਦੂਆਂ ਅਤੇ ਦਲਿਤਾਂ ਦੀ ਵੱਡੀ ਵਸੋਂ ਤਾਂ ਪਾਸੇ ਰਹੀ, ਆਮ ਸਧਾਰਨ ਸਿੱਖ ਕਿਰਸਾਨੀ ਨੂੰ ਭਰੋਸੇ ਵਿੱਚ ਲਏ ਬਗੈਰ ਦੇਸ਼-ਵਿਦੇਸ਼ ਵਿੱਚ ਖਾਲਿਸਤਾਨ ਦਾ ਜਿਸ ਕਿਸਮ ਦਾ ਪ੍ਰਵਚਨ ਸਿਰਜ ਰਹੇ ਹਨ, ਉਨ੍ਹਾਂ ਨੇ ਕਦੇ ਇਹ ਗੱਲ ਵਿਚਾਰੀ ਹੀ ਨਹੀਂ ਹੈ ਕਿ ਉਹਨਾਂ ਦੀ 'ਅੰਨ੍ਹੇ ਨਿਸ਼ਾਨਚੀਆਂ' ਵਾਲ਼ੀ 40-50 ਸਾਲਾਂ ਦੀ ਰਾਜਨੀਤੀ ਨੇ ਕਿਤਨੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਬਰਬਾਦੀ ਦੇ ਰਸਤੇ ਤੋਰਿਆ। ਇਹ ਲੋਕ ਆਪਣੀ ਕੌਮ ਦਾ ਕਿਤਨਾ ਨੁਕਸਾਨ ਕਰੀ ਬੈਠੇ ਹਨ। ਇਨ੍ਹਾਂ ਬਾਰੇ ਕਹਿਣ ਨੂੰ ਦਿਲ ਤਾਂ ਨਹੀਂ ਕਰਦਾ, ਪਰ ਕਹੇ ਬਿਨਾਂ ਰਿਹਾ ਵੀ ਨਹੀਂ ਜਾਂਦਾ ਕਿ ਇਨ੍ਹਾਂ ਸੱਜਣਾਂ

ਨੇ ਕੀ ਕਦੇ ਸੋਚਿਆ ਹੈ ਕਿ ਇਨ੍ਹਾਂ ਦੇ ਸੁਪਨਿਆਂ ਦੇ ਖਾਲਿਸਤਾਨ ਦਾ ਨਕਸ਼ਾ ਕੀ ਹੋਵੇਗਾ, ਅਜਿਹੇ ਰਾਜ ਦੀ ਘੱਟ ਗਿਣਤੀਆਂ ਬਾਰੇ ਨੀਤੀ ਕੀ ਹੋਵੇਗੀ, ਉਸ ਦੇਸ਼ ਦੀ ਆਰਥਿਕ ਨੀਤੀ ਕੀ ਹੋਵੇਗੀ? ਸਾਡੇ ਇਹ ਮਹਾਂਰਥੀ ਪੰਜਾਬ ਦੇ ਲੋਕਾਂ ਨੂੰ ਬੇਗਮਪੁਰੇ ਵਰਗੀ ਜੰਨਤ ਵਿੱਚ ਕਿਵੇਂ ਲੈ ਕੇ ਜਾਣਗੇ? ਧਰਮ ਅਧਾਰਿਤ ਇਜ਼ਰਾਈਲ, ਪਾਕਿਸਤਾਨ, ਇਰਾਨ, ਅਫਗਾਨਿਸਤਾਨ ਵਰਗੇ ਦੇਸ਼ਾਂ ਵਿੱਚ ਲੋਕਾਂ ਦਾ ਹਸ਼ਰ, ਕੀ ਇਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ? ਲਗਦਾ ਹੈ ਕਿ ਪੰਜਾਬ ਦੀ ਨੌਜਵਾਨੀ ਨੂੰ ਬਲ਼ੀ ਦੇ ਭੂਥੇ ਦੇਈ ਰੱਖਣਾ ਹੀ ਇਨ੍ਹਾਂ ਦਾ ਮੁੱਖ ਏਜੰਡਾ ਹੈ। ਸਰਦਾਰ ਕਰਮਜੀਤ ਸਿੰਘ ਨੂੰ ਸਵਰਾਜਬੀਰ ਵਰਗੇ ਇਨਸਾਨ ਨੂੰ ਕਟਿਹਰੇ ਵਿੱਚ ਖੜਾ ਕਰਨ ਦਾ ਕਿਤਨਾ ਕੁ ਇਖਲਾਕੀ ਹੱਕ ਹੈ, ਫਿਰ ਵੀ ਉਨ੍ਹਾਂ ਨੇ ਜੇ ਇੰਝ ਕਰਨ ਤੋਂ ਨਹੀਂ ਹਟਣਾ ਤਾਂ ਪਹਿਲਾਂ ਉਨ੍ਹਾਂ ਨੂੰ ਘਰ ਦੇ ਭੇਤੀ ਮਾਲਵਿੰਦਰ ਸਿੰਘ ਮਾਲੀ ਦੇ ਇਲਜ਼ਾਮਾਂ ਦਾ ਜਵਾਬ ਤਾਂ ਜ਼ਰੂਰ ਹੀ ਦੇਣਾ ਚਾਹੀਦਾ ਹੈ, ਜੋ ਉਨ੍ਹਾਂ ਕਈ ਵਾਰ ਆਪਣੀਆਂ ਲਿਖਤਾਂ ਵਿੱਚ ਲਗਾਏ ਹਨ।

ਸ. ਕਰਮਜੀਤ ਸਿੰਘ ਜੀ ਦਾ ਸਵਰਾਜਬੀਰ ਪ੍ਰਤੀ ਸਭ ਤੋਂ ਵੱਡਾ ਸ਼ਿਕਵਾ ਤਾਂ ਏਹੀ ਹੈ ਕਿ ਉਸਨੇ ਬੰਦੀ ਸਿੱਖ ਨੌਜਵਾਨਾਂ ਦੀ ਰਿਹਾਈ ਬਾਰੇ ਅਵਾਜ਼ ਕਿਉਂ ਨਹੀਂ ਉਠਾਈ? ਕੀ ਉਨ੍ਹਾਂ ਨੂੰ ਕੋਈ ਸ਼ੱਕ ਹੈ ਕਿ ਸਵਰਾਜਬੀਰ ਤਾਂ ਅਜਿਹੇ ਸਿੱਖ ਲੀਡਰਾਂ ਦੀ ਪੰਥਕ ਰਾਜਨੀਤੀ ਨਾਲ਼ ਕਦੇ ਸਹਿਮਤ ਹੀ ਨਹੀਂ ਸੀ? ਕੀ ਉਨ੍ਹਾਂ ਨੂੰ ਕਰਮਜੀਤ ਸਿੰਘ ਵਲੋਂ ਅਜਿਹਾ ਕੋਈ ਮੇਹਣਾ ਮਾਰਨਾ ਬਣਦਾ ਹੈ? ਜਿਹੜੀ ਰਾਜਨੀਤੀ ਨਾਲ਼ ਸਵਰਾਜਬੀਰ ਸਹਿਮਤ ਹੀ ਨਹੀਂ ਹੈ, ਉਸਦੀ ਅਲੋਚਨਾ ਕਰਨਾ ਤਾਂ ਛੱਡੋ, ਕੀ ਉਸਨੂੰ ਚੁੱਪ ਰਹਿਣ ਦਾ ਵੀ ਅਧਿਕਾਰ ਨਹੀਂ ਹੈ? ਗੁਰੂ ਸਾਹਿਬ ਦੇ ਮਹਾਂਵਾਕ 'ਸਭੇ ਸਾਝੀਵਾਲ ਸਦਾਇਨਿ' ਵਰਗੇ ਸੱਦੇ ਦੀ ਗੂੰਜ, ਉਸਦੇ ਹਰ ਪੰਜਾਬੀ ਟ੍ਰਿਬਿਊਨ ਵਿੱਚ ਪਿਛਲੇ 5 ਸਾਲ ਤੋਂ ਛਪਦੇ ਆ ਰਹੇ ਹਰ ਲੇਖ ਵਿੱਚ ਸਮੋਈ ਹੋਈ ਸੀ। ਇਸ ਪ੍ਰਥਾਏ 'ਸ਼ਾਇਰ ਦੇਸ਼ ਪੰਜਾਬ ਦਾ, ਅਹਿਮਦ ਉਸਦਾ ਨਾਮ', 'ਸ਼ਹੀਦ ਭਗਤਸਿੰਘਪੁਰਾ ਦੇ ਵਾਸੀ', 'ਲੋਕਪੱਖੀ ਸਿਆਸਤ ਦੀ ਸਿਰਜਨਾ', 'ਇਕੱਲ ਦੇ ਬੁੱਤ', 'ਵਰਕੇ ਖੁੱਲ੍ਹੇ ਤੇਰੇ ਪੰਜਾਬ ਦੇ', 'ਪੰਜਾਬੀ ਲੋਕਮਨ ਤੇ ਰਾਮ ਕਥਾ', 'ਇੱਕ ਸ਼ਾਇਰਾ ਦਾ ਇਨਕਾਰ', ਆਦਿ ਉਸਦੇ ਲੇਖ ਸਭ ਨੂੰ ਪੜ੍ਹਨੇ ਚਾਹੀਦੇ ਹਨ ਤਾਂ ਕਿ ਸਵਰਾਜਬੀਰ ਦੀ ਪੰਜਾਬ ਅਤੇ ਲੋਕ ਪੱਖੀ ਸੋਚ ਦਾ ਪਤਾ ਲੱਗ ਸਕੇ।

'ਸ਼ਾਇਰ ਦੇਸ਼ ਪੰਜਾਬ ਦਾ, ਅਹਿਮਦ ਸਲੀਮ ਉਸਦਾ ਨਾਮ' ਦੇ ਸਿਰਲੇਖ ਹੇਠਲੇ ਲੇਖ ਦੀਆਂ ਕੁਝ ਸਤਰਾਂ ਪਾਠਕਾਂ ਮੈਨੂੰ ਯਾਦ ਆ ਰਹੀਆਂ ਹਨ: 'ਅਹਿਮਦ ਸਲੀਮ ਨੇ 'ਮਿਆਣਾ ਗੋਂਦਲ ਦਾ ਢੋਲਾ' ਜਿਹੀ ਯਾਦਗਾਰੀ ਨਜ਼ਮ ਲਿਖੀ, ਜਿਸ ਵਿਚ ਮਾਸੀ ਜਨਤੇ ਲੁਕ-ਲੁਕ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੀ ਕਰਦੀ ਬੁੱਢੀ ਹੋ ਜਾਂਦੀ ਹੈ ਅਤੇ ਉਸਨੇ ਦੇਸ ਪੰਜਾਬ ਦੀ 'ਵਾਰ' ਲਿਖੀ, ਜੀਹਦੇ 'ਵੀਰ' ਬੰਗਲਾ ਦੇਸ਼ ਨੂੰ ਮਧੋਲਣ ਲਈ ਚੜ੍ਹਦੇ ਨੇ ਸ਼ ਤੇ ਅੰਮ੍ਰਿਤਾ ਪ੍ਰੀਤਮ ਲਈ ਲਿਖੀ ਨਜ਼ਮ ਵਿੱਚ ਲਿਖਿਆ:

**ਕਦੋਂ ਵਿੱਥਾਂ ਨੂੰ ਇਸ਼ਕ ਦੀ ਸਾਰ ਹੁੰਦੀ**
**ਕਿਸੇ ਕੰਧ ਨੂੰ ਹੁਸਨ ਦੀ ਪੀੜ ਕਿੱਥੇ**
**ਪਾਟੀ ਚੁੰਨੀ ਦੇ ਵਾਂਗੂ ਹੈ ਦੁੱਖ ਸਾਡਾ**
**ਇੱਕ ਲੀਰ ਇੱਥੇ, ਦੂਜੀ ਲੀਰ ਕਿੱਥੇ?**


ਅਹਿਮਦ ਸਲੀਮ ਨੇ ਨਿਜ਼ਾਮ ਤੇ ਸਮਾਜ 'ਚੋਂ ਉਪਜੀ ਬੇਗਾਨਗੀ ਹੰਢਾਈ 'ਤੇ ਲਿਖਿਆ:

**ਨਜ਼ਮ ਦੇ ਅੰਗ ਮੁਰਝਾਂਦੇ ਪਏ,**
**ਦੋਸਤੀ ਦਾ ਕਾਅਬਾ ਮੇਰੀ ਪਨਾਹ ਨਹੀਂ ਬਣਿਆ,**
**ਹੰਝੂਆਂ ਨੇ ਕਿਹੋ ਜਿਹਾ ਮੇਲ ਕਰਾਇਆ ਸੀ,**
**ਮੈਨੂੰ ਆਪਣੇ ਘਰ ਦਾ ਰਾਹ ਭੁੱਲ ਗਿਆ ਏ।**

ਸਵਰਾਜਬੀਰ ਦੇ ਪ੍ਰਸ਼ੰਸਕ ਸੁਮੇਲ ਸਿੱਧੂ ਨੇ ਉਨ੍ਹਾਂ ਦੇ ਰਾਜਨੀਤਕ ਨਾਟਕ 'ਮੱਸਿਆ ਦੀ ਰਾਤ' ਨੂੰ ਸਾਹਿਤ ਅਕਾਡਮੀ ਐਵਾਰਡ ਮਿਲਣ 'ਤੇ ਆਪਣੀ ਇੱਕ ਫੇਸਬੁੱਕ ਪੋਸਟ ਵਿੱਚ ਉਸ ਬਾਰੇ ਇਵੇਂ ਕਿਹਾ (ਸਾਡੀ ਵੀ ਇਸ ਨਾਲ਼ ਪੂਰਨ ਸਹਿਮਤੀ ਹੈ): ਪੰਜਾਬ ਦਾ ਸੱਭਿਆਚਾਰਕ ਪਛੜੇਵਾਂ ਇਸਦੀ ਰਾਜਨੀਤਕ ਤ੍ਰਾਸਦੀ ਦੀਆਂ ਜੜ੍ਹਾਂ 'ਚ ਬੈਠਾ ਹੈ। ਇਸ 'ਮੱਸਿਆ ਦੀ ਰਾਤ' ਦੇ ਖਾਤਮੇ ਲਈ ਸਵਰਾਜਬੀਰ ਵਰਗੀਆਂ ਕਲਮਾਂ ਦੀ ਵਿਵੇਕਵਾਨ ਲੋਅ ਦੀ ਸਾਰੇ ਪੰਜਾਬੀ ਜਗਤ ਨੂੰ ਸ਼ਦੀਦ ਜ਼ਰੂਰਤ ਹੈ। ਸਵਰਾਜਬੀਰ ਦੇ ਅੰਦਰ ਵਹਿੰਦੇ ਸੰਵੇਦਨਾ-ਚਿੰਤਨ-ਸੁਹਜ-ਵਿਦਰੋਹ ਦੇ ਪਾਣੀ ਰਵਾਂ ਰਹਿਣ, ਮੇਰੀ ਦੁਆ ਹੈ। ਬਾਬਾ ਵਾਰਿਸ ਸ਼ਾਹ ਜਿਵੇਂ ਸਵਰਾਜਬੀਰ ਬਾਰੇ ਹੀ ਕਹਿੰਦਾ ਹੋਵੇ:

**ਅਸਾਂ ਮੰਗ ਦਰਗਾਹ ਥੀਂ ਲਿਆ ਰਾਂਝਾ,**
**ਸਿਦਕ ਸੱਚ ਜ਼ਬਾਨ ਸਭ ਬੋਲਦੀ ਹੈ।**

# ਅਕਾਦਮਿਕ ਆਜ਼ਾਦੀਆਂ ਦੀ ਤਾਲਾਬੰਦੀ



ਡਾ. ਬਲਜਿੰਦਰ
94170-79720
singh.drbaljinder@gmail.com



ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਨਵੀਂ ਲਾਗੂ ਕੀਤੀ ਕੌਮੀ ਵਿੱਦਿਆ ਨੀਤੀ ਨੇ ਆਪਣੇ ਰੰਗ ਦਿਖਾਉਣੇ ਸ਼ੁਰੂ ਦਿੱਤੇ ਹਨ। ਯੂਨੀਵਰਸਿਟੀਆਂ ਵਰਗੇ ਉੱਚ-ਸਿੱਖਿਆ ਦੇ ਅਦਾਰਿਆਂ ਨੂੰ ਮਿਲਣ ਵਾਲੀ ਅਕਾਦਮਿਕ ਆਜ਼ਾਦੀਆਂ ਨੂੰ ਖੋਰੇ ਲਾਕੇ ਉਹਨਾਂ ਨੂੰ ਹਾਕਮ ਪਾਰਟੀ ਦੇ ਪ੍ਰਾਪੇਗੰਡੇ ਦੇ ਹੱਥ-ਠੋਕੇ ਬਣਾਇਆ ਜਾ ਰਿਹਾ ਹੈ।

ਉੱਚ-ਸਿੱਖਿਆ 'ਤੇ ਨਿਗਰਾਨੀ ਕਰਨ ਤੇ ਉਸਨੂੰ ਗ੍ਰਾਂਟਾ ਦੇਣ ਵਾਲੇ ਅਦਾਰੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਮੁਲਕ ਭਰ ਦੇ ਵਿਦਿਅਕ ਅਦਾਰਿਆਂ-ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਇਹ ਹਦਾਇਤ ਕੀਤੀ ਹੈ ਕਿ ਉਹ ਆਪਣੇ ਕੈਂਪਸ ਅੰਦਰ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਲੋਗੋ ਭਾਵ ਨਾਅਰਿਆਂ ਨੂੰ ਪ੍ਰਮੁੱਖਤਾ ਨਾਲ ਲਗਾਉਣ। ਕੇਂਦਰੀ ਹਕੂਮਤ ਵੱਲੋਂ ਉੱਚ-ਵਿੱਦਿਅਕ ਅਦਾਰਿਆਂ ਦੀਆਂ ਅਕਾਦਮਿਕ ਆਜ਼ਾਦੀਆਂ ਖੋਹਣ ਦੀ ਇਹ ਕੋਈ ਪਹਿਲੀ ਕੋਸ਼ਿਸ਼ ਨਹੀਂ ਹੈ। ਇਸ ਤੋਂ ਪਹਿਲਾਂ ਵੀ ਅਜਿਹੀਆਂ ਕਿੰਨੀਆਂ ਹੀ ਕੋਸ਼ਿਸ਼ਾਂ ਨੂੰ ਅੰਜ਼ਾਮ ਦਿੱਤਾ ਜਾ ਚੁੱਕਿਆ ਹੈ।

ਪਿੱਛੇ ਜਿਹੇ ਹੀ ਸਤੰਬਰ 2023 'ਚ ਜੀ-20 ਮੀਟਿੰਗਾਂ ਤੇ ਸਵੱਛ ਭਾਰਤ ਮੁਹਿੰਮ ਬਾਰੇ ਵੀ ਆਪਣੇ ਵਿਦਿਆਰਥੀਆਂ ਨੂੰ ਜਾਣੂ ਕਰਾਉਣ ਦੇ ਮਕਸਦ ਨਾਲ ਇਹਨਾਂ ਬਾਰੇ ਆਪਣੇ ਕੈਂਪਸ ਅੰਦਰ ਪ੍ਰਚਾਰ ਕਰਨ ਦੇ ਹੁਕਮ ਚਾੜ੍ਹੇ ਗਏ ਸਨ ਅਤੇ 1 ਦਸੰਬਰ 2023 ਨੂੰ ਯੂਜੀਸੀ ਵੱਲੋਂ ਜਾਰੀ ਕੀਤੀ ਗਈ ਇੱਕ ਚਿੱਠੀ ਰਾਹੀਂ ਇਹ ਹੁਕਮ ਸੁਣਾਇਆ ਗਿਆ ਹੈ ਕਿ ਪ੍ਰਧਾਨ ਮੰਤਰੀ ਦੀ ਵੱਡ-ਅਕਾਰੀ ਫੋਟੋ ਆਪਣੇ ਕੈਂਪਸ ਅੰਦਰ ਸਥਾਪਤ ਕਰਕੇ ਰੇਲਵੇ ਸਟੇਸ਼ਨਾਂ 'ਤੇ ਸਥਾਪਤ ਕੀਤੇ ਸੈਲਫੀ ਪੁਆਇੰਟ ਦੀ ਤਰਜ਼ 'ਤੇ ਇੱਕ ਸੈਲਫੀ ਪੁਆਇੰਟ ਬਣਾਇਆ ਜਾਵੇ ਤਾਂ ਕਿ ਨੌਜਵਾਨਾਂ ਅੰਦਰ ਇਹ ਸੰਚਾਰ ਕੀਤਾ ਜਾ ਸਕੇ ਕਿ ਭਾਰਤ ਕਿਵੇਂ ਅੰਤਰ-ਰਾਸ਼ਟਰੀ ਪੱਧਰ 'ਤੇ ਮੱਲਾਂ ਮਾਰ ਰਿਹਾ ਹੈ। ਕਹਿਣ ਨੂੰ ਤਾਂ ਇਹ ਨਿਰਦੇਸ਼ ਨਵੀਂ ਲਿਆਂਦੀ ਤੇ ਬਿਨਾਂ ਪਾਰਲੀਮੈਂਟ 'ਚ ਪੇਸ਼ ਕੀਤਿਆਂ ਲਾਗੂ ਕੀਤੀ ਜਾ ਚੁੱਕੀ ਕੌਮੀ ਸਿੱਖਿਆ ਨੀਤੀ (ਐੱਨਈਪੀ) 2020 ਤਹਿਤ ਜਾਰੀ ਕੀਤੇ ਗਏ ਹਨ। ਪਰ ਇਹਦੇ 'ਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਕਿ ਇਹ ਉਹੀ ਖ਼ਦਸ਼ੇ ਹਨ ਜਿਹਨਾਂ ਬਾਬਤ ਵਿੱਦਿਅਕ ਮਾਹਰਾਂ, ਅਧਿਆਪਕਾਂ, ਵਿਦਿਆਰਥੀਆਂ ਸਮੇਤ ਜਮਹੂਰੀ ਹੱਕਾਂ ਲਈ ਸਰਗਰਮ ਜੱਥੇਬੰਦੀਆਂ ਤੇ ਹੋਰਨਾਂ ਇਨਸਾਫਪਸੰਦ ਵਿਅਕਤੀਆਂ ਨੇ ਇਸ ਪਾਲਿਸੀ ਦੇ ਖਰੜੇ ਦੇ ਜਾਰੀ ਹੋਣ ਦੇ ਤੁਰੰਤ ਬਾਦ ਹੀ ਜ਼ਾਹਰ ਕਰ ਦਿੱਤੇ ਸਨ ਕਿ ਇਹ ਪਾਲਿਸੀ ਵਿੱਦਿਆ ਦੇ ਮਿਆਰ ਨੂੰ ਗਿਰਾਵਟ ਵੱਲ ਲੈ ਜਾਵੇਗੀ ਅਤੇ ਅਕਾਦਮਿਕ ਅਜ਼ਾਦੀਆਂ ਨੂੰ ਖੋਰਾ ਲਾਵੇਗੀ।

ਇਸ ਗੱਲ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ ਯੂਨੀਵਰਸਿਟੀ ਵਿਚਲਾ ਅਕਾਦਮਿਕ ਮਾਹੌਲ ਅਤੇ ਖੁੱਲ੍ਹ ਹੀ ਵਧੀਆ ਉੱਚ ਪਾਏ ਦੀ ਪੜ੍ਹਾਈ ਦੀ ਅਤੇ ਨਵੀਆਂ ਖੋਜਾਂ ਲਈ ਰਾਹ ਪੱਧਰਾ ਕਰਦੀ ਹੈ। ਪਰ ਸਰਕਾਰ ਦੇ ਇਹ ਦਾਅਪੇਚ ਅਕਾਦਮਿਕ ਅਜ਼ਾਦੀਆਂ ਦਾ ਗਲ ਘੁੱਟਦੇ ਹਨ ਅਤੇ ਉਹਨਾਂ ਨੂੰ ਆਪਣੇ ਸਿਆਸੀ ਅਜੰਡਿਆਂ ਦੇ ਪ੍ਰਚਾਰ ਲਈ ਸਥਾਪਤ ਕੀਤੇ ਭੌਂਪੂ ਅਦਾਰਿਆਂ ਦੀ ਤਰ੍ਹਾਂ ਵਰਤਾਅ ਕਰ ਰਹੇ ਹਨ। ਆਜ਼ਾਦ ਸੋਚ ਦੇ ਇਹਨਾਂ ਅਦਾਰਿਆਂ ਨੂੰ ਬੰਨ੍ਹ ਮਾਰਿਆ ਜਾ ਰਿਹਾ ਹੈ ਅਤੇ ਬਹੁਰੰਗੀ ਸੋਚ ਦੀ ਥਾਂ 'ਤੇ ਇੱਕਰੰਗੀ ਸੋਚ ਠੋਸਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਹਨਾਂ ਅੰਦਰ ਡਾਈਸੈਂਟ (ਆਪਣੀ ਗੱਲ ਰੱਖਣ, ਕਿਸੇ ਮਸਲੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ) ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਹੈ।

ਲੰਘੇ ਵਰ੍ਹੇ ਹੀ ਅਜਿਹੇ ਕਈ ਮੌਕੇ ਆਏ ਹਨ ਜਦੋਂ ਇਹਨਾਂ ਅਜ਼ਾਦੀਆਂ ਨੂੰ ਖੋਰਾ ਲੱਗਦਾ ਦੱਖਿਆ ਜਾ ਸਕਦਾ ਹੈ ਅਤੇ ਮੂੰਹਾਂ ਨੂੰ ਸਿਓਣ ਦੇ ਕਦਮ ਚੁੱਕੇ ਗਏ ਹਨ। ਚੋਟੀ ਦੇ ਅਦਾਰੇ ਇੰਡੀਅਨ ਇੰਸਟੀਚੂਟ ਆਫ ਸਾਇੰਸ ਨੂੰ ਕੈਂਪਸ ਅੰਦਰ ਯੂਏਪੀਏ (ਅਨਲਾਅਫੁਲ ਐਕਟੀਵਿਟੀਜ਼ ਪ੍ਰੀਵੈਂਸ਼ਨ ਐਕਟ) ਦੇ ਮਾਮਲੇ 'ਤੇ ਬਹਿਸ ਕਰਨ ਲਈ ਇੱਥੋਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਰੱਖੀ ਗਈ ਇੱਕ ਇੱਕੱਤਰਤਾ ਨੂੰ ਰੱਦ ਕਰਨ ਦੇ ਹੁਕਮ ਸੁਣਾਏ ਗਏ। ਤਾਂ ਜੋ ਸਰਕਾਰ ਵੱਲੋਂ ਲਾਗੂ ਕੀਤੇ ਗਏ ਇਸ ਫਾਸ਼ੀਵਾਦੀ ਕਾਨੂੰਨ ਬਾਰੇ ਕਿਸੇ ਅਧਿਆਪਕ/ਵਿਦਿਆਰਥੀ ਜਾਂ ਕਿਸੇ ਹੋਰ ਸਰੋਤੇ ਦੇ ਕੰਨ-ਵਲੇਲ ਨਾ ਪੈ ਜਾਵੇ ਤੇ ਕੋਈ ਵਿਰੋਧ ਸੁਰ ਨਾ ਉੱਠ ਸਕੇ। ਪਿਛਲੀ ਮਾਰਚ 'ਚ ਜਵਾਹਰ ਲਾਲ ਯੂਨੀਵਰਸਿਟੀ ਨੇ ਆਪਣੇ ਕੈਂਪਸ ਅੰਦਰ ਆਵਾਜ਼ ਉਠਾਉਣ ਵਾਲੇ ਵਿਦਿਆਰਥੀਆਂ 'ਤੇ 20000 ਰੁਪੈ ਦਾ ਜੁਰਮਾਨਾ ਠੋਕ ਦਿੱਤਾ ਕਿ ਤੁਸੀਂ ਕੈਂਪਸ ਅੰਦਰ ਵਿਰੋਧ ਦੀ ਆਵਾਜ਼ ਹੀ ਕਿਓਂ ਉਠਾਈ। ਭਾਵੇਂ ਕਿ ਇਸ ਨੂੰ ਬਾਅਦ 'ਚ ਵਾਪਸ ਲੈ ਲਿਆ ਗਿਆ। ਨਿੱਜੀ ਖੇਤਰ ਦੀ ਦਿੱਲੀ ਨੇੜਲੀ ਅਸ਼ੋਕਾ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਕਿਓਂਕਿ ਉਸਨੇ ਆਪਣੇ ਇੱਕ ਪਰਚੇ 'ਚ ਭਾਜਪਾ ਵਲੋਂ ਬਹੁਗਿਣਤੀ ਨਾਲ 2019 'ਚ ਚੋਣਾਂ ਜਿੱਤਣ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ।

ਜਦੋਂ ਗੱਲ ਅਦਾਦਮਿਕ ਅਜ਼ਾਦੀਆਂ ਨੂੰ ਖੋਹਣ ਦੀ ਆਉਂਦੀ ਹੈ ਤਾਂ ਸੂਬਾਈ ਤੇ ਕੇਂਦਰੀ ਹਕੂਮਤਾਂ ਵੱਲੋਂ ਦਿਖਾਈ ਕਾਰਕਰਦਗੀ 'ਚ ਕੋਈ ਵਖਰੇਵਾਂ ਨਹੀਂ ਰਹਿ ਜਾਂਦਾ। ਸੂਬਾਈ ਸਰਕਾਰਾਂ ਦੇ ਅਧਿਕਾਰ ਹੇਠਲੀਆਂ ਯੂਨੀਵਰਸਿਟੀਆਂ 'ਚ ਵਾਈਸ ਚਾਂਸਲਰਾਂ ਅਤੇ ਹੋਰਨਾਂ ਉੱਚ ਅਧਿਕਾਰੀਆਂ ਦੀਆਂ ਨਿਯੁਕਤੀਆਂ, ਤਬਾਦਲੇ, ਯੂਨੀਵਰਸਿਟੀਆਂ ਨੂੰ ਮਾਲੀ ਤੇ ਹੋਰ ਸਹੂਲਤਾਂ ਦੇਣੀਆਂ ਇਹ ਸਰਕਾਰੀ ਮਿਹਰ 'ਤੇ ਨਿਰਭਰ ਕਰਦਾ ਹੈ ਨਾ ਕਿ ਯੂਨੀਵਰਸਿਟੀ ਪੱਧਰ 'ਤੇ ਕੋਈ ਸਕੀਮ ਬਣਾ ਕੇ ਭੇਜੀ ਜਾਂਦੀ ਹੈ ਤੇ ਪੜਤਾਲ ਉਪਰੰਤ ਸਰਕਾਰ ਉਸਦੀ ਕਿਸੇ ਗਰਾਂਟ ਜਾਂ ਹੋਰ ਨਿਯੁਕਤੀ ਵਗੈਰਾ ਨੂੰ ਮਨਜ਼ੂਰੀ ਦਿੰਦੀ ਹੈ।

ਇੱਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਯੂਜੀਸੀ ਐਕਟ 1956 ਤਹਿਤ ਸਥਾਪਤ ਕੀਤਾ ਗਿਆ ਯੂਜੀਸੀ ਇੱਕ ਅਜਿਹਾ ਅਦਾਰਾ ਹੈ ਜਿਸ ਦਾ ਕਾਰਜ ਉੱਚ ਪੱਧਰ ਦੀ ਪੜ੍ਹਾਈ ਦੀ ਸਮੀਖਿਆ ਕਰਨਾ ਤੇ ਸਿਲੇਬਸ ਤਿਆਰ ਕਰਨਾ, ਇਹਦੇ ਮਿਆਰ ਸਥਾਪਤ ਕਰਨਾ, ਫੀਸਾਂ ਤਹਿ ਕਰਨਾ, ਕੋਜ ਕਾਰਜਾਂ ਤੇ ਹੋਰਨਾਂ ਲੋੜਾਂ ਲਈ ਸਰਕਾਰੀ ਸਹਾਇਤਾ ਨੂੰ ਰੈਗੂਲੇਟ ਕਰਕੇ ਅਲੱਗ-ਅਲੱਗ ਅਦਾਰਿਆਂ ਨੂੰ ਸਹਾਇਤਾ ਮੁਹੱਈਆ ਕਰਾਉਣਾ, ਯੂਨੀਵਰਸਿਟੀਆਂ ਲਈ ਹੋਰ ਸਾਰੇ ਮਿਆਰ ਸਥਾਪਤ ਕਰਨਾ ਹੈ। ਪਰ ਮੌਜੂਦਾ ਸਰਕਾਰ ਅਧੀਨ ਇਸ ਖੁਦਮੁਖਤਾਰ ਅਦਾਰੇ ਨੂੰ ਮਹਿਜ਼ ਸਰਕਾਰੀ ਨੀਤੀਆਂ ਦਾ ਵਾਹਕ ਬਣਾ ਕੇ ਰੱਖ ਦਿੱਤਾ ਗਿਆ ਹੈ। ਇਸ ਦੇ ਐਕਟ 'ਚ ਕਿਹਾ ਗਿਆ ਹੈ ਕਿ ਇਹ ਯੂਨੀਵਰਸਿਟੀਆਂ ਦੀ ਸਹਿਮਤੀ ਨਾਲ ਵਾਈਸ ਚਾਂਸਲਰਾਂ ਦੀ ਨਿਯੁਕਤੀ ਕਰੇਗਾ ਪਰ ਹੁਣ ਵਾਈਸ ਚਾਂਸਲਰ ਕੌਣ ਨਿਯੁਕਤ ਕਰਦਾ ਹੈ ਅਤੇ ਉਹਨਾਂ ਦੀ ਅਕਾਦਮਿਕ ਕੁਆਲੀਫਿਕੇਸ਼ਨ (ਯੋਗਤਾ) ਕੀ ਹੈ ਇਸ ਬਾਰੇ ਬਹੁਤਾ ਨਾ ਹੀ ਲਿਖਿਆ ਜਾਵੇ ਤਾਂ ਬਿਹਤਰ ਹੈ ਕਿਓਂਕਿ ਇੱਕ ਵਿਸ਼ੇਸ਼ ਵਿਚਾਰਧਾਰਾ ਨੂੰ ਪੱਠੇ ਪਾਉਣ ਵਾਲੇ ਵਿਅਕਤੀ ਹੀ ਇਹਨਾਂ ਉੱਚ ਅਹੁਦਿਆਂ 'ਤੇ ਬਿਰਾਜਮਾਨ ਕੀਤੇ ਜਾ ਰਹੇ ਹਨ।

ਇੱਕ ਹੋਰ ਗੱਲ ਵੀ ਜਾਣਨ ਵਾਲੀ ਹੈ ਕਿ ਨਿਊਜ਼ੀਲੈਂਡ ਦੇ ਸੰਵਿਧਾਨ ਵਾਂਗ ਸਾਡੇ ਸੰਵਿਧਾਨ ਅੰਦਰ ਅਕਾਦਮਿਕ ਅਜ਼ਾਦੀਆਂ ਦੀ ਵਿਸ਼ੇਸ਼ ਰੂਪ 'ਚ ਕੋਈ ਗੱਲ ਨਹੀਂ ਕੀਤੀ ਹੋਈ। ਪਰ ਬੁਨਿਆਦੀ ਹੱਕਾਂ 'ਚ ਦਰਜ ਬੋਲਣ ਦੀ ਆਜ਼ਾਦੀ ਤੋਂ ਹੀ ਇਸ ਅਕਾਦਮਿਕ ਆਜ਼ਾਦੀ ਦਾ ਲੱਖਣ ਲਾ ਲਿਆ ਜਾਂਦਾ ਹੈ। ਪਰ ਸੰਵਿਧਾਨ ਅੰਦਰ ਦਰਜ ਇਸ ਮੱਦ ਤਹਿਤ ਮੁਲਕ ਦੀ ਏਕਤਾ, ਅਖੰਡਤਾ, ਅਮਨ-ਕਾਨੂੰਨ ਅਤੇ ਮੁਆਸ਼ਿਰੇ ਦੇ ਪੱਖ ਤੋਂ ਖਤਰੇ ਨੂੰ ਭਾਂਪਦਿਆਂ ਇਸ ਆਜ਼ਾਦੀ ਨੂੰ ਕਦੇ ਵੀ ਖੋਹਿਆ ਜਾ ਸਕਦਾ ਹੈ। ਜਿਵੇਂ ਕਿ ਉਪਰਲੀਆਂ ਮਿਸਾਲਾਂ ਤੋਂ ਸਪੱਸ਼ਟ ਹੀ ਹੈ। ਅਤੇ ਇਸ ਸੰਵਿਧਾਨਕ ਆਜ਼ਾਦੀ 'ਤੇ ਦੇਸ਼ਧਰੋਹ ਦੇ ਕਾਨੂੰਨ ਦੀ ਧਾਰਾ 124 1 ਤਹਿਤ ਜਾਂ ਫਿਰ ਆਮ ਰੂਪ 'ਚ ਹੀ ਵਰਤੋਂ 'ਚ ਲਿਆਂਦੀ ਜਾਂਦੀ ਧਾਰਾ 295 1 ਤਹਿਤ ਧਾਰਮਕ ਭਾਵਨਾਵਾਂ ਭੜਕਾਉਣ ਦੇ ਦੋਸ਼ਾਂ ਤਹਿਤ ਇਸ ਆਜ਼ਾਦੀ 'ਤੇ ਪਾਬੰਦੀਆਂ ਮੜ੍ਹ ਦਿੱਤੀਆਂ ਜਾਂਦੀਆਂ ਹਨ। ਇਸ ਦਾ ਮਤਲਬ ਇਹ ਬਣਦਾ ਹੈ ਕਿ ਸੰਵਿਧਾਨ ਵਿਚਲੀ ਵਿਚਾਰ ਪ੍ਰਗਟ ਕਰਨ ਦੀ ਇਹ ਆਜ਼ਾਦੀ ਸਰਕਾਰ ਦੇ ਰਹਿਮੋ-ਕਰਮ 'ਤੇ ਹੈ।

ਇਹੀ ਕਾਰਨ ਹਨ ਕਿ ਸੰਸਾਰ ਦੀਆਂ ਯੂਨੀਵਰਸਿਟੀਆਂ ਜਦੋਂ ਕੋਈ ਸਰਵੇਖਣ ਕਰਕੇ, ਖੋਜ ਕਾਰਜ ਕਰਕੇ ਦੱਸਦੀਆਂ ਹਨ ਕਿ ਭਾਰਤ ਅੰਦਰ ਅਕਾਦਮਿਕ ਆਜ਼ਾਦੀਆਂ ਕਿੰਨੀਆਂ ਕੁ ਹਨ ਤਾਂ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਉਂਦੇ ਹਨ। ਸਵੀਡਨ ਦੀ ਗੋਥਨਬਰੀ ਦੀ ਯੂਨੀਵਰਸਿਟੀ ਦੀ ਇੰਸਟੀਚਿਊਟ ਆਫ਼ ਵੀ-ਡੈਮ ਵੱਲੋਂ ਤਿਆਰ ਕੀਤੇ ਗਏ ਅੰਕੜੇ ਦੱਸਦੇ ਹਨ ਕਿ ਭਾਰਤ ਅੰਦਰ ਅਕਾਦਮਿਕ ਆਜ਼ਾਦੀਆਂ ਦਾ ਅੰਕੜਾ 179 ਮੁਲਕਾਂ ਦੇ ਅੰਕੜਿਆਂ 'ਚੋਂ ਹੇਠਲੇ 30 ਫੀਸਦੀ ਦੇਸ਼ਾਂ 'ਚ ਰਹਿ ਰਿਹਾ ਹੈ। 2 ਫਰਵਰੀ 2023 ਨੂੰ ਜਾਰੀ ਕੀਤੀ ਗਈ ਇਸ ਰਿਪੋਰਟ 'ਚ ਸੱਭ ਤੋਂ ਹੇਠਾਂ 0 ਤੋਂ ਸ਼ੁਰੂ ਕਰਕੇ ਵੱਧ ਤੋਂ ਵੱਧ 1 ਅੰਕ ਮੁਤਾਬਕ ਸਾਰੇ ਪੱਖਾਂ ਨੂੰ ਪਰਖਿਆ ਗਿਆ ਹੈ। ਇਸ ਮਾਮਲੇ 'ਚ ਭਾਰਤ ਨੇ 0.38 ਅੰਕ ਪ੍ਰਾਪਤ ਕੀਤੇ ਹਨ, ਜਿਹੜੇ ਕਿ ਸਾਡੇ ਨੇੜਲੇ ਗੁਆਂਢੀ ਮੁਲਕ ਪਾਕਿਸਤਾਨ ਵੱਲੋਂ ਪ੍ਰਾਪਤ 0.43 ਤੋਂ ਕਿਤੇ ਘੱਟ ਹਨ। ਇਸ ਰਿਪੋਰਟ ਨੂੰ ਤਿਆਰ ਕਰਨ ਲੱਗਿਆਂ ਵੀ-ਡੈਮ ਇੰਸਟੀਚੂਟ ਨੇ ਜਿਹਨਾਂ ਮੱਦਾਂ ਨੂੰ ਧਿਆਨ 'ਚ ਰੱਖਿਆ ਹੈ, ਉਹ ਹਨ- ਖੋਜ ਕਰਨ ਤੇ ਪੜ੍ਹਾਈ ਕਰਾਉਣ ਦੀ ਆਜ਼ਾਦੀ; ਯੂਨੀਵਰਸਿਟੀਆਂ ਨੂੰ ਅਕਾਦਮਿਕ ਖੁਦਮੁਖਤਾਰੀ; ਕੈਂਪਸ ਅੰਦਰ ਸਹੂਲਤਾਂ ਦਾ ਮੁਕੰਮਲ ਹੋਣਾ ਅਤੇ ਕਿਸੇ ਵੀ ਤਰ੍ਹਾਂ ਪਰੋਖੋਂ ਨਾ ਕੀਤੇ ਜਾਣ ਵਾਲੀ ਗੱਲ ਅਕਾਦਮਿਕ ਤੇ ਸੱਭਿਆਚਾਰਕ ਇਜ਼ਹਾਰ ਨੂੰ ਪ੍ਰਗਟ ਕਰਨ ਦੀ ਆਜ਼ਾਦੀ। ਇਹ ਗੱਲ ਕਹਿਣ 'ਚ ਕੋਈ ਰੌਲਾ ਨਹੀਂ ਹੈ ਕਿ ਭਾਰਤੀ ਅਕਾਦਮਿਕ ਆਜ਼ਾਦੀਆਂ ਦੀ ਅਜਿਹੀ ਦੁਰਦਸ਼ਾ 70ਵਿਆਂ ਦੇ ਮੁੱਢ 'ਚ ਭਾਵ 1975 ਦੀ ਇੰਦਰਾ ਗਾਂਧੀ ਦੀ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ ਥੋਪੀ ਗਈ ਐਮਰਜੈਂਸੀ ਵੇਲੇ ਹੋਈ ਸੀ ਜਦੋਂ ਸਰਕਾਰ ਨੇ ਹਰ ਕਿਸਮ ਦੇ ਵਿਰੋਧ ਉੱਪਰ ਹੀ ਪਾਬੰਦੀਆਂ ਆਇਦ ਕਰ ਦਿੱਤੀਆਂ ਗਈਆਂ ਸਨ। ਹਕੀਕਤ ਇਹ ਹੈ ਕਿ ਆਰਐੱਸਐੱਸ-ਭਾਜਪਾ ਨੇ ਉਸ ਵੇਲੇ ਕਾਂਗਰਸ ਦੀਆਂ ਇਹਨਾਂ ਪਾਬੰਦੀਆਂ ਦਾ ਵਿਰੋਧ ਕੀਤਾ ਸੀ ਅਤੇ ਇਹਨਾਂ ਨੂੰ ਤਾਨਾਸ਼ਾਹੀ ਵਾਲੇ ਕਦਮ ਬਿਆਨਿਆ ਸੀ।

ਮੁਲਕ ਭਰ ਦੀਆਂ ਇਨਸਾਫ ਪਸੰਦ ਤੇ ਜਮਹੂਰੀ ਤਾਕਤਾਂ ਸਾਹਮਣੇ ਇਹ ਕਾਰਜ ਹੱਥ ਅੱਡੀ ਖੜ੍ਹਾ ਹੈ ਕਿ ਅਗਰ ਉਹ ਭਵਿੱਖ ਦੇ ਮੁਲਕ ਦੇ ਨੌਜਵਾਨ ਨੂੰ ਵਿਸ਼ਵ ਦੇ ਹਾਣ ਦਾ ਬਣਾਉਣਾ ਲੋਚਦੇ ਹਨ ਤਾਂ ਉਹਨਾਂ ਨੂੰ ਭਾਜਪਾ ਹਕੂਮਤ ਵੱਲੋਂ ਸੰਨ 2000 'ਚ ਲਿਆਂਦੀ ਤੇ ਲਾਗੂ ਕੀਤੀ ਨਵੀਂ ਕੌਮੀ ਵਿੱਦਿਆ ਨੀਤੀ ਦੀਆਂ ਬਾਰੀਕੀਆਂ ਨੂੰ ਆਮ ਲੋਕਾਂ, ਹਰ ਪੱਧਰ ਦੇ ਵਿਦਿਆਰਥੀਆਂ/ਅਧਿਆਪਕਾਂ 'ਚ ਲੈ ਕੇ ਜਾਣਾ ਚਾਹੀਦਾ ਹੈ ਅਤੇ ਇਸ ਖਿਲਾਫ ਵਿਸ਼ਾਲ ਲੋਕਾਈ ਨੂੰ ਲਾਮਬੰਦ ਕਰਨਾ ਚਾਹੀਦਾ ਹੈ। ਨਹੀਂ ਤਾਂ ਸਾਡਾ ਮੁਲਕ "ਬਗਾਨੀ ਸ਼ਾਹ 'ਤੇ ਮੁੱਛਾਂ ਮਨਾਉਣ" ਦੀ ਕਹਾਉਤ ਵਾਂਗ ਐਂਵੇ-ਮੁੱਚੀ ਦੇ ਢੰਗ ਨਾਲ ਵਿਦੇਸ਼ੀ ਮੁਲਕਾਂ ਦੇ ਮੋਢੇ ਚੜ੍ਹਕੇ ਚੰਨ 'ਤੇ ਚੰਦਰਯਾਨ ਪੁਚਾਉਣ ਦੇ ਹੋਕਰੇ ਮਾਰਨ ਜੋਗਾ ਤੇ ਕਿਸੇ ਵਿਗਿਆਨਕ ਪਹੁੰਚ ਤੋਂ ਸੱਖਣਾ ਹੀ ਰਹਿ ਜਾਵੇਗਾ।



ਵਿਜੇ ਪ੍ਰਸ਼ਾਦ

### ਕਾਮਰੇਡ ਲੈਨਿਨ ਦੀ 100ਵੀਂ ਵਰ੍ਹੇਗੰਢ

# ਅਜੋਕੇ ਦੌਰ ਵਿਚ ਲੈਨਿਨ ਦੀ ਪ੍ਰਸੰਗਕਤਾ

*ਵਿਜੈ ਪ੍ਰਸਾਦ ਦੁਨੀਆ ਭਰ ਵਿਚ ਮਾਰਕਸਵਾਦੀ ਚਿੰਤਕ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਜਿਹੜਾ ਦਹਾਕਿਆਂ ਤੋਂ ਲਿਫਟਵਰਲਡ ਪ੍ਰਕਾਸ਼ਨ ਦੇ ਮੁਖੀ ਦੇ ਤੌਰ ’ਤੇ ਭੂਮਿਕਾ ਨਿਭਾਅ ਰਿਹਾ ਹੈ। ਉਸ ਦੀ ਇਹ ਲਿਖਤ ਦੇਣ ਦਾ ਮਾਣ ਹਾਸਲ ਕਰ ਰਹੇ ਹਾਂ। – ਸੰਪਾਦਕ*

ਕਿਰਤ, ਅੰਦੋਲਨ, ਇਨਕਲਾਬ, ਸਮਾਜਵਾਦ ਯੂਰਪ, ਰੂਸ, ਸੋਵੀਅਤ ਯੂਨੀਅਨ (ਯੂਐਸਐਸਆਰ) ਨਿਊਜ਼ਵਾਇਰ ਲੈਨਿਨ, ਵਲਾਦੀਮੀਰ ਇਲਿਚ ਉਲਾਨੋਵ ਵਲਾਦੀਮੀਰ ਇਲੀਚ ਉਲਾਨੋਵ (1870–1924) ਆਪਣੇ ਉਪਨਾਮ–ਲੈਨਿਨ ਦੁਆਰਾ ਜਾਣਿਆ ਜਾਂਦਾ ਸੀ। ਉਹ, ਆਪਣੇ ਭੈਣ–ਭਰਾਵਾਂ ਵਾਂਗ, ਇੱਕ ਕ੍ਰਾਂਤੀਕਾਰੀ ਸੀ, ਜਿਸਦਾ ਜ਼ਾਰਵਾਦੀ ਰੂਸ ਦੇ ਸੰਦਰਭ ਵਿੱਚ ਮਤਲਬ ਸੀ ਕਿ ਉਸਨੇ ਲੰਬੇ ਸਾਲ ਜੇਲ੍ਹ ਅਤੇ ਜਲਾਵਤਨੀ ਵਿੱਚ ਬਿਤਾਏ। ਲੈਨਿਨ ਨੇ ਆਪਣੇ ਬੌਧਿਕ ਅਤੇ ਸੰਗਠਨਾਤਮਕ ਕੰਮ ਦੁਆਰਾ ਰੂਸੀ ਸੋਸ਼ਲ ਡੈਮੋਕਰੇਟਿਕ ਲੇਬਰ ਪਾਰਟੀ ਨੂੰ ਬਣਾਉਣ ਵਿੱਚ ਮਦਦ ਕੀਤੀ। ਲੈਨਿਨ ਦੀਆਂ ਲਿਖਤਾਂ ਸਿਰਫ਼ ਉਸ ਦੇ ਆਪਣੇ ਸ਼ਬਦ ਹੀ ਨਹੀਂ ਹਨ, ਸਗੋਂ ਉਨ੍ਹਾਂ ਹਜ਼ਾਰਾਂ ਖਾੜਕੂਆਂ ਦੀ ਸਰਗਰਮੀ ਅਤੇ ਵਿਚਾਰਾਂ ਦਾ ਸਾਰ ਹਨ, ਜਿਨ੍ਹਾਂ ਦਾ ਰਾਹ ਉਸ ਨੇ ਆਪਣੇ ਆਪ ਨੂੰ ਪਾਰ ਕੀਤਾ। ਖਾੜਕੂਆਂ ਦੇ ਤਜ਼ਰਬਿਆਂ ਨੂੰ ਸਿਧਾਂਤਕ ਖੇਤਰ ਵਿੱਚ ਵਿਕਸਤ ਕਰਨ ਦੀ ਲੈਨਿਨ ਦੀ ਕਮਾਲ ਦੀ ਯੋਗਤਾ ਸੀ ਜਿਸ ਨੇ ਉਸ ਨੂੰ ਆਕਾਰ ਦਿੱਤਾ ਜਿਸਨੂੰ ਅਸੀਂ ਲੈਨਿਨਵਾਦ ਕਹਿੰਦੇ ਹਾਂ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਹੰਗਰੀ ਦੇ ਮਾਰਕਸਵਾਦੀ ਗਯੋਰਗੀ ਲੂਕਾਕਸ ਨੇ ਲੈਨਿਨ ਨੂੰ ‘ਮਾਰਕਸ ਦੇ ਬਰਾਬਰ ਦਾ ਇੱਕੋ ਇੱਕ ਸਿਧਾਂਤਕਾਰ ਕਿਹਾ ਹੈ ਜੋ ਪ੍ਰੋਲੇਤਾਰੀ ਦੀ ਮੁਕਤੀ ਲਈ ਸੰਘਰਸ਼ ਦੁਆਰਾ ਪੈਦਾ ਕੀਤਾ ਗਿਆ ਹੈ।’ ਇੱਕ ਇਨਕਲਾਬ ਦਾ ਨਿਰਮਾਣ 1896 ਵਿੱਚ, ਜਦੋਂ ਸੇਂਟ ਪੀਟਰਸਬਰਗ ਦੀਆਂ ਫੈਕਟਰੀਆਂ ਵਿੱਚ ਆਪ–ਮੁਹਾਰੇ ਹੜਤਾਲਾਂ ਸ਼ੁਰੂ ਹੋਈਆਂ, ਸਮਾਜਵਾਦੀ ਇਨਕਲਾਬੀ ਅਣਜਾਣੇ ਵਿੱਚ ਫੜੇ ਗਏ। ਉਹ ਭਟਕ ਗਏ ਸਨ। ਪੰਜ ਸਾਲ ਬਾਅਦ, ਲੈਨਿਨ ਨੇ ਲਿਖਿਆ, “ਇਨਕਲਾਬੀ ਲੋਕ ਆਪਣੇ ‘ਸਿਧਾਂਤਾਂ’ ਅਤੇ ਆਪਣੀ ਸਰਗਰਮੀ ਵਿੱਚ, ਇਸ ਉਭਾਰ ਤੋਂ ਪਿੱਛੇ ਰਹਿ ਗਏ ਸਨ; ਉਹ ਪੂਰੀ ਲਹਿਰ ਦੀ ਅਗਵਾਈ ਕਰਨ ਦੇ ਸਮਰੱਥ ਇੱਕ ਨਿਰੰਤਰ ਅਤੇ ਨਿਰੰਤਰ ਸੰਗਠਨ ਸਥਾਪਤ ਕਰਨ ਵਿੱਚ ਅਸਫਲ ਰਹੇ। ਲੈਨਿਨ ਨੇ ਮਹਿਸੂਸ ਕੀਤਾ ਕਿ ਇਸ ਪਛੜ ਨੂੰ ਠੀਕ ਕਰਨਾ ਪਵੇਗਾ। ਲੈਨਿਨ ਦੀਆਂ ਬਹੁਤੀਆਂ ਪ੍ਰਮੁੱਖ ਲਿਖਤਾਂ ਇਸ ਸੂਝ ਦਾ ਪਾਲਣ ਕਰਦੀਆਂ ਹਨ। ਲੈਨਿਨ ਨੇ ਰੂਸ ਵਿੱਚ ਪੂੰਜੀਵਾਦ (ਰੂਸ ਵਿੱਚ ਪੂੰਜੀਵਾਦ ਦਾ ਵਿਕਾਸ, 1896) ਦੇ ਵਿਰੋਧਾਭਾਸ ਨੂੰ ਖੋਜਿਆ, ਜਿਸ ਨੇ ਉਸਨੂੰ ਇਹ ਸਮਝਣ ਦੀ ਇਜਾਜ਼ਤ ਦਿੱਤੀ ਕਿ ਕਿਵੇਂ ਫੈਲੇ ਜ਼ਾਰਵਾਦੀ ਸਾਮਰਾਜ ਵਿੱਚ ਕਿਸਾਨੀ ਦਾ ਇੱਕ ਪ੍ਰੋਲੇਤਾਰੀ ਚਰਿੱਤਰ ਸੀ। ਇਸ ਦੇ ਆਧਾਰ ’ਤੇ ਲੈਨਿਨ ਨੇ ਜ਼ਾਰਵਾਦ ਅਤੇ ਸਰਮਾਏਦਾਰਾਂ ਵਿਰੁੱਧ ਮਜ਼ਦੂਰ–ਕਿਸਾਨ ਗੱਠਜੋੜ ਲਈ ਦਲੀਲ ਦਿੱਤੀ। ਲੈਨਿਨ ਨੇ ਜਨ–ਸੰਘਰਸ਼ ਨਾਲ ਆਪਣੇ ਰੁਝੇਵਿਆਂ ਅਤੇ ਸਿਧਾਂਤਕ ਪੜਚੋਲ ਨਾਲ ਸਮਝ ਲਿਆ ਸੀ ਕਿ ਬੁਰਜੂਆਜ਼ੀ ਅਤੇ ਕੁਲੀਨਾਂ ਦੇ ਸਭ ਤੋਂ ਉਦਾਰਵਾਦੀ ਹਿੱਸੇ ਵਜੋਂ ਸੋਸ਼ਲ ਡੈਮੋਕਰੇਟਸ– ਬੁਰਜੂਆ ਇਨਕਲਾਬ ਨੂੰ ਚਲਾਉਣ ਦੇ ਸਮਰੱਥ ਨਹੀਂ ਸਨ, ਉਸ ਅੰਦੋਲਨ ਨੂੰ ਛੱਡ ਦਿਓ ਜੋ ਕਿ ਇਸ ਅੰਦੋਲਨ ਨੂੰ ਮੁਕਤੀ ਵੱਲ ਲੈ ਜਾਵੇਗਾ। ਕਿਸਾਨੀ ਅਤੇ ਮਜ਼ਦੂਰ। ਇਹ ਕੰਮ ਜਮਹੂਰੀ ਇਨਕਲਾਬ (1905) ਵਿੱਚ ਸਮਾਜਿਕ ਜਮਹੂਰੀਅਤ ਦੀਆਂ ਦੋ ਰਣਨੀਤੀਆਂ ਵਿੱਚ ਕੀਤਾ ਗਿਆ ਸੀ। ਦੋ ਰਣਨੀਤੀਆਂ ਸ਼ਾਇਦ ਪਹਿਲੀ ਵੱਡੀ ਮਾਰਕਸਵਾਦੀ ਲਿਖਤ ਹੈ ਜੋ ਸਮਾਜਵਾਦੀ ਇਨਕਲਾਬ ਦੀ ਲੋੜ ਨੂੰ ਦਰਸਾਉਂਦੀ ਹੈ, ਇੱਥੋਂ ਤੱਕ ਕਿ ਇੱਕ ‘ਪੱਛੜੇ’ ਦੇਸ਼ ਵਿੱਚ ਵੀ, ਜਿੱਥੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਗੁਲਾਮੀ ਦੀਆਂ ਸੰਸਥਾਵਾਂ ਨੂੰ ਤੋੜਨ ਲਈ ਸਹਿਯੋਗੀ ਹੋਣਾ ਚਾਹੀਦਾ ਹੈ। ਇਹ ਦੋ ਹਵਾਲੇ ਦਿਖਾਉਂਦੇ ਹਨ ਕਿ ਲੈਨਿਨ ਇਸ ਦ੍ਰਿਸ਼ਟੀਕੋਣ ਤੋਂ ਪਰਹੇਜ਼ ਕਰਦਾ ਹੈ ਕਿ ਰੂਸੀ ਇਨਕਲਾਬ ਪੂੰਜੀਵਾਦੀ ਵਿਕਾਸ ਨੂੰ ਛਾਲ ਮਾਰ ਸਕਦਾ ਹੈ (ਜਿਵੇਂ ਕਿ ਲੋਕ–ਲੁਭਾਊ–ਨਾਰੋਡਨਿਕੀ–ਸੁਝਾਏ ਗਏ) ਜਾਂ ਇਸ ਨੂੰ ਪੂੰਜੀਵਾਦ (ਜਿਵੇਂ ਕਿ ਉਦਾਰਵਾਦੀ ਜਮਹੂਰੀਅਤਾਂ ਨੇ ਦਲੀਲ ਦਿੱਤੀ ਸੀ) ਵਿੱਚੋਂ ਲੰਘਣਾ ਸੀ। ਨਾ ਤਾਂ ਰਸਤਾ ਸੰਭਵ ਸੀ ਅਤੇ ਨਾ ਹੀ ਜ਼ਰੂਰੀ ਸੀ। ਪੂੰਜੀਵਾਦ ਪਹਿਲਾਂ ਹੀ ਰੂਸ ਵਿੱਚ ਦਾਖਲ ਹੋ ਚੁੱਕਾ ਸੀ – ਇੱਕ ਤੱਥ ਜਿਸ ਨੂੰ ਲੋਕਪ੍ਰਿਯਾਂ ਨੇ ਸਵੀਕਾਰ ਨਹੀਂ ਕੀਤਾ – ਅਤੇ ਇੱਕ ਮਜ਼ਦੂਰ ਅਤੇ ਕਿਸਾਨ ਕ੍ਰਾਂਤੀ ਦੁਆਰਾ ਇਸਨੂੰ ਦੂਰ ਕੀਤਾ ਜਾ ਸਕਦਾ ਹੈ – ਇੱਕ ਤੱਥ ਜਿਸਨੂੰ ਉਦਾਰਵਾਦੀ ਲੋਕਤੰਤਰਵਾਦੀ ਵਿਵਾਦ ਕਰਦੇ ਸਨ। 1917 ਦੀ ਕ੍ਰਾਂਤੀ ਅਤੇ ਸੋਵੀਅਤ ਪ੍ਰਯੋਗ ਨੇ ਲੈਨਿਨ ਦੀ ਇਹ ਯਕੀਨੀ ਬਣਾਇਆ ਕਿ ਲੈਨਿਨ ਨੇ ਰਾਸ਼ਟਰਾਂ ਦੇ ਸਵੈ–ਨਿਰਣੇ ਦੇ ਅਧਿਕਾਰਾਂ ’ਤੇ ਇੱਕ ਮਜ਼ਬੂਤ ਸਥਿਤੀ ਵਿਕਸਿਤ ਕੀਤੀ, ਭਾਵੇਂ ਇਹ ਕੌਮਾਂ ਜ਼ਾਰਵਾਦੀ ਸਾਮਰਾਜ ਦੇ ਅੰਦਰ ਹੋਣ ਜਾਂ ਅਸਲ ਵਿੱਚ ਕਿਸੇ ਹੋਰ ਯੂਰਪੀਅਨ ਸਾਮਰਾਜ ਦੇ ਅੰਦਰ। ਕਮਿਊਨਿਸਟ ਇੰਟਰਨੈਸ਼ਨਲ (ਕੋਮਿਨਟਰਨ) ਵਿੱਚ ਵਿਕਸਤ ਯੂ.ਐੱਸ.ਐੱਸ.ਆਰ. ਦੇ ਬਸਤੀਵਾਦ–ਵਿਰੋਧੀ ਦਾ ਕਾਰਨਲ ਇੱਥੇ ਪਾਇਆ ਜਾਂਦਾ ਹੈ। ਮਾਰਕਸਵਾਦੀ ਪਰੰਪਰਾ ਦੇ ਲੈਨਿਨ ਦੇ ਵਿਸਥਾਰ ਲਈ ‘ਸਾਮਰਾਜਵਾਦ’ ਸ਼ਬਦ, ਵਿਸ਼ਵ ਪੱਧਰ ’ਤੇ ਪੂੰਜੀਵਾਦ ਦੇ ਅਸਮਾਨ ਵਿਕਾਸ ਅਤੇ ਉਸ ਅਸਮਾਨਤਾ ਨੂੰ ਕਾਇਮ ਰੱਖਣ ਲਈ ਲਈ ਤਾਕਤ ਦੀ ਵਰਤੋਂ ਆਪਣੇ ਖੁਦ ਦੇ ਵਿਕਾਸ ਏਜੰਡੇ ਨੂੰ ਚਾਰਟ ਕਰੋ। ਲੈਨਿਨ ਦੇ ਸਭ ਤੋਂ ਮਹੱਤਵਪੂਰਨ ਦਖਲਅੰਦਾਜ਼ੀ ਵਿੱਚੋਂ ਇੱਕ, ਜੋ ਕਿ ਬਸਤੀਆਂ ਵਿੱਚ ਰਹਿਣ ਵਾਲਿਆਂ ਨੂੰ ਅਪੀਲ ਕਰਦਾ ਸੀ, ਇਹ ਵਿਚਾਰ ਸੀ ਕਿ ਸਾਮਰਾਜਵਾਦ ਕਦੇ ਵੀ ਬਸਤੀ ਦਾ ਵਿਕਾਸ ਨਹੀਂ ਕਰੇਗਾ, ਅਤੇ ਇਹ ਕਿ ਰਾਸ਼ਟਰੀ ਮੁਕਤੀ ਵਰਗਾਂ ਦੇ ਸਹਿਯੋਗ ਨਾਲ ਸਿਰਫ ਸਮਾਜਵਾਦੀ ਤਾਕਤਾਂ ਹੀ ਰਾਸ਼ਟਰੀ ਆਜ਼ਾਦੀ ਲਈ ਲੜਨ ਦੇ ਸਮਰੱਥ ਹੋਣਗੀਆਂ ਅਤੇ ਫਿਰ ਆਪਣੇ ਦੇਸ਼ਾਂ ਨੂੰ ਸਮਾਜਵਾਦ ਵੱਲ ਅੱਗੇ ਵਧਾਉਣਾ। ਲੈਨਿਨ ਦੇ ਕੱਟੜ ਬਸਤੀਵਾਦ ਵਿਰੋਧੀ ਦ੍ਰਿੜਤਾ ਨੇ ਉਸਦੇ ਵਿਚਾਰਾਂ ਨੂੰ ਬਸਤੀਵਾਦੀ ਸੰਸਾਰ ਦੇ ਲੋਕਾਂ ਵੱਲ





ਗੱਲ ਨੂੰ ਸਾਬਤ ਕੀਤਾ। ਇਹ ਸਥਾਪਿਤ ਕਰਨ ਤੋਂ ਬਾਅਦ ਕਿ ਜ਼ਾਰਵਾਦੀ ਰੂਸ ਦੇ ਅੰਦਰ ਉਦਾਰਵਾਦੀ ਕੁਲੀਨ ਵਰਗ ਮਜ਼ਦੂਰ ਅਤੇ ਕਿਸਾਨ ਇਨਕਲਾਬ ਦੀ ਅਗਵਾਈ ਕਰਨ ਦੇ ਯੋਗ ਨਹੀਂ ਹੋਣਗੇ, ਜਾਂ ਇੱਕ ਬੁਰਜੂਆ ਇਨਕਲਾਬ ਦੀ ਅਗਵਾਈ ਵੀ ਨਹੀਂ ਕਰ ਸਕਣਗੇ, ਲੈਨਿਨ ਨੇ ਆਪਣਾ ਧਿਆਨ ਅੰਤਰਰਾਸ਼ਟਰੀ ਸਥਿਤੀ ਵੱਲ ਮੋੜਿਆ। ਸਵਿਟਜ਼ਰਲੈਂਡ ਵਿੱਚ ਜਲਾਵਤਨੀ ਵਿੱਚ ਬੈਠ ਕੇ, ਲੈਨਿਨ ਨੇ 1914 ਵਿੱਚ ਸਮਾਜਿਕ ਜਮਹੂਰੀਅਤਾਂ ਦੇ ਗਰਮਜੋਸ਼ੀ ਨੂੰ ਸਮਰਪਣ ਕਰਦੇ ਹੋਏ ਦੇਖਿਆ ਅਤੇ ਮਜ਼ਦੂਰ ਜਮਾਤ ਨੂੰ ਵਿਸ਼ਵ ਯੁੱਧ ਵਿੱਚ ਪਹੁੰਚਾਇਆ।

ਸੋਸ਼ਲ ਡੈਮੋਕਰੇਟਸ ਦੇ ਵਿਸ਼ਵਾਸਘਾਤ ਤੋਂ ਨਿਰਾਸ਼ ਹੋ ਕੇ, ਲੈਨਿਨ ਨੇ ਇੱਕ ਮਹੱਤਵਪੂਰਨ ਪਾਠ–ਸਾਮਰਾਜਵਾਦ–ਲਿਖਿਆ, ਜਿਸ ਨੇ ਵਿੱਤ ਪੂੰਜੀ ਅਤੇ ਅਜਾਰੇਦਾਰ ਫਰਮਾਂ ਦੇ ਨਾਲ–ਨਾਲ ਅੰਤਰ–ਪੂੰਜੀਵਾਦੀ ਅਤੇ ਅੰਤਰ–ਸਾਮਰਾਜਵਾਦੀ ਟਕਰਾਅ ਦੀ ਇੱਕ ਸਪੱਸ਼ਟ ਸਮਝ ਵਿਕਸਿਤ ਕੀਤੀ। ਇਹ ਇਸ ਲਿਖਤ ਵਿੱਚ ਸੀ ਕਿ ਲੈਨਿਨ ਨੇ ਪੱਛਮ ਵਿੱਚ ਸਮਾਜਵਾਦੀ ਲਹਿਰਾਂ ਦੀਆਂ ਸੀਮਾਵਾਂ ਦੀ ਪੜਚੋਲ ਕੀਤੀ–ਕਿਰਤ ਕੁਲੀਨਤਾ ਸਮਾਜਵਾਦੀ ਖਾੜਕੂਵਾਦ ਨੂੰ ਇੱਕ ਰੁਕਾਵਟ ਪ੍ਰਦਾਨ ਕਰਦੀ ਹੈ–ਅਤੇ ਪੂਰਬ ਵਿੱਚ ਇਨਕਲਾਬ ਦੀ ਸੰਭਾਵਨਾ–ਜਿੱਥੇ ਸਾਮਰਾਜਵਾਦੀ ਲੜੀ ਵਿੱਚ ‘ਸਭ ਤੋਂ ਕਮਜ਼ੋਰ ਕੜੀ’ ਹੋ ਸਕਦੀ ਹੈ। ਪਾਇਆ।

ਲੈਨਿਨ ਦੀਆਂ ਨੋਟਬੁੱਕਾਂ ਦਰਸਾਉਂਦੀਆਂ ਹਨ ਕਿ ਉਸਨੇ ਸਮਕਾਲੀ ਸਾਮਰਾਜਵਾਦ ਬਾਰੇ ਆਪਣੀ ਸੋਚ ਨੂੰ ਸਪੱਸ਼ਟ ਕਰਨ ਲਈ ਅੰਗਰੇਜ਼ੀ, ਫਰਾਂਸੀਸੀ, ਜਰਮਨ ਅਤੇ ਰੂਸੀ ਵਿੱਚ 148 ਕਿਤਾਬਾਂ ਅਤੇ 213 ਲੇਖ ਪੜ੍ਹੇ। ਇਸ ਕਿਸਮ ਦੇ ਸਾਮਰਾਜਵਾਦ ਦੇ ਸਪੱਸ਼ਟ ਮੁਲਾਂਕਣ ਨੇ ਤਾਕਤ ਦੀ ਵਰਤੋਂ ਨੂੰ ਦਰਸਾਉਂਦਾ ਹੈ।

ਨਵੇਂ ਸਿਧਾਂਤ ਸਾਹਮਣੇ ਆਏ ਹਨ ਜੋ ਸੁਝਾਅ ਦਿੰਦੇ ਹਨ ਕਿ ਨਵੀਆਂ ਸਥਿਤੀਆਂ ਨੂੰ ਸਾਮਰਾਜਵਾਦ ਦੇ ਲੈਨਿਨਵਾਦੀ ਸਿਧਾਂਤ ਦੁਆਰਾ ਸਮਝਿਆ ਨਹੀਂ ਜਾ ਸਕਦਾ ਹੈ। ਖੱਬੇ ਪਾਸੇ ਦੇ ਕੁਝ ਲੋਕ ਵਿਸ਼ਵ ਅਰਥਚਾਰੇ ਦੇ ਨਵ–ਬਸਤੀਵਾਦੀ ਢਾਂਚੇ ਦੇ ਵਿਚਾਰ ਨੂੰ ਰੱਦ ਕਰਦੇ ਹਨ, ਜਿਸ ਵਿੱਚ ਸੰਯੁਕਤ ਰਾਜ ਦੀ ਅਗਵਾਈ ਵਾਲੇ ਸਾਮਰਾਜਵਾਦੀ ਸਮੂਹ ਨੇ ਇਸ ਢਾਂਚੇ ਨੂੰ ਕਾਇਮ ਰੱਖਣ ਲਈ ਆਪਣੀ ਸ਼ਕਤੀ ਦੇ ਹਰ ਸਰੋਤ ਦੀ ਵਰਤੋਂ ਕੀਤੀ ਹੈ। ਦੂਸਰੇ, ਇੱਥੋਂ ਤੱਕ ਕਿ ਖੱਬੇ ਪਾਸੇ ਵੀ, ਇਹ ਦਲੀਲ ਦਿੰਦੇ ਹਨ ਕਿ ਸੰਸਾਰ ਹੁਣ ਸਮਤਲ ਹੈ ਅਤੇ ਹੁਣ ਇੱਕ ਗਲੋਬਲ ਉੱਤਰ ਨਹੀਂ ਹੈ ਜੋ ਇੱਕ ਗਲੋਬਲ ਦੱਖਣ ਉੱਤੇ ਜ਼ੁਲਮ ਕਰਦਾ ਹੈ, ਅਤੇ ਇਹ ਕਿ ਦੋਵਾਂ ਜ਼ੋਨਾਂ ਦੇ ਕੁਲੀਨ ਲੋਕ ਇੱਕ ਅੰਤਰਰਾਸ਼ਟਰੀ ਬੁਰਜੂਆਜ਼ੀ ਦਾ ਹਿੱਸਾ ਹਨ। ਸਾਮਰਾਜਵਾਦੀ ਸਮੂਹ ਦੁਆਰਾ ਨਿਰੰਤਰ ਹਿੰਸਾ ਦੇ ਵਧਦੇ ਪੱਧਰਾਂ ਅਤੇ ਉੱਤਰ ਅਤੇ ਦੱਖਣ (ਦੱਖਣ ਵਿੱਚ ਪੂੰਜੀਵਾਦੀ ਕੁਲੀਨ ਵਰਗਾਂ ਦੇ ਵਾਧੇ ਦੇ ਬਾਵਜੂਦ) ਦਰਮਿਆਨ ਸਾਪੇਖਿਕ ਅਸਮਾਨਤਾ ਦੇ ਵਧਦੇ ਪੱਧਰਾਂ ਦਾ ਸਾਹਮਣਾ ਕਰਨ ਵੇਲੇ ਇਹਨਾਂ ਵਿੱਚੋਂ ਕੋਈ ਵੀ ਇਤਰਾਜ਼ ਖੜ੍ਹਾ ਨਹੀਂ ਹੁੰਦਾ। ਲੈਨਿਨ ਦੇ ਸਾਮਰਾਜਵਾਦ ਦੇ ਤੱਤ, ਬੇਸ਼ੱਕ, ਮਿਤੀ ਵਾਲੇ ਹਨ–ਇਹ 100 ਸਾਲ ਪਹਿਲਾਂ ਲਿਖਿਆ ਗਿਆ ਸੀ–ਅਤੇ ਧਿਆਨ ਨਾਲ ਦੁਬਾਰਾ ਕੰਮ ਕਰਨ ਦੀ ਲੋੜ ਹੋਵੇਗੀ। ਪਰ ਸਿਧਾਂਤ ਦਾ ਸਾਰ ਪ੍ਰਮਾਣਿਕ ਹੈ–ਪੂੰਜੀਵਾਦੀ ਫਰਮਾਂ ਦੇ ਏਕਾਧਿਕਾਰ ਬਣਨ ਦੀ ਪ੍ਰਵਿਰਤੀ ’ਤੇ ਜ਼ੋਰ, ਉਹ ਬੇਰਹਿਮੀ ਜਿਸ ਨਾਲ ਵਿੱਤ ਪੂੰਜੀ ਵਿਸ਼ਵ ਦੱਖਣ ਦੀ ਦੌਲਤ ਨੂੰ ਬਾਹਰ ਕੱਢਦੀ ਹੈ, ਅਤੇ ਦੱਖਣ ਦੇ ਦੇਸ਼ਾਂ ਦੀਆਂ ਇੱਛਾਵਾਂ ਨੂੰ ਕਾਬੂ ਕਰਨ ਖਿੱਚਿਆ, ਜਿਸ ਕਾਰਨ ਉਹ 1919 ਤੋਂ ਬਾਅਦ ਕੋਮਿਨਟਰਨ ਲਈ ਇੰਨੇ ਜੋਸ਼ ਨਾਲ ਇਕੱਠੇ ਹੋਏ। ਹੋ ਚੀ ਮਿਨਹ ਨੇ ਰਾਸ਼ਟਰੀ ਅਤੇ ਬਸਤੀਵਾਦੀ ਮੁੱਦਿਆਂ ’ਤੇ ਕੋਮਿਨਟਰਨ ਦਾ ਥੀਸਿਸ ਪੜ੍ਹਿਆ ਅਤੇ ਰੋਇਆ। ਉਸਨੇ ਮਹਿਸੂਸ ਕੀਤਾ ਕਿ ਇਹ ਇੰਡੋਚੀਨ ਦੇ ਲੋਕਾਂ ਦੇ ਸੰਘਰਸ਼ ਲਈ ਇੱਕ ‘ਚਮਤਕਾਰੀ ਮਾਰਗਦਰਸ਼ਕ’ ਸੀ। ‘ਰੂਸੀ ਇਨਕਲਾਬ ਦੇ ਤਜਰਬੇ ਤੋਂ” ਹੋ ਚੀ ਮਿਨਹ ਨੇ ਲਿਖਿਆ, ‘ਸਾਨੂੰ ਆਪਣੇ ਸੰਘਰਸ਼ ਦੀ ਜੜ੍ਹ ਵਿੱਚ ਲੋਕ–ਮਜ਼ਦੂਰ–ਜਮਾਤ ਅਤੇ ਕਿਸਾਨ–ਦੋਵੇਂ ਹੋਣੇ ਚਾਹੀਦੇ ਹਨ। ਸਾਨੂੰ ਆਪਣੇ ਕੇਂਦਰ ਵਿੱਚ ਬਲੀਦਾਨ ਅਤੇ ਸਰਬਸੰਮਤੀ ਨਾਲ ਇੱਕ ਮਜ਼ਬੂਤ ਪਾਰਟੀ, ਮਜ਼ਬੂਤ ਇੱਛਾ ਸ਼ਕਤੀ ਦੀ ਲੋੜ ਹੈ।” ‘ਚਮਕਦਾਰ ਸੂਰਜ ਵਾਂਗ’ ਹੋ ਚੀ ਮਿਨਹ ਨੇ ਲਿਖਿਆ, ਅਕਤੂਬਰ ਇਨਕਲਾਬ ਸਾਰੇ ਪੰਜ ਮਹਾਂਦੀਪਾਂ ਵਿੱਚ ਚਮਕਿਆ, ਦੁਨੀਆ ਭਰ ਦੇ ਲੱਖਾਂ ਦੱਬੇ–ਕੁਚਲੇ ਅਤੇ ਸ਼ੋਸ਼ਿਤ ਲੋਕਾਂ ਨੂੰ ਜਗਾਇਆ। ਮਨੁੱਖਤਾ ਦੇ ਇਤਿਹਾਸ ਵਿੱਚ ਕਦੇ ਵੀ ਅਜਿਹੀ ਮਹੱਤਤਾ ਅਤੇ ਪੈਮਾਨੇ ਦੀ ਕ੍ਰਾਂਤੀ ਮੌਜੂਦ ਨਹੀਂ ਸੀ। ਅੰਤ ਵਿੱਚ, ਲੈਨਿਨ ਨੇ 1893 ਤੋਂ 1917 ਤੱਕ ਦਾ ਸਮਾਂ ਪੁਰਾਣੀ ਕਿਸਮ ਦੀ ਪਾਰਟੀ–ਸਮਾਜਕ ਜਮਹੂਰੀ ਪਾਰਟੀ ਦੀਆਂ ਸੀਮਾਵਾਂ ਦਾ ਅਧਿਐਨ ਕਰਨ ਵਿੱਚ ਬਿਤਾਇਆ। ਲੈਨਿਨ ਦਾ ਪਾਠ–ਸਾਡਾ ਪ੍ਰੋਗਰਾਮ–ਇਹ ਬਿੰਦੂ ਬਣਾਉਂਦਾ ਹੈ ਕਿ ਪਾਰਟੀ ਨੂੰ ਨਿਰੰਤਰ ਗਤੀਵਿਧੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਆਪਣੇ ਆਪ ਜਾਂ ਸ਼ੁਰੂਆਤੀ [ਸਟਿਕਿਨੀ] ਫੈਲਣ ’ਤੇ ਨਿਰਭਰ ਨਹੀਂ ਹੋਣਾ ਚਾਹੀਦਾ ਹੈ। ਇਹ ਨਿਰੰਤਰ ਗਤੀਵਿਧੀ ਪਾਰਟੀ ਨੂੰ ਮਜ਼ਦੂਰ–ਜਮਾਤ ਅਤੇ ਕਿਸਾਨੀ ਨਾਲ ਗੂੜ੍ਹਾ ਅਤੇ ਜੈਵਿਕ ਸੰਪਰਕ ਵਿੱਚ ਲਿਆਵੇਗੀ ਅਤੇ ਨਾਲ ਹੀ ਉਹਨਾਂ ਵਿਰੋਧ ਪ੍ਰਦਰਸ਼ਨਾਂ ਨੂੰ ਉਗਾਉਣ ਵਿੱਚ ਮਦਦ ਕਰੇਗੀ ਜੋ ਫਿਰ ਇੱਕ ਜਨਤਕ ਚਰਿੱਤਰ ਬਣ ਸਕਦਾ ਹੈ। ਇਹੀ ਵਿਚਾਰ ਸੀ ਜਿਸ ਨੇ ਲੈਨਿਨ ਨੂੰ ਕੀ ਕਰਨਾ ਹੈ ਵਿੱਚ ਇਨਕਲਾਬੀ ਪਾਰਟੀ ਬਾਰੇ ਆਪਣੀ ਸਮਝ ਨੂੰ ਅਮਲ ਵਿੱਚ ਲਿਆਉਣ ਲਈ ਪ੍ਰੇਰਿਤ ਕੀਤਾ? (1902)। ਕਮਾਲ ਦੀ ਦਖਲਅੰਦਾਜ਼ੀ ਨੇ ਪਾਰਟੀ ਦੇ ਮੋਹਰੀ ਵਜੋਂ ਜਮਾਤੀ–ਚੇਤੰਨ ਵਰਕਰਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ ਅਤੇ ਸਾਰੇ ਜ਼ੁਲਮ ਅਤੇ ਸਾਰੇ ਜ਼ੁਲਮ ਦੇ ਵਿਰੁੱਧ ਇੱਕ ਅਸਲ ਸ਼ਕਤੀਸ਼ਾਲੀ ਰਾਜਨੀਤਿਕ ਚੇਤਨਾ ਪੈਦਾ ਕਰਨ ਲਈ ਵਰਕਰਾਂ ਵਿੱਚ ਸਿਆਸੀ ਅੰਦੋਲਨ ਦੀ ਮਹੱਤਤਾ ਨੂੰ ਉਜਾਗਰ ਕੀਤਾ। ਮਜ਼ਦੂਰਾਂ, ਲੈਨਿਨ ਨੇ ਦਲੀਲ ਦਿੱਤੀ, ਸਿਸਟਮ ਦੀ ਬੇਰਹਿਮੀ ਦੀ ਤੀਬਰਤਾ ਅਤੇ ਏਕਤਾ ਦੀ ਮਹੱਤਤਾ ਨੂੰ ਮਹਿਸੂਸ ਕਰਨ ਦੀ ਲੋੜ ਹੈ। 1896 ਤੋਂ 1916 ਤੱਕ ਇਨ੍ਹਾਂ ਲਿਖਤਾਂ ਨੇ ਬਾਲਸ਼ਵਿਕਾਂ ਅਤੇ ਲੈਨਿਨ ਲਈ 1917 ਵਿੱਚ ਸੰਘਰਸ਼ਾਂ ਦੌਰਾਨ ਕੰਮ ਕਰਨ ਦੇ ਤਰੀਕੇ ਨੂੰ ਸਮਝਣ ਲਈ ਭੂਮੀ ਤਿਆਰ ਕੀਤੀ। ਇਹ ਲੈਨਿਨ ਦੇ ਜਨਤਾ ਵਿੱਚ ਵਿਸ਼ਵਾਸ ਅਤੇ ਉਸ ਦੇ ਸਿਧਾਂਤ ਦਾ ਇੱਕ ਮਾਪ ਹੈ ਕਿ ਲੈਨਿਨ ਨੇ ਆਪਣਾ ਦਲੇਰਾਨਾ ਪੈਂਫਲਟ ਲਿਖਿਆ ਸੀ ਕਿ ਬੋਲਸ਼ੇਵਿਕ ਕੀ ਕਰ ਸਕਦੇ ਹਨ। ਰਾਜ ਸ਼ਕਤੀ ਨੂੰ ਬਰਕਰਾਰ ਰੱਖਣਾ? ਸੱਤਾ ’ਤੇ ਕਾਬਜ਼ ਹੋਣ ਤੋਂ ਕੁਝ ਹਫ਼ਤੇ ਪਹਿਲਾਂ। ਇੱਕ ਰਾਜ ਦਾ ਨਿਰਮਾਣ ਪ੍ਰਬਲ ਹੋਣ ਤੋਂ ਬਾਅਦ, ਲੈਨਿਨ ਨੂੰ ਹੁਣ ਸਾਬਕਾ ਜ਼ਾਰਵਾਦੀ ਸਾਮਰਾਜ ਵਿੱਚ ਇੱਕ ਸਮਾਜਵਾਦੀ ਪ੍ਰੋਜੈਕਟ ਬਣਾਉਣ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਜੋ ਇਸਦੇ ਲਾਲਚ ਅਤੇ ਯੁੱਧ ਦੁਆਰਾ ਤਬਾਹ ਹੋ ਗਿਆ ਸੀ। ਇਸ ਤੋਂ ਪਹਿਲਾਂ ਕਿ ਸੋਵੀਅਤਾਂ ਨੂੰ ਆਪਣੇ ਆਪ ਨੂੰ ਸੰਗਠਿਤ ਕਰਨ ਦਾ ਸਮਾਂ ਮਿਲੇ, ਸਾਮਰਾਜਵਾਦੀਆਂ ਨੇ ਚਾਰੇ ਪਾਸੇ ਤੋਂ ਹਮਲਾ ਕੀਤਾ। ਕਿਸਾਨਾਂ ਅਤੇ ਮਜ਼ਦੂਰਾਂ ਦੇ ਨਾਲ–ਨਾਲ ਰਾਸ਼ਟਰੀ ਘੱਟ–ਗਿਣਤੀਆਂ ਦੀ ਤਰਫੋਂ ਸਿੱਧੇ ਦਖਲਅੰਦਾਜ਼ੀ ਨੇ ਨਵੇਂ ਇਨਕਲਾਬ ਤੋਂ ਵਿਰੋਧੀ–ਇਨਕਲਾਬੀ ਫੌਜਾਂ ਵਿੱਚ ਵੱਡੇ ਪੱਧਰ ’ਤੇ ਦਲ–ਬਦਲੀ ਨੂੰ ਰੋਕਿਆ। ਕਿਸਾਨ, ਆਪਣੇ ਸੀਮਤ ਸਾਧਨਾਂ ਨਾਲ, ਨਵੀਂ ਸ਼ੁਰੂਆਤ ਲਈ ਡਟੇ ਰਹੇ। ਪਰ ਇਹ ਬਿੰਦੂ ਸੀ – ‘ਸੀਮਤ ਸਾਧਨ’ ਇੱਕ ਗਰੀਬ ਦੇਸ਼ ਵਿੱਚ ਸਮਾਜਵਾਦ ਦਾ ਨਿਰਮਾਣ ਕਿਵੇਂ ਹੁੰਦਾ ਹੈ, ਜਿਸ ਵਿੱਚ ਸਮਾਜਿਕ ਵਿਕਾਸ ਜ਼ਾਰਵਾਦੀ ਤਾਨਾਸ਼ਾਹੀ ਦੁਆਰਾ ਰੋਕਿਆ ਜਾਂਦਾ ਹੈ? ਸਟੇਟ ਐਂਡ ਰੈਵੋਲਿਊਸ਼ਨ (1918) ਦਾ ਇੱਕ ਨਜ਼ਦੀਕੀ ਪੜ੍ਹਨਾ ਸੋਵੀਅਤਾਂ ਨੂੰ ਆਪਣੇ ਨਵੇਂ ਕੰਮ ਵਿੱਚ ਦਰਪੇਸ਼ ਸਮੱਸਿਆਵਾਂ ਦਾ ਅੰਦਾਜ਼ਾ ਲਗਾਉਂਦਾ ਹੈ–ਉਹ ਨਾ ਸਿਰਫ਼ ਰਾਜ ਦੇ ਢਾਂਚੇ ਦੇ ਵਾਰਸ ਹੋ ਸਕਦੇ ਸਨ, ਸਗੋਂ ‘ਰਾਜ ਨੂੰ ਤੋੜਨਾ’ ਸੀ, ਸੰਸਥਾਵਾਂ ਦਾ ਇੱਕ ਨਵਾਂ ਸਮੂਹ ਅਤੇ ਇੱਕ ਨਵੀਂ ਸੰਸਥਾਗਤ ਉਸਾਰੀ। ਸਭਿਆਚਾਰ, ਰਾਜ ਅਤੇ ਸਮਾਜ ਪ੍ਰਤੀ ਕੇਡਰ ਦੁਆਰਾ ਇੱਕ ਨਵਾਂ ਰਵੱਈਆ ਪੈਦਾ ਕਰਨਾ। ਅਪ੍ਰੈਲ 1918 ਵਿੱਚ, ਲੈਨਿਨ ਦੀ ਸੋਵੀਅਤ ਸਰਕਾਰ ਦੇ ਤਤਕਾਲ ਕਾਰਜ ਪਹਿਲੇ ਕੁਝ ਮਹੀਨਿਆਂ ਦੇ ਕੰਮ ਦਾ ਸਾਰ ਦਿੰਦਾ ਹੈ ਅਤੇ ਦਰਸਾਉਂਦਾ ਹੈ ਕਿ ਸੋਵੀਅਤ ਸੰਘ ਡੂੰਘੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ

ਉਨ੍ਹਾਂ ਦੀ ਕ੍ਰਾਂਤੀ ਕਿਸੇ ਉੱਨਤ ਪੂੰਜੀਵਾਦੀ ਦੇਸ਼ ਵਿੱਚ ਨਹੀਂ ਹੋਈ, ਸਗੋਂ ਉਸ ਵਿੱਚ ਹੋਈ ਜਿਸ ਨੂੰ ਮਾਰਕਸ ਨੇ “ਕਮੀ ਦਾ ਖੇਤਰ” ਕਿਹਾ ਸੀ। ਪੈਦਾਵਾਰੀ ਸ਼ਕਤੀਆਂ ਨੂੰ ਵਧਾਉਣਾ ਅਤੇ ਪੈਦਾਵਾਰ ਦੇ ਸਾਧਨਾਂ ਦਾ ਉਸੇ ਸਮੇਂ ਸਮਾਜੀਕਰਨ ਕਰਨਾ ਅਥਾਹ ਅਨੁਪਾਤ ਦਾ ਕੰਮ ਸੀ। ਲੈਨਿਨ ਨੇ ਲਿਖਿਆ, “ਸਾਖਰਤਾ ਤੋਂ ਬਿਨਾਂ ਕੋਈ ਰਾਜਨੀਤੀ ਨਹੀਂ ਹੋ ਸਕਦੀ। ਇੱਥੇ ਸਿਰਫ ਅਫਵਾਹਾਂ, ਗੱਪਾਂ ਅਤੇ ਪੱਖਪਾਤ ਹੋ ਸਕਦਾ ਹੈ।” ਸੋਵੀਅਤ ਰਾਜ ਦੇ ਸਾਖਰਤਾ ਵੱਲ ਜਾਣ ਤੋਂ ਪਹਿਲਾਂ ਕਿੰਨੇ ਸੀਮਤ ਸਰੋਤ ਸਨ, ਪਾਰਟੀ ਕੇਡਰ ਨੇ ਇਹ ਯਕੀਨੀ ਬਣਾਉਣ ਲਈ ਦ੍ਰਿੜ ਸੰਕਲਪ ਲਿਆ ਕਿ ਉਹ ਇਸ ਤੱਥ ਨੂੰ ਮੋੜਨ ਕਿ ਸਿਰਫ ਇੱਕ ਤਿਹਾਈ ਮਰਦ ਪੜ੍ਹੇ ਲਿਖੇ ਸਨ ਅਤੇ ਔਰਤਾਂ ਦੇ ਪੰਜਵੇਂ ਹਿੱਸੇ ਤੋਂ ਘੱਟ। ਲੀਕਬੇਜ਼ ਮੁਹਿੰਮ ਅਤੇ ਸਵਦੇਸ਼ੀਕਰਨ (ਕੋਰੇਨੀਜ਼ਾਤਸੀਆ) ਦੀ ਨੀਤੀ ਦੇ ਵਿਚਕਾਰ, ਖੇਤਰੀ ਅਤੇ ਘੱਟ–ਗਿਣਤੀ ਭਾਸ਼ਾਵਾਂ ਦੀ ਵਰਤੋਂ, ਸੋਵੀਅਤ

ਸੰਘ ਦੇ ਦਹਾਕਿਆਂ ਵਿੱਚ-ਇਹ ਯਕੀਨੀ ਬਣਾਉਣ ਵਿੱਚ ਸਮਰੱਥ ਸੀ ਕਿ ਸਾਖਰਤਾ ਪੱਧਰ ਪੁਰਸ਼ਾਂ ਲਈ 86 ਪ੍ਰਤੀਸ਼ਤ ਅਤੇ ਔਰਤਾਂ ਲਈ 65 ਪ੍ਰਤੀਸ਼ਤ ਤੱਕ ਵੱਧ ਗਿਆ। ਸੋਵੀਅਤ ਰੂਸ ਨੂੰ ਬਣਾਉਣ ਲਈ ਮਜ਼ਦੂਰਾਂ ਅਤੇ ਕਿਸਾਨਾਂ ਦੀ ਕੇਂਦਰੀਤਾ ਨੂੰ ਅਕਸਰ ਭੁਲਾਇਆ ਜਾਂਦਾ ਹੈ (ਮਿਖਾਇਲ ਕਾਲਿਨਿਨ ਇੱਕ ਕਿਸਾਨ ਪਰਿਵਾਰ ਤੋਂ ਆਇਆ ਸੀ; ਜੋਸਫ਼ ਸਟਾਲਿਨ ਮੋਚੀ ਅਤੇ ਘਰੇਲੂ ਨੌਕਰਾਣੀ ਦੇ ਪਰਿਵਾਰ ਵਿੱਚੋਂ ਆਇਆ ਸੀ)। ਸਿੱਖਿਆ, ਸਿਹਤ, ਰਿਹਾਇਸ਼ ਅਤੇ ਆਰਥਿਕਤਾ ਉੱਤੇ ਨਿਯੰਤਰਨ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ ਅਤੇ ਸਮਾਜਿਕ ਵਿਕਾਸ ਲੈਨਿਨ ਦੀ ਅਗਵਾਈ ਵਾਲੇ ਨਵੇਂ ਸੋਵੀਅਤ ਰੂਸ ਦੇ ਕੰਮ ਦਾ ਮੁੱਖ ਕੇਂਦਰ ਸਨ। ਸੋਵੀਅਤ ਯੂਨੀਅਨ ਬਾਰੇ ਕੋਈ ਵੀ ਸੱਜੇ-ਪੱਖੀ ਚਾਲ ਇਸ ਮਜ਼ਦੂਰ ਰਾਜ ਦੀ ਵਿਸ਼ਾਲ ਪ੍ਰਾਪਤੀ ਨੂੰ ਮਿਟਾ ਨਹੀਂ ਸਕਦੀ। ਆਪਣੇ ਜੀਵਨ ਦੇ ਆਖਰੀ ਸਾਲ ਵਿੱਚ, ਲੈਨਿਨ ਨੇ ਚਾਰ ਸ਼ਾਨਦਾਰ ਲਿਖਤਾਂ ਲਿਖੀਆਂ: 'ਸਹਿਯੋਗ ਉੱਤੇ' 'ਸਾਡਾ ਇਨਕਲਾਬ' 'ਸਾਨੂੰ ਮਜ਼ਦੂਰਾਂ ਅਤੇ ਕਿਸਾਨਾਂ ਦੇ ਨਿਰੀਖਣ ਦਾ ਪੁਨਰ-ਕ੍ਰਮ ਕਿਵੇਂ ਕਰਨਾ ਚਾਹੀਦਾ ਹੈ', ਅਤੇ 'ਬਹੁਤ ਘੱਟ, ਪਰ ਬਿਹਤਰ।' ਇਹਨਾਂ ਲਿਖਤਾਂ ਵਿੱਚ, ਲੈਨਿਨ ਨੇ ਪੂੰਜੀਵਾਦ ਨੂੰ ਸਮਾਜਵਾਦ ਵਿੱਚ ਬਦਲਣ ਦੀ ਪ੍ਰਕਿਰਿਆ ਵਿੱਚ ਮੁਸ਼ਕਲਾਂ ਨੂੰ ਸਵੀਕਾਰ ਕੀਤਾ ਹੈ। ਉਸਨੇ ਸਹਿਕਾਰੀ ਸਭਾਵਾਂ ਦੀ 'ਵੱਡੀ, ਬੇਅੰਤ ਮਹੱਤਤਾ' ਬਾਰੇ ਲਿਖਿਆ, ਉਤਪਾਦਕ ਅਧਾਰ ਨੂੰ ਦੁਬਾਰਾ ਬਣਾਉਣ ਦੀ ਲੋੜ ਅਤੇ ਜਨਤਾ ਦੇ ਵਿਸ਼ਵਾਸ ਨੂੰ ਅੱਗੇ ਵਧਾਉਣ ਲਈ ਸੁਸਾਇਟੀਆਂ ਦਾ ਨਿਰਮਾਣ ਕਰਨਾ।

ਲੈਨਿਨ ਨੇ ਜੋ ਸੰਕੇਤ ਦਿੱਤਾ ਸੀ ਉਹ ਸੀ ਸੱਭਿਆਚਾਰਕ ਤਬਦੀਲੀ ਦੀ ਲੋੜ, ਮਜ਼ਦੂਰਾਂ ਅਤੇ ਕਿਸਾਨਾਂ ਲਈ ਜੀਵਨ ਦਾ ਇੱਕ ਨਵਾਂ ਤਰੀਕਾ, ਅਤੇ ਮਜ਼ਦੂਰਾਂ ਅਤੇ ਕਿਸਾਨਾਂ ਲਈ ਆਪਣੇ ਸਮਾਜ ਉੱਤੇ ਸੱਤਾ ਹਾਸਲ ਕਰਨ ਅਤੇ ਕਾਰਵਾਈ ਵਿੱਚ ਆਪਣੀਆਂ ਸਪੱਸ਼ਟਤਾਵਾਂ ਨੂੰ ਬਣਾਉਣ ਲਈ ਨਵੇਂ ਅਤੇ ਰਚਨਾਤਮਕ ਤਰੀਕੇ। ਮਜ਼ਦੂਰਾਂ ਨੂੰ ਇੱਕ ਘਿਣਾਉਣੇ ਰਾਜ ਦੀ ਆਰਕੀਟੈਕਚਰ ਵਿਰਾਸਤ ਵਿੱਚ ਮਿਲਿਆ ਹੈ, ਅਤੇ ਇਸ ਨੂੰ ਪੂਰੀ ਤਰ੍ਹਾਂ ਬਦਲਣਾ ਚਾਹੀਦਾ ਹੈ। ਪਰ ਕਿਦਾ? ਬੈਟਰ ਫੇਅਰ ਵਿੱਚ ਲੈਨਿਨ ਦਾ ਪ੍ਰਤੀਬਿੰਬ, ਬਟ ਬੈਟਰ ਬਹੁਤ ਇਮਾਨਦਾਰ ਹੈ: ਇਸ ਯੰਤਰ ਨੂੰ ਬਣਾਉਣ ਲਈ ਸਾਡੇ ਕੋਲ ਕਿਹੜੇ ਤੱਤ ਹਨ? ਸਿਰਫ਼ ਦੋ ਪਹਿਲੀ, ਮਜ਼ਦੂਰ ਜੋ ਸਮਾਜਵਾਦ ਦੇ ਸੰਘਰਸ਼ ਵਿੱਚ ਰੁੱਝੇ ਹੋਏ ਹਨ। ਇਹ ਤੱਤ ਕਾਫ਼ੀ ਪੜ੍ਹੇ-ਲਿਖੇ ਨਹੀਂ ਹਨ। ਉਹ ਸਾਡੇ ਲਈ ਇੱਕ ਬਿਹਤਰ ਉਪਕਰਣ ਬਣਾਉਣਾ ਚਾਹੁੰਦੇ ਹਨ, ਪਰ ਉਹ ਨਹੀਂ ਜਾਣਦੇ ਕਿ ਕਿਵੇਂ ਉਹ ਇੱਕ ਨਹੀਂ ਬਣਾ ਸਕਦੇ। ਉਨ੍ਹਾਂ ਨੇ ਅਜੇ ਤੱਕ ਇਸ ਲਈ ਲੋੜੀਂਦਾ ਸੱਭਿਆਚਾਰ ਵਿਕਸਿਤ ਨਹੀਂ ਕੀਤਾ ਹੈ; ਅਤੇ ਇਹ ਸੱਭਿਆਚਾਰ ਹੈ ਜਿਸਦੀ ਲੋੜ ਹੈ। ਇਸ ਵਿੱਚ ਕਾਹਲੀ ਵਿੱਚ ਕੰਮ ਕਰਨ ਨਾਲ, ਹਮਲੇ ਦੁਆਰਾ, ਵਿਮ ਜਾਂ ਜੋਸ਼ ਦੁਆਰਾ, ਜਾਂ ਆਮ ਤੌਰ 'ਤੇ ਕਿਸੇ ਵੀ ਉੱਤਮ ਮਨੁੱਖੀ ਗੁਣਾਂ ਦੁਆਰਾ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ। ਦੂਜਾ, ਸਾਡੇ ਕੋਲ ਗਿਆਨ, ਸਿੱਖਿਆ ਅਤੇ ਸਿਖਲਾਈ ਦੇ ਤੱਤ ਹਨ, ਪਰ ਉਹ ਹੋਰ ਸਾਰੇ ਦੇਸ਼ਾਂ ਦੇ ਮੁਕਾਬਲੇ ਹਾਸੋਹੀਣੇ ਤੌਰ 'ਤੇ ਨਾਕਾਫ਼ੀ ਹਨ। ਨਵੰਬਰ 1922 ਵਿੱਚ ਮਾਸਕੋ ਸੋਵੀਅਤ ਵਿੱਚ ਆਪਣੀ ਆਖਰੀ ਜਨਤਕ ਦਿੱਖ ਵਿੱਚ-ਲੈਨਿਨ ਨੇ ਨੌਜਵਾਨ ਸੋਵੀਅਤ ਗਣਰਾਜ ਦੀਆਂ ਪ੍ਰਾਪਤੀਆਂ ਦੀ ਪ੍ਰਸ਼ੰਸਾ ਕੀਤੀ, ਪਰ ਅੱਗੇ ਵਧਣ ਦੇ ਔਖੇ ਰਸਤੇ ਬਾਰੇ ਵੀ ਸੁਚੇਤ ਕੀਤਾ। "ਸਾਡੀ ਪਾਰਟੀ" ਉਸਨੇ ਕਿਹਾ, ਦੇਸ਼ ਦੀ ਕੁੱਲ ਆਬਾਦੀ ਦੇ ਮੁਕਾਬਲੇ ਲੋਕਾਂ ਦੇ ਇੱਕ ਛੋਟੇ ਸਮੂਹ ਨੇ ਇਸ ਕੰਮ ਨਾਲ ਨਜਿੱਠਿਆ ਹੈ। ਇਸ ਛੋਟੇ ਨਿਊਕਲੀਅਸ ਨੇ ਆਪਣੇ ਆਪ ਨੂੰ ਹਰ ਚੀਜ਼ ਨੂੰ ਦੁਬਾਰਾ ਬਣਾਉਣ ਦਾ ਕੰਮ ਨਿਰਧਾਰਤ ਕੀਤਾ ਹੈ ਅਤੇ ਇਹ ਅਜਿਹਾ ਕਰੇਗਾ। ਪਰ ਇਹ ਸਿਰਫ਼ ਪਾਰਟੀ ਦਾ ਕੰਮ ਨਹੀਂ ਹੈ, ਸਗੋਂ ਮਜ਼ਦੂਰਾਂ ਅਤੇ ਕਿਸਾਨਾਂ ਦਾ ਕੰਮ ਹੈ, ਜੋ ਨਵੇਂ ਸੋਵੀਅਤ ਯੰਤਰ ਨੂੰ ਆਪਣਾ ਸਮਝਦੇ ਹਨ। ਅਸੀਂ ਸਮਾਜਵਾਦ ਨੂੰ ਰੋਜ਼ਾਨਾ ਜੀਵਨ ਵਿੱਚ ਲਿਆਂਦਾ ਹੈ ਅਤੇ ਇੱਥੇ ਦੇਖਣਾ ਚਾਹੀਦਾ ਹੈ ਕਿ ਮਾਮਲੇ ਕਿਵੇਂ ਖੜ੍ਹੇ ਹਨ। ਇਹ ਸਾਡੇ ਦਿਨ ਦਾ ਕੰਮ ਹੈ, ਸਾਡੇ ਯੁੱਗ ਦਾ ਕੰਮ ਹੈ। ਸੋਵੀਅਤ ਯੂਨੀਅਨ ਸਿਰਫ਼ 74 ਸਾਲ ਹੀ ਚੱਲਿਆ, ਪਰ ਉਨ੍ਹਾਂ ਸਾਲਾਂ ਵਿੱਚ ਇਸ ਨੇ ਪੂੰਜੀਵਾਦ ਦੀ ਮੰਦਹਾਲੀ ਨੂੰ ਦੂਰ ਕਰਨ ਲਈ ਜ਼ੋਰਦਾਰ ਤਜਰਬੇ ਕੀਤੇ।

ਸੱਤਰ-ਚਾਰ ਸਾਲ ਔਸਤ ਗਲੋਬਲ ਜੀਵਨ ਸੰਭਾਵਨਾ ਹੈ। ਸੋਵੀਅਤ ਸੰਘ ਦੇ ਤਬਾਹ ਹੋਣ ਤੋਂ ਪਹਿਲਾਂ ਸਮਾਜਵਾਦੀ ਏਜੰਡੇ ਨੂੰ ਅੱਗੇ ਵਧਾਉਣ ਲਈ ਕਾਫ਼ੀ ਸਮਾਂ ਨਹੀਂ ਸੀ। ਪਰ ਲੈਨਿਨ ਦੀ ਵਿਰਾਸਤ ਸਿਰਫ਼ ਯੂਐਸਐਸਆਰ ਵਿੱਚ ਨਹੀਂ ਹੈ। ਸਮਾਜਵਾਦ ਵੱਲ ਅੱਗੇ ਵਧ ਕੇ ਮਨੁੱਖਤਾ ਦਾ ਸਾਹਮਣਾ ਕਰਨ ਵਾਲੀਆਂ ਦੁਬਿਧਾਵਾਂ ਨੂੰ ਪਾਰ ਕਰਨ ਲਈ ਇਹ ਵਿਸ਼ਵਵਿਆਪੀ ਸੰਘਰਸ਼ ਵਿੱਚ ਹੈ।

ਕਿਸਾਨ ਅੰਦੋਲਨ

# ਸੰਘਰਸ਼ਸ਼ੀਲ ਕਿਸਾਨਾਂ ਦੇ ਆਰ-ਪਾਰ

**ਨਵਕਿਰਨ ਸਿੰਘ ਪੱਤੀ**
n4navkiran@gmail.com



ਸੰਯੁਕਤ ਕਿਸਾਨ ਮੋਰਚਾ ਦੇ ਇੱਕ ਹਿੱਸੇ ਵੱਲੋਂ 13 ਫਰਵਰੀ ਨੂੰ ਦਿੱਲੀ ਕੂਚ ਕਰਨ ਦੇ ਐਲਾਨ ਅਤੇ ਦੂਜੇ ਹਿੱਸੇ ਵੱਲੋਂ 26 ਜਨਵਰੀ ਨੂੰ ਕੀਤੀ ਜਾ ਰਹੀ ਟਰੈਕਟਰ ਪਰੇਡ ਦੀਆਂ ਤਿਆਰੀਆਂ ਨਾਲ ਕਿਸਾਨ ਅੰਦੋਲਨ ਮੁੜ ਚਰਚਾ ਦਾ ਵਿਸ਼ਾ ਬਣ ਰਿਹਾ ਹੈ। ਤਿੰਨ ਸਾਲ ਪਹਿਲਾਂ ਲੜੇ ਗਏ ਕਿਸਾਨ ਸੰਘਰਸ਼ ਤੇ ਮੌਜੂਦਾ ਤਿਆਰੀਆਂ ਵਿੱਚ ਇੱਕ ਸਿਫ਼ਤੀ ਫਰਕ ਇਹ ਹੈ ਕਿ ਹੁਣ ਕਿਸਾਨ ਜਥੇਬੰਦੀਆਂ ਇੱਕ ਮੰਚ 'ਤੇ ਇਕੱਠੀਆਂ ਨਹੀਂ ਹਨ। 13 ਫਰਵਰੀ ਨੂੰ ਦਿੱਲੀ ਕੂਚ ਕਰਨ ਦਾ ਐਲਾਨ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਾਲੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਸਰਵਨ ਸਿੰਘ ਪੰਧੇਰ ਆਦਿ ਦੀ ਅਗਵਾਈ ਵਾਲੀਆਂ ਉੱਤਰੀ ਭਾਰਤ ਦੀਆਂ 18 ਕਿਸਾਨ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ ਦਿੱਤਾ ਗਿਆ ਹੈ। ਸੰਯੁਕਤ ਕਿਸਾਨ ਮੋਰਚਾ ਦਾ ਮੁੱਖ ਧੜਾ ਜਿਸ ਵਿੱਚ ਲੱਗਭੱਗ ਸਾਰੀਆਂ ਖੱਬੇ ਪੱਖੀ ਕਿਸਾਨ ਜਥੇਬੰਦੀਆਂ ਸ਼ਾਮਲ ਹਨ ਵੱਲੋਂ 16 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਕਨਵੈਨਸ਼ਨ ਕਰਕੇ 26 ਜਨਵਰੀ ਨੂੰ ਕੀਤੀ ਜਾਣ ਵਾਲੀ ਟਰੈਕਟਰ ਪਰੇਡ ਦੀ ਤਿਆਰੀ ਵਿੱਢੀ ਹੋਈ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠਲੀਆਂ ਕਿਸਾਨ ਜਥੇਬੰਦੀਆਂ ਵੱਲੋਂ ਵੱਖਰੇ ਤੌਰ 'ਤੇ 18 ਜਨਵਰੀ ਨੂੰ ਚੰਡੀਗੜ੍ਹ ਵਿੱਚ ਪੱਕਾ ਮੋਰਚਾ ਲਾਉਣ ਦੀ ਤਿਆਰੀ ਹੈ।

26 ਨਵੰਬਰ 2020 ਤੋਂ ਦਿੱਲੀ ਦੇ ਬਾਰਡਰਾਂ 'ਤੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਖੂਬਸੂਰਤੀ ਇਹੋ ਸੀ ਕਿ ਉਸ ਸੰਘਰਸ਼ ਵਿੱਚ ਹਰ ਤਰ੍ਹਾਂ ਦੀ ਵਿਚਾਰਧਾਰਾ ਦੇ ਲੋਕ ਕਿਸਾਨ ਮੰਗਾਂ 'ਤੇ ਇਕਜੁੱਟ ਸਨ। ਜਥੇਬੰਦੀਆਂ ਦੇ ਅੰਦਰੂਨੀ ਮੱਤਭੇਦਾਂ ਦੇ ਬਾਵਜੂਦ ਇਸ ਸਾਲ ਤੋਂ ਲੰਮੇ ਚੱਲੇ ਸੰਘਰਸ਼ ਦੀ ਬਨਿਆਦ ਵੱਖ-ਵੱਖ ਵਿਚਾਰਧਾਰਾਵਾਂ ਦੀ ਏਕਤਾ ਦਾ 'ਗੁਲਦਸਤਾ' ਹੀ ਸੀ ਜਿਸਨੇ ਫਾਸ਼ੀਵਾਦੀ ਹਕੂਮਤ ਨੂੰ ਪੈਰ ਪਿਛਾਂਹ ਖਿੱਚਣ ਲਈ ਮਜਬੂਰ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ ਦੇ ਕੀਤੇ ਐਲਾਨ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਕੁੱਝ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਮੋਰਚੇ ਵਿੱਚ ਰਾਇ ਰੱਖੀ ਸੀ ਕਿ 'ਸਾਨੂੰ ਪੁਲਿਸ ਕੇਸ ਵਾਪਸ ਹੋਣ ਅਤੇ ਫਸਲਾਂ 'ਤੇ ਐਮਐਸਪੀ ਦੀ ਗਾਰੰਟੀ ਮਿਲਣ ਤੱਕ ਮੋਰਚਾ ਜਾਰੀ ਰੱਖਣਾ ਚਾਹੀਦਾ ਹੈ'। ਪਰ ਕੁੱਝ ਕਿਸਾਨ ਆਗੂਆਂ ਵੱਲੋਂ ਵਿਖਾਈ ਕਾਹਲ ਦੇ ਚੱਲਦਿਆਂ ਅਤੇ ਮੋਦੀ ਸਰਕਾਰ ਵੱਲੋਂ 9 ਦਸੰਬਰ 2021 ਨੂੰ ਲਿਖਤੀ ਭਰੋਸੇ ਤੋਂ ਬਾਅਦ ਕਿਸਾਨ ਅੰਦੋਲਨ ਮੁਲਤਵੀ ਕਰ ਦਿੱਤਾ ਗਿਆ ਸੀ ਲੇਕਿਨ ਹਕੀਕਤ ਇਹ ਹੈ ਕਿ ਉਸ ਲਿਖਤੀ ਭਰੋਸਾ ਮਿਲੇ ਨੂੰ ਦੋ ਸਾਲ ਬੀਤ ਜਾਣ ਦੇ ਬਾਵਜੂਦ ਮੋਦੀ ਸਰਕਾਰ ਨੇ ਅਜੇ ਤੱਕ ਕਿਸਾਨਾਂ ਦੀ ਇੱਕ ਵੀ ਮੰਗ ਪੂਰੀ ਨਹੀਂ ਕੀਤੀ ਹੈ। ਫਸਲਾਂ 'ਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਐਮਐਸਪੀ ਲਾਗੂ ਕਰਨ ਦੀ ਮੰਗ ਜਿਉਂ ਦੀ ਤਿਉਂ ਬਰਕਰਾਰ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨ ਦੀ ਕੋਈ ਯੋਜਨਾ ਨਹੀਂ ਲਿਆਂਦੀ ਗਈ ਹੈ, ਬਿਜਲੀ ਸੋਧ ਬਿਲ-2020 ਵਾਪਸ ਨਹੀਂ ਲਿਆ ਗਿਆ ਹੈ। ਲਖੀਮਪੁਰ ਖੀਰੀ ਵਿੱਚ ਕਤਲ ਕੀਤੇ ਕਿਸਾਨਾਂ ਦੇ ਮਾਮਲੇ ਵਿੱਚ ਅਜੇ ਤੱਕ ਇਨਸਾਫ ਨਹੀਂ ਮਿਲਿਆ ਹੈ। ਕੇਂਦਰ ਸਰਕਾਰ ਨੇ ਵਿਸ਼ਵਾਸ਼ ਦਿਵਾਇਆ ਸੀ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਦਰਜ ਸਾਰੇ ਪੁਲਿਸ ਕੇਸ ਵਾਪਸ ਲਏ ਜਾਣਗੇ ਲੇਕਿਨ ਪਿਛਲੇ ਦੋ ਸਾਲਾਂ ਵਿੱਚ ਕੇਸ ਵਾਪਸ ਲੈਣਾ ਤਾਂ ਦੂਰ ਦੀ ਗੱਲ ਉਲਟਾ ਕੁੱਝ ਕਿਸਾਨ ਆਗੂਆਂ ਨੂੰ ਸੀਬੀਆਈ ਦੇ ਛਾਪਿਆਂ, ਹਵਾਈ ਅੱਡਿਆਂ 'ਤੇ ਨਜ਼ਰਬੰਦੀ ਦਾ ਸਾਹਮਣਾ ਕਰਨਾ ਪਿਆ ਹੈ। ਪੁਲਿਸ ਕੇਸ ਵਾਪਸ ਨਾ ਹੋਣ ਕਾਰਨ ਅਨੇਕਾਂ ਕਿਸਾਨਾਂ ਨੂੰ ਅਦਾਲਤੀ ਕੇਸਾਂ ਅਤੇ ਸੰਮਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਤਲਬ ਸਾਫ ਹੈ ਕਿ ਭਾਵੇਂ ਕਿਸਾਨਾਂ ਦੀ ਇਕਜੁਟਤਾ ਨੇ ਮੋਦੀ ਸਰਕਾਰ ਨੂੰ ਪਿੱਛੇ ਧੱਕਿਆ ਸੀ ਪਰ ਹਕੂਮਤੀ ਹੱਲਾ ਅਜੇ ਰੁਕਿਆ ਨਹੀਂ ਹੈ। ਸਰਕਾਰ ਅਜੇ ਵੀ ਦੇਸ਼ ਦੇ ਜਲ, ਜੰਗਲ ਅਤੇ ਜ਼ਮੀਨ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਲੁਟਾਉਣ ਲਈ ਤਤਪਰ ਹੈ। ਅੰਬਾਨੀਆਂ, ਅਡਾਨੀਆਂ ਦੇ ਹਿੱਤਾਂ ਲਈ ਕੰਮ ਕਰਨ ਵਾਲੀ ਸਰਕਾਰ ਦਾ ਮੂੰਹ ਸਾਂਝੇ ਸੰਘਰਸ਼ ਤੇ ਲੋਕਾਂ ਦਾ ਏਕਾ ਹੀ ਮੋੜ ਸਕਦੇ ਹਨ। ਕਿਸੇ ਲੰਮੇ ਤੇ ਵਿਸ਼ਾਲ ਸੰਘਰਸ਼ ਦੌਰਾਨ ਜਿੱਤ ਤੱਕ ਪਹੁੰਚਦਿਆਂ ਮਤਭੇਦ ਆਉਣੇ ਸੁਭਾਵਕ ਹਨ। ਬਣਦਾ ਤਾਂ ਇਹ ਸੀ ਕਿ ਦਿੱਲੀ ਤੋਂ ਆਉਣ ਬਾਅਦ ਕਿਸਾਨ ਆਗੂ ਬੈਠ ਕੇ ਸੰਘਰਸ਼ ਦਾ ਮੁਲਾਂਕਣ ਅਤੇ ਚਿੰਤਨ ਮੰਥਨ ਕਰਦੇ, ਖੁੱਲ੍ਹਦਿਲੀ ਨਾਲ ਪੜਚੋਲ ਤੇ ਸਵੈ ਪੜਚੋਲ ਕਰਦੇ ਪਰ ਹੋਇਆ ਇਸਦੇ ਬਿਲਕੁੱਲ ਉਲਟ ਕਿ ਆਪਸੀ ਵਿਚਾਰ ਚਰਚਾ ਰਾਹੀਂ ਮਸਲੇ ਹੱਲ ਕਰਨ ਦੀ ਬਜਾਏ ਕੁੱਝ ਕਿਸਾਨ ਆਗੂਆਂ ਨੇ ਮੀਡੀਆ ਵਿੱਚ ਇੱਕ-ਦੂਜੇ ਖਿਲਾਫ ਤੋਹਮਤਾਂ ਲਾਈਆਂ ਜਿਸਦਾ ਕੋਈ ਸਾਰਥਿਕ ਸਿੱਟਾ ਨਹੀਂ ਨਿੱਕਲ ਸਕਿਆ ਹੈ। ਦਿੱਲੀ ਮੋਰਚੇ ਤੋਂ ਵਾਪਸ ਆਉਂਦਿਆਂ ਹੀ ਕੁੱਝ ਕਿਸਾਨ ਜਥੇਬੰਦੀਆਂ ਵੱਲੋਂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਚੋਣਾਂ ਵਿੱਚ ਹਿੱਸਾ ਲੈਣਾ ਵੀ ਕਿਸਾਨ ਜਥੇਬੰਦੀਆਂ ਦੇ ਪਾਟਣ ਦਾ ਫੌਰੀ ਕਾਰਨ ਬਣਿਆ। ਪਰ ਇਹਨਾਂ ਸਭ ਘਾਟਾਂ-ਕਮੀਆਂ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਖੁੱਲ੍ਹਦਿਲੀ ਨਾਲ ਇੱਕ ਮੰਚ 'ਤੇ ਆਉਣਾ ਬਹੁਤ ਜ਼ਰੂਰੀ ਹੈ।

ਭਾਰਤ ਵਿੱਚ ਕਿਸਾਨਾਂ ਵੱਲੋਂ ਆਪਣੀ ਹੱਕਾਂ ਮੰਗਾਂ ਲਈ ਕਈ ਇਤਿਹਾਸਕ ਅੰਦੋਲਨ ਕੀਤੇ ਗਏ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਹਲਵਾਹਕਾਂ ਨੂੰ ਜ਼ਮੀਨ ਦੇ ਮਾਲਕੀ ਦੇ ਹੱਕ ਦਿਵਾਉਣ ਲਈ ਲੜੇ ਗਏ ਇਤਿਹਾਸਕ ਸੰਘਰਸ਼ ਦਾ ਧੁਰਾ ਕਿਸਾਨ ਹੀ ਸਨ। ਪਰਜਾਮੰਡਲ ਲਹਿਰ ਵੱਲੋਂ ਵੀ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਗਿਆ। ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀ ਅਗਵਾਈ ਵਿੱਚ ਚੱਲੀ 'ਪੱਗੜੀ ਸੰਭਾਲ ਜੱਟਾ' ਲਹਿਰ ਨੇ ਕਿਸਾਨ ਮੰਗਾਂ ਨੂੰ ਉਭਾਰ ਕੇ ਅੰਗਰੇਜ਼ ਹਕੂਮਤ ਖਿਲਾਫ ਸੰਘਰਸ਼ ਲਾਮਬੰਦ ਕੀਤਾ ਸੀ। ਕਿਸਾਨ ਆਗੂ ਸਰ ਛੋਟੂ ਰਾਮ ਨੇ ਵੀ ਕਿਸਾਨਾਂ ਦੀਆਂ ਮੰਗਾਂ ਨੂੰ ਉਭਾਰਿਆ। ਕਿਸਾਨਾਂ ਦੀ ਭਰਵੀਂ ਸ਼ਮੂਲੀਅਤ ਵਾਲੀ ਪੈਪਸੂ ਮੁਜ਼ਾਰਾ ਲਹਿਰ ਅਤੇ ਨਕਸਲਵਾੜੀ ਲਹਿਰ ਨੇ ਕਿਸਾਨਾਂ, ਮਜ਼ਦੂਰਾਂ ਨੂੰ ਕਾਨੂੰਨੀ ਵਲਗਣ ਤੋਂ ਬਾਹਰ ਨਿੱਕਲ ਕੇ ਹੱਕੀ ਸੰਘਰਸ਼ ਕਰਨ ਦਾ ਤਜ਼ਰਬਾ ਦਿੱਤਾ ਸੀ।

ਮੌਜੂਦਾ ਦੌਰ ਅੰਦਰ ਦਿੱਲੀ ਮੋਰਚੇ ਨੇ ਦੇਸ਼ ਦੇ ਕਿਸਾਨਾਂ, ਮਜਦੂਰਾਂ ਨੂੰ ਜਾਗਰੂਕ ਕਰਨ ਵਿੱਚ ਅਹਿਮ ਭੂਮਿਕਾ ਅਦਾ ਕੀਤੀ ਹੈ ਜਿਸ ਕਾਰਨ ਕੇਂਦਰ ਸਰਕਾਰ ਕਿਸਾਨਾਂ ਦੀ ਜਾਗਰੂਕਤਾ ਤੋਂ ਅਤੇ ਉਨ੍ਹਾਂ ਦੇ ਜਥੇਬੰਦਕ ਸੰਘਰਸ਼ਾਂ ਤੋਂ ਬੁਖਲਾਹਟ ਵਿੱਚ ਹੈ। ਇਸੇ ਕਰਕੇ ਕੇਂਦਰ ਸਰਕਾਰ ਵੱਲੋਂ ਨਾਮੀ ਮੀਡੀਆ ਅਦਾਰੇ 'ਨਿਊਜ਼ ਕਲਿੱਕ' ਖਿਲਾਫ ਯੂਏਪੀਏ ਤਹਿਤ ਬੇਬੁਨਿਆਦ ਕਾਰਵਾਈ ਕੀਤੀ ਤੇ ਉਸ ਐਫਆਈਆਰ ਰਾਹੀਂ ਪੱਤਰਕਾਰਾਂ ਦੇ ਨਾਲ-ਨਾਲ ਹਕੂਮਤੀ ਜ਼ਬਰ ਦਾ ਕੁਹਾੜਾ ਕਿਸਾਨ ਆਗੂਆਂ ਖਿਲਾਫ ਚਲਾਉਣ ਦਾ ਰਾਹ ਵੀ ਖੋਲ੍ਹ ਰੱਖਿਆ ਹੈ। ਦੂਜੇ ਪਾਸੇ ਇਹ ਵੀ ਤੱਥ ਹੈ ਕਿ ਸਰਕਾਰ ਦੀਆਂ ਨੀਤੀਆਂ ਤੋਂ ਅੱਕੇ ਲੋਕ ਲਗਾਤਾਰ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਇਕਜੁੱਟ ਹੋ ਰਹੇ ਹਨ। ਸੰਯੁਕਤ ਕਿਸਾਨ ਮੋਰਚਾ ਵੱਲੋਂ 26 ਤੋਂ 28 ਨਵੰਬਰ 2023 ਤੱਕ ਦੇਸ਼ ਦੇ 22 ਰਾਜਾਂ ਦੀਆਂ ਰਾਜਧਾਨੀਆਂ ਵਿੱਚ ਕੀਤੇ ਰੋਸ ਪ੍ਰਦਰਸ਼ਨ ਮੌਕੇ ਹੋਏ ਵਿਸ਼ਾਲ ਇਕੱਠ ਇਸਦੀ ਸਾਹਦੀ ਭਰਦੇ ਹਨ। ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ 18 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਜੰਡਿਆਲਾ ਗੁਰੂ ਤੇ ਬਰਨਾਲਾ ਵਿਖੇ ਵੀ ਲੋਕਾਂ ਦੀ ਵਿਸ਼ਾਲ ਇਕੱਤਰਤਾ ਹੋਈ। ਇਸਤੋਂ ਇਲਾਵਾਂ ਸੰਯੁਕਤ ਕਿਸਾਨ ਮੋਰਚਾ ਦੀ 16 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ ਕਨਵੈਨਸ਼ਨ ਭਰਵੀਂ ਸ਼ਮੂਲੀਅਤ ਵਾਲੀ ਸੀ, ਆਸ ਉਮੀਦ ਹੈ ਕਿ 26 ਜਨਵਰੀ ਦੀ ਟਰੈਕਟਰ ਪਰੇਡ ਵਿੱਚ ਵੀ ਲਾਮਿਸਾਲ ਸ਼ਮੂਲੀਅਤ ਹੋਵੇਗੀ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਜਥੇਬੰਦਕ ਦਾਇਰਾ ਵਿਸ਼ਾਲ ਕਰਦਿਆਂ ਕੇਂਦਰੀ ਟਰੇਡ ਯੂਨੀਅਨਾਂ/ਫੈਡਰੇਸ਼ਨਾਂ/ਐਸੋਸੀਏਸ਼ਨਾਂ ਦੇ ਸਾਂਝੇ ਮੰਚਾਂ ਨਾਲ ਇਕਜੁਟਤਾ ਤਹਿਤ 21 ਨੁਕਾਤੀ ਮੰਗਾਂ ਨਾਲ ਦੂਜੇ ਪੜਾਅ ਦੇ ਕਿਸਾਨ, ਮਜ਼ਦੂਰ ਅੰਦੋਲਨ ਦੀ ਸ਼ੁਰੂਆਤ ਕੀਤੀ ਹੈ। ਚੰਗੀ ਗੱਲ ਹੈ ਕਿ ਦੇਸ਼ ਵਿੱਚ ਕਿਸਾਨ, ਮਜ਼ਦੂਰ, ਸਨਅਤੀ ਕਾਮੇ ਇੱਕ ਮੰਚ 'ਤੇ ਇਕੱਠੇ ਹੋ ਕੇ ਹਕੂਮਤ ਖਿਲਾਫ ਸੰਘਰਸ਼ ਵਿੱਢਣ ਪਰ ਦਿੱਲੀ ਕੂਚ ਕਰਨ ਤੋਂ ਪਹਿਲਾਂ ਇਸ ਗੱਲ 'ਤੇ ਚਰਚਾ ਛਿੜਨੀ ਚਾਹੀਦੀ ਹੈ ਕਿ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਮੰਚ 'ਤੇ ਇਕੱਤਰ ਕਿਵੇਂ ਕੀਤਾ ਜਾਵੇ। ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 735 ਕਿਸਾਨ ਸਾਂਝੇ ਅੰਦੋਲਨ ਦੀ ਵਿਰਾਸਤ ਹਨ ਤੇ ਉਸ ਵਿਰਾਸਤ ਨੂੰ ਸਾਂਝੇ ਅੰਦੋਲਨ ਨਾਲ ਜਾਰੀ ਰੱਖਿਆ ਜਾਣਾ ਚਾਹੀਦਾ ਹੈ।

ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਸਮਾਜ ਵਿੱਚ ਰਾਜਨੀਤੀ ਤੋਂ ਬਗੈਰ ਕੁੱਝ ਨਹੀਂ ਹੁੰਦਾ ਹੈ। ਖੁਦ ਨੂੰ ਗੈਰ ਰਾਜਨੀਤਕ ਕਹਿਣਾ ਵੀ ਰਾਜਨੀਤੀ ਹੀ ਹੁੰਦੀ ਹੈ, ਇਸ ਲਈ ਜਗਜੀਤ ਸਿੰਘ ਡੱਲੇਵਾਲ ਨੂੰ ਰਾਜੀਨਤਕ/ਗੈਰ-ਰਾਜਨੀਤਕ ਦੇ ਭੁਲੇਖੇ ਖੜ੍ਹੇ ਕਰਨ ਦੀ ਥਾਂ ਦਿੱਲੀ ਕੂਚ ਕਰਨ ਤੋਂ ਪਹਿਲਾਂ ਮੰਗਾਂ ਦੇ ਅਧਾਰ 'ਤੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਜਥੇਬੰਦੀਆਂ ਦਾ ਸਾਂਝਾ ਮੰਚ ਉਸਾਰਨ ਦਾ ਯਤਨ ਕਰਨਾ ਚਾਹੀਦਾ ਹੈ। ਕਿਸਾਨ ਜਥੇਬੰਦੀਆਂ ਦਾ ਸਾਂਝਾ ਮੰਚ ਉਸਾਰੇ ਬਗੈਰ ਦਿੱਲੀ ਕੂਚ ਵਰਗੇ ਸੱਦੇ ਦੇ ਕੇ ਆਪਣੀ ਹੋਂਦ ਜਤਾਈ ਕੀਤੀ ਜਾ ਸਕਦੀ ਹੈ ਪਰ ਇੱਕ ਫਾਸ਼ੀਵਾਦੀ ਹਕੂਮਤ ਨੂੰ ਝੁਕਾਉਣਾ ਸੌਖਾ ਨਹੀਂ ਹੈ ਜੇਕਰ ਕੋਈ ਕਿਸਾਨ ਜਥੇਬੰਦੀ ਕਿਸੇ ਪਾਰਟੀ ਦਾ ਵਿੰਗ ਹੈ ਤਾਂ ਵੀ ਇਸ ਵਿੱਚ ਕੋਈ ਮਾੜੀ ਗੱਲ ਨਹੀਂ ਹੈ ਬਸ਼ਰਤੇ ਉਸਦੀ ਰਾਜਨੀਤੀ ਲੋਕ ਪੱਖੀ ਹੋਵੇ। ਸਾਂਝਾ ਮੋਰਚਾ ਮੁੱਦਿਆਂ ਦੇ ਅਧਾਰ ਉੱਪਰ ਉਸਰਦਾ ਹੁੰਦਾ ਹੈ ਇਸ ਲਈ ਕੋਈ ਵੋਟਾਂ ਵਿੱਚ ਹਿੱਸਾ ਲੈਂਦਾ ਹੈ ਜਾਂ ਕੋਈ ਵੋਟਾਂ ਦਾ ਬਾਈਕਾਟ ਕਰਦਾ ਹੈ ਜਾਂ ਚੁੱਪ ਰਹਿੰਦਾ ਹੈ ਇਸਦੀ ਹਰ ਜਥੇਬੰਦੀ ਨੂੰ ਅਜਾਦੀ ਹੋਣੀ ਹੀ ਚਾਹੀਦੀ ਹੈ। ਸੋ ਖੁਦ ਨੂੰ ਜਿਆਦਾ ਸ਼ੁੱਧਤਾਵਾਦੀ ਸਮਝਣ ਦੇ ਭੁਲੇਖੇ ਤੋਂ ਬਾਹਰ ਨਿੱਕਲ ਕੇ ਮੁੱਦਿਆ ਅਧਾਰਿਤ ਸਾਂਝਾ ਮੰਚ ਉਸਾਰਨ ਲਈ ਯਤਨ ਜਟਾਉਣਾ ਸਮੇਂ ਦੀ ਮੁੱਖ ਮੰਗ ਹੈ।

# ਉਚੇਰੀ ਵਿਦਿਆ ਦੀ ਤਰਾਸਦੀ 'ਚੋਂ ਉਪਜਦੀ ਕ੍ਰਾਂਤੀ

-ਸ਼ਿਵ ਇੰਦਰ ਸਿੰਘ
ਅਨੁਵਾਦ: ਬੂਟਾ ਸਿੰਘ






ਜੀਂਦ ਜ਼ਿਲ੍ਹੇ ਦੇ ਪਿੰਡ ਘਾਸੋ ਖ਼ੁਰਦ ਦੇ ਬਾਲਮੀਕੀ ਚੌਪਾਲ ਵਿਚ ਇਕ ਲਾਇਬ੍ਰੇਰੀ ਹੈ ਜੋ ਪਹਿਲੀ ਨਜ਼ਰੇ ਟਿਊਸ਼ਨ ਸੈਂਟਰ ਜਾਪਦੀ ਹੈ। ਕੁਰਸੀਆਂ ਲਗਾਈਆਂ ਹੋਈਆਂ ਸਨ ਅਤੇ ਮੇਜਾਂ ਉੱਤੇ ਧੂੜ ਜੰਮੀ ਹੋਈ ਸੀ। ਇਕ ਕੰਧ ਉੱਪਰ ਇਕ ਬੈਨਰ ਸੀ, ਜਿਸ 'ਤੇ ਲਿਖਿਆ ਸੀ: 'ਪ੍ਰਗਤੀਸ਼ੀਲ ਪੁਸਤਕਾਲਿਆ'। ਬੈਨਰ ਦੇ ਇਕ ਪਾਸੇ ਮੋਟੇ ਅੱਖ਼ਰਾਂ 'ਚ ਲਿਖਿਆ ਸੀ, "ਯੁਵਾ ਸੋਚ, ਯੁਵਾ ਜੋਸ਼" ਅਤੇ ਦੂਜੇ ਪਾਸੇ ਅੰਬੇਡਕਰ, ਸਾਵਿਤਰੀ ਬਾਈ ਫੂਲੇ ਅਤੇ ਭਗਤ ਸਿੰਘ ਦੀਆਂ ਤਸਵੀਰਾਂ ਸਨ। ਮੇਜ਼ਾਂ ਉੱਪਰ ਸਾਵਿਤਰੀ ਬਾਈ ਫੂਲੇ ਦੀ ਜੀਵਨੀ, ਭਾਰਤੀ ਕਲਾ ਅਤੇ ਸੱਭਿਆਚਾਰ 'ਤੇ ਲਿਖੀ ਕਿਤਾਬ 'ਬਾਂਗਰ ਉਤਸਵ 2023, ਉਚਾਨਾ ਏਕ ਨਜ਼ਰ', 'ਵਿਸ਼ਵ ਇਤਿਹਾਸ ਕੇ ਕੁਛ ਵਿਸ਼ੇ' ਤੇ ਹੋਰ ਕਿਤਾਬਾਂ ਖਿੱਲਰੀਆਂ ਹੋਈਆਂ ਸਨ।

ਪਿੰਡ ਦੀ ਇਹ ਲਾਇਬ੍ਰੇਰੀ ਨੀਲਮ ਆਜ਼ਾਦ ਨੇ ਬਣਾਈ ਹੈ, ਜੋ 13 ਦਸੰਬਰ ਨੂੰ ਨਵੇਂ ਸੰਸਦ ਭਵਨ 'ਚ ਸੁੱਰਖਿਆ ਉਲੰਘਣਾ ਦੇ ਮਾਮਲੇ 'ਚ ਯੂਏਪੀਏ ਤਹਿਤ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ 'ਚੋਂ ਇਕ ਹੈ। ਇਨ੍ਹਾਂ 'ਚੋਂ ਦੋ ਨੌਜਵਾਨਾਂ ਨੇ ਸੰਸਦ ਕੰਪਲੈਕਸ 'ਚ ਧੂੰਏਂ ਵਾਲੇ ਬੰਬ ਸੁੱਟੇ ਸਨ ਅਤੇ ਮਹਿੰਗਾਈ, ਬੇਰੁਜ਼ਗਾਰੀ ਅਤੇ ਮਨੀਪੁਰ ਦੇ ਹਾਲਾਤ ਉੱਪਰ ਨਾਅਰੇਬਾਜ਼ੀ ਕੀਤੀ ਸੀ। ਜਦੋਂ ਨੌਜਵਾਨ ਸੰਸਦ ਕੰਪਲੈਕਸ ਵਿਚ ਸਮੋਕ ਬੰਬ ਸੁੱਟ ਰਹੇ ਸਨ ਤਾਂ ਨੀਲਮ ਆਜ਼ਾਦ ਸੰਸਦ ਕੰਪਲੈਕਸ ਦੇ ਬਾਹਰ "ਤਾਨਾਸ਼ਾਹੀ ਨਹੀਂ ਚੱਲੇਗੀ", "ਭਾਰਤ ਮਾਤਾ ਦੀ ਜੈ" ਅਤੇ "ਜੈ ਭੀਮ, ਜੈ ਭਾਰਤ" ਦੇ ਨਾਅਰੇ ਲਗਾ ਰਹੀ ਸੀ। ਨੀਲਮ ਆਜ਼ਾਦ ਦੀ ਕਹਾਣੀ ਜਾਨਣ ਲਈ ਮੈਂ ਉਸ ਦੇ ਪਿੰਡ ਘਾਸੋ ਖ਼ੁਰਦ ਪਹੁੰਚਿਆ ਅਤੇ ਰੇਲਵੇ ਸਟੇਸ਼ਨ 'ਤੇ ਉਤਰ ਕੇ ਜਦੋਂ ਮੈਂ 25 ਕੁ ਸਾਲ ਦੇ ਇਕ ਨੌਜਵਾਨ ਨੂੰ ਨੀਲਮ ਦੇ ਘਰ ਦਾ ਰਸਤਾ ਪੁੱਛਿਆ ਤਾਂ ਉਸ ਨੇ ਕਿਹਾ, 'ਸਾਹਮਣੇ ਵਾਲੀ ਸੜਕ 'ਤੇ ਤੁਰਦੇ ਜਾਓ। ਫਿਰ ਅੱਧੇ ਕਿਲੋਮੀਟਰ ਬਾਅਦ ਪਿੰਡ ਦੇ ਅੰਦਰ ਜਾ ਕੇ ਕਿਸੇ ਤੋਂ ਵੀ ਉਨ੍ਹਾਂ ਦਾ ਪਤਾ ਪੁੱਛ ਲੈਣਾ।" ਪਿੰਡ ਦੇ 70 ਸਾਲਾ ਫੂਲ ਸਿੰਘ ਨੇ ਮੈਨੂੰ ਜ਼ੋਰ ਦੇ ਕੇ ਕਿਹਾ, "ਸਾਡੀ ਨੀਲਮ ਆਤੰਕਵਾਦੀ ਨਹੀਂ ਹੈ, ਉਹ ਦੇਸ਼ ਭਗਤ ਹੈ। ਉਸ ਨੇ ਹਮੇਸ਼ਾ ਇਲਾਕੇ ਦੇ ਗ਼ਰੀਬ ਮਜ਼ਦੂਰਾਂ ਦੇ ਮੁੱਦੇ ਉਠਾਏ ਹਨ। ਉਸਨੇ ਕੋਈ ਗ਼ਲਤ ਕੰਮ ਨਹੀਂ ਕੀਤਾ। ਗ਼ਲਤ ਤਾਂ ਮੋਦੀ ਸਰਕਾਰ ਹੈ, ਜਿਸ ਨੇ ਮਹਿੰਗਾਈ ਅਤੇ ਬੇਰੁਜ਼ਗਾਰੀ ਪੈਦਾ ਕੀਤੀ ਹੈ।"

ਨੀਲਮ ਅਤਿ ਪਿੱਛੜੀ ਘੁਮਿਆਰ ਜਾਤੀ 'ਚੋਂ ਹੈ। ਉਸਦੇ ਪਿਤਾ ਕੋਰ ਸਿੰਘ ਹਲਵਾਈ ਹਨ ਜੋ ਵਿਆਹਾਂ ਅਤੇ ਹੋਰ ਸਮਾਗਮਾਂ ਵਿਚ ਮਠਿਆਈਆਂ ਬਣਾਉਂਦੇ ਹਨ। ਨੀਲਮ ਦੇ ਭਾਈ ਰਾਮਨਿਵਾਸ ਅਤੇ ਕੁਲਦੀਪ ਦੁੱਧ ਦਾ ਕੰਮ ਕਰਦੇ ਹਨ। ਨੀਲਮ ਦੇ ਇਰਾਦਿਆਂ ਤੋਂ ਪਰਿਵਾਰ ਬੇਖ਼ਬਰ ਸੀ। ਉਹ 11 ਦਸੰਬਰ ਨੂੰ ਇਹ ਕਹਿ ਕੇ ਘਰੋਂ ਗਈ ਸੀ ਕਿ ਉਹ ਹਿਸਾਰ ਜਾ ਰਹੀ ਹੈ। ਵੱਡੇ ਭਾਈ ਕੁਲਦੀਪ ਨੇ ਇਸ ਦੀ ਖ਼ਬਰ ਟੀਵੀ 'ਤੇ ਦੇਖ ਕੇ ਪਰਿਵਾਰ ਨੂੰ ਫ਼ੋਨ 'ਤੇ ਦੱਸੀ ਸੀ। ਰਾਮਨਿਵਾਸ ਦੱਸਦਾ ਹੈ ਕਿ ਨੀਲਮ ਨੇ ਘਾਸੋ ਖ਼ੁਰਦ ਅਤੇ ਹੋਰ ਆਸ-ਪਾਸ ਦੇ ਪਿੰਡਾਂ ਵਿਚ ਮਨਰੇਗਾ ਮਜ਼ਦੂਰਾਂ ਦੇ ਮਸਲੇ ਉਠਾਏ ਅਤੇ ਉਨ੍ਹਾਂ ਨੂੰ ਕੰਮ ਦਿਵਾਇਆ ਅਤੇ ਔਰਤਾਂ ਨੂੰ ਮੇਟ ਬਣਵਾਇਆ। ਨੀਲਮ ਕਿਸਾਨ ਅੰਦੋਲਨ ਵਿਚ ਵੀ ਬਹੁਤ ਸਰਗਰਮ ਰਹੀ ਅਤੇ ਕੁਸ਼ਤੀ ਖਿਡਾਰੀਆਂ ਦੇ ਅੰਦੋਲਨ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਲਿਆ।

ਸਾਧਾਰਨ ਜਿਹੇ ਮਕਾਨ ਦੀ ਪਹਿਲੀ ਮੰਜ਼ਿਲ 'ਤੇ ਬਣੇ ਦੋ ਕਮਰਿਆਂ ਵਿੱਚੋਂ ਇਕ ਕਮਰਾ ਨੀਲਮ ਦਾ ਹੈ। ਉਸ ਦੇ ਕਮਰੇ ਵਿਚ ਭਗਤ ਸਿੰਘ, ਬੀ.ਆਰ. ਅੰਬੇਡਕਰ, ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦੀਆਂ ਫੋਟੋਆਂ ਅਤੇ ਦੁਨੀਆ ਦੇ ਨਕਸ਼ੇ ਲੱਗੇ ਹੋਏ ਹਨ। ਪਰਿਵਾਰ ਵਾਲੇ ਦੱਸਦੇ ਹਨ ਕਿ ਨੀਲਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੁਲਸ ਨੇ ਦੋ ਵਾਰ ਘਰ ਛਾਪਾ ਮਾਰਿਆ ਅਤੇ ਨੀਲਮ ਦੇ ਕਮਰੇ 'ਚੋਂ ਕਈ ਕਿਤਾਬਾਂ, ਡਾਇਰੀ ਅਤੇ ਹੋਰ ਦਸਤਾਵੇਜ਼ ਲੈ ਗਏ। ਦੂਜੇ ਕਮਰੇ 'ਚ ਮੰਜੇ 'ਤੇ ਨੀਲਮ ਦੀ 57 ਸਾਲਾ ਮਾਂ ਸਰਸਵਤੀ ਦੇਵੀ ਬੈਠੀ ਸੀ। ਉਸ ਨੇ ਮੈਨੂੰ ਕਿਹਾ, "ਬੇਟਾ, ਜ਼ਿਆਦਾ ਗੱਲ ਤਾਂ ਤੁਸੀਂ ਮੇਰੇ ਇਸ ਬੇਟੇ ਨਾਲ ਹੀ ਕਰ ਲੈਣਾ, ਪਰ ਮੈਂ ਤੁਹਾਨੂੰ ਇੰਨਾ ਦੱਸ ਦਿੰਦੀ ਹਾਂ ਕਿ ਮੇਰੀ ਧੀ ਨੇ ਕੋਈ ਗ਼ਲਤ ਕੰਮ ਨਹੀਂ ਕੀਤਾ ਅਤੇ ਨਾ ਹੀ ਉਸ ਦਾ ਕੋਈ ਗ਼ਲਤ ਇਰਾਦਾ ਸੀ। ਜੇਕਰ ਉਨ੍ਹਾਂ ਦਾ ਇਰਾਦਾ ਗ਼ਲਤ ਹੁੰਦਾ ਤਾਂ ਉਹ ਖ਼ਤਰਨਾਕ ਹਥਿਆਰ ਲੈ ਕੇ ਜਾਂਦੇ। ਨੀਲਮ ਤਾਂ ਉੱਥੇ ਨਾਅਰੇ ਲਗਾ ਰਹੀ ਸੀ। ਕੀ ਨਾਅਰੇ ਲਾਉਣਾ ਵੀ ਗੁਨਾਹ ਹੈ?" ਮਾਂ ਸਰਸਵਤੀ ਨੇ ਦੱਸਿਆ ਕਿ ਨੀਲਮ ਨੂੰ ਬਚਪਨ ਤੋਂ ਹੀ ਪੜ੍ਹਨ ਦਾ ਸ਼ੌਕ ਸੀ ਅਤੇ ਉਹ ਉਨ੍ਹਾਂ ਦੇ ਸਾਰੇ ਬੱਚਿਆਂ 'ਚੋਂ ਸਭ ਤੋਂ ਹੁਸ਼ਿਆਰ ਹੈ।

ਪਿੰਡ ਦੇ ਸਕੂਲ ਤੋਂ ਅੱਠਵੀਂ ਜਮਾਤ ਪਾਸ ਕਰਨ ਤੋਂ ਬਾਅਦ ਨੌਵੀਂ ਜਮਾਤ ਤੋਂ ਬੀ.ਏ. ਤੱਕ ਦੀ ਪੜ੍ਹਾਈ ਨੀਲਮ ਨੇ ਨੇੜਲੇ ਗੈਂਡਾ ਖੇੜਾ ਦੇ ਗੁਰੂਕੁਲ ਤੋਂ ਕੀਤੀ। ਉਸਨੇ ਬੀ. ਐੱਡ., ਐੱਮ.ਐੱਡ., ਸੀ.ਟੀ.ਈ.ਟੀ., ਐੱਮ.ਫਿਲ ਅਤੇ ਨੈੱਟ ਦੇ ਇਮਤਿਹਾਨ ਪਾ ਕੀਤੇ ਹੋਏ ਹਨ। ਮਾਤਾ ਜੀ ਦਾ ਕਹਿਣਾ ਸੀ ਕਿ ਐਨਾ ਪੜ੍ਹ ਕੇ ਵੀ ਉਸ ਨੂੰ ਰੁਜ਼ਗਾਰ ਨਹੀਂ ਮਿਲਿਆ ਤਾਂ ਇਸ ਵਿਚ ਸਰਕਾਰ ਦਾ ਵੀ ਤਾਂ ਕਸੂਰ ਹੈ। ਉਸ ਨੇ ਕਿਹਾ, "ਜੇ ਉਸ ਨੂੰ ਰੁਜ਼ਗਾਰ ਮਿਲਿਆ ਹੁੰਦਾ, ਤਾਂ ਉਹ ਅਜਿਹਾ ਕਿਉਂ ਕਰਦੀ? ਉਸ ਨੇ ਉੱਥੇ ਬੇਰੁਜਗਾਰੀ ਦਾ ਮੁੱਦਾ ਹੀ ਤਾਂ ਉਠਾਇਆ ਸੀ।"

ਨੀਲਮ ਤਿੰਨ ਵਾਰ ਭਾਰਤੀ ਸਿਵਲ ਸੇਵਾ ਪ੍ਰੀਖਿਆ 'ਚ ਬੈਠੀ ਪਰ ਸਫ਼ਲ ਨਹੀਂ ਹੋ ਸਕੀ। ਉਸ ਦੇ ਮਾਤਾ ਜੀ ਨੇ ਦੱਸਿਆ ਕਿ 2015 'ਚ ਨੀਲਮ ਘਰ ਦੀ ਪਹਿਲੀ ਮੰਜ਼ਿਲ ਦੀ ਪੌੜੀ ਤੋਂ ਡਿੱਗ ਗਈ ਸੀ ਜਿਸ ਨਾਲ ਉਸ ਦੀ ਗੋੜ੍ਹ ਦੀ ਹੱਡੀ 'ਤੇ ਸੱਟ ਲੱਗ ਗਈ ਸੀ। ਤਿੰਨ ਸਾਲ ਉਹ ਮੰਜੇ 'ਤੇ ਪਈ ਰਹੀ ਪਰ ਪੜ੍ਹਾਈ ਨਹੀਂ ਛੱਡੀ।

ਜਦੋਂ ਮੈਂ ਨੀਲਮ ਦੇ ਮਾਤਾ ਜੀ ਨੂੰ ਪੁੱਛਿਆ ਕਿ ਉਹ ਨੀਲਮ ਦੇ ਸਮਾਜਿਕ ਕੰਮਾਂ ਨੂੰ ਕਿਵੇਂ ਦੇਖਦੇ ਹਨ, ਤਾਂ ਉਨ੍ਹਾਂ ਦਾ ਕਹਿਣਾ ਸੀ, "ਮੈਂ ਉਸਨੂੰ ਕਹਿੰਦੀ, ਬੇਟਾ ਕਿਓਂ ਲੋਕਾਂ ਦੇ ਕੰਮਾਂ ਵਿਚ ਉਲਝੀ ਰਹਿੰਦੀ ਹੋ? ਤੂੰ ਵਿਆਹ ਕਰਾ ਕੇ ਖ਼ੁਸ਼ੀ-ਖ਼ੁਸ਼ੀ ਘਰ ਵਸਾ ਲੈ, ਤਾਂ ਉਹ ਜਵਾਬ ਦਿੰਦੀ ਕਿ ਮਾਂ ਵਿਆਹੇ ਹੋਇਆਂ ਦੇ ਹਾਲਾਤ ਦੇਖ ਕੇ ਤਾਂ ਮੈਂ ਖ਼ੁਦ ਪ੍ਰੇਸ਼ਾਨ ਹਾਂ। ਇਸ ਲਈ ਮੇਰਾ ਵਿਆਹ ਕਰਵਾਉਣ ਨੂੰ ਜੀਅ ਨਹੀਂ ਕਰਦਾ। ਦੂਜੀ ਗੱਲ, ਮਾਂ, ਇਹ ਲੋਕ ਬੇਗਾਨੇ ਨਹੀਂ ਹਨ, ਇਹ ਆਪਣੇ ਪਿੰਡ, ਆਪਣੇ ਦੇਸ਼ ਦੇ ਲੋਕ ਹਨ, ਜਿਨ੍ਹਾਂ ਦੇ ਮੁੱਦੇ ਮੈਂ ਉਠਾਉਂਦੀ ਹਾਂ। ਇਹ ਮੇਰਾ ਫਰਜ਼ ਹੈ।

ਨੀਲਮ ਦੇ ਭਾਈ ਰਾਮਨਿਵਾਸ ਨੇ ਦੱਸਿਆ ਕਿ ਨੀਲਮ ਤਿੰਨ-ਚਾਰ ਸਾਲਾਂ ਤੋਂ ਸਮਾਜਿਕ ਕਾਰਜਾਂ ਵਿਚ ਲੱਗੀ ਹੋਈ ਸੀ। ਕਿਸਾਨ ਅੰਦੋਲਨ ਨੇ ਉਸ ਨੂੰ ਹੋਰ ਵੀ ਊਰਜਾ ਦਿੱਤੀ। ਉਹ ਗ਼ਰੀਬਾਂ, ਮਜ਼ਦੂਰਾਂ ਅਤੇ ਦਲਿਤਾਂ ਦੇ ਮੁੱਦਿਆਂ ਨੂੰ ਲੈ ਕੇ ਹੋਰ ਵੀ ਸਰਗਰਮ ਹੋ ਗਈ। ਸ਼ੁਰੂ 'ਚ ਪਿੰਡ ਦੇ ਲੋਕ, ਖ਼ਾਸ ਕਰਕੇ ਅਨੁਸੂਚਿਤ ਅਤੇ ਪਿਛੜੀ ਸ਼੍ਰੇਣੀ ਦੇ ਲੋਕ ਆਪਣੀ ਸਮੱਸਿਆ ਲੈ ਕੇ ਨੀਲਮ ਕੋਲ ਆਉਂਦੇ ਸਨ ਕਿਉਂਕਿ ਨੀਲਮ ਇਸ ਸਮਾਜ ਵਿਚ ਸਭ ਤੋਂ ਵੱਧ ਪੜ੍ਹੀ-ਲਿਖੀ ਸੀ।

ਰਾਮਨਿਵਾਸ ਨੂੰ ਆਪਣੀ ਭੈਣ ਅਤੇ ਉਸ ਦੇ ਸਾਥੀਆਂ ਵੱਲੋਂ ਸੰਸਦ ਵਿਚ ਕੀਤੀ ਗਈ ਕਾਰਵਾਈ ਗ਼ਲਤ ਨਹੀਂ ਲੱਗਦੀ। ਉਹ ਕਹਿੰਦਾ ਹੈ, "ਉਨ੍ਹਾਂ ਦਾ ਕੋਈ ਗ਼ਲਤ ਇਰਾਦਾ ਨਹੀਂ ਸੀ ਇਸ ਲਈ ਉਹ ਧੂੰਏਂ ਵਾਲੇ ਪਟਾਕੇ ਲੈ ਕੇ ਗਏ। ਉਹ ਭਾਜਪਾ ਦੇ ਇਕ ਸੰਸਦ ਮੈਂਬਰ ਦੇ ਪਾਸ ਉੱਪਰ ਅੰਦਰ ਗਏ ਸਨ। ਜੇਕਰ ਇਹ ਏਨੀ ਵੱਡੀ ਸੁੱਰਖਿਆ ਕੁਤਾਹੀ ਹੈ ਤਾਂ ਕਾਰਵਾਈ ਭਾਜਪਾ ਦੇ ਸੰਸਦ ਮੈਂਬਰ ਵਿਰੁੱਧ ਹੋਣੀ ਚਾਹੀਦੀ ਹੈ। ਨੈਤਿਕ ਆਧਾਰ 'ਤੇ ਜ਼ਿੰਮੇਵਾਰੀ ਲੈਂਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਅਸਤੀਫ਼ਾ ਦੇਣਾ ਚਾਹੀਦਾ ਹੈ। ਸਿਰਫ਼ ਇਨ੍ਹਾਂ ਨੌਜਵਾਨਾਂ 'ਤੇ ਹੀ ਸੰਗੀਨ ਧਾਰਾਵਾਂ ਕਿਉਂ ਲੱਗਣ?"

ਨੀਲਮ ਨੇ ਪਹਿਲਾਂ ਇਕ ਬ੍ਰਾਹਮਣ ਦੇ ਘਰ ਲਾਇਬ੍ਰੇਰੀ ਖੋਲ੍ਹੀ ਸੀ। ਪਰ ਬ੍ਰਾਹਮਣਾਂ ਨੇ ਉਸ ਲਾਇਬ੍ਰੇਰੀ ਵਿਚ ਲਗਾਈਆਂ ਬਾਬਾ ਸਾਹਿਬ ਅੰਬੇਡਕਰ ਅਤੇ ਸਾਵਿਤਰੀ ਬਾਈ ਫੂਲੇ ਦੀਆਂ ਤਸਵੀਰਾਂ ਉੱਪਰ ਅਪਮਾਨਜਨਕ ਟਿੱਪਣੀਆਂ ਕੀਤੀਆਂ, ਜਿਸ ਨੂੰ ਨੀਲਮ ਬਰਦਾਸ਼ਤ ਨਾ ਕਰ ਸਕੀ ਅਤੇ ਉਹ ਲਾਇਬ੍ਰੇਰੀ ਆਪਣੇ ਘਰ ਲੈ ਆਈ। ਹੁਣ ਇਹ ਲਾਇਬ੍ਰੇਰੀ ਪਿੰਡ ਦੇ ਬਾਲਮੀਕੀ ਚੌਪਾਲ ਦੇ ਇਕ ਕਮਰੇ ਵਿਚ ਹੈ। ਨੀਲਮ ਇਸ ਲਾਇਬ੍ਰੇਰੀ ਵਿਚ ਗ਼ਰੀਬ ਬੱਚਿਆਂ ਨੂੰ ਮੁਫ਼ਤ ਪੜ੍ਹਾਉਂਦੀ ਸੀ। ਇਸ ਤੋਂ ਇਲਾਵਾ ਉਹ ਗੀਤ-ਸੰਗੀਤ ਅਤੇ ਬੱਚਿਆਂ ਦੀਆਂ ਗਤੀਵਿਧੀਆਂ ਵੀ ਕਰਵਾਉਂਦੀ ਸੀ। ਲਾਇਬ੍ਰੇਰੀ ਵਿਚ ਅਤੇ ਪਿੰਡ ਪੱਧਰ 'ਤੇ ਵੀ ਉਹ 15 ਅਗਸਤ, 26 ਜਨਵਰੀ, ਭਗਤ ਸਿੰਘ, ਅੰਬੇਡਕਰ ਅਤੇ ਸਾਵਿਤਰੀ ਬਾਈ ਫੂਲੇ ਦੇ ਦਿਨ ਮਨਾਉਂਦੀ ਸੀ। ਇਨ੍ਹਾਂ ਪ੍ਰੋਗਰਾਮਾਂ ਵਿਚ ਪਿੰਡ ਵਾਸੀ, ਖ਼ਾਸ ਕਰਕੇ ਦਲਿਤ, ਮਜ਼ਦੂਰ ਅਤੇ ਪਿਛੜੇ ਸਮਾਜ ਦੇ ਲੋਕ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ।

ਲਾਇਬ੍ਰੇਰੀ ਬਾਰੇ ਮੈਨੂੰ ਨੀਲਮ ਦੇ ਇਕ ਮਜ਼ਦੂਰ ਸਾਥੀ ਨੇ ਦੱਸਿਆ ਕਿ ਉੱਥੇ ਰੱਖੇ ਬੈਂਚ, ਕੁਰਸੀਆਂ ਅਤੇ ਕਿਤਾਬਾਂ ਪਿੰਡ ਵਾਸੀਆਂ ਤੋਂ ਚੰਦਾ ਇਕੱਠਾ ਕਰਕੇ ਖ਼ਰੀਦੀਆਂ ਗਈਆਂ ਹਨ ਅਤੇ ਕੁਝ ਕਿਤਾਬਾਂ ਲੋਕਾਂ ਅਤੇ ਸੰਸਥਾਵਾਂ ਨੇ ਭੇਟ ਕੀਤੀਆਂ ਹਨ। ਲਾਇਬ੍ਰੇਰੀ ਵਿਚ ਬਾਕਾਇਦਗੀ ਨਾਲ ਆਉਂਦੇ ਪਿੰਡ ਦੇ ਇਕ 18 ਸਾਲ ਦੇ ਲੜਕੇ ਸਮੀਰ ਨੇ ਮੈਨੂੰ ਦੱਸਿਆ, "ਨੀਲਮ ਬੂਆ ਜੀ ਸਾਨੂੰ ਇੱਥੇ ਸਾਡੇ ਸਿਲੇਬਸ ਦੇ ਵਿਸ਼ਿਆਂ ਤੋਂ ਇਲਾਵਾ ਸਾਹਿਤ ਅਤੇ ਸਾਡੀ ਰੁਚੀ ਅਨੁਸਾਰ ਕੰਮ ਕਰਨ ਲਈ ਪ੍ਰੇਰਿਤ ਕਰਦੇ ਸਨ। ਅਸੀਂ ਇੱਥੇ ਆਪਣੇ ਦੇਸ਼ ਦੇ ਮਹਾਨ ਨੇਤਾਵਾਂ ਦੇ ਦਿਨ ਵੀ ਮਨਾਉਂਦੇ ਸੀ।" ਰਾਮਨਿਵਾਸ ਨੇ ਮਨਰੇਗਾ ਵਰਕਰਾਂ ਵਿਚ ਨੀਲਮ ਦੇ ਕੰਮ ਦਾ ਜ਼ਿਕਰ ਕਰਦੇ ਹੋਏ ਦੱਸਿਆ, "ਸਾਡੇ ਪਿੰਡ ਵਿਚ ਪਹਿਲਾਂ ਜੋ ਮਨਰੇਗਾ ਮੇਟ ਸੀ ਉਹ ਬ੍ਰਾਹਮਣ ਜਾਤੀ ਦਾ ਸੀ। ਉਸ ਦੇ ਹੁੰਦਿਆਂ ਮਨਰੇਗਾ ਵਿਚ ਵੱਡੀਆਂ ਗੜਬੜਾਂ ਹੁੰਦੀਆਂ ਸਨ। ਮਜ਼ਦੂਰਾਂ ਦੇ ਖ਼ਾਤਿਆਂ ਵਿਚ ਪੈਸਾ ਨਹੀਂ ਆਉਂਦੇ ਸਨ। ਉਨ੍ਹਾਂ ਨੂੰ ਕੰਮ ਨਹੀਂ ਮਿਲਦਾ ਸੀ ਅਤੇ ਦਿਹਾੜੀ ਕੱਟ ਲਈ ਜਾਂਦੀ ਸੀ। ਪੰਡਿਤ ਜੀ ਦੇ ਨਜ਼ਦੀਕੀ ਲੋਕ, ਜੋ ਕਿ ਮਜ਼ਦੂਰ ਵੀ ਨਹੀਂ ਸਨ, ਉਨ੍ਹਾਂ ਦੀ ਕਾਗਜ਼ਾਂ 'ਚ ਹਾਜ਼ਰੀ ਲਗਾ ਕੇ ਉਨ੍ਹਾਂ ਦੇ ਖ਼ਾਤਿਆਂ 'ਚ ਪੈਸੇ ਪਾ ਦਿੱਤੇ ਜਾਂਦੇ ਸਨ। ਨੀਲਮ ਨੇ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਅਤੇ ਪਿੰਡ ਦੇ ਮਜ਼ਦੂਰਾਂ ਨੂੰ ਜਥੇਬੰਦ ਕੀਤਾ।"

ਨੀਲਮ ਦੀ ਇਸ ਸਰਗਰਮੀ ਤੋਂ ਨਾਰਾਜ਼ ਉੱਚ ਜਾਤੀ ਵਾਲਿਆਂ ਨੇ ਉਸ ਉੱਪਰ ਪਿੱਛੇ ਹਟਣ ਲਈ ਦਬਾਅ ਪਾਇਆ। ਉਹ ਆ ਕੇ ਉਸ ਦੇ ਪਿਤਾ ਨੂੰ ਧਮਕਾਉਂਦੇ ਕਿ ਆਪਣੀ ਧੀ ਨੂੰ ਸਮਝਾਓ। ਪਰ ਨੀਲਮ ਪਿੱਛੇ ਨਹੀਂ ਹਟੀ। ਉਸ ਮੇਟ ਦੇ ਵਿਰੁੱਧ ਕਿਸੇ ਨੇ ਸੀ.ਐੱਮ ਵਿੰਡੋ ਵਿਚ ਸ਼ਿਕਾਇਤ ਕੀਤੀ ਜਿਸ ਕਾਰਨ ਉਹ ਮੇਟ ਆਪਣੇ ਆਪ ਪਿੱਛੇ ਹਟ ਗਿਆ। ਉਸ ਤੋਂ ਬਾਅਦ ਨੀਲਮ ਨੇ ਘਾਸੋ ਖ਼ੁਰਦ ਅਤੇ ਘਾਸੋ ਕਲਾਂ ਦੇ ਦਲਿਤ ਮਰਦਾਂ ਦੇ ਨਾਲ ਹੀ ਔਰਤਾਂ ਨੂੰ ਵੀ ਮਨਰੇਗਾ ਵਿਚ ਮੇਟ ਬਣਾਇਆ। ਇਨ੍ਹਾਂ ਪਿੰਡਾਂ ਵਿਚ ਕਿਸੇ ਨੂੰ ਇਸ ਗੱਲ ਦਾ ਗਿਆਨ ਨਹੀਂ ਸੀ ਕਿ ਮਨਰੇਗਾ ਵਿਚ ਕੋਈ ਔਰਤ ਵੀ ਮੇਟ ਬਣ ਸਕਦੀ ਹੈ। ਮਨਰੇਗਾ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਨੀਮਲ ਨੇ ਹੀ ਜਾਗਰੂਕ ਕੀਤਾ।" ਨੀਲਮ ਨੇ ਆਪਣੇ ਪਿੰਡ ਤੋਂ ਇਲਾਵਾ ਨੇੜਲੇ ਪਿੰਡਾਂ ਘਾਸੋ ਕਲਾਂ, ਦਾਬੜੀ ਕਲਾਂ, ਸਫਾ ਖੇੜੀ, ਤਾਰਖਾ, ਕਰਸਿੰਦੂ, ਖਗਰਪੁਰਾ ਅਤੇ ਹੋਰ ਪਿੰਡਾਂ 'ਚ ਵੀ ਮਨਰੇਗਾ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਅਤੇ ਉਨ੍ਹਾਂ ਨੂੰ ਹੱਕਾਂ ਪ੍ਰਤੀ ਜਾਗਰੂਕ ਕੀਤਾ।"

ਘਾਸੋ ਖ਼ੁਰਦ ਦੀ ਪਹਿਲੀ ਮਨਰੇਗਾ ਔਰਤ ਮੇਟ ਮੋਨੀਆ ਨੇ ਮੈਨੂੰ ਦੱਸਿਆ, "ਮੇਟ ਬਣਕੇ ਮੇਰੇ ਅੰਦਰ ਆਤਮਵਿਸ਼ਵਾਸ ਵਧਿਆ ਹੈ। ਮੇਰੇ ਅੰਦਰ ਘਰ ਤੋਂ ਬਾਹਰ ਨਿਕਲ ਕੇ ਚਾਰ ਬੰਦਿਆਂ ਨਾਲ ਗੱਲ ਕਰਨ ਦੀ ਹਿੰਮਤ ਆਈ ਹੈ। ਮੈਂ ਅਤੇ ਪਿੰਡ ਦੀਆਂ ਹੋਰ ਮਨਰੇਗਾ ਮਜ਼ਦੂਰ ਔਰਤਾਂ ਨੂੰ ਆਪਣੇ ਹੱਕਾਂ ਬਾਰੇ ਪਤਾ ਲੱਗਿਆ ਹੈ। ਹੁਣ ਕੋਈ ਸਾਡੀ ਦਿਹਾੜੀ ਨਹੀਂ ਮਾਰ ਸਕਦਾ। ਮੈਨੂੰ ਲੋਕਾਂ ਨਾਲ ਗੱਲ ਕਰਨੀ ਆ ਗਈ ਹੈ।" ਮੋਨੀਆ ਨੇ ਹੱਸਦਿਆਂ ਕਿਹਾ, "ਇਸੇ ਆਤਮਵਿਸ਼ਵਾਸ ਕਾਰਨ ਹੀ ਮੈਂ ਤੁਹਾਡੇ ਨਾਲ ਬਿਨਾਂ ਘੁੰਡ ਕੱਢੇ ਗੱਲ ਕਰ ਰਹੀ ਹਾਂ। ਇਹ ਸਭ ਸਾਡੀ ਭੈਣ ਨੀਲਮ ਕਰਕੇ ਹੀ ਹੋ ਸਕਿਆ।" ਮੋਨੀਆ ਨੇ ਮੈਨੂੰ ਕਿਹਾ, "ਨੀਲਮ ਪਿੰਡ ਦੀਆਂ ਔਰਤਾਂ ਨੂੰ ਹੋਰ ਅੰਦੋਲਨਾਂ 'ਚ ਵੀ ਲੈ ਕੇ ਜਾਂਦੀ ਸੀ। ਉਸਨੇ ਕੁਝ ਵੀ ਗ਼ਲਤ ਨਹੀਂ ਕੀਤਾ ਹੈ ਅਤੇ ਮੈਨੂੰ ਯਕੀਨ ਹੈ ਕਿ ਉਹ ਬਹੁਤ ਛੇਤੀਂ ਹੀ ਸਾਡੇ ਦਰਮਿਆਨ ਵਾਪਸ ਆ ਜਾਵੇਗੀ।"

ਪਿੰਡ ਦੀ ਇਕ ਬਜ਼ੁਰਗ ਮਨਰੇਗਾ ਮਜ਼ਦੂਰ ਸੰਤਰੋ ਦੇਵੀ ਨੇ ਦੱਸਿਆ ਕਿ ਪਹਿਲਾਂ ਮੇਟ ਨੇ ਉਨ੍ਹਾਂ ਦੀਆਂ ਕਿੰਨੀਆਂ ਦਿਹਾੜੀਆਂ ਮਾਰ ਲਈਆਂ ਸਨ। ਉਸ ਨੇ ਦੱਸਿਆ, "ਜਦੋਂ ਤੋਂ ਮੇਟ ਦਾ ਅਧਿਕਾਰ ਸਾਡੇ ਗ਼ਰੀਬ ਲੋਕਾਂ ਕੋਲ ਆਇਆ ਹੈ, ਮੈਨੂੰ ਮੇਰੇ ਪੈਸੇ ਮਿਲ ਜਾਂਦੇ ਹਨ।"

ਕਈ ਪ੍ਰਦਰਸ਼ਨਾਂ ਅਤੇ ਅੰਦੋਲਨਾਂ ਵਿਚ ਨੀਲਮ ਦੇ ਨਾਲ ਰਹੇ ਪਿੰਡ ਦੇ ਮਜ਼ਦੂਰ ਵਰਿੰਦਰ ਸਿੰਘ ਨੇ ਮੈਨੂੰ ਦੱਸਿਆ, "ਮੈਂ ਇਕ ਗ਼ਰੀਬ ਦਲਿਤ ਪਰਿਵਾਰ ਤੋਂ ਹਾਂ। ਮਨਰੇਗਾ ਯੂਨੀਅਨ ਵਿਚ ਕੰਮ ਕਰਦਾ ਹਾਂ। ਨੀਲਮ ਇਕ ਬਹਾਦਰ ਇਨਕਲਾਬੀ ਕੁੜੀ ਹੈ। ਨੀਲਮ ਦੀ ਬਦੌਲਤ ਸਾਨੂੰ ਮਨਰੇਗਾ ਦਾ ਰੁਕਿਆ ਹੋਇਆ ਕੰਮ ਮਿਲਿਆ ਹੈ।" ਵਰਿੰਦਰ ਸਿੰਘ ਨੇ ਮੈਨੂੰ ਦੱਸਿਆ ਕਿ ਨੀਲਮ ਨੇ ਉਸ ਵਰਗੇ ਬਹੁਤ ਸਾਰੇ ਲੋਕਾਂ ਨੂੰ ਜਥੇਬੰਦ ਕੀਤਾ। ਇਸ ਕਾਰਨ ਪਿੰਡ ਦੇ ਬ੍ਰਾਹਮਣਾਂ ਨੇ ਉਸ ਦਾ ਵਿਰੋਧ ਵੀ ਕੀਤਾ ਸੀ। ਸ਼ੁਰੂ 'ਚ ਤਾਂ ਲੜਕੀ ਹੋਣ ਕਾਰਨ ਉਸ ਨੂੰ ਪਿੰਡ 'ਚ ਹੀ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਲੋਕ ਉਸ ਨੂੰ ਗੰਦੀ ਨਜ਼ਰ ਨਾਲ ਦੇਖਦੇ ਸਨ। ਕਈਆਂ ਨੂੰ ਉਸ ਦਾ ਗ਼ਰੀਬ ਮਜ਼ਦੂਰਾਂ ਨਾਲ ਖੜ੍ਹੇ ਹੋਣਾ ਚੁੱਭਦਾ ਸੀ। ਇੱਥੋਂ ਤੱਕ ਕਿ ਨੇੜਲੇ ਪਿੰਡ ਘਾਸੋ ਕਲਾਂ ਵਿਚ ਉਸ ਨੂੰ ਗੱਡੀ ਹੇਠਾਂ ਕੁਚਲਣ ਦੀ ਕੋਸ਼ਿਸ਼ ਵੀ ਕੀਤੀ ਗਈ। ਉਸ ਘਟਨਾ ਤੋਂ ਬਾਅਦ ਉਹ ਜਦੋਂ ਵੀ ਕਿਤੇ ਜਾਂਦੀ ਸੀ ਤਾਂ ਅਨੁਸੂਚਿਤ ਅਤੇ ਪਿਛੜੀ ਜਾਤੀ ਦੇ ਚਾਰ-ਪੰਜ ਬੰਦੇ ਉਸ ਦੇ ਨਾਲ ਜ਼ਰੂਰ ਜਾਂਦੇ ਸਨ। ਨੀਲਮ ਦੇ ਸਾਥੀਆਂ ਨੂੰ ਅਹਿਸਾਸ ਸੀ ਕਿ ਜੇਕਰ ਉਸ ਨੂੰ ਕੁਝ ਹੋ ਗਿਆ ਤਾਂ ਉਨ੍ਹਾਂ ਦੀ ਆਵਾਜ਼ ਕੌਣ ਉਠਾਏਗਾ।

ਕਾਪੜੋ ਕਲਾਂ ਪਿੰਡ 'ਚ ਇਕ ਬੰਧੂਆ ਮਜ਼ਦੂਰ ਦਾ ਕਤਲ ਕਰਕੇ ਸੜਕ ਉੱਪਰ ਸੁੱਟ ਦਿੱਤੇ ਜਾਣ ਤੋਂ ਬਾਅਦ ਮ੍ਰਿਤਕ ਮਜ਼ਦੂਰ ਨੂੰ ਇਨਸਾਫ਼ ਦਿਵਾਉਣ ਲਈ ਨੀਲਮ ਨੇ ਵੀ ਅੰਦੋਲਨ ਕੀਤਾ। ਨੀਲਮ ਅਤੇ ਉਸ ਮਜ਼ਦੂਰ ਪਰਿਵਾਰ ਉੱਪਰ ਲਾਠੀਚਾਰਜ ਵੀ ਕੀਤਾ ਗਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸੇ ਤਰ੍ਹਾਂ ਤਕਰੀਬਨ ਦੋ ਸਾਲ ਪਹਿਲਾਂ ਧਮਤਾਨ ਸਾਹਿਬ ਪਿੰਡ ਵਿਖੇ ਇਕ ਮਜ਼ਦੂਰ ਦਾ ਬਿਜਲੀ ਦਾ ਬਿੱਲ ਇਕ ਲੱਖ ਰੁਪਏ ਆ ਗਿਆ ਸੀ। ਇਸ ਸਦਮੇ ਕਾਰਨ ਮਜ਼ਦੂਰ ਨੇ ਖ਼ੁਦਕੁਸ਼ੀ ਕਰ ਲਈ ਸੀ। ਉਸ ਦੀ ਪਤਨੀ ਪਹਿਲਾਂ ਹੀ ਮਰ ਚੁੱਕੀ ਸੀ। ਉਸ ਮਜ਼ਦੂਰ ਦਾ ਇਕ ਬੱਚਾ ਸੀ, ਉਸ ਨੂੰ ਇਨਸਾਫ਼ ਦਿਵਾਉਣ ਲਈ ਜੋ ਸੰਘਰਸ਼ ਹੋਇਆ ਨੀਲਮ ਨੇ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ।

ਵਰਿੰਦਰ ਨੇ ਦੱਸਿਆ ਕਿ ਨੀਲਮ ਦਾ ਪਿੰਡ ਦੇ ਦਲਿਤਾਂ ਅਤੇ ਪਛੜੇ ਵਰਗਾਂ ਵਿਚ ਵੱਡਾ ਆਧਾਰ ਹੋਣ ਕਾਰਨ ਕਿਸਾਨ ਆਗੂ ਨੀਲਮ ਕੋਲ ਆਏ ਸਨ ਤਾਂ ਜੋ ਅੰਦੋਲਨ ਨੂੰ ਦਲਿਤਾਂ ਅਤੇ ਮਜ਼ਦੂਰਾਂ ਦੀ ਹਮਾਇਤ ਮਿਲ ਸਕੇ। ਨੀਲਮ ਪਿੰਡ ਦੇ ਦਲਿਤਾਂ ਅਤੇ ਮਜ਼ਦੂਰਾਂ ਨੂੰ ਅੰਦੋਲਨ ਵਿਚ ਲੈ ਕੇ ਗਈ। ਉਹ ਪਹਿਲਵਾਨ ਖਿਡਾਰੀਆਂ ਦੀ ਹਮਾਇਤ 'ਚ ਆਪਣੇ ਮਜਦੂਰ ਸਾਥੀਆਂ ਨਾਲ ਜੰਤਰ-ਮੰਤਰ ਦਿੱਲੀ ਵੀ ਗਈ ਅਤੇ ਇਕ ਵਾਰ ਗ੍ਰਿਫ਼ਤਾਰੀ ਵੀ ਦਿੱਤੀ। ਵਰਿੰਦਰ ਸਿੰਘ ਦਾ ਕਹਿਣਾ ਹੈ ਕਿ ਪਿੰਡ ਵਿਚ ਬ੍ਰਾਹਮਣਾਂ ਨੂੰ ਛੱਡ ਕੇ ਹਰ ਕੋਈ ਨੀਲਮ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਰਿਹਾ ਹੈ। ਕਿਸਾਨ ਆਗੂਆਂ ਦੇ ਹਮਾਇਤ 'ਚ ਆਉਣ ਤੋਂ ਬਾਅਦ ਪਿੰਡ ਦੇ ਜਾਟ ਵੀ ਨੀਲਮ ਅਤੇ ਉਸ ਦੇ ਸਾਥੀਆਂ ਦੀ ਹਮਾਇਤ 'ਚ ਆ ਗਏ ਹਨ। ਕਈ ਕਿਸਾਨ, ਮਜ਼ਦੂਰ, ਜਨਤਕ ਜਥੇਬੰਦੀਆਂ ਅਤੇ ਖਾਪ ਪੰਚਾਇਤਾਂ ਨੀਲਮ ਆਜ਼ਾਦ ਅਤੇ ਉਸ ਦੇ ਸਾਥੀਆਂ ਦੀ ਹਮਾਇਤ 'ਚ ਅੱਗੇ ਆਈਆਂ ਹਨ। ਪੰਜਾਬ ਦੀ ਸਭ ਤੋਂ ਵੱਡੀ ਕਿਸਾਨ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ), ਜਿਸ ਦੀਆਂ ਹਰਿਆਣਾ ਵਿਚ ਵੀ ਕੁਝ ਇਕਾਈਆਂ ਹਨ, ਨੇ ਨੀਲਮ ਅਤੇ ਉਸ ਦੇ ਸਾਥੀਆਂ ਦੀ ਰਿਹਾਈ ਦੀ ਮੰਗ ਕਰਦੇ ਹੋਏ ਪਿਛਲੇ 18 ਦਸੰਬਰ ਨੂੰ ਨੀਲਮ ਦੇ ਪਿੰਡ ਘਾਸੋ ਖ਼ੁਰਦ ਵਿਚ ਰੈਲੀ ਕੀਤੀ। ਇਸ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਨੇ ਵੀ ਨੀਲਮ ਅਤੇ ਉਸ ਦੇ ਸਾਥੀਆਂ ਉੱਪਰ ਲਗਾਇਆ ਯੂਏਪੀਏ ਹਟਾਉਣ ਦੀ ਮੰਗ ਕੀਤੀ ਹੈ। ਪਿਛਲੇ 27 ਦਸੰਬਰ ਨੂੰ ਕਈ ਸਮਾਜਿਕ ਜਥੇਬੰਦੀਆਂ ਨੇ ਮਿਲ ਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਵਿਰੁੱਧ ਲਗਾਈਆਂ ਗਈਆਂ ਗੰਭੀਰ ਧਾਰਾਵਾਂ ਦੇ ਖ਼ਿਲਾਫ਼ ਰੋਸ ਪ੍ਰਗਟਾਇਆ ਹੈ। 29 ਦਸੰਬਰ ਨੂੰ ਨਰਵਾਣਾ ਵਿਚ ਕਈ ਸਮਾਜਿਕ ਜਥੇਬੰਦੀਆਂ ਨੇ ਵੱਡੀ ਗਿਣਤੀ ਵਿਚ ਇਕਜੁੱਟ ਹੋ ਕੇ ਨੀਲਮ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ।

ਨੀਲਮ ਦੇ ਪਿੰਡ ਤੋਂ ਹੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਆਗੂ ਮਹਾਵੀਰ ਘਾਸੋ ਨੇ ਮੈਨੂੰ ਦੱਸਿਆ, "ਨੀਲਮ ਸਾਡੇ ਪਿੰਡ ਦੀ ਇਕ ਪੜ੍ਹੀ-ਲਿਖੀ ਅਤੇ ਲੋਕਾਂ ਲਈ ਸੰਘਰਸ਼ ਕਰਨ ਵਾਲੀ ਲੜਕੀ ਹੈ। ਨੌਜਵਾਨਾਂ ਵੱਲੋਂ ਬੋਲੇ ਕੰਨਾਂ ਨੂੰ ਸੁਣਾਉਣ ਲਈ ਚੁੱਕਿਆ ਗਿਆ ਇਹ ਕਦਮ ਜਾਇਜ਼ ਵਿਰੋਧ ਦਾ ਪ੍ਰਗਟਾਵਾ ਹੈ। ਇਕ ਸਮੇਂ ਇਹ ਕਦਮ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਵੀ ਚੁੱਕਿਆ ਸੀ।"

ਪੰਜਾਬ ਦੇ ਮਨੁੱਖੀ ਅਧਿਕਾਰ ਕਾਰਕੁਨ, ਲੇਖਕ ਅਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਨੇ ਮੈਨੂੰ ਫ਼ੋਨ 'ਤੇ ਦੱਸਿਆ ਕਿ 8 ਅਪ੍ਰੈਲ 1983 ਨੂੰ ਕੇਂਦਰੀ ਅਸੈਂਬਲੀ ਬੰਬ ਕਾਂਡ ਦੀ ਵਰ੍ਹੇਗੰਢ ਮੌਕੇ ਉਨ੍ਹਾਂ ਦੀ ਮਾਤਾ ਅਤੇ ਭਗਤ ਸਿੰਘ ਦੀ ਸਕੀ ਭੈਣ ਬੀਬੀ ਅਮਰ ਕੌਰ ਨੇ ਉਸ ਸਮੇਂ ਲੋਕ ਸਭਾ ਵਿਚ ਪਾਸ ਕੀਤੇ ਗਏ ਲੋਕ ਵਿਰੋਧੀ ਕਾਨੂੰਨ ਦੇ ਵਿਰੋਧ ਵਿਚ ਦਰਸ਼ਕ ਗੈਲਰੀ ਤੋਂ ਪਰਚੇ ਸੁੱਟੇ ਸਨ, ਪਰ ਉਨ੍ਹਾਂ ਉੱਪਰ ਕੋਈ ਮੁਕੱਦਮਾ ਨਹੀਂ ਚਲਾਇਆ ਗਿਆ ਸੀ।

ਪਰਿਵਾਰ ਦਾ ਕਹਿਣਾ ਸੀ ਕਿ ਨੀਲਮ ਦਾ ਕਿਸੇ ਜਥੇਬੰਦੀ ਨਾਲ ਸਬੰਧ ਨਹੀਂ ਹੈ। ਨੀਲਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਦੇ ਭਾਈ ਨੇ ਉਸ ਨੂੰ ਦਿੱਲੀ ਵਿਚ ਸਿਰਫ਼ ਇਕ ਵਾਰ ਦੇਖਿਆ ਸੀ। ਪਰਿਵਾਰ ਦਾ ਕਹਿਣਾ ਹੈ ਕਿ ਪੁਲਿਸ ਨੇ ਅਜੇ ਤੱਕ ਉਨ੍ਹਾਂ ਨੂੰ ਐੱਫਆਈਆਰ ਦੀ ਕਾਪੀ ਨਹੀਂ ਦਿੱਤੀ ਹੈ। ਦੂਜੇ ਪਾਸੇ ਦਿੱਲੀ ਪੁਲਿਸ ਨੇ ਨੀਲਮ ਅਤੇ ਉਸਦੇ ਸਾਥੀਆਂ ਦਾ ਪੋਲੀਗ੍ਰਾਫ ਟੈਸਟ ਕਰਵਾਉਣ ਲਈ ਅਦਾਲਤ ਤੱਕ ਪਹੁੰਚ ਕੀਤੀ ਹੈ। ਕੀ ਨੀਲਮ ਕਦੇ ਕਾਂਗਰਸ ਪਾਰਟੀ ਦੀ ਹਮਾਇਤੀ ਰਹੀ ਹੈ, ਜਿਵੇਂ ਕਿ ਭਾਜਪਾ ਦੇ ਕੁਝ ਆਗੂ ਪ੍ਰਚਾਰ ਕਰ ਰਹੇ ਹਨ? ਮੇਰੇ ਇਸ ਸਵਾਲ ਦੇ ਜਵਾਬ ਵਿਚ ਰਾਮਨਿਵਾਸ ਨੇ ਕਿਹਾ, "ਭਾਜਪਾ ਵਾਲੇ ਇਕ ਕਿਸਾਨ ਧਰਨੇ ਵਿਚ ਨੀਲਮ ਵੱਲੋਂ ਦਿੱਤੇ ਭਾਸ਼ਣ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ। ਦਰਅਸਲ, ਉਸ ਧਰਨੇ ਵਿਚ ਨੀਲਮ ਇਹ ਕਹਿ ਰਹੀ ਹੈ ਕਿ ਮੋਦੀ ਸਰਕਾਰ ਵੱਡੀ ਤਾਨਾਸ਼ਾਹ ਹੈ, ਇਹ ਕਿਸੇ ਦੀ ਨਹੀਂ ਸੁਣਦੀ: ਨਾ ਕਿਸਾਨ ਦੀ, ਨਾ ਮਜ਼ਦੂਰ ਦੀ, ਨਾ ਮੁਲਾਜ਼ਮ ਦੀ। ਇਸ ਤੋਂ ਚੰਗੀਆਂ ਤਾਂ ਕਾਂਗਰਸ, ਲੋਕ ਦਲ ਆਦਿ ਦੀਆਂ ਪਿਛਲੀਆਂ ਸਰਕਾਰਾਂ ਸਨ। ਉਸ ਨੇ ਏਨਾ ਹੀ ਕਿਹਾ ਸੀ।"

ਜਦੋਂ ਮੈਂ ਰਾਮਨਿਵਾਸ ਨੂੰ ਪੁੱਛਿਆ ਕਿ ਪਰਿਵਾਰ ਨੂੰ ਅੱਜਕੱਲ੍ਹ ਕਿਹੋ ਜਹੀਆਂ ਮੁਸ਼ਕਲਾਂ ਆ ਰਹੀਆਂ ਹਨ? ਤਾਂ ਉਹ ਬੋਲੇ, "ਅਸੀਂ ਤਾਂ ਨੀਲਮ ਦੇ ਨਾਲ ਹਾਂ। ਪਿੰਡ ਵਿਚ ਵੀ 80 ਫੀਸਦੀ ਲੋਕ ਸਾਡੇ ਨਾਲ ਹਨ। ਮੇਰੇ ਪਿਤਾ ਦੀ ਕਹਾਣੀ ਥੋੜ੍ਹੀ ਵੱਖਰੀ ਹੈ। ਜਦੋਂ ਸਵਰਨ ਜਾਤੀ ਵਾਲੇ ਨੀਲਮ ਬਾਰੇ ਸ਼ਿਕਾਇਤਾਂ ਲੈ ਕੇ ਪਿਤਾ ਜੀ ਕੋਲ ਆਉਂਦੇ ਸਨ ਤਾਂ ਉਹ ਨੀਲਮ ਉੱਪਰ ਗੁੱਸੇ ਹੋ ਜਾਂਦੇ ਸਨ। ਉਹ ਨੀਲਮ ਦੀਆਂ ਗਤੀਵਿਧੀਆਂ ਤੋਂ ਬਹੁਤੇ ਖ਼ੁਸ਼ ਨਹੀਂ ਸਨ। ਨੀਲਮ ਵੀ ਪਿੱਛੇ ਹਟਣ ਵਾਲੀ ਨਹੀਂ ਸੀ। ਫਿਰ ਅਸੀਂ ਇਸ ਝਗੜੇ ਨੂੰ ਰੁਟੀਨ ਮੰਨ ਲਿਆ।" ਜਦੋਂ ਮੈਂ ਰਾਮ ਨਿਵਾਸ ਅਤੇ ਨੀਲਮ ਦੇ ਮਾਤਾ ਜੀ ਸਰਸਵਤੀ ਨਾਲ ਗੱਲਾਂ ਕਰ ਰਿਹਾ ਸੀ ਤਾਂ ਨੀਲਮ ਦੇ ਪਿਤਾ ਦੋ ਵਾਰ ਕਮਰੇ ਵਿਚ ਆਏ ਅਤੇ ਬਿਨਾਂ ਕੁਝ ਕਹੇ ਅਲਮਾਰੀ ਵਿੱਚੋਂ ਕੁਝ ਲੈ ਕੇ ਚਲੇ ਗਏ। ਰਾਮਨਿਵਾਸ ਨੇ ਅੱਗੇ ਕਿਹਾ, "ਇਨ੍ਹਾਂ ਦਿਨਾਂ 'ਚ ਮੀਡੀਆ ਵਿਚ ਜੋ ਕੁਝ ਚੱਲ ਰਿਹਾ ਹੈ ਅਤੇ ਸਵਰਨ ਜਾਤੀ ਦੇ ਲੋਕ ਜੋ ਗੱਲਾਂ ਕਰ ਰਹੇ ਹਨ, ਉਸ ਤੋਂ ਪਿਤਾ ਜੀ ਪਰੇਸ਼ਾਨ ਹਨ।"

**ਕਾਰਵਾ 'ਚੋਂ ਧੰਨਵਾਦ ਸਹਿਤ**

# ਨਾਵਲ 'ਟਾਕੀਆਂ ਵਾਲਾ ਪਜਾਮਾ' ਇਤਿਹਾਸ ਦਾ ਅਹਿਮ ਦਸਤਾਵੇਜ਼ : ਪ੍ਰੋ. ਜਗਮੋਹਨ





ਬਲਵਿੰਦਰ ਗਰੇਵਾਲ ਦੀ ਪੁਸਤਕ ਰਿਲੀਜ਼ ਕਰਦੇ ਹੋਏ ਅਤੇ ਪ੍ਰਧਾਨ ਮੰਡਲ ਵਿਚ ਪ੍ਰੋ. ਜਗਮੋਹਨ ਸਿੰਘ, ਬਲਵਿੰਦਰ ਗਰੇਵਾਲ, ਡਾ. ਸੁਰਜੀਤ ਸਿੰਘ ਅਤੇ ਜਸਵੰਤ ਜ਼ੀਰਖ ਆਦਿ

**ਬਲਜਿੰਦਰ ਸਿੰਘ ਪਟਿਆਲਾ**

ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ, ਲੁਧਿਆਣਾ ਵਿਖੇ ਬਲਵਿੰਦਰ ਗਰੇਵਾਲ ਦਾ ਨਾਵਲ 'ਟਾਕੀਆਂ ਵਾਲਾ ਪਜਾਮਾ' ਰਿਲੀਜ਼ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਕੀਤੀ। ਮੁੱਖ ਮਹਿਮਾਨ ਵਜੋਂ ਡਾ. ਸੁਰਜੀਤ ਸਿੰਘ, ਸੀਨੀਅਰ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸ਼ਿਰਕਤ ਕੀਤੀ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਟਾਕੀਆਂ ਵਾਲਾ ਪਜਾਮਾ ਨਾਵਲ ਪੰਜਾਬ ਦੇ ਲਮੇਰੇ ਇਤਿਹਾਸ ਦਾ ਅਹਿਮ ਦਸਤਾਵੇਜ਼ ਹੈ। ਮੁੱਖ ਮਹਿਮਾਨ ਡਾ. ਸੁਰਜੀਤ ਨੇ ਕਿਹਾ ਕਿ ਬਲਵਿੰਦਰ ਗਰੇਵਾਲ ਪੰਜਾਬ ਦੀਆਂ ਲੋਕਧਰਾਈ ਰੁੜ੍ਹੀਆਂ ਨੂੰ ਬਹੁਤ ਕਲਾਤਮਕਤਾ ਨਾਲ ਪੇਸ਼ ਕਰਨ ਵਾਲਾ ਵੱਡਾ ਕਥਾਕਾਰ ਹੈ। ਇਹ ਨਾਵਲ ਮਹਿਜ਼ ਗੁਰਮੇਲ ਸਿੰਘ ਗਿੱਲ ਦੇ ਜੀਵਨ ਦੀਆਂ ਘਟਨਾਵਾਂ ਤੱਕ ਸੀਮਤ ਨਾ ਰਹਿ ਕਿ ਖੱਬੇ ਪੱਖੀ ਲਹਿਰ ਨਾਲ ਜੁੜੇ ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਦੇ ਉਤਰਾਵਾਂ ਚੜ੍ਹਾਵਾਂ ਦੀ ਕਹਾਣੀ ਹੈ।

ਇਸ ਮੌਕੇ ਡਾ. ਪਰਮਜੀਤ ਸਿੰਘ ਪਟਿਆਲਾ ਨੇ ਆਪਣਾ ਖੋਜ ਪੇਪਰ ਪ੍ਰਸਤੁਤ ਕਰਦਿਆਂ ਕਿਹਾ, 'ਟਾਕੀਆਂ ਵਾਲਾ ਪਜਾਮਾ' ਗੁਰਮੇਲ ਸਿੰਘ ਗਿੱਲ ਦੇ ਜੀਵਨ ਤੇ ਆਧਾਰਿਤ ਜੀਵਨੀ ਮੂਲਕ ਨਾਵਲ ਹੈ। ਬਲਵਿੰਦਰ ਗਰੇਵਾਲ ਨੇ ਦੇਸ਼ ਦੇ ਬਟਵਾਰੇ ਤੋਂ ਲੈ ਕੇ, ਹਰੀ ਕ੍ਰਾਂਤੀ, ਐਮਰਜੈਂਸੀ, ਪੰਜਾਬ ਸੰਕਟ ਆਦਿ ਪ੍ਰਮੁੱਖ ਇਤਿਹਾਸਕ ਘਟਨਾਵਾਂ ਅਤੇ ਖੱਬੇ ਪੱਖੀ ਲਹਿਰ ਦੀਆਂ ਵੱਖ-ਵੱਖ ਪਹਿਲੂਆਂ ਦਾ ਗਲਪੀ ਚਿਤਰਨ ਕੀਤਾ ਹੈ। ਇਸ ਮੌਕੇ ਡਾ. ਦੀਦਾਰ ਸਿੰਘ ਅਤੇ ਡਾ. ਰਵਿੰਦਰ ਸਿੰਘ ਘੁੰਮਣ ਨੇ ਨਾਵਲ ਦੇ ਵੱਖ ਵੱਖ ਪੱਖਾਂ ਦੀ ਚਰਚਾ ਕੀਤੀ।

ਸ. ਗੁਰਮੇਲ ਸਿੰਘ ਗਿੱਲ ਨੇ ਬੋਲਦਿਆਂ ਕਿ ਇਹ ਮੇਰੀ ਖੁਸ਼ਕਿਸਮਤੀ ਹੈ ਕਿ ਪੰਜਾਬ ਦੇ ਵੱਡੇ ਗਲਪਕਾਰ ਬਲਵਿੰਦਰ ਗਰੇਵਾਲ ਨੇ ਮੇਰੇ ਜੀਵਨ ਤੇ ਅਧਾਰਿਤ ਇਹ ਖੂਬਸੂਰਤ ਨਾਵਲ ਲਿਖਿਆ। ਨਾਵਲ ਦੇ ਲੇਖਕ ਬਲਵਿੰਦਰ ਗਰੇਵਾਲ ਨੂੰ ਇਸ ਮੌਕੇ ਸਨਮਾਨਿਤ ਕੀਤਾ ਗਿਆ , ਉਨਾਂ ਬੋਲਦਿਆਂ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਵੱਡੇ ਦਾਨਿਸ਼ਵਰਾਂ ਦੀ ਹਾਜ਼ਰੀ ਵਿੱਚ ਇਸ ਨਾਵਲ ਦਾ ਰਿਲੀਜ਼ ਹੋਣਾ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਹਸਮੁੱਖ ਗਿੱਲ ਅਤੇ ਉਸ ਦੇ ਪਰਿਵਾਰ ਵੱਲੋਂ ਗਾਏ ਇਨਕਲਾਬੀ ਗੀਤ ਨਾਲ ਕੀਤੀ ਗਈ। ਸ. ਭਜਨ ਸਿੰਘ ਕੈਨੇਡਾ ਹੋਰਾਂ ਨੇ ਸਵਾਗਤੀ ਸ਼ਬਦ ਬੋਲਦਿਆਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਅਤੇ ਇੱਥੇ ਚੱਲ ਰਹੀਆਂ ਸਮਾਜਿਕ ਸਰੋਕਾਰਾਂ ਨਾਲ ਸਬੰਧਤ ਗਤੀਵਿਧੀਆਂ ਬਾਰੇ ਸਾਰਿਆਂ ਨੂੰ ਜਾਣੂ ਕਰਵਾਇਆ। ਸ਼ਹੀਦ ਬਾਬਾ ਭਾਨ ਸਿੰਘ ਟਰੱਸਟ ਦੇ ਜਨਰਲ ਸਕੱਤਰ ਜਸਵੰਤ ਜੀਰਖ਼ ਨੇ ਬਹੁਤ ਸੁਚੱਜੇ ਢੰਗ ਨਾਲ ਮੰਚ ਸੰਚਾਲਨ ਕੀਤਾ। ਬਾਬਾ ਭਾਨ ਸਿੰਘ ਟਰੱਸਟ ਲਈ ਗੁਰਮੇਲ ਸਿੰਘ ਗਿੱਲ ਵੱਲੋਂ 50 ਹਜਾਰ ਰੁ ਸਮੇਤ ਪ੍ਰਮਜੀਤ ਡਾਲਾ , ਜਸਵੰਤ ਸਿੰਘ ਸਮੇਤ ਕਈ ਹੋਰਾਂ ਨੇ ਵੀ ਟ੍ਰੱਸਟ ਦੇ ਚੱਲ ਰਹੇ ਪ੍ਰੋਜੈਕਟਾਂ ਲਈ ਮਾਇਕ ਸਹਾਇਤਾ ਕੀਤੀ।

ਇਸ ਸਮਾਗਮ ਵਿੱਚ ਕਨੇਡਾ ਤੋਂ ਵਿਸ਼ੇਸ਼ ਤੌਰ ਤੇ ਆਏ ਸ. ਹਰਦੇਵ ਸਿੰਘ ਵਿਰਕ ਨੇ ਸ਼ਿਰਕਤ ਕੀਤੀ। ਇਸ ਮੌਕੇ ਸ. ਸੁਰਜੀਤ ਜਵੰਦਾ, ਗੁਰਮੇਲ ਗਿੱਲ ਦੀ ਪਤਨੀ ਪਰਮਜੀਤ ਪੰਮੀ, ਹਰਦੇਵ ਸਿੰਘ ਵਿਰਕ, ਡਾ ਹਰਬੰਸ ਗਰੇਵਾਲ, ਐਡਵੋਕੇਟ ਹਰਪ੍ਰੀਤ ਜੀਰਖ, ਰਾਕੇਸ਼ ਆਜ਼ਾਦ, ਮਾ ਜਰਨੈਲ ਸਿੰਘ, ਬਲਵਿੰਦਰ ਸਿੰਘ, ਅਰੁਣ ਕੁਮਾਰ, ਆਦਿ ਹਾਜ਼ਰ ਸਨ।

# ਕਿਤਾਬ : ਮੈਂ ਕੰਮੀਆਂ ਦੀ ਕੁੜੀ



**ਡਾ: ਵਰਿਆਮ ਸਿੰਘ ਸੰਧੂ**

ਮੇਰੀ ਨਜ਼ਰ ਵਿਚ ਦੂਰ ਦੂਰ ਤੱਕ ਕੋਈ ਅਜਿਹਾ ਲੇਖਕ ਨਜ਼ਰ ਨਹੀਂ ਆਉਂਦਾ ਜੋ ਬਿਨਾਂ ਕਿਸੇ ਸਾਹਿਤਕ ਮੈਗ਼ਜ਼ੀਨ ਵਿਚ ਛਪਣ ਦੇ, ਬਿਨਾਂ ਕਿਤਾਬ ਰਿਲੀਜ਼ ਕਰਵਾਏ, ਬਿਨਾਂ ਕਿਸੇ ਆਲੋਚਕ ਤੋਂ ਪਰਚਾ ਲਿਖਾਏ, ਆਪਣੀ ਕਵਿਤਾ ਦੇ ਹਿੱਕ ਦੇ ਤਾਣ ਨਾਲ ਥੋੜ੍ਹੇ ਜਿਹੇ ਸਮੇਂ ਵਿਚ, ਕੇਵਲ ਤੇ ਕੇਵਲ ਸੋਸ਼ਲ ਮੀਡੀਏ ਰਾਹੀਂ ਸੰਨੀ ਧਾਲੀਵਾਲ ਵਾਂਙ ਮਕਬੂਲੀਅਤ ਦੀ ਸਿਖ਼ਰ 'ਤੇ ਪਹੁੰਚ ਗਿਆ ਹੋਵੇ; ਜਿਸਦੀਆਂ ਲਿਖਤਾਂ ਫੇਸ-ਬੁੱਕ ਤੋਂ 'ਚੁੱਕ' ਕੇ ਨਾਮਵਰ ਸਾਹਿਤਕ ਪਰਚੇ ਆਪਣੇ ਆਪ ਛਾਪਣ ਵਿਚ ਖ਼ੁਸ਼ੀ ਮਹਿਸੂਸ ਕਰਨ ਲੱਗ ਜਾਣ, ਜਿਸਦੀਆਂ ਲਿਖਤਾਂ ਪੰਜਾਬੀ ਬੋਲਦੇ ਦੇਸ਼ਾਂ ਵਿੱਚ ਟੀ .ਵੀ. ਅਤੇ ਰੇਡੀਓ ਸਟੇਸ਼ਨਾਂ ਤੇ ਪੜ੍ਹੀਆਂ ਜਾਣ, ਜਿਸਦੀਆਂ ਕਵਿਤਾਵਾਂ ਚੋਰੀ ਕਰ ਕੇ ਹੋਰ ਲੋਕ ਆਪਣੇ ਨਾਂ 'ਤੇ ਛਪਵਾਉਣ ਲੱਗੇ ਹੋਣ, ਜਿਹੜਾ ਨਵੀਂ ਕਵਿਤਾ ਸ਼ੋਸ਼ਲ ਮੀਡੀਆ 'ਤੇ ਪੋਸਟ ਕਰੇ ਤੇ ਉਸਦੀ ਪ੍ਰਸੰਸਾ ਵਿਚ ਝਟ-ਪਟ ਸੈਂਕੜੇ ਹੁਲਾਰਵੀਆਂ ਟਿੱਪਣੀਆਂ ਚਮਕਣ ਲੱਗ ਪੈਣ। ਅਜਿਹਾ ਕਮਾਲ ਕੇਵਲ ਚਮਤਕਾਰੀ ਰਚਨਾਵਾਂ ਹੀ ਕਰ ਸਕਦੀਆਂ ਨੇ ਤੇ ਸੰਨੀ ਧਾਲੀਵਾਲ ਨੇ ਇਹ ਚਮਤਕਾਰ ਕਰ ਵਿਖਾਇਆ ਹੈ।

ਉਸ ਅੰਦਰ ਸਾਲਾਂ ਤੋਂ ਸੁੱਤਾ ਲੇਖਕ ਪੂਰੇ ਜਲੌਅ ਵਿੱਚ ਜਾਗ ਚੁੱਕਾ ਹੈ। ਅੱਖਰਾਂ ਦੇ ਅੱਖਰ ਉਹਦੇ ਨਿੱਕੇ-ਨਿੱਕੇ ਹੱਥਾਂ ਵਿਚੋਂ ਕਵਿਤਾ ਬਣ ਕਿਰਨ ਲੱਗੇ ਹਨ। ਉਹਦੇ ਸ਼ਬਦ ਮਤਾਬੀ ਵਾਂਙ ਬਲ ਕੇ ਪਾਠਕ ਦੇ ਮਨ-ਮਸਤਕ ਵਿਚ ਸਤਰੰਗਾ ਚਾਨਣ ਬਖ਼ੇਰਣ ਲੱਗਦੇ ਨੇ। ਪਾਠਕ ਆਪਣੇ ਅੰਦਰਲੇ ਜਗਤ ਦੀਆਂ ਹਨੇਰੀਆਂ ਨੁੱਕਰਾਂ ਹੀ ਨਹੀਂ ਵੇਖਦਾ ਸਗੋਂ ਬਾਹਰਲੇ ਜਗਤ ਦੀਆਂ ਦੁਬਿਧਾਵਾਂ, ਪਾਖੰਡਾਂ, ਗੁੰਝਲਾਂ ਦੇ ਰਹੱਸ ਦੇ ਸਹਿਜ ਦੀਦਾਰ ਵੀ ਕਰ ਲੈਂਦਾ ਹੈ। ਉਹਦੀ ਕਵਿਤਾ ਹਨੇਰਿਆਂ ਵਿਚ 'ਸੰਨੀ ਡੇਅ' ਬਣ ਕੇ ਚਮਕਦੀ ਹੈ। ਪਰਵਾਸ ਕਰ ਗਏ ਪੰਜਾਬੀਆਂ ਲਈ ਬਨੇਰੇ 'ਤੇ ਬੱਤੀ ਬਣ ਕੇ ਬਲਣ ਲੱਗਦੀ ਹੈ ਤਾ ਕਿ ਉਹ ਪਰਵਾਸ-ਗਲੀ ਦੇ ਹਨੇਰੇ ਵਿਚ ਰਾਹ ਨਾ ਭੁੱਲ ਜਾਣ।

ਸੰਨੀ ਧਾਲੀਵਾਲ ਆਪਣੇ ਜਿਹਾ ਆਪ ਹੈ। ਉਹ ਕਿਸੇ ਕਵੀ ਦੀ ਨਕਲ ਨਹੀਂ, ਨਾ ਹੀ ਉਸਦੀ ਕਵਿਤਾ ਵਿਚੋਂ ਕਿਸੇ ਕਹਿੰਦੇ-ਕਹਾਉਂਦੇ ਪੰਜਾਬੀ ਕਵੀ ਦਾ ਪ੍ਰਛਾਵਾਂ ਮਾਤਰ ਝਲਕਦਾ ਹੈ। ਅਜਿਹੀ ਕਵਿਤਾ ਅਜੇ ਤੱਕ ਕਿਸੇ ਹੋਰ ਕਵੀ ਨੇ ਨਹੀਂ ਲਿਖੀ। ਇਹ ਕਵਿਤਾ ਨਿਰੋਲ ਸੰਨੀ ਧਾਲੀਵਾਲ ਵਰਗੀ ਹੈ। ਸਿੱਧੀ-ਪੱਧਰੀ, ਸਾਫ਼-ਸਫ਼ਾਫ਼ ਪਰ ਤੇਜ਼ ਤਿੱਖੀ। ਮਿਰਚਾਂ ਵਰਗੀ। ਬੰਦੇ ਅੰਦਰਲੇ ਭੈੜਾਂ ਨੂੰ ਬੁਰੀ ਤਰ੍ਹਾਂ ਲੜਨ ਵਾਲੀ। ਤਿੱਖੀ ਛੁਰੀ ਵਰਗੀ। ਸਮਾਜ, ਸਭਿਆਚਾਰ, ਧਰਮ ਤੇ ਰਾਜਨੀਤੀ ਦੇ ਕੋਝੇ ਉਛਾੜਾਂ ਨੂੰ ਪਾੜ ਕੇ ਉਹਨਾਂ ਨੂੰ ਨੰਗਿਆਂ ਕਰਨ ਵਾਲੀ। ਪਰ ਇਹਦੀ ਪੇਸ਼ਕਾਰੀ ਅਤੇ ਅੰਦਾਜ਼ ਨਿਰੋਲ ਇਹਦਾ ਆਪਣਾ ਹੈ। ਨਿਰੋਲ ਆਪਣੇ ਵਰਗਾ ਹੋ ਸਕਣਾ ਬੜੀ ਔਖੀ ਗੱਲ ਹੈ। ਕਈਆਂ ਨੂੰ ਸਾਰੀ ਉਮਰ ਲੱਗ ਜਾਂਦੀ ਹੈ ਪਰ ਉਹ ਆਪਣੀ ਵੱਖਰੀ ਤੇ ਨਿਰੋਲ ਨਿੱਜੀ ਪਛਾਣ ਨਹੀਂ ਬਣਾ ਸਕਦੇ। ਨਿੱਜੀ ਪਛਾਣ ਉਹ ਹੁੰਦੀ ਹੈ ਕਿ ਕਵਿਤਾ 'ਤੇ ਕਵੀ ਦਾ ਨਾਂ ਲਿਖਣ ਤੋਂ ਬਿਨਾਂ ਹੀ ਤੁਹਾਨੂੰ ਜਿਸਦੀਆਂ ਚਾਰ ਸਤਰਾਂ ਪੜ੍ਹ ਕੇ ਹੀ ਲੱਗਣ ਲੱਗ ਜਾਵੇ ਕਿ ਇਹ ਤਾਂ ਸੰਨੀ ਧਾਲੀਵਾਲ ਨੇ ਲਿਖੀ ਹੈ। ਸੰਨੀ ਧਾਲੀਵਾਲ ਨੇ ਦੋ-ਤਿੰਨ ਸਾਲਾਂ ਵਿਚ ਹੀ ਇਹ ਕ੍ਰਿਸ਼ਮਾ ਕਰ ਵਿਖਾਇਆ ਹੈ।




ਸੰਨੀ ਧਾਲੀਵਾਲ ਨੇ ਇੱਕ ਮੂਲੋਂ ਹੀ ਵੱਖਰੀ ਕਾਵਿ-ਸ਼ੈਲੀ ਸਿਰਜ ਦਿੱਤੀ ਹੈ। ਉਹਦੀ ਕਾਵਿ ਭਾਸ਼ਾ ਦਾ ਅਨੋਖਾ ਤੇ ਮੂਲੋਂ ਮੌਲਿਕ ਮੁਹਾਂਦਰਾ ਤੇ ਮੁਹਾਵਰਾ ਹੈ। ਉਹਨੇ ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ, ਚਿੰਨ੍ਹਾਂ, ਇਸ਼ਾਰਿਆਂ ਨੂੰ ਏਨੇ ਸਹਿਜ ਨਾਲ ਕਵਿਤਾ ਵਿਚ ਘੋਲ ਦਿੱਤਾ ਹੈ ਕਿ ਕਵਿਤਾ ਦਾ ਚਿਹਰਾ ਊਦਾ, ਗੁਲਾਬੀ, ਉਨਾਭੀ, ਕਿਰਮਚੀ ਕਈ ਰੰਗਾਂ ਵਿਚ ਲਿਸ਼ਕਣ ਲੱਗਾ ਹੈ। ਉਹਦੀ ਰਚਨਾ ਵਿਚ ਨਜ਼ਰੀਏ ਦੀ ਤਾਜ਼ਗੀ ਹੈ। ਉਹਦੇ ਲਈ ਨਾਨਕੇ ਪਿੰਡ 'ਟੱਲੇਵਾਲ' ਦੀ ਨਹਿਰ, ਆਪਣਾ ਪਿਤਾ-ਪੁਰਖੀ ਪਿੰਡ 'ਰਣਸੀਂਹ ਕਲਾਂ' ਵੀ ਓਨੀ ਮੁਹੱਬਤ ਨਾਲ ਹਾਜ਼ਰ ਹੁੰਦੇ ਹਨ, ਜਿੰਨੀ ਮੁਹੱਬਤ ਨਾਲ ਕਨੇਡਾ ਦੇ ਸ਼ਹਿਰਾਂ ਦੀਆਂ ਰੌਸ਼ਨੀਆਂ। ਉਹ ਰਣਸੀਂਹ ਕਲਾਂ ਦਾ ਹੋ ਕੇ ਵੀ ਸਾਰੀ ਧਰਤੀ ਦਾ ਹੈ। ਸਮੁੱਚੀ ਲੋਕਾਈ ਦਾ ਹੈ। ਬੰਦੇ ਅੰਦਰਲੀ ਬੰਦਿਆਈ ਦਾ ਹੈ।

ਉਹ ਅੰਗਰੇਜ਼ੀ ਵਿਚ ਲਿਖਦਾ ਸੀ, ਪਰ ਮੇਰੀ ਪ੍ਰੇਰਨਾ ਨਾਲ ਪੰਜਾਬੀ ਵਿਚ ਲਿਖਣ ਲੱਗਾ। ਮੈਨੂੰ ਇਹ ਸਦਾ ਮਾਣ ਰਹੇਗਾ ਕਿ ਮੈਂ ਆਪਣੀ ਜ਼ਬਾਨ ਨੂੰ ਇੱਕ ਚੰਗੇ ਕਵੀ ਨਾਲ ਮਿਲਾਇਆ ਹੈ। ਹਾਲਾਂ ਕਿ ਉਹਦੀ ਕਵਿਤਾ ਵਿਚਲਾ ਕਾਵਿ-ਪਾਤਰ ਪੰਜਾਬੀ ਦੀ ਅੰਗਰੇਜ਼ੀ ਸਾਹਮਣੇ ਦਿਨੋ-ਦਿਨ ਘਟ ਰਹੀ ਅਹਿਮੀਅਤ ਬਾਰੇ ਕਾਂਟਵੇਂ ਲਹਿਜੇ ਵਿਚ ਆਖਦਾ ਹੈ, 'ਤੇਰੀ ਅੰਗਰੇਜ਼ੀ ਤੈਨੂੰ ਕਨੇਡਾ ਲੈ ਗਈ, ਮੇਰੀ ਪੰਜਾਬੀ ਮੈਨੂੰ ਪੰਜਾਬ ਰੋਡਵੇਜ਼ ਦੀ ਬੱਸ 'ਤੇ ਪਿੰਡ ਲੈ ਆਈ।' ਇਸ ਦੇ ਬਾਵਜੂਦ ਉਹ ਪੰਜਾਬੀ ਵਿੱਚ ਲਿਖਣ ਵਿਚ ਮਾਣ ਸਮਝਣ ਲੱਗਾ ਹੈ।

ਉਹਦੀ ਨਵੀਂ ਕਿਤਾਬ 'ਮੈਂ ਕੰਮੀਆਂ ਦੀ ਕੁੜੀ' ਦਾ ਖਰੜਾ ਪੜ੍ਹਦਿਆਂ ਪਹਿਲਾਂ ਮੈਂ ਸੋਚਿਆ ਸੀ ਕਿ ਉਹਦੀਆਂ ਕਵਿਤਾਵਾਂ ਦੇ ਹਵਾਲੇ ਦੇ ਕੇ ਆਪਣੀ ਗੱਲ ਪੁਸ਼ਟ ਕਰਾਂਗਾ। ਪਰ ਹੁਣ ਸੋਚਦਾ ਹਾਂ ਕਿ ਉਹਦੀਆਂ ਕਵਿਤਾਵਾਂ ਦਾ ਖਿਲਾਰ, ਮਿਆਰ ਤੇ ਆਕਾਰ ਏਨਾ ਵੱਡਾ ਹੈ ਕਿ ਮੇਰੇ ਸ਼ਬਦਾਂ ਦੀ ਜੱਫੀ ਵਿਚ ਨਹੀਂ ਆ ਸਕਦਾ। ਉਹਦੀ ਕਵਿਤਾ ਵਿਚ ਵਿਸ਼ਿਆਂ ਦੀ ਵਿਭਿੰਨਤਾ ਹੈ, ਜ਼ਿੰਦਗੀ ਦੇ ਅਨੇਕਾਂ ਰੰਗ ਹਨ। ਤੁਸੀਂ ਵੇਖੀ ਹੋਈ ਖ਼ੂਬਸੂਰਤ ਕੁੜੀ ਨੂੰ ਲੱਖ ਆਪਣੇ ਸ਼ਬਦਾਂ ਵਿਚ ਬਿਆਨ ਕਰਨਾ ਚਾਹੋ, ਪਰ ਅਸਲ ਖ਼ੂਬਸੂਰਤੀ ਦਾ ਪਤਾ ਉਦੋਂ ਹੀ ਲੱਗਦਾ ਹੈ, ਜਦੋਂ ਆਪਣੀਆਂ ਅੱਖਾਂ ਨਾਲ ਉਹਦਾ ਸਾਮਰਤੱਖ ਦੀਦਾਰ ਕਰ ਲਿਆ ਜਾਵੇ। ਤੁਸੀਂ ਵੀ ਉਹਦੀ ਕਵਿਤਾ ਨੂੰ ਖ਼ੁਦ ਪੜ੍ਹਨ ਤੋਂ ਬਗ਼ੈਰ ਉਹਦਾ ਹੁਸਨ ਨਹੀਂ ਮਾਣ ਸਕਦੇ।

ਅਖ਼ੀਰ 'ਤੇ ਮੈਂ ਸੰਨੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਅੰਦਰ ਜਾਗ ਚੁੱਕੇ 'ਪੰਜਾਬੀ ਸ਼ਾਇਰ' ਨੂੰ ਹੁਣ ਸੌਣ ਨਹੀਂ ਦੇਣਾ। ਲਗਾਤਾਰ ਤੁਰਦੇ ਰਹਿਣਾ। ਮੇਰਾ ਯਕੀਨ ਹੈ ਕਿ ਛੇਤੀ ਹੀ ਤੁਸੀਂ ਸਾਹਿਤ ਦੇ ਖੇਤਰ ਵਿੱਚ ਵੱਡਾ ਨਾਮ ਬਣ ਜਾਵੋਗੇ।

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com


Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

# ਵਿਚਾਰ-ਚਰਚਾ : ਵਿਦਿਆਰਥੀਆਂ ਦੇ ਪ੍ਰਵਾਸ ਦੇ ਸੰਦਰਭ ਵਿਚ

*ਪਿਛਲੇ 'ਸਰੋਕਾਰਾਂ ਦੀ ਆਵਾਜ਼' ਦੇ ਅੰਕ ਵਿਚ ਪ੍ਰਸਿੱਧ ਵਿਦਵਾਨ ਡਾ. ਪਰਮਜੀਤ ਸਿੰਘ ਦੀ ਲਿਖਤ 'ਸਾਮਰਾਜਵਾਦ, ਪ੍ਰਵਾਸ ਅਤੇ ਵਿਦਿਆਰਥੀ' ਪ੍ਰਕਾਸ਼ਤ ਕੀਤਾ ਸੀ। ਉਸ 'ਤੇ ਵਿਚਾਰ ਪ੍ਰਦਾਨ ਕਰਦਿਆਂ ਸੰਵੇਦਨਸ਼ੀਲ ਸ਼ਖਸੀਅਤ ਕਮਲ ਵਿਨੀਪੈੱਗ ਦਾ ਪ੍ਰਤੀਕਰਮ ਦੇ ਰਹੇ ਹਾਂ। ਇਸ ਮਸਲੇ 'ਤੇ ਅਗਾਂਹ ਚਰਚਾ ਵੀ ਜਾਰੀ ਰੱਖੀ ਜਾਏਗੀ। – ਸੰਪਾਦਕ*

ਕਮਲ ਵਿਨੀਪੈੱਗ

ਇਮੀਗ੍ਰੇਸ਼ਨ ਅਤੇ ਵਿਦਿਆਰਥੀ ਯੂਰਪੀਅਨ ਸ਼ਕਤੀਆਂ ਦੀਆਂ ਸਾਰੀਆਂ ਸਾਬਕਾ ਬਸਤੀਆਂ ਤੋਂ ਪੱਛਮੀ ਉਦਯੋਗਿਕ ਦੇਸ਼ਾਂ ਵਿੱਚ ਆਉਣ ਵਾਲੇ ਵਿਦਿਆਰਥੀਆਂ ਦੀ ਇੱਕ ਵੱਡੀ ਆਮਦ ਹੋਈ ਹੈ। ਇਸ ਨੂੰ ਕੈਨੇਡੀਅਨ ਪਾਠਕਾਂ ਲਈ ਸੰਖੇਪ ਅਤੇ ਢੁਕਵਾਂ ਬਣਾਉਣ ਲਈ ਅਸੀਂ ਸਿਰਫ਼ ਕੈਨੇਡਾ ਦੇ ਸਬੰਧ ਵਿੱਚ ਇਸ ਘਟਨਾ ਦੀ ਜਾਂਚ ਕਰਾਂਗੇ। ਪਹਿਲਾਂ, ਸਾਨੂੰ ਇਨ੍ਹਾਂ ਵਿਦਿਆਰਥੀਆਂ ਦੇ ਇਰਾਦਿਆਂ ਬਾਰੇ ਸਪੱਸ਼ਟ ਹੋਣਾ ਚਾਹੀਦਾ ਹੈ। ਕੀ ਇਹ ਵਿਦਿਆਰਥੀ ਇੱਥੇ ਉਚੇਰੀ ਪੜ੍ਹਾਈ ਲਈ ਹੀ ਵਾਪਸ ਜਾ ਕੇ ਆਪਣੀ ਮਾਤ ਭੂਮੀ ਦੇ ਨਿਰਮਾਣ ਵਿੱਚ ਹਿੱਸਾ ਲੈਣ ਲਈ ਆਉਂਦੇ ਹਨ ਜਾਂ ਇਹ ਦੇਸ਼ ਵਿੱਚ ਆਉਣ ਅਤੇ ਪਰਵਾਸੀ ਬਣਨ ਦਾ ਇੱਕ ਤਰੀਕਾ ਹੈ? ਜ਼ਿਆਦਾਤਰ ਵਸੇ ਹੋਏ ਡਾਇਸਪੋਰਾ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਇਹਨਾਂ ਵਿਦਿਆਰਥੀਆਂ ਦੀ ਵੱਡੀ ਗਿਣਤੀ ਦਾ ਵਾਪਸ ਜਾਣ ਦਾ ਕੋਈ ਇਰਾਦਾ ਨਹੀਂ ਹੈ। ਦੂਜਾ, ਕੀ ਇਹ ਵਿਦਿਆਰਥੀ ਗਰੀਬ ਹਨ ਜਾਂ ਕਿਸੇ ਹੋਰ ਆਰਥਿਕ-ਸਿਆਸੀ ਕਾਰਨਾਂ ਕਰਕੇ ਭੱਜ ਰਹੇ ਹਨ? ਜਿਵੇਂ ਕਿ ਅਸੀਂ ਜਾਣਦੇ ਹਾਂ, ਇਹਨਾਂ ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੇ ਤੌਰ 'ਤੇ ਵੱਡੀ ਰਕਮ ਅਦਾ ਕਰਨੀ ਚਾਹੀਦੀ ਹੈ ਅਤੇ ਇਸ ਤੋਂ ਇਲਾਵਾ ਉਨ੍ਹਾਂ ਨੂੰ ਵੱਡੀ ਰਕਮ ਜਮ ?ਹਾਂ ਕਰਾਉਣੀ ਚਾਹੀਦੀ ਹੈ ਜੋ ਕਿ ਰਿਹਾਇਸ਼ ਅਤੇ ਭੋਜਨ ਲਈ ਕਾਫ਼ੀ ਹੋਣ ਦਾ ਜ਼ਿਕਰ ਨਹੀਂ ਕਰਦੇ। ਸੋ, ਸਪਸ਼ਟ ਹੈ ਕਿ ਇਹ ਵਿਦਿਆਰਥੀ ਗਰੀਬ ਨਹੀਂ ਹਨ, ਸਗੋਂ ਭ੍ਰਿਸ਼ਟ ਰਾਜਨੀਤਿਕ ਅਤੇ ਅਸਥਿਰ ਸਮਾਜਿਕ ਪ੍ਰਣਾਲੀ ਕਾਰਨ ਆਪਣਾ ਵਤਨ ਛੱਡ ਰਹੇ ਹਨ। 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ, 36 ਮਿਲੀਅਨ ਯੂਰਪੀਅਨ ਅਮਰੀਕਾ ਅਤੇ ਆਸਟ ?ਰੇਲੀਆ ਆਏ। ਉਹ ਗਰੀਬ ਯੂਰਪੀਅਨ ਸਨ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਦੋਸ਼ੀ ਸਨ ਜਿਨ੍ਹਾਂ ਨੂੰ ਜ਼ਬਰਦਸਤੀ ਇਨ੍ਹਾਂ ਨਵੀਆਂ ਬਸਤੀਆਂ ਵਿੱਚ ਨਿਰਯਾਤ ਕੀਤਾ ਗਿਆ ਸੀ। ਉਹ ਆਪਣੀ ਜ਼ਮੀਨ ਵੇਚ ਕੇ ਅਤੇ ਡਾਲਰਾਂ ਦੀ ਵੱਡੀ ਰਕਮ ਆਪਣੀਆਂ ਜੇਬਾਂ ਵਿੱਚ ਰੱਖ ਕੇ ਇੱਥੇ ਨਹੀਂ ਆਏ ਸਨ। ਸੋ, ਅਹਿਮ ਸਵਾਲ ਇਹ ਹੈ ਕਿ ਪਿਛਲੀਆਂ ਬਸਤੀਵਾਦੀ ਸ਼ਕਤੀਆਂ ਦੇ ਕਾਨੂੰਨੀ ਗੁਲਾਮ ਬਣਨ ਲਈ ਪੰਜਾਬੀ ਆਪਣੇ ਬੱਚਿਆਂ ਨੂੰ ਇਨ੍ਹਾਂ ਥਾਵਾਂ 'ਤੇ ਭੇਜਣ ਲਈ ਆਪਣੀ ਕੀਮਤੀ ਜ਼ਮੀਨ ਕਿਉਂ ਵੇਚਦੇ ਹਨ? ਕਿਉਂ? ਕੀ ਪੰਜਾਬ ਵਿੱਚ ਆਰਥਿਕ-ਸਿਆਸੀ ਸੰਕਟ ਹੈ? ਜੇਕਰ ਅਜਿਹਾ ਹੁੰਦਾ ਤਾਂ ਭਾਰਤ ਦੇ ਗੁਆਂਢੀ ਸੂਬਿਆਂ ਤੋਂ ਪੰਜਾਬ ਆਉਣ ਵਾਲੇ ਲੋਕਾਂ ਦੀ ਆਮਦ ਨਾ ਹੁੰਦੀ। ਇਸ ਲਈ, ਸਮੱਸਿਆਵਾਂ ਇੱਕ ਸਮਾਜਿਕ-ਆਰਥਿਕ ਪ੍ਰਕਿਰਤੀ ਦੀਆਂ ਹਨ, ਨਾ ਕਿ ਸਿਆਸੀ ਪ੍ਰਕਿਰਤੀ ਦੀਆਂ। ਭਾਰਤ ਵਿੱਚ ਪੈਦਾਵਾਰ ਦਾ ਢੰਗ ਪੂੰਜੀਵਾਦੀ ਹੈ ਜਦੋਂ ਕਿ ਮਾਨਸਿਕਤਾ ਅਤੇ ਸਮਾਜਿਕ ਸਬੰਧ ਅਜੇ ਵੀ ਜਗੀਰੂ ਹਨ। ਇੱਥੇ ਇੱਕੋ ਜਿਹੇ ਸੱਭਿਆਚਾਰ ਦੀ ਘਾਟ ਹੈ ਕਿਉਂਕਿ ਲੋਕ ਅਜੇ ਵੀ ਜਾਤ ਅਤੇ ਧਰਮ ਦੇ ਆਧਾਰ 'ਤੇ ਵੰਡੇ ਹੋਏ ਹਨ। ਪੰਜਾਬ ਵਿੱਚ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਬੋਲਣ ਲਈ ਇਸ਼ਤਿਹਾਰ ਦੇਣਾ ਪੈਂਦਾ ਹੈ। ਇੱਥੋਂ ਤੱਕ ਕਿ ਪਿੰਡਾਂ ਵਿੱਚ ਲੋਕ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਪੜ੍ਹਾਉਂਦੇ ਹਨ। ਅਤੇ ਉਹ ਆਪਣੇ ਆਪ ਨੂੰ ਪੰਜਾਬੀ ਕੌਮ ਅਖਵਾਉਣ ਦੀ ਹਿੰਮਤ ਰੱਖਦੇ ਹਨ। ਸੱਭਿਆਚਾਰ ਵੰਡ 'ਤੇ ਆਧਾਰਿਤ ਹੈ। ਇੱਥੋਂ ਤੱਕ ਕਿ ਖੱਬੇ ਅਤੇ ਸੱਜੇ ਪੱਖੀ ਸਿਆਸੀ ਪਾਰਟੀਆਂ/ਸਮੂਹ ਵੀ ਬਿਨਾਂ ਕਿਸੇ ਵਿਚਾਰਧਾਰਕ ਕਾਰਨਾਂ ਦੇ ਵੰਡੇ ਜਾਣਾ ਪਸੰਦ ਕਰਦੇ ਹਨ। ÷ਬਹੁਤ ਸਾਰੇ ਮੁਖੀ ਅਤੇ ਕੋਈ ਭਾਰਤੀ ਨਹੀਂ÷ ਕਹਿਣ ਲਈ ਅਫ਼ਸੋਸ ਹੈ। ਧਰਮ/ਜਾਤ ਪ੍ਰਣਾਲੀ ਦੇ ਕਾਰਨ, ਲੋਕ ਅਜੇ ਵੀ ਛਲ ਸ਼ਾਨਦਾਰ ਭੁਲੇਖੇ ਭਰੇ ਅਤੀਤ ਦੇ ਸੁਪਨੇ ਦੇਖ ਰਹੇ ਹਨ।

ਹੁਣ, ਅਸੀਂ ਸਾਮਰਾਜੀ ਦੇਸ਼ਾਂ ਲਈ ਇਹਨਾਂ ਨੌਜਵਾਨ ਮਜ਼ਦੂਰਾਂ/ਗੁਲਾਮ ਸ਼ਕਤੀਆਂ ਨੂੰ ਦਰਾਮਦ ਕਰਨ ਦੀ ਲੋੜ ਦੀ ਜਾਂਚ ਕਰੀਏ। ਆਓ ਕੈਨੇਡਾ ਦੀਆਂ ਹਾਕਮ ਜਮਾਤਾਂ ਦੇ ਇਰਾਦਿਆਂ ਦੀ ਹੋਰ ਪੜਚੋਲ ਕਰੀਏ। ਸਦੀ ਦੀ ਪਹਿਲਕਦਮੀ ਦੇ ਅਨੁਸਾਰ, ਮੈਕਿੰਸੀ ਸੋਲਿਊਸ਼ਨਜ਼ ਦੁਆਰਾ ਸੁਝਾਏ ਗਏ, ਅਤੇ ਇਸਦੇ ਲਈ, ਉਹਨਾਂ ਨੂੰ ਟੈਕਸਦਾਤਾਵਾਂ ਦੇ ਲੱਖਾਂ ਡਾਲਰਾਂ ਦਾ ਭੁਗਤਾਨ ਕੀਤਾ ਗਿਆ 'ਸੰਸਾਰ ਇੱਕ ਤੇਜ਼ ਰਫ਼ਤਾਰ ਨਾਲ ਬਦਲ ਰਿਹਾ ਹੈ, ਅਤੇ ਕੈਨੇਡਾ ਪਿੱਛੇ ਪੈ ਰਿਹਾ ਹੈ। ਸਾਡੀ ਆਬਾਦੀ ਬੁੱਢੀ ਹੋ ਰਹੀ ਹੈ, ਸਾਡੇ ਕੋਲ ਘੱਟ ਬੱਚੇ ਹੋ ਰਹੇ ਹਨ, ਅਤੇ ਸਾਡੀ ਕਾਰਜਬਲ ਘੱਟ ਰਹੀ ਹੈ। ਜੇਕਰ ਅਸੀਂ ਇਸੇ ਤਰ੍ਹਾਂ ਹੀ ਰਹਿੰਦੇ ਹਾਂ, ਤਾਂ ਵਿਸ਼ਵ ਪੱਧਰ 'ਤੇ ਸਾਡੇ ਪ੍ਰਭਾਵ ਦੇ ਨਾਲ-ਨਾਲ ਕੈਨੇਡਾ ਦੀ ਜੀਡੀਪੀ ਵਾਧਾ ਦਰ ਘਟੇਗੀ। 2100 ਤੱਕ ਸਾਡੀ ਆਬਾਦੀ ਨੂੰ 100 ਮਿਲੀਅਨ ਤੱਕ ਵਧਾਉਣ ਨਾਲ ਸਿਹਤ ਦੇਖ-ਰੇਖ, ਬੁਢਾਪਾ ਸੁਰੱਖਿਆ ਅਤੇ ਹੋਰ ਸੇਵਾਵਾਂ ਲਈ ਫੰਡ ਦੇਣ ਲਈ ਸਰਕਾਰੀ ਮਾਲੀਏ 'ਤੇ ਬੋਝ ਘੱਟ ਜਾਵੇਗਾ। ਇਸਦਾ ਮਤਲਬ ਕੈਨੇਡੀਅਨ ਆਰਥਿਕਤਾ ਵਿੱਚ ਵਧੇਰੇ ਹੁਨਰਮੰਦ ਕਾਮੇ, ਨਵੀਨਤਾ ਅਤੇ ਗਤੀਸ਼ੀਲਤਾ ਵੀ ਹੋਵੇਗਾ। 2100 ਤੱਕ 100 ਮਿਲੀਅਨ ਸਿਰਫ਼ ਇੱਕ ਸੰਖਿਆ ਨਹੀਂ ਹੈ। ਇਹ ਕੈਨੇਡਾ ਲਈ ਵਿਜ਼ਨ ਹੈ ਜੋ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਣਾਉਣਾ ਚਾਹੁੰਦੇ ਹਾਂ।"ਮੈਂ ਸਪੱਸ਼ਟ ਤੌਰ 'ਤੇ ਦਿਖਾਉਂਦਾ ਹਾਂ ਕਿ ਉਹ ਅਮੀਰਾਂ ਨੂੰ ਕਦੇ ਨਹੀਂ ਛੂਹਣਗੇ। ਉਹ ਅਮੀਰਾਂ 'ਤੇ ਕਦੇ ਵੀ ਟੈਕਸ ਨਹੀਂ ਲਾਉਣਗੇ ਪਰ ਪੈਸੇ ਦੇ ਪ੍ਰਵਾਹ ਨੂੰ ਜਾਰੀ ਰੱਖਣ ਲਈ ਉਜਰਤੀ ਗੁਲਾਮਾਂ ਦੀ ਗਿਣਤੀ ਵਧਾਉਣਗੇ। ਕੈਨੇਡਾ ਖਪਤਕਾਰਾਂ ਲਈ ਇੱਕ ਵੱਡਾ ਮਾਲ ਬਣ ਰਿਹਾ ਹੈ। ਕੈਨੇਡਾ ਨੂੰ ਸਾਰੇ ਗਰੀਬ ਮੁਲਕਾਂ ਵਿੱਚ ਸਾਰਾ ਉਤਪਾਦਨ ਕਰਵਾਉਣਾ ਸਸਤਾ ਹੈ। ਇਸ ਦੇ ਨਾਲ ਹੀ ਉਹ ਆਪਣੀਆਂ ਪੁਰਾਣੀਆਂ ਕਲੋਨੀਆਂ 'ਤੇ ਆਪਣਾ ਦਬਦਬਾ ਕਾਇਮ ਰੱਖਦੇ ਹਨ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਉਤਪਾਦਨ ਕਰਨ ਲਈ ਕਰਜ਼ੇ ਦੇ ਕੇ, ਉਹ ਇਨ੍ਹਾਂ ਉਤਪਾਦਾਂ ਨੂੰ ਸਸਤੇ ਮੁੱਲ ਕਿਸੇ ਵੀ ਮਾਲ ਵਿੱਚ ਜਾਓ ਅਤੇ ਤੁਸੀਂ 'ਤੇ ਖਰੀਦਦੇ ਹਨ ਅਤੇ ਇੱਥੇ ਉੱਚੇ ਭਾਅ 'ਤੇ ਵੇਚਦੇ ਹਨ। ਸਾਮਰਾਜਵਾਦ ਯੂਕਰੇਨ ਜਾਂ ਪੰਜਾਬ ਤੋਂ ਦੁਨੀਆਂ ਦੇ ਅਨਾਜ ਪੈਦਾ ਕਰਨ ਵਾਲੇ ਖੇਤਰਾਂ ਨੂੰ ਜੰਗ ਜਾਂ ਹੋਰ ਸਮਾਜਿਕ/ਧਾਰਮਿਕ ਅਸ਼ਾਂਤੀ ਨਾਲ ਕੰਟਰੋਲ ਕਰਨ ਦੀ ਕੋਸ਼ਿਸ਼ ਕਰੇਗਾ। ਇਹਨਾਂ ਸਾਰੇ ਨੌਜਵਾਨ ਪੰਜਾਬੀਆਂ ਅਤੇ ਹੋਰ ਸਾਰੇ ਨਵੇਂ ਪ੍ਰਵਾਸੀਆਂ ਨੂੰ ਸਾਰੇ ਬ੍ਰਾਂਡ ਨਾਮ ਦੇ ਉਤਪਾਦ ਖਰੀਦਦੇ ਹੋਏ ਦੇਖ ਸਕਦੇ ਹੋ ਅਤੇ ਫਿਰ ਤੁਸੀਂ ਉਹਨਾਂ ਨੂੰ ਸੇਵਾ ਉਦਯੋਗ ਵਿੱਚ ਸੁਰੱਖਿਆ ਦੀਆਂ ਨੌਕਰੀਆਂ ਅਤੇ ਸੇਲਜ਼ ਕਲਰਕ ਕਰਦੇ ਹੋਏ ਦੇਖ ਸਕਦੇ ਹੋ। ਉਹ ਕੈਨੇਡੀਅਨ ਮਜ਼ਦੂਰ ਜਮਾਤ ਦਾ ਹਿੱਸਾ ਨਹੀਂ ਬਣਨ ਜਾ ਰਹੇ ਹਨ। ਉਹ ਆਪਣੀ ਦਿਹਾੜੀ ਕਮਾਉਣ ਅਤੇ ਪੱਗ ਬੰਨ੍ਹਣ ਜਾਂ ਮੱਥੇ 'ਤੇ ਬਿੰਦੀ ਲਗਾਉਣ ਦੇ ਸਾਰੇ ਸੂਡੋ ਮਨੁੱਖੀ ਅਧਿਕਾਰ ਹੋਣਗੇ। ਇਸ ਤੋਂ ਇਲਾਵਾ, ਉਹ ਦਸਤਾਰ ਦਿਵਸ ਵੀ ਮਨਾਉਣਗੇ ਜਾਂ ਆਪਣੇ ਦੇਵਤੇ ਦੀ ਵੱਡੀ ਮੂਰਤੀ ਲਗਾਉਣਗੇ। ਉਹ ਆਪਣੀ ਨਵੀਂ ਆਜ਼ਾਦੀ ਦਾ ਆਨੰਦ ਮਾਣਨਗੇ ਅਤੇ ਰਾਮ ਰਾਜ ਜਾਂ ਲਾਹੌਰ ਦਰਬਾਰ ਦੇ ਆਪਣੇ ਅਤੀਤ ਜਾਂ ਭਰਮ ਭਰੇ ਸ਼ਾਨਦਾਰ ਅਤੀਤ ਬਾਰੇ ਸੁਪਨੇ ਦੇਖਦੇ ਰਹਿਣਗੇ। ਇਹਨਾਂ ਵਿਦਿਆਰਥੀਆਂ/ਨਵੇਂ ਆਉਣ ਵਾਲੇ ਵਿਦਿਆਰਥੀਆਂ ਨੂੰ ਉਹਨਾਂ ਦੇ ਸਥਾਪਿਤ ਦੇਸ਼ ਦੇ ਲੋਕ ਜਾਂ ਤਾਂ ਰਾਜਨੀਤਿਕ ਲਾਭ ਲਈ ਜਾਂ ਆਰਥਿਕ ਸ਼ੋਸ਼ਣ ਲਈ ਵਰਤੇ ਜਾਣਗੇ। ਉਹ ਗਠਜੋੜਾਂ ਜਾਂ ਗੁਰਦੁਆਰਿਆਂ ਵਿੱਚ ਸਮਾਜਕ ਦਬਦਬੇ ਲਈ ਆਪਸ ਵਿੱਚ ਲੜਨ ਜਾਂ ਰੁਤਬੇ ਨੂੰ ਉੱਚਾ ਚੁੱਕਣ ਲਈ ਮਿਹਨਤ ਕਰਨ ਵਿੱਚ ਉਲਝੇ ਰਹਿਣਗੇ। ਉਹ ਆਪਣੇ ਸਦੀਆਂ ਪੁਰਾਣੇ ਜਗੀਰੂ ਸੱਭਿਆਚਾਰਕ ਅਤੀਤ ਅਤੇ ਇਗਨੋ ਨਾਲ ਜੁੜੇ ਰਹਿਣਗੇ ਮਾਰਕੀਟ ਮਸ਼ੀਨ ਦੇ ਨਿਯਮਾਂ ਅਨੁਸਾਰ ਨਵੀਂ ਪੀੜ੍ਹੀ ਅਤੇ ਉਨ੍ਹਾਂ ਦੀਆਂ ਇੱਛਾਵਾਂ. ਆਪਣੇ ਸਾਰੇ ਸਮਾਜਿਕ/ਧਾਰਮਿਕ/ਜਾਤੀ ਵਿਸ਼ਵਾਸਾਂ ਵਾਲੇ ਇਹ ਲੋਕ ਕਦੇ ਵੀ ਕਿਸੇ ਬਗਾਵਤ ਦਾ ਹਿੱਸਾ ਨਹੀਂ ਬਣਨਗੇ ਪਰ ਨਵ-ਬਸਤੀਵਾਦ ਦਾ ਨਿਮਾਣਾ ਹਿੱਸਾ ਨਹੀਂ ਹੋਣਗੇ। ਅਤੇ ਇਹ ਪੂੰਜੀਵਾਦੀ ਮਸ਼ੀਨ ਦੇ ਅਨੁਕੂਲ ਹੈ






HOMELIFE
HIGHER STANDARDS

**HomeLife SilverCity Realty Inc.**
Brokerage Independently Owned & Operated



**Harbans Singh**
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com

Punjab Insurance Inc.

**Commitment to Excellent Service**
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP

10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

---

EXPERIOR
FINANCIAL GROUP INC

Representing Many financial institutions



**SuperVisa, Life Insurance**
**Disability, Critical Illness, Health**

SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS

LOWEST RATES FREE QUOTE Call Protect your family

**Call: 416.209.6363**
**Hardeep Atwal**
Sr. Financial Advisor

---

The Chaat Bar
& Parontha Place



**403-460-0405 | 403-478-8324**

2030-6004 Country Hills Blvd, NE
Calgary AB T3N 1A8
info@chaatbar.ca | www.chaatbar.ca
Contact For Catering

---

BEAUTY BLISS
Mediaesthetics

INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM

**Contact :**
**Nav Gill** RN BscN
587.971.0052

**For**
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

---

**We Provide Following Insurance Services**

- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

**Aman Gill**
Financial Security Advisor



2102, 3730-108 Ave. NE Calgary AB T3N 1V8
**Cell: 403-919-6962**
Email: amandeepbrr440@gmail.com

Desjardins Financial Security Independent Network · CPP · GREAT-WEST · BMO · RBC Royal Bank · Equitable Life of Canada · iA Financial Group · Manulife Financial · Canada Life · Foresters · ivari

---



**PUNJABI SWEETS**
**House & Restaurant**

All Kinds of Sweets
Non-Veg & Vegi Food

Take out
We do catering also

Fast & Best Friendly Service

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।

**Open 7 Days a Week**
**403-293-5252**

Bay 113 216 Saddle Towne Cir, N.E. T3J 0C9

---

**SHAHEED BHAGAT SINGH BOOK CENTRE**
**Calgary Canada**



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :

**Book Exhibition & Sale!**
Contact: Master Bhajan Singh at 403-455-4220

---



Buying | Selling | Investing

HOMELIFE HIGHER STANDARDS
Homelife/Miracle Realty Ltd. Brokerage
Each Office Independently Owned & Operated

***Bill (Baljinder) Bath***
Realtor
Dir: 416.567.0008
Email: Bill5670008@gmail.com

821 Bovaird Drive Unit #31, Brampton L6X 0T9

# ਰੈਜ਼ੀਡੈਂਸ ਲਾਇਸੰਸਿੰਗ ਦਾ ਸਵਾਲ : ਵਿਚਾਰ ਚਰਚਾ ਅਤੇ ਸੰਘਰਸ਼ ਦਾ ਅਗਾਜ਼





ਜਿਸ ਕਿਸਮ ਨਾਲ ਰੈਜੀਡੈਂਸ ਲਾਇਸੰਸਿੰਗ ਦਾ ਮੁੱਦਾ ਬਰੈਂਮਟਨ ਵਿਚ ਭਖਿਆ ਹੋਇਆ ਹੈ। ਇਸ ਖੇਤਰ ਵਿਚ ਰਹਿ ਰਹੇ ਲੋਕਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਜਿਥੇ ਇਕ ਪਾਸੇ ਆਰਥਿਕ ਤੌਰ 'ਤੇ ਉਨ੍ਹਾਂ ਦੀਆਂ ਜੇਬਾਂ ਨੂੰ ਵੱਡਾ ਕੁਹਾੜਾ ਵੱਜੇਗਾ, ਉਥੇ ਨਵੇਂ ਲਾਇਸੰਸਿੰਗ ਪੈਟਰਨ ਤਹਿਤ ਮਾਨਸਿਕ ਤਣਾਅ ਵਾਲੀ ਸਥਿਤੀ ਵਿਚ ਵੀ ਆਉਣਗੇ। ਇਸ ਪੈਲਟ ਪ੍ਰੋਜੈਕਟ ਦਾ ਵਿਰੋਧ ਕਰਨ ਲਈ ਵੱਡੀ ਇਕੱਤਰਤਾ ਗੈਰੇ ਮੈਡਵੈਅ ਕਮਿਊਨਿਟ ਸੈਂਟਰ ਵਿਚ ਹੋਈ ਜਿਸ ਵਿਚ ਰਵੀ ਸੋਹਲ, ਡਾ. ਅਜ਼ਾਦ ਰਾਇਤ, ਮੈਡਮ ਅਬੀ ਗਿੱਲ ਅਤੇ ਪਰਮਜੀਤ ਢਿੱਲੋਂ ਪ੍ਰਵਾਸੀ ਪੈਨਸ਼ਨਲ ਐਸੋਸੀਏਸ਼ਨ ਨੇ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਭਵਿੱਖ ਵਿਚ ਇਸ ਮਸਲੇ ਨੂੰ ਕੇਂਦਰ ਵਿਚ ਰੱਖ ਕੇ ਹੋਰ ਸਮਾਜਿਕ ਮਸਲਿਆਂ 'ਤੇ ਵੀ ਸਾਨੂੰ ਇਕੱਤਰਤਾਵਾਂ ਕਰਨੀਆਂ ਚਾਹੀਦੀਆਂ ਹਨ। ਇਸ ਮੌਕੇ 'ਤੇ 'ਸਰੋਕਾਰ ਦੇ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਵੀ ਸ਼ਾਮਲ ਸਨ। ਇਸ ਮੌਕੇ ਇਹ ਵਿਚਾਰ ਉਭਰ ਕੇ ਸਾਹਮਣੇ ਆਇਆ ਹੈ ਕਿ ਜਿਸ ਕਿਸਮ ਨਾਲ ਅਜੋਕੀ ਰਾਜ ਕਰਦੀ ਜਮਾਤ ਖੁੱਲ੍ਹੇਆਮ ਪੂੰਜੀਵਾਦੀਆਂ ਦੇ ਪੱਖ ਵਿਚ ਆ ਚੁੱਕੀ ਹੈ ਹਰੇਕ ਢੰਗ ਨਾਲ ਕਿਰਤ ਕਰਨ ਵਾਲੇ ਲੋਕਾਂ ਦੀ ਜਾਨ ਮੁੱਠੀ ਵਿਚ ਬੰਦ ਕਰ ਰਹੀ ਹੈ। ਇਹ ਵੀ ਹਕੀਕਤ ਹੈ ਕਿ ਕੈਨੇਡੀਅਨ ਪੂੰਜੀਵਾਦੀ ਸਮਾਜ ਇਕ ਵੱਡੀ ਤਬਦੀਲੀ ਦੀ ਵੀ ਮੰਗ ਕਰਦਾ ਹੈ ਤਾਂ ਕਿ ਕਿਰਤ ਕਰਨ ਵਾਲੇ ਲੋਕਾਂ ਦੀ ਜਾਨ ਸੁਖੀ ਹੋ ਸਕੇ। ਉਨ੍ਹਾਂ ਦੀ ਕਿਰਤ ਦੇ ਅਧਾਰ 'ਤੇ ਹੀ ਇਹ ਮੁਲਕ ਚਲ ਰਿਹਾ ਹੈ। ਇਸ ਸਮੇਂ ਵੱਖ ਵੱਖ ਭਾਈਚਾਰਿਆਂ ਨੂੰ ਇਕੱਠੇ ਹੋ ਕੇ ਅਗਾਂਹ ਆਉਣਾ ਚਾਹੀਦਾ ਹੈ।

# ਇਨਕਲਾਬੀ ਸ਼ਰਧਾਂਜਲੀ : ਉਮਰ ਭਰ ਰਹੇ ਕ੍ਰਾਂਤੀਕਾਰੀ ਨੂੰ ਯਾਦ ਕਰਦਿਆਂ

## ਅਰਮਾਨੀ ਦੇ ਜੱਦੀ ਪਿੰਡ ਬੁਰਜ ਢਿਲਵਾਂ ਵਿਖੇ ਸ਼ਰਧਾਂਜਲੀ ਸਮਾਗਮ ਮੌਕੇ ਉਮੜਿਆ ਜਨ ਸੈਲਾਬ














ਮਾਨਸਾ, (ਬਲਜਿੰਦਰ ਸਿੰਘ ਪਟਿਆਲਾ) : ਮਾਨਸਾ ਜ਼ਿਲ੍ਹੇ ਦਾ ਪਿੰਡ ਬੁਰਜ ਢਿੱਲਾਂ 1960-70ਵਿਆਂ ਵਿਚ ਦੇਸ਼ ਵਿਚ ਚਲੀ ਹਥਿਆਰਬੰਦ ਇਨਕਲਾਬੀ ਵਿਚਾਰਧਾਰਕ ਨਕਸਲੀ ਲਹਿਰ ਦੇ ਪ੍ਰਭਾਵਿਤ, ਪੰਜਾਬ ਦੇ ਪਿੰਡਾਂ 'ਚੋਂ ਇਕ ਪ੍ਰਸਿੱਧ ਪਿੰਡ ਰਿਹਾ। ਲੋਕ ਪੱਖੀ ਇਨਕਲਾਬੀ ਨਿਜਾਮ ਸਿਰਜਣ ਦਾ ਸੁਪਨਾ ਲੈ ਕੇ ਚੱਲੇ ਇਸ ਵਿਲੱਖਣ ਲਹਿਰ ਵਿਚ ਸਰਗਰਮ ਨੌਜਵਾਨਾਂ ਨੂੰ ਸਮੇਂ ਦੀ ਹਕੂਮਤ ਨੇ ਚੁਣ ਚੁਣ ਕੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨਹਿਰਾਂ ਕੱਸੀਆਂ ਦੇ ਪੁਲਾਂ 'ਤੇ ਦਰਖਤਾਂ ਨਾਲ ਬੰਨ੍ਹ ਕੇ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਜਿਨ੍ਹਾਂ ਵਿਚ ਬਾਬਾ ਬੂਝਾ ਸਿੰਘ ਤੇ ਮਰਗਿੰਦ ਵਰਗੇ 72 ਸਾਲਾ ਬਜ਼ੁਰਗ ਵੀ ਸ਼ਾਮਲ ਸਨ ਇਸ ਕਹਿਰ ਦਾ ਸ਼ਿਕਾਰ ਹੋਏ।


ਮਾਸਟਰ ਸੁਰਜੀਤ ਅਰਮਾਨੀ ਇਸ ਲਹਿਰ 'ਚੋਂ ਸਰਗਰਮ ਕਲਮਕਾਰ ਅਧਿਆਪਕ ਤੇ ਕਵੀ ਰਹੇ ਸਨ। ਜਿਸ ਨੂੰ ਉਸ ਸਮੇਂ ਚਾਰ ਚਾਰ ਜੇਲ੍ਹ ਦੀਆਂ ਸ਼ੀਖਾਂ 'ਚ ਡੱਕਿਆ ਗਿਆ ਅਤੇ ਐਮਰਜੈਂਸੀ ਦੌਰਾਨ ਵੀ ਜੇਲ੍ਹ ਕੱਟੀ। ਇਸ ਦੌਰ ਦੌਰਾਨ ਪਰਿਵਾਰਕ ਮੈਂਬਰਾਂ ਨੂੰ ਵੀ ਅੰਨ੍ਹੇਵਾਹ ਪੁਲਿਸ ਤਸ਼ੱਦਦ ਦਾ ਕਹਿਰ ਝੱਲਣਾ ਪਿਆ। ਮਾਸਟਰ ਸੁਰਜੀਤ ਅਰਮਾਨੀ ਉਮਰ ਭਰ ਇਸ ਲਹਿਰ ਦਾ ਸਮਰੱਥਕ ਰਿਹਾ। 21 ਜਨਵਰੀ 2023 ਨੂੰ ਇਹ ਵਿਲੱਖਣ ਸ਼ਖਸੀਅਤ ਸਾਨੂੰ ਸਭ ਨੂੰ ਸਦੀਵੀ ਅਲਵਿਦਾ ਆਖ ਗਏ। 28 ਦਸੰਬਰ 2011 ਨੂੰ ਉਨ੍ਹਾਂ ਦੀ ਲਿਖੀ ਵਸੀਅਤ ਮੁਤਾਬਕ ਕੋਈ ਧਾਰਮਿਕ ਰਸਮ ਨਾ ਕਰਨ ਲਈ ਹੀ ਨਹੀਂ ਕਿਹਾ ਸਗੋਂ ਆਪਣਾ ਮ੍ਰਿਤਕ ਸਰੀਰ ਵੀ ਮੈਡੀਕਲ ਖੋਜ ਕਾਰਜਾਂ ਲਈ ਦਾਨ ਕਰਨ ਵਰਗਾ ਅਨੋਖਾ ਰਸਤਾ ਚੁਣਿਆ ਗਿਆ। 25 ਜਨਵਰੀ ਨੂੰ ਉਨ੍ਹਾਂ ਦੇ ਹਮਖਿਆਲੀ/ਵਿਚਾਰਧਾਰਕ ਮਿੱਤਰ ਪਰਿਵਾਰ ਰਿਸ਼ਤੇਦਾਰ ਦੋਸਤ ਮਿੱਤਰਾਂ ਵਲੋਂ ਇਕ ਸਾਧਾਰਨ ਸ਼ਰਧਾਂਜਲੀ ਸਮਾਗਮ ਵਿਚ ਸਰਗਰਮ ਸ਼ਮੂਲੀਅਤ ਕੀਤੀ।

ਸਮਾਗਮ ਵਿਚ ਪਹੁੰਚੇ ਹੋਏ ਅਦੇਸ਼ ਮੈਡੀਕਲ ਕਾਲਜ ਬਠਿੰਡਾ ਵਲੋਂ ਖੋਜ ਕਾਰਜ ਲਈ ਸਰੀਰ ਦਾਨ ਕਰਨ ਲਈ ਉਨ੍ਹਾਂ ਦੇ ਪਰਿਵਾਰ ਨੂੰ ਜਾਰੀ ਕੀਤਾ ਪ੍ਰਸ਼ੰਸਾ ਪੱਤਰ ਵੀ ਭੇਟ ਕੀਤਾ। ਸਮਾਗਮ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਜਨਰਲ ਸਕੱਤਰ ਪ੍ਰੋ. ਅਜਾਇਬ ਸਿੰਘ ਟਿਵਾਣਾ ਨੇ ਮਾਸਟਰ ਸੁਰਜੀਤ ਅਰਮਾਨੀ ਦੀ ਸ਼ਖਸੀਅਤ ਦੇ ਬਹੁਤ ਸਾਰੇ ਪੱਖਾਂ ਤੋਂ ਇਲਾਵਾ ਰਿਕਾਰਡ ਕੀਤੀ ਉਨ੍ਹਾਂ ਦੀ ਇੰਟਰਵਿਊ ਵਿਚੋਂ ਵੀ ਜਾਣਕਾਰੀ ਸਾਂਝੀ ਕੀਤੀ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਪ੍ਰਧਾਨ ਮਾਸਟਰ ਰਜਿੰਦਰ ਸਿੰਘ ਭਦੌੜ ਨੇ ਸੁਰਜੀਤ ਅਰਮਾਨੀ ਦੀ ਵਸੀਅਤ ਤੇ ਸ਼ਖਸੀਅਤ ਨੂੰ ਕਹਿਣੀ ਕਰਨੀ ਦਾ ਸੁਮੇਲ ਕਹਿੰਦਿਆਂ ਸਵਰਗ ਨਰਕ ਦੇ ਫਲਸਫੇ ਦਾ ਖੰਡਨ ਕਰਕੇ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ।

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਮਾਓ ਨੇ ਉਨ੍ਹਾਂ ਦੇ ਪਰਿਵਾਰ ਰਿਸ਼ਤੇਦਾਰ ਵਲੋਂ ਚੱਲਦੇ ਸੰਘਰਸ਼ ਵਿਚ ਪਾਏ ਜਾ ਰਹੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਲੋਕ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਨੇ ਅਰਮਾਨੀ ਦੇ ਸੰਘਰਸ਼ਮਈ ਜੀਵਨ ਲਈ ਉਨ੍ਹਾਂ ਸਲਾਮ ਪੇਸ਼ ਕੀਤੀ। ਲਿਬਰੇਸ਼ਨ ਦੇ ਆਗੂ ਰਾਵਿੰਦਰ ਰਾਣਾ ਨੇ ਕਿਹਾ ਕਿ ਜਮਾਤੀ ਦ੍ਰਿਸ਼ਟੀਕੋਣ ਜਮਾਤੀ ਸੰਘਰਸ਼ ਕਰਨਾ ਹੀ ਮਾਸਟਰ ਸੁਰਜੀਤ ਅਰਮਾਨੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਮਾਸਟਰ ਸੁਰਜੀਤ ਅਰਮਾਨੀ ਦਾ ਸਮੁੱਚਾ ਜੀਵਨ ਹੀ ਸੰਘਰਸ਼ਾਂ ਦੀ ਇਕ ਲੰਬੀ ਦਾਸਤਾ ਹੈ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਲੋਂ ਵੀ ਇਸ ਲਹਿਰ ਵਿਚ ਵੱਧ ਚੜ੍ਹ ਕੇ ਯੋਗਦਾਨ ਦਿੱਤਾ ਜਾਂਦਾ ਰਿਹਾ ਹੈ। ਅਸੈਸੀ ਐਸਟੀ ਕਮਿਸ਼ਨ ਹਰਿਆਣਾ ਸਰਕਾਰ ਦੇ ਚੇਅਰਮੈਨ ਅਤੇ ਸਾਬਕਾ ਵਿਧਾਇਕ ਪ੍ਰੋ. ਰਵਿੰਦਰ ਸਿੰ ਬਲਿਆਲਾ ਜੋ ਕਿ ਅਰਮਾਨੀ ਦੇ ਨੇੜਲੇ ਰਿਸ਼ਤੇਦਾਰ ਹਨ, ਨੇ ਵੀ ਇਸ ਸਮੇਂ ਆਪਣੀ ਹਾਜ਼ਰੀ ਲਵਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ।ਸਮਾਗਮ ਦੇ ਅਖੀਰ ਵਿਚ ਉਨ੍ਹਾਂ ਦੇ ਛੋਟੇ ਭਰਾ ਆਤਮਾ ਸਿੰਘ ਪਮਾਰ ਵਲੋਂ ਸਮੁੱਚੇ ਹਾਜ਼ਰੀਨ ਦਾ ਇਸ ਦੁੱਖ ਦੀ ਘੜੀ ਵਿਚ ਪਹੁੰਚਣ 'ਤੇ ਧੰਨਵਾਦ ਵੀ ਕੀਤਾ।

ਇਸ ਸਮੇਂ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਰਾਮ ਨਿਰਮਾਣ ਬਠਿੰਡਾ, ਬਲਰਾਜ ਮੌੜ ਦਰਸ਼ਨ ਮੌੜ, ਸੁਖਦੇਵ ਪਾਂਧੀ, ਮੱਖਣ ਸਿੰਘ ਰਾਮਗੜ੍ਹ, ਧੰਨਾ ਮਲ ਗੋਇਲ, ਹਰਗਿਆਨ ਸਿੰਘ ਢਿੱਲੋਂ, ਐਡਵੋਕੇਟ ਬਲਵੰਤ ਭਾਟੀਆ, ਅਜੀਤ ਉਪ ਦਫ਼ਤਰ ਦੇ ਇੰਚਾਰਜ ਬਲਵਿੰਦਰ ਸਿੰਘ ਧਾਲੀਵਾਲ, ਹਰਗਿਆਨ ਸਿੰਘ ਢਿੱਲੋਂ ਅਤੇ ਹਰਬੰਸ ਸਿੰਘ ਸਹੋਤਾ ਸੇਵਾਮੁਕਤ ਵਧੀਕ ਸੁਪਰਡੈਂਟ ਇੰਜੀਨੀਅਰ ਤੋਂ ਇਲਾਵਾ ਵੱਡੀ ਗਿਣਤੀ ਨਗਰ ਨਿਵਾਸੀ, ਦੋਸਤ ਮਿੱਤਰ ਰਿਸ਼ਤੇਦਾਰ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂ ਤੇ ਵਰਕਰ ਵੀ ਸ਼ਰਧਾਂਜਲੀ ਸਮਾਗਮ ਵਿਚ ਹਾਜ਼ਰ ਸਨ।



TANGERINE DEVELOPMENTS LTD
Channi Makkar
Vice President, Construction
Mobile : 604-783-0745
Office : 604-652-2733
channi@tangerinedevelopments.com
tangerinedevelopments.com
203 - 15350 Croydon Drive
Surrey, BC V2Z 0Z5


ਅਸਲ ਮੁੱਦਾ

# ਕੈਨੇਡੀਅਨ ਹਾਊਸਿੰਗ ਸੰਕਟ : ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਮਸਲਾ



ਕੈਨੇਡੀਅਨ ਹਾਊਸਿੰਗ ਸੰਕਟ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਠਹਿਰਾਉਣਾ, ਹੈਲਥਕੇਅਰ ਸੰਕਟ ਗਲਤ ਹੈ 2024 ਵਿੱਚ, ਫੈਡਰਲ ਸਰਕਾਰ ਪਿਛਲੇ ਸਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਅਧਿਐਨ ਪਰਮਿਟਾਂ ਵਿੱਚ 35% ਦੀ ਕਮੀ ਲਿਆਏਗੀ, ਜੋ ਕਿ ਰਹਿਣ-ਸਹਿਣ ਦੀ ਲਾਗਤ ਦੇ ਦੁੱਗਣੇ ਹੋਣ ਵੱਲ ਇਸ਼ਾਰਾ ਕਰੇਗੀ। ਕੈਨੇਡੀਅਨ ਹਾਊਸਿੰਗ ਸੰਕਟ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਠਹਿਰਾਉਣਾ, ਹੈਲਥਕੇਅਰ ਸੰਕਟ ਗਲਤ ਹੈ ਪ੍ਰਤੀਨਿਧ ਚਿੱਤਰ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਨੇ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਨਵੀਂ ਕੈਪ ਦਾ ਐਲਾਨ ਕੀਤਾ ਹੈ। 2024 ਵਿੱਚ, IRCC ਦਾ ਟੀਚਾ 360,000 ਸਟੱਡੀ ਪਰਮਿਟ ਜਾਰੀ ਕਰਨ ਦਾ ਹੈ, ਜੋ ਕਿ 2023 ਤੋਂ 35% ਦੀ ਕਮੀ ਹੈ। ਇਹ ਘੋਸ਼ਣਾ ਲਾਗਤ-ਦੇ-ਰਹਿਣ ਦੀ ਲੋੜ ਨੂੰ ਦੁੱਗਣਾ ਕਰਨ ਦੀ ਏਜ਼ੀ 'ਤੇ ਆਈ ਹੈ, ਜਿਸ ਵਿੱਚ ਕਿਊਬੇਕ ਨੂੰ ਛੱਡ ਕੇ ਕਿਸੇ ਵੀ ਸੂਬੇ ਵਿੱਚ ਪੜ੍ਹਨ ਲਈ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰਦਰਸ਼ਨ ਕਰਨਾ ਪੈਂਦਾ ਹੈ। ਉਹਨਾਂ ਕੋਲ $20,635 ਤੱਕ ਪਹੁੰਚ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸ਼ਿਕਾਰੀ ਪ੍ਰਾਈਵੇਟ ਕਾਲਜਾਂ ਅਤੇ ਸ਼ੋਸ਼ਣ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਭਰਤੀ ਕਰਨ ਵਾਲਿਆਂ ਨੇ ਅਨੈਤਿਕ ਤੌਰ 'ਤੇ ਕੰਮ ਕੀਤਾ ਹੈ, ਅਤੇ ਉਹਨਾਂ ਦੀਆਂ ਕਾਰਵਾਈਆਂ ਨੂੰ ਹੱਲ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ। ਅੰਤਰਰਾਸ਼ਟਰੀ ਵਿਦਿਆਰਥੀ ਵੀ ਕੈਨੇਡਾ ਵਿੱਚ ਪ੍ਰਫੁੱਲਤ ਹੋਣ ਲਈ ਲੋੜੀਂਦੇ ਸਮਰਥਨ ਅਤੇ ਸੇਵਾਵਾਂ ਤੱਕ ਪਹੁੰਚ ਦੇ ਹੱਕਦਾਰ ਹਨ। ਪਰ 'ਹਾਊਸਿੰਗ ਕਰੰਚ ਦੇ ਵਿਚਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪਰਮਿਟਾਂ ਨੂੰ ਕੈਪ ਕਰਨ ਲਈ ਕੈਨੇਡਾ' ਵਰਗੀਆਂ ਸੁਰਖੀਆਂ ਵਿੱਚ ਦਰਸਾਈਆਂ ਪ੍ਰਮੁੱਖ ਮੀਡੀਆ ਕਥਾਵਾਂ ਗਲਤ ਅਤੇ ਨੁਕਸਾਨਦੇਹ ਹਨ। ਉਹ ਅਸਲ ਜ਼ਿੰਮੇਵਾਰ ਲੋਕਾਂ ਤੋਂ ਵੀ ਜ਼ਿੰਮੇਵਾਰੀ ਨੂੰ ਦੂਰ ਕਰਦੇ ਹਨ: ਸਰਕਾਰੀ ਅਤੇ ਸ਼ਿਕਾਰੀ ਪ੍ਰਾਈਵੇਟ ਕਾਲਜਾਂ ਦੇ ਸਾਰੇ ਪੱਧਰਾਂ 'ਤੇ ਚੁਣੇ ਹੋਏ ਅਧਿਕਾਰੀ। ਕੈਪ ਦੀ ਮੀਡੀਆ ਕਵਰੇਜ ਵੀ ਇਸ ਮੁੱਦੇ ਦੇ ਕੇਂਦਰ ਵਿੱਚ ਲੋਕਾਂ ਨੂੰ ਵਿਚਾਰਨ ਵਿੱਚ ਅਸਫਲ ਰਹੀ ਹੈ - ਖੁਦ ਅੰਤਰਰਾਸ਼ਟਰੀ ਵਿਦਿਆਰਥੀ ਜੋ ਕੈਨੇਡਾ ਵਿੱਚ ਆਪਣੇ ਮਹੱਤਵਪੂਰਨ ਆਰਥਿਕ ($22.3 ਬਿਲੀਅਨ) ਅਤੇ ਸਮਾਜਿਕ ਯੋਗਦਾਨ ਦੇ ਬਾਵਜੂਦ, ਕੈਨੇਡਾ ਦੇ ਬਹੁਤ ਸਾਰੇ ਵੱਡੇ ਅਤੇ ਲੰਬੇ ਸਮੇਂ ਲਈ ਜ਼ਿੰਮੇਵਾਰ ਹਨ। ਖੜ੍ਹੀਆਂ ਚੁਣੌਤੀਆਂ ਮੀਡੀਆ ਨੇ ਜਨਤਕ ਪੋਸਟ-ਸੈਕੰਡਰੀ ਸੰਸਥਾਵਾਂ ਲਈ ਕੈਪ ਦੇ ਨਤੀਜਿਆਂ ਬਾਰੇ ਵੀ ਰਿਪੋਰਟ ਕੀਤੀ ਹੈ, ਜਿਨ੍ਹਾਂ ਨੇ ਸਾਲਾਂ ਤੋਂ, ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸੁੰਗੜਦੇ ਹੋਏ ਸੂਬਾਈ ਸਰਕਾਰ ਦੀਆਂ ਗ੍ਰਾਂਟਾਂ ਦੇ ਮੱਦੇਨਜ਼ਰ ਇੱਕ ਮਹੱਤਵਪੂਰਨ ਆਮਦਨ ਸਰੋਤ ਵਜੋਂ ਦੇਖਿਆ ਹੈ। ਇਹਨਾਂ ਕਹਾਣੀਆਂ ਨੇ ਇਸ ਗੱਲ 'ਤੇ ਧਿਆਨ ਦਿੱਤਾ ਹੈ ਕਿ ਇਹ ਨੀਤੀ ਕਿਵੇਂ ਹੋਵੇਗੀ ਯੂਨੀਵਰਸਿਟੀਆਂ ਦੀ ਵਿੱਤੀ ਸਥਿਰਤਾ 'ਤੇ ਗੰਭੀਰ ਪ੍ਰਭਾਵ ਪਾਉਂਦਾ ਹੈ, ਅਤੇ ਕਿਵੇਂ ਉਹਨਾਂ ਨੂੰ ਘਰੇਲੂ/ਕੈਨੇਡੀਅਨ ਵਿਦਿਆਰਥੀਆਂ ਦੀ ਟਿਊਸ਼ਨ ਵਧਾਉਣ ਲਈ ਮਜਬੂਰ ਕੀਤਾ ਜਾ ਸਕਦਾ ਹੈ, ਜਿਸ ਨਾਲ ਕੈਨੇਡੀਅਨਾਂ 'ਤੇ ਮਾੜਾ ਅਸਰ ਪਵੇਗਾ। ਇਹ ਖੁਦ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਪ੍ਰਭਾਵ ਨੂੰ ਨਜ਼ਰਅੰਦਾਜ਼ ਕਰਦਾ ਹੈ, ਜਿਨ੍ਹਾਂ ਦਾ ਸਾਲਾਂ ਤੋਂ ਪ੍ਰੋਵਿੰਸਾਂ ਅਤੇ ਯੂਨੀਵਰਸਿਟੀਆਂ ਦੁਆਰਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਜੋ ਪਹਿਲਾਂ ਹੀ ਕੈਨੇਡਾ ਵਿੱਚ ਅੰਤ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਨ। ਕੁਝ ਸੰਪਾਦਕੀ ਲੇਖਕਾਂ ਨੇ ਦਲੀਲ ਦਿੱਤੀ ਹੈ ਕਿ ਵੀਜ਼ਾ 'ਤੇ ਸੀਮਾ ਅਤੇ ਸਖਤ ਵਰਕ-ਪਰਮਿਟ ਨਿਯਮ ਸੈਕੰਡਰੀ ਤੋਂ ਬਾਅਦ ਦੀ ਸਿੱਖਿਆ 'ਉਦਯੋਗ' ਦੇ ਸ਼ੋਸ਼ਣ ਨੂੰ ਠੀਕ ਕਰਨਗੇ। ਫੈਡਰਲ ਸਰਕਾਰ ਨੇ ਇੱਕ 'ਮਾਨਤਾ ਪ੍ਰਾਪਤ ਸੰਸਥਾ' ਫਰੇਮਵਰਕ ਬਣਾਉਣ ਲਈ ਵਚਨਬੱਧ ਕੀਤਾ ਹੈ ਜੋ ਸੰਸਥਾਵਾਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਫਾਸਟ-ਟਰੈਕ ਸਟੱਡੀ ਪਰਮਿਟਾਂ ਲਈ ਸਹਾਇਤਾ, ਸੇਵਾਵਾਂ ਅਤੇ ਨਤੀਜਿਆਂ ਲਈ ਉੱਚੇ ਮਾਪਦੰਡ ਨਿਰਧਾਰਤ ਕਰਦੇ ਹੋਏ ਦੇਖਣਗੇ। ਇਸੇ ਤਰ੍ਹਾਂ, ਕਈ ਸੂਬਿਆਂ ਨੇ ਹਿੰਸਕ ਕਾਲਜਾਂ 'ਤੇ 'ਕਰੈਕ ਡਾਊਨ' ਕਰਨ ਲਈ ਵਚਨਬੱਧ ਕੀਤਾ ਹੈ। ਪਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸ਼ੋਸ਼ਣ ਨੂੰ ਰੋਕਣ ਦੇ ਹੋਰ ਤਰੀਕੇ ਹਨ, ਜਿਸ ਵਿੱਚ ਕੈਨੇਡਾ ਵਿੱਚ ਪੜ੍ਹਾਈ ਕਰਨ ਅਤੇ ਰਹਿਣ ਲਈ ਤਬਦੀਲੀ ਦਾ ਸਮਰਥਨ ਕਰਨਾ ਅਤੇ ਸੰਮਿਲਿਤ ਸਿੱਖਣ ਦੇ ਮਾਹੌਲ ਨੂੰ ਬਣਾਉਣਾ ਸ਼ਾਮਲ ਹੈ। ਹਾਊਸਿੰਗ ਸੰਕਟ ਲਈ ਕੌਣ ਜ਼ਿੰਮੇਵਾਰ ਹੈ? ਘੋਸ਼ਣਾ ਦੀ ਮੀਡੀਆ ਕਵਰੇਜ ਦੇ ਨਾਲ-ਨਾਲ ਸਰਕਾਰ ਦੀ ਅਧਿਕਾਰਤ ਖਬਰ ਜਾਰੀ ਹੈ, ਕੈਨੇਡਾ ਦੀਆਂ ਕੁਝ ਵੱਡੀਆਂ ਚੁਣੌਤੀਆਂ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਬਲੀ ਦਾ ਬੱਕਰਾ ਬਣਾਉਣਾ ਜਾਰੀ ਰੱਖਦੀ ਹੈ, ਇਹ ਦੱਸਦੇ ਹੋਏ ਕਿ ਕੈਨੇਡਾ ਵਿੱਚ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ "ਹਾਊਸਿੰਗ, ਸਿਹਤ ਸੰਭਾਲ ਅਤੇ ਹੋਰ ਚੀਜ਼ਾਂ 'ਤੇ ਦਬਾਅ ਪਾਉਂਦਾ ਹੈ। ਸੇਵਾਵਾਂ।" ਇਹ ਨਾ ਤਾਂ ਸਹੀ ਹੈ ਅਤੇ ਨਾ ਹੀ ਸਹੀ। ਇਹ ਬਹੁਤ ਜ਼ਿਆਦਾ ਸਰਲ, ਝੂਠ ਅਤੇ ਜ਼ੈਨੋਫੋਬਿਕ ਹੈ। ਕੈਨੇਡਾ ਦੀ ਰਿਹਾਇਸ਼ ਦੀ ਉਪਲਬਧਤਾ ਅਤੇ ਕਿਫਾਇਤੀ ਸੰਕਟ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਹਾਊਸਿੰਗ ਬੁਲਬੁਲਾ ਕਾਰਕਾਂ ਦੇ ਸੰਗਮ ਕਾਰਨ ਹੋਇਆ ਸੀ ਜਿਸ ਵਿੱਚ ਮਿਉਂਸਪਲ, ਸੂਬਾਈ/ਖੇਤਰੀ ਅਤੇ ਸੰਘੀ ਸਰਕਾਰ ਦੀਆਂ ਨੀਤੀਆਂ, ਮਿਉਂਸਪਲ ਜ਼ੋਨਿੰਗ ਕਾਨੂੰਨ, ਡਿਵੈਲਪਰਾਂ ਦੇ ਹਿੱਤ ਅਤੇ ਕੇਂਦਰੀ ਬੈਂਕ ਦੀਆਂ ਨੀਤੀਆਂ ਸ਼ਾਮਲ ਹਨ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਖੁਦ ਕਿਹਾ ਹੈ ਕਿ ਆਵਾਸ ਸੰਕਟ ਨੂੰ ਹੱਲ ਕਰਨ ਲਈ ਪ੍ਰਵਾਸੀ ਮਹੱਤਵਪੂਰਨ ਹਨ ਕਿਉਂਕਿ ਉਹ ਦੇਸ਼ ਵਿੱਚ ਹੁਨਰਮੰਦ ਮਜ਼ਦੂਰਾਂ ਨੂੰ ਲਿਆਉਂਦੇ ਹਨ। ਰਿਹਾਇਸ਼ ਦੀ ਮੰਗ 'ਤੇ ਬਹੁਤ ਜ਼ਿਆਦਾ ਧਿਆਨ ਕੇਂਦਰਤ ਕਰਕੇ - ਅਤੇ ਬਲੀ ਦਾ ਬੱਕਰਾ ਆਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ - ਸਰਕਾਰ ਸਪਲਾਈ ਵਧਾਉਣ ਲਈ ਤੁਰੰਤ ਕਾਰਵਾਈਆਂ ਤੋਂ ਧਿਆਨ ਖਿੱਚ ਰਹੀ ਹੈ। ਬਹੁਤੇ ਅੰਤਰਰਾਸ਼ਟਰੀ ਵਿਦਿਆਰਥੀ ਘਰਾਂ ਜਾਂ ਕਿਰਾਏ ਲਈ ਕੈਨੇਡੀਅਨਾਂ ਨਾਲ ਮੁਕਾਬਲਾ ਨਹੀਂ ਕਰ ਸਕਦੇ। ਯੌਰਕ ਯੂਨੀਵਰਸਿਟੀ ਦੀ ਪ੍ਰੋ: ਤਾਨੀਆ ਦਾਸ ਗੁਪਤਾ ਦੀ ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਕੀਤੀ ਖੋਜ ਨੇ ਪਾਇਆ ਹੈ ਕਿ ਬਹੁਤ ਸਾਰੇ ਵਿਦਿਆਰਥੀ ਸਿਰਫ ਕੁਝ ਸੌ ਡਾਲਰ ਪ੍ਰਤੀ ਮਹੀਨਾ ਕਿਰਾਏ 'ਤੇ ਖਰਚ ਕਰ ਸਕਦੇ ਹਨ, ਉਨ੍ਹਾਂ ਨੂੰ ਭੀੜ-ਭੜੱਕੇ ਵਾਲੇ ਅਤੇ ਗੈਰ-ਕਾਨੂੰਨੀ ਬੇਸਮੈਂਟਾਂ ਵਿੱਚ ਰਹਿਣ, ਬਿਸਤਰੇ ਸਾਂਝੇ ਕਰਨ, ਆਪਣੀਆਂ ਕਾਰਾਂ ਵਿੱਚ ਰਹਿਣ ਜਾਂ ਰਹਿਣ ਲਈ ਮਜਬੂਰ ਕਰ ਸਕਦੇ ਹਨ। ਬੇਘਰੇ ਦਾ ਸਾਹਮਣਾ ਕਰਨ ਲਈ. ਇਹ ਵਿਦਿਆਰਥੀ ਕੈਨੇਡਾ ਵਿੱਚ ਵਧ ਰਹੇ ਘਰਾਂ ਦੀਆਂ ਕੀਮਤਾਂ ਜਾਂ ਕਿਰਾਏ ਦੀਆਂ ਲਾਗਤਾਂ ਦੇ ਮੁੱਖ ਚਾਲਕ ਨਹੀਂ ਹਨ, ਅਤੇ ਕੁਝ ਅਰਥਸ਼ਾਸਤਰੀਆਂ ਨੂੰ ਸ਼ੱਕ ਹੈ ਕਿ ਕੈਪ ਦਾ ਕਿਰਾਏ ਦੀਆਂ ਕੀਮਤਾਂ 'ਤੇ ਕੋਈ ਅਸਰ ਪਵੇਗਾ। ਸਿਹਤ ਸੰਭਾਲ ਸੰਕਟ ਲਈ ਕੌਣ ਜ਼ਿੰਮੇਵਾਰ ਹੈ? ਕੈਨੇਡਾ ਦੀ ਸਿਹਤ-ਸੰਭਾਲ ਪ੍ਰਣਾਲੀ ਦੇ ਬਾਵਜੂਦ, ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਿਹਤ-ਸੰਭਾਲ ਦੀਆਂ ਚੁਣੌਤੀਆਂ ਲਈ ਵੀ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ

ਕੋਵਿਡ-19 ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਮੈਂ ਕਾਫ਼ੀ ਤਣਾਅ ਵਿੱਚ ਸੀ - ਇੱਕ ਸਮਾਂ ਜਦੋਂ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੱਡੀ ਕਮੀ ਆਈ ਸੀ। ਵਾਸਤਵ ਵਿੱਚ, ਜ਼ਿਆਦਾਤਰ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਸਾਡੇ ਸੂਬਾਈ/ਖੇਤਰੀ ਸਿਹਤ-ਸੰਭਾਲ ਪ੍ਰਣਾਲੀਆਂ ਢਾਂਚਾਗਤ ਮੁੱਦਿਆਂ ਕਾਰਨ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਪਤਨ ਵਿੱਚ ਹਨ। ਕੈਨੇਡਾ ਦਾ ਕਾਲਜ ਆਫ਼ ਫੈਮਿਲੀ ਫਿਜ਼ੀਸ਼ੀਅਨ ਸਾਲਾਂ ਤੋਂ ਖ਼ਤਰੇ ਦੀ ਘੰਟੀ ਵਜਾ ਰਿਹਾ ਹੈ ਕਿ ਕੈਨੇਡਾ ਨੂੰ ਵਧੇਰੇ ਪਰਿਵਾਰਕ ਡਾਕਟਰਾਂ ਦੀ ਲੋੜ ਹੈ। 60 ਲੱਖ ਤੋਂ ਵੱਧ ਕੈਨੇਡੀਅਨਾਂ ਕੋਲ ਫੈਮਿਲੀ ਡਾਕਟਰ ਨਹੀਂ ਹੈ। ਆਪਣੇ ਹਾਲੀਆ ਨੀਤੀ ਪ੍ਰਸਤਾਵ ਪੈਕੇਜ ਵਿੱਚ, ਸੰਸਥਾ ਦੱਸਦੀ ਹੈ ਕਿ ਅੱਜ ਫੈਮਿਲੀ ਡਾਕਟਰਾਂ ਲਈ ਸਭ ਤੋਂ ਜ਼ਰੂਰੀ ਲੋੜਾਂ ਵਿੱਚ ਉੱਚ ਮਿਹਨਤਾਨਾ ਅਤੇ ਘਟਾਏ ਗਏ ਪ੍ਰਬੰਧਕੀ ਬੋਝ ਸ਼ਾਮਲ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ - ਜਾਂ ਪ੍ਰਵਾਸੀ, ਵਧੇਰੇ ਵਿਆਪਕ ਤੌਰ 'ਤੇ - ਦਾ ਕਿਤੇ ਵੀ ਨਾਮ ਨਹੀਂ ਹੈ। ਇਹ ਕਿ ਫੈਡਰਲ ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਿਹਤ-ਸੰਭਾਲ ਪ੍ਰਣਾਲੀ 'ਤੇ 'ਦਬਾਅ' ਪਾਉਣ ਲਈ ਜ਼ਿੰਮੇਵਾਰ ਠਹਿਰਾ ਰਹੀ ਹੈ, ਇਹ ਇੱਕ ਗਲਤ ਬਿਆਨਬਾਜ਼ੀ ਅਤੇ ਜ਼ਿੰਮੇਵਾਰੀ ਦਾ ਤਿਆਗ ਹੈ। ਕੈਪ, ਅਤੇ ਨਾਲ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਵੀਆਂ ਵਿੱਤੀ ਲੋੜਾਂ, ਫੈਡਰਲ ਸਰਕਾਰ ਦੀ ਇੱਕ ਵਾਤਾਵਰਣ ਪ੍ਰਣਾਲੀ ਵਿੱਚ ਕੁਝ ਦਬਾਅ ਵਾਲੀਆਂ ਚੁਣੌਤੀਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਨੂੰ ਦਰਸਾਉਂਦੀ ਹੈ ਜਿਸ ਵਿੱਚ ਉਹਨਾਂ ਨੇ ਮਦਦ ਕੀਤੀ ਹੈ। ਜਿਵੇਂ ਕਿ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੀ ਇਮੀਗ੍ਰੇਸ਼ਨ ਸਕਾਲਰ, ਲੀਜ਼ਾ ਬਰੂਨਰ, ਦਲੀਲ ਦਿੰਦੀ ਹੈ, ਪਰਵਾਸ ਅਤੇ ਸਿੱਖਿਆ ਨੂੰ ਬੰਨ੍ਹਣ ਵਾਲੇ ਸਬੰਧਾਂ ਵਿੱਚ ਗੁੰਝਲਦਾਰ ਨੈਤਿਕ ਮੁੱਦੇ ਸ਼ਾਮਲ ਹਨ। ਇਹਨਾਂ ਨਵੀਆਂ ਨੀਤੀਆਂ ਕਾਰਨ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਤੋਂ ਬਾਹਰ ਹੋ ਜਾਣਗੇ, ਜੋ ਆਖਿਰਕਾਰ ਸ਼ਕਤੀ ਅਤੇ ਵਿਸ਼ੇਸ਼ ਅਧਿਕਾਰਾਂ ਦੀ ਨਕਲ ਕਰਨਗੇ। ਸਰਕਾਰੀ ਬਿਆਨਬਾਜ਼ੀ ਅਤੇ ਮੀਡੀਆ ਕਵਰੇਜ ਵਿੱਚ ਬਲੀ ਦਾ ਬੱਕਰਾ ਬਣਾਉਣ ਦਾ ਇਹ ਨਮੂਨਾ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ। ਇਹ ਪਹਿਲਾਂ ਹੀ ਇਮੀਗ੍ਰੇਸ਼ਨ ਪੱਧਰਾਂ ਪ੍ਰਤੀ ਜਨਤਕ ਰਵੱਈਏ ਨੂੰ ਪ੍ਰਭਾਵਤ ਕਰ ਰਿਹਾ ਹੈ, ਅਤੇ ਪ੍ਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਪ੍ਰਤੀ ਆਪਣੇ ਆਪ ਵਿੱਚ ਨਕਾਰਾਤਮਕ ਰਵੱਈਏ ਅਤੇ ਵਿਵਹਾਰ ਪੈਦਾ ਕਰਨ ਲਈ ਫੈਲ ਸਕਦਾ ਹੈ। ਸਮਝਦਾਰੀ ਨਾਲ ਅੰਤਰਰਾਸ਼ਟਰੀ ਵਿਦਿਆਰਥੀ ਚਿੰਤਤ ਹਨ ਅਤੇ ਉਹਨਾਂ 'ਤੇ ਲਗਾਏ ਜਾ ਰਹੇ ਅਨੁਚਿਤ ਦੋਸ਼ਾਂ ਦੇ ਵਿਰੁੱਧ ਬੋਲ ਰਹੇ ਹਨ। ਇਹ ਸਰਕਾਰ ਦੇ ਸਾਰੇ ਪੱਧਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਉਹਨਾਂ ਮੁੱਦਿਆਂ ਨੂੰ ਹੱਲ ਕਰੇ ਜੋ ਉਹਨਾਂ ਨੇ ਪੈਦਾ ਕਰਨ ਵਿੱਚ ਮਦਦ ਕੀਤੀ ਹੈ। ਇਸ ਲਈ ਹਿੰਸਕ ਕਾਲਜਾਂ ਅਤੇ ਅਨੈਤਿਕ ਭਰਤੀ ਕਰਨ ਵਾਲਿਆਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਿਕੰਜਾ ਕੱਸਣ ਲਈ ਤੇਜ਼ ਕਦਮ ਚੁੱਕਣ ਦੀ ਲੋੜ ਹੈ, ਅਤੇ ਜਨਤਕ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਸਰਕਾਰੀ ਗ੍ਰਾਂਟਾਂ ਵਿੱਚ ਮਹੱਤਵਪੂਰਨ ਵਾਧਾ ਕਰਨਾ ਚਾਹੀਦਾ ਹੈ। ਸਰਕਾਰ ਨੂੰ ਸਿਹਤ ਸੰਭਾਲ ਵਿੱਚ ਵੀ ਨਿਵੇਸ਼ ਕਰਨਾ ਚਾਹੀਦਾ ਹੈ ਅਤੇ ਕਿਫਾਇਤੀ ਰਿਹਾਇਸ਼ ਬਣਾਉਣਾ ਚਾਹੀਦਾ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਇਹ ਸਮੱਸਿਆਵਾਂ ਪੈਦਾ ਨਹੀਂ ਕੀਤੀਆਂ ਹਨ, ਅਤੇ ਸਰਕਾਰ ਅਤੇ ਮੀਡੀਆ ਨੂੰ ਉਹਨਾਂ ਨੂੰ ਦੋਸ਼ ਦੇਣਾ ਬੰਦ ਕਰਨਾ ਚਾਹੀਦਾ ਹੈ। ਗੱਲਬਾਤ ਲੀਹ ਹੈਮਿਲਟਨ, ਸੰਗਠਨਾਤਮਕ ਵਿਵਹਾਰ ਦੇ ਪ੍ਰੋਫੈਸਰ, ਬਿਜ਼ਨਸ ਐਂਡ ਕਮਿਊਨੀਕੇਸ਼ਨ ਸਟੱਡੀਜ਼ ਦੀ ਫੈਕਲਟੀ, ਮਾਊਂਟ ਰਾਇਲ ਯੂਨੀਵਰਸਿਟੀ ਅਤੇ ਯਵੋਨ ਸੂ, ਇਕੁਇਟੀ ਸਟੱਡੀਜ਼ ਵਿਭਾਗ, ਯਾਰਕ ਯੂਨੀਵਰਸਿਟੀ, ਕੈਨੇਡਾ ਵਿੱਚ ਸਹਾਇਕ ਪ੍ਰੋਫੈਸਰ।

**ਕਰੀਏਟਿਵ ਕਾਮਨਜ਼ ਲਾਇਸੰਸ ਦੇ ਤਹਿਤ ਗੱਲਬਾਤ ਦੇ ਆਧਾਰ 'ਤੇ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।**

# ਜਗਜੀਤ ਸਿੰਘ ਆਨੰਦ ਸਿਮਰਤੀ ਪੁਰਸਕਾਰ : ਪੱਤਰਕਾਰ ਨਵਜੋਤ ਢਿੱਲੋਂ ਦੀ ਪ੍ਰਾਪਤੀ

2019 ਤੋਂ ਹਰ ਸਾਲ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਯਾਦ ਵਿਚ ਪੱਤਰਕਾਰੀ ਵਿਚ ਸ਼ਲਾਘਾਯੋਗ ਹਿਸਾ ਪਾਉਣ ਵਾਲੇ ਪੱਤਰਕਾਰ ਨੂੰ 51,000 ਰੁਪਏ ਦਾ ਪੁਰਸਕਾਰ ਦਿਤਾ ਜਾਂਦਾ ਹੈ। ਹੁਣ ਤਕ ਇਸ ਲੜੀ ਤਹਿਤ ਸ਼ਿਵਿੰਦਰ ਸਿੰਘ ਨੂੰ (2019), ਪ੍ਰਭਜੀਤ ਸਿੰਘ ਨੂੰ (2020) ਸਵਰਾਜਬੀਰ ਨੂੰ (2021), ਜਤਿੰਦਰ ਕੌਰ ਤੁੜ ਨੂੰ (2022) ਵਿਚ ਅਤੇ ਚਰਨਜੀਤ ਭੁੱਲਰ ਨੂੰ 2023 ਵਿਚ ਜਗਜੀਤ ਸਿੰਘ ਆਨੰਦ ਸਿਮਰਤੀ ਪੁਰਸਕਾਰ ਨਾਲ ਸਨਮਾਨਿਆ ਜਾ ਚੁੱਕਾ ਹੈ। ਪੱਤਰਕਾਰੀ ਵਿਚ ਸ਼ਲਾਘਾਯੋਗ ਦੇਣ ਲਈ ਸਾਡੀ ਕੋਸ਼ਿਸ਼ ਰਹੀ ਹੈ ਕਿ ਉਨ੍ਹਾਂ ਪੱਤਰਕਾਰਾਂ ਨੂੰ ਸਨਮਾਨਿਆ ਜਾਵੇ ਜੋ ਕਾਲਮਨਵੀਸ ਜਾਂ ਸੰਪਾਦਕ ਨਹੀਂ, ਸਗੋਂ ਸਰਗਰਮ ਢੰਗ ਨਾਲ ਕਿਸੇ ਇਲਾਕੇ ਜਾਂ ਸੰਦਰਭ ਵਿਸ਼ੇਸ਼ ਤਹਿਤ ਕੰਮ ਕਰਦੇ ਹਨ। ਪੱਤਰਕਾਰੀ ਦੇ ਖੇਤਰ ਦੇ ਇਹ ਉਹ ਜਾਂਬਾਜ਼ ਸਿਪਾਹੀ ਹੀ ਹਨ ਜੋ ਆਪਣੀ ਮਿਹਨਤ ਅਤੇ ਤਿੱਖੀ ਨਜ਼ਰ ਤੇ ਪੜਚੋਲ ਰਾਹੀਂ ਸਾਡਾ ਧਿਆਨ ਉਨ੍ਹਾਂ ਗੱਲਾਂ ਵਲ ਦੁਆਉਂਦੇ ਹਨ ਜੋ ਜਾਂ ਤਾਂ ਅਣਗੌਲੀਆਂ ਹੀ ਰਹਿ ਜਾਂਦੀਆਂ ਹਨ, ਜਾਂ ਜਿਨ੍ਹਾਂ ਨੂੰ ਢੱਕਣ-ਦਫ਼ਨਾਉਣ ਦੇ ਉਪਰਾਲੇ ਲਗਾਤਾਰ ਕੀਤੇ ਜਾਂਦੇ ਹਨ।

ਸਾਨੂੰ ਇਹ ਦਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਪੱਤਰਕਾਰੀ ਵਿਚ ਸ਼ਲਾਘਾਯੋਗ ਦੇਣ ਲਈ ਇਸ ਸਾਲ ਦੇ ਜਗਜੀਤ ਸਿੰਘ ਆਨੰਦ ਸਿਮਰਤੀ ਪੁਰਸਕਾਰ ਨਾਲ ਕਨੇਡਾ ਨਿਵਾਸੀ ਸੀਨੀਅਰ ਪਤਰਕਾਰ ਅਤੇ ਇਸ ਸਮੇਂ ਡਿਜੀਟਲ ਮੀਡੀਆ ਰਾਹੀਂ ਪੰਜਾਬੀ ਸਾਹਿਤ ਅਤੇ ਸਮਾਜ ਨਾਲ ਜੁੜੇ ਵਿਸ਼ਿਆਂ ਨੂੰ ਲਗਾਤਾਰ ਅਤੇ ਨਰੋਈ ਦਿੱਖ ਨਾਲ ਉਭਾਰਨ ਲਈ ਨਵਜੋਤ ਢਿੱਲੋਂ ਨੂੰ ਸਨਮਾਨਿਆ ਜਾ ਰਿਹਾ ਹੈ। ਇਹ ਪੁਰਸਕਾਰ ਗੁਰਬਖ਼ਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ, ਪ੍ਰੀਤਨਗਰ (ਜ਼ਿਲਾ ਅਮ੍ਰਿਤਸਰ) ਦੇ ਵਿਹੜੇ ਵਿਚ ਐਤਵਾਰ 17 ਮਾਰਚ 2024 ਨੂੰ ਦਿੱਤਾ ਜਾਵੇਗਾ ।







# ਵਿਚਾਰਾਂ ਦੀ ਆਜ਼ਾਦੀ ਦੇ ਪ੍ਰਗਟਾਵੇ ਲਈ ਇਕਜੁਟਤਾ ਦੀ ਜ਼ਰੂਰਤ : ਪ੍ਰਗਤੀਸ਼ੀਲ ਲੇਖਕ ਸੰਘ

**ਬਲਜਿੰਦਰ ਸਿੰਘ ਪਟਿਆਲਾ**

ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਨੇ ਪਿਛਲੇ ਦਿਨੀਂ ਪੰਜਾਬ ਵਿਚ ਕੁਝ ਲੇਖਕਾਂ, ਚਿੰਤਕਾਂ ਅਤੇ ਪੱਤਰਕਾਰਾਂ ਉੱਤੇ ਧਾਰਾ 295 ਜਾਂ 295 ਏ ਤਹਿਤ ਪਰਚੇ ਦਰਜ ਕਰਨ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਾ ਕਤਲ ਗਰਦਾਨਦੇ ਹੋਏ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸੱਤਾ ਦੀਆਂ ਹੰਕਾਰੀ ਤਾਕਤਾਂ ਵੱਖ ਵੱਖ ਕਨੂੰਨਾਂ ਦੀ ਆੜ ਵਿਚ ਦਹਿਸ਼ਤ ਫੈਲਾ ਰਹੀਆਂ ਹਨ ਅਤੇ ਲੋਕਾਂ ਦੀ ਜ਼ੁਬਾਨਬੰਦੀ ਕਰਨ ਦੀ ਕੋਝੀ ਸਾਜ਼ਿਸ਼ ਰਚ ਰਹੀਆਂ ਹਨ, ਜਿਸ ਨੂੰ ਬਰਦਾਸਤ ਨਹੀਂ ਕੀਤਾ ਜਾਵੇਗਾ। ਸਰਵ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿਰਸਾ ਨੇ ਕਿਹਾ ਕਿ ਪਿਛਲੇ ਸਮਿਆਂ ਤੋਂ ਸੱਤਾ ਆਪਣੀ ਧੌਂਸ ਅਤੇ ਦਹਿਸ਼ਤ ਜਮਾਉਣ ਲਈ ਅਜਿਹੇ ਅਮਾਨਵੀ ਹਥਕੰਡੇ ਅਪਣਾ ਰਹੀ ਹੈ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਸੱਤਾ ਦੀਆਂ ਮਾਰੂ ਨੀਤੀਆਂ ਦੇ ਖਿਲਾਫ਼ ਬੋਲਣ ਵਾਲੇ ਚਿੰਤਕਾਂ/ਬੁੱਧੀਜੀਵੀਆਂ/ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਵੱਖ ਵੱਖ ਕੇਸਾਂ ਵਿਚ ਫਸਾ ਕੇ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ ਅਤੇ ਤਰਕਸ਼ੀਲਤਾ ਅਤੇ ਜ਼ਮਹੂਰੀਅਤ ਤੇ ਹਮਲਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਹੱਕ ਸੱਚ ਦੀ ਆਵਾਜ਼ ਨੂੰ ਇੰਝ ਦਬਾਇਆ ਨਹੀਂ ਜਾ ਸਕਦਾ। ਹਰ ਦੌਰ ਵਿਚ ਸੱਚ ਨੰਗੇ ਧੜ ਲੜਦਾ ਹੈ ਅਤੇ ਹੁਣ ਵੀ ਲੜੇਗਾ। ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ ਅਤੇ ਜਨਰਲ ਸਕੱਤਰ ਡਾ. ਕੁਲਦੀਪ ਦੀਪ ਨੇ ਕਿਹਾ







ਕਿ ਜ਼ਮਹੂਰੀ ਮੁਲਕ ਵਿਚ ਹਰ ਕਿਸੇ ਨੂੰ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ। ਜੇਕਰ ਕਿਸੇ ਨੂੰ ਉਸ ਦੀ ਧਾਰਨਾ ’ਤੇ ਇਤਰਾਜ ਹੈ ਤਾਂ ਉਸ ਨੂੰ ਸੰਵਾਦ ਦਾ ਰਾਸਤਾ ਅਖ਼ਤਿਆਰ ਕਰਦੇ ਹੋਏ ਦਲੀਲ ਦਾ ਜੁਆਬ ਦਲੀਲ ਨਾਲ ਦੇਣਾ ਚਾਹੀਦਾ ਹੈ, ਨਾ ਕਿ ਉਸ ਨੂੰ ਧਮਕੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਉਸ ਦੇ ਖਿਲਾਫ਼ ਪਰਚੇ ਦਰਜ ਕਰਾ ਦੇਣੇ ਚਾਹੀਦੇ ਹਨ। ਨਾਲ ਹੀ ਉਹਨਾਂ ਇਹ ਵੀ ਕਿਹਾ ਕਿ ਲੇਖਕਾਂ/ਚਿੰਤਕਾਂ/ਪੱਤਰਕਾਰਾਂ ਨੂੰ ਸੰਜਮ ਅਤੇ ਸੰਜੀਦਗੀ ਨਾਲ ਆਪਣੀ ਗੱਲ ਰਖਣੀ ਚਾਹੀਦੀ ਹੈ ਅਤੇ ਭਾਸ਼ਾ ਦਾ ਸਲੀਕਾ ਕਾਇਮ ਰਖਦੇ ਹੋਏ ਆਪਣੀ ਗੱਲ ਨੂੰ ਦਲੀਲ ਦੀ ਤਾਕਤ ਨਾਲ ਪੇਸ਼ ਕਰਨਾ ਚਾਹੀਦਾ ਹੈ। ਸੱਤਾ ਅਤੇ ਇਸ ਦਾ ਸਮਰਥਨ ਕਰਨ ਵਾਲੀਆਂ ਪਿਛਾਖੜੀ ਜਥੇਬੰਦੀਆਂ ਸ਼ਬਦ ਅਤੇ ਅਦਬ ਦੀ ਤਾਕਤ ਤੋਂ ਬਹੁਤ ਬੌਖਲਾਉਂਦੀਆਂ ਹਨ ਅਤੇ ਫਿਰ ਇਹਨਾਂ ਆਵਾਜ਼ਾਂ ਨੂੰ ਦਬਾਉਣ ਲਈ ਦਮਨ ਦਾ ਰਾਹ ਅਪਣਾਉਂਦੀਆਂ ਹਨ। ਇਸ ਲਈ ਪੂਰੀ ਨਿਡਰਤਾ ਅਤੇ ਸ਼ਾਇਸ਼ਤਗੀ ਨਾਲ ਸੁਚੇਤ ਹੋ ਕੇ ਸੱਤਾ ਦੇ ਇਸ ਏਜੰਡੇ ਦੇ ਖਿਲਾਫ਼ ਸੰਘਰਸ਼ ਕਰਨਾ ਚਾਹੀਦਾ ਹੈ। ਉਪਰੋਕਤ ਦਾ ਸਮਰਥਨ ਕਰਦੇ ਹੋਏ ਜ਼ਮਹੂਰੀ ਅਧਿਕਾਰ ਸਭਾ ਦੇ ਆਗੂ ਪ੍ਰੋ. ਜਗਮੋਹਨ ਸਿੰਘ ਅਤੇ ਡਾ. ਪਰਮਿੰਦਰ ਸਿੰਘ, ਦੇਸ਼ ਭਗਤ ਯਾਦਗਾਰ ਹਾਲ ਦੇ ਨੁਮਾਇੰਦੇ ਅਮੋਲਕ ਸਿੰਘ, ਉੱਘੇ ਪੰਜਾਬੀ ਲੇਖਕਾਂ ਬਲਦੇਵ ਸਿੰਘ ਮੋਗਾ, ਕਿਰਪਾਲ ਕਜ਼ਾਕ, ਕੇਵਲ ਧਾਲੀਵਾਲ, ਡਾ. ਸੁਰਜੀਤ ਭੱਟੀ, ਡਾ. ਸਿਆਮ ਸੁੰਦਰ ਦੀਪਤੀ, ਹਰਭਜਨ ਸਿੰਘ ਬਾਜਵਾ, ਅਤਰਜੀਤ, ਡਾ. ਸਰਬਜੀਤ ਸਿੰਘ, ਪ੍ਰੋ. ਅਜਾਇਬ ਸਿੰਘ ਟਿਵਾਣਾ, ਸੁਰਿੰਦਰ ਗਿੱਲ, ਜੋਗਿੰਦਰ ਸਿੰਘ ਨਿਰਾਲਾ, ਸਿਰੀ ਰਾਮ ਅਰਸ਼, ਸੰਜੀਵਨ ਸਿੰਘ, ਜਸਪਾਲ ਮਾਨਖੇੜਾ, ਸਤਨਾਮ ਚਾਨਾ, ਡਾ. ਅਨੂਪ ਸਿੰਘ ਬਟਾਲਾ, ਸੁਰਿੰਦਰ ਕੈਲੇ, ਗੁਰਨਾਮ ਕੰਵਰ, ਬਲਕਾਰ ਸਿੱਧੂ, ਡਾ. ਗੁਲਜ਼ਾਰ ਪੰਧੇਰ, ਡਾ. ਪਾਲ ਕੌਰ, ਰਮੇਸ਼ ਯਾਦਵ, ਡਾ. ਗੁਰਮੀਤ ਕੱਲਰਮਾਜਰੀ, ਮਦਨ ਵੀਰਾ, ਗੁਰਮੀਤ ਕੜਿਆਲਵੀ, ਹਰਮੀਤ ਵਿਦਿਆਰਥੀ, ਦਰਸ਼ਨ ਜੋਗਾ, ਸ਼ਬਦੀਸ਼, ਹਰਵਿੰਦਰ ਭੰਡਾਲ, ਮੱਖਣ ਮਾਨ, ਭਗਵੰਤ ਰਸੂਲਪੁਰੀ, ਤਰਸੇਮ ਬਰਨਾਲਾ, ਭੋਲਾ ਸਿੰਘ ਸੰਘੇੜਾ, ਡਾ. ਹਰਭਗਵਾਨ, ਸੁਖਵਿੰਦਰ ਪੱਪੀ, ਪ੍ਰੋ. ਬਲਦੇਵ ਬੱਲੀ, ਹਰਜਿੰਦਰ ਸਿੰਘ ਸੂਰੇਵਾਲੀਆ, ਅਰਵਿੰਦਰ ਕੌਰ ਕਾਕੜਾ, ਕਮਲ ਗਿੱਲ, ਡਾ. ਸਰਬਜੀਤ ਕੌਰ ਸੋਹਲ, ਡਾ. ਤਰਸਪਾਲ ਕੌਰ, ਮਨਦੀਪ ਕੌਰ ਭੰਵਰਾ, ਜਸਵੀਰ ਝੱਜ, ਡਾ. ਗੁਰਮੇਲ ਸਿੰਘ, ਭਜਨਵੀਰ, ਜੈਪਾਲ, ਨਵਤੇਜ ਗੜ੍ਹਦੀਵਾਲਾ, ਕੇ. ਐੱਲ ਗਰਗ, ਕੁਲਵੰਤ ਔਜਲਾ, ਸਰਦੂਲ ਸਿੰਘ ਔਜਲਾ, ਓਮ ਪ੍ਰਕਾਸ਼ ਗਾਸੋ, ਸੁਰਿੰਦਰ ਰਾਮਪੁਰੀ, ਪ੍ਰੋ. ਕੁਲਦੀਪ ਚੌਹਾਨ, ਡਾ. ਗੁਰਪ੍ਰੀਤ ਸਿੰਘ, ਬੀਰਿੰਦਰ ਬਨਭੌਰੀ, ਅਸ਼ੋਕ ਚੁਟਾਨੀ, ਚਰਨਜੀਤ ਸਮਾਲਸਰ ਸੱਤਪਾਲ ਭੀਖੀ, ਮਨਜੀਤ ਕੌਰ ਔਲਖ, ਡਾ. ਸੰਤੋਖ ਸੁੱਖੀ, ਬਲਵਿੰਦਰ ਭੱਟੀ, ਹਰਬੰਸ ਹੀਉਂ, ਗੁਰਨੈਬ ਸਿੰਘ, ਡਾ. ਗੁਰਪ੍ਰੀਤ ਸਿੰਘ ਮੁਕਤਸਰ, ਦੀਪਕ ਧਲੇਵਾਂ, ਤਰਲੋਚਨ ਝਾਂਡੇ, ਦਲਵਾਰ ਸਿੰਘ ਚੱਠੇ ਸੇਖਵਾਂ, ਗੁਰਪ੍ਰੀਤ ਮਾਨਸਾ, ਭੁਪਿੰਦਰ ਸੰਧੂ, ਧਰਮਿੰਦਰ ਔਲਖ, ਗੁਰਬਾਜ ਸਿੰਘ, ਰਣਵੀਰ ਰਾਣਾ, ਪ੍ਰੋ. ਗੁਰਦੀਪ ਢਿੱਲੋਂ, ਸਤਿੰਦਰ ਸਿੰਘ ਰੈਬੀ, ਭੁਪਿੰਦਰ ਗਿੱਲ, ਜਗਦੀਸ਼ ਰਾਏ ਨੇ ਇਕਸੁਰ ਵਿਚ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਅਮਾਨਵੀ ਅਤੇ ਲੋਕ ਵਿਰੋਧੀ ਰੁਝਾਨ ਵਿਚ ਨਿਜੀ ਦਿਲਚਸਪੀ ਲੈਕੇ ਪੁਲਿਸ ਅਮਲੇ ਦੀ ਮੁਹਾਰਾਂ ਕਸਣੀਆਂ ਚਾਹੀਦੀਆਂ ਹਨ ਅਤੇ ਤਾਂ ਜੋ ਉਹ ਬਿਨਾ ਕਿਸੇ ਪੁਖ਼ਤਾ ਸਬੂਤ ਤੋਂ ਪਰਚੇ ਦਰਜ ਕਰਕੇ ਲੋਕਾਂ ਵਿਚ ਖੌਫ਼ ਦਾ ਮਾਹੌਲ ਨਾ ਪੈਦਾ ਕਰਨ। ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਕੁਝ ਫਿਰਕਾਪ੍ਰਸਤ ਤਾਕਤਾਂ ਪੰਜਾਬ ਵਿਚ ਫਿਰਕਾਪ੍ਰਸਤੀ ਦਾ ਜਿੰਨ ਖੜ੍ਹਾ ਕਰਕੇ ਸਿਆਸਤ ਦਾ ਪੋਲਰਾਈਜ਼ੇਸ਼ਨ ਕਰਨਾ ਚਾਹੁੰਦੀਆਂ ਹਨ ਅਤੇ ਪੰਜਾਬ ਦੇ ਭਾਈਚਾਰੇ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦੀਆਂ ਹਨ, ਜਿਸ ਦਾ ਡਟ ਕੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜੇਕਰ 295 ਜਾਂ 295 ਏ ਤਹਿਤ ਪਰਚੇ ਪਾਉਣ ਦਾ ਰੁਝਾਨ ਇੰਜ ਹੀ ਜਾਰੀ ਰਿਹਾ ਤਾਂ ਜਲਦੀ ਹੀ ਸਾਰੀਆਂ ਧਰਮ ਨਿਰੱਪਖ ਧਿਰਾਂ, ਕਿਸਾਨ ਜਥੇਬਦੀਆਂ, ਵਿਦਿਆਰਥੀ ਤੇ ਮੁਲਾਜ਼ਮ ਜਥੇਬੰਦੀਆਂ ਅਤੇ ਹੋਰ ਭਰਾਤਰੀ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਇਸ ਦੇ ਖਿਲਾਫ਼ ਸੰਘਰਸ਼ ਕੀਤਾ ਜਾਵੇਗਾ।

ਜਮਹੂਰੀ ਅਧਿਕਾਰ ਸਭਾ ਦੇ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਇਸ ਇਸ ਵਕਤ ਸਮੁੱਚੀਆਂ ਜਮਹੂਰੀਅਤ ਤਾਕਤਾਂ ਇਕ ਪਲੇਟਫਾਰਮ ’ਤੇ ਇਕੱਠੀਆਂ ਹੋ ਕੇ ਵੱਧ ਰਹੇ ਹਿੰਦੂਤਵ ਤਾਕਤਾਂ ਦਾ ਵਿਰੋਧ ਕਰਨ ਲਈ ਅੱਗੇ ਆਉਣ। ਵੱਖ ਵੱਖ ਜਥੇਬੰਦੀਆਂ ਨੇ ਤਰਕਸ਼ੀਲ ਆਗੂ ਸੁਰਜੀਤ ਸਿੰਘ ਦੌਧਰ ਉਪਰ ਬਣਾਏ ਕੇਸ ਦੀ ਨਿਖੇਧੀ ਕੀਤੀ ਹੈ ਅਤੇ ਸਰਕਾਰ ਅਜਿਹੇ ਰਸਤਿਆਂ ’ਤੇ ਅੱਗੇ ਵਧਣ ਤੋਂ ਆਪਣੇ ਆਪ ਨੂੰ ਰੋਕੇ।

---



-ਅਮੋਲਕ ਸਿੰਘ
98778-68710

*ਇਕ ਸ਼ਰਧਾਂਜਲੀ*

# ਹੋਕਾ ਰੁੱਤ ਬਦਲਣ ਦਾ ਆਵੇ, ਕੁੱਲੀ ਨੀ ਫ਼ਕੀਰ ਦੀ ਵਿੱਚੋਂ

ਸਮਾਜਿਕ ਤਬਦੀਲੀ ਲਈ ਜੁਟੇ ਕਾਫ਼ਲਿਆਂ ’ਚ ਗੁੰਮਨਾਮੀਏਂ ਕਾਮਿਆਂ ਦਾ ਯੋਗਦਾਨ ਬਹੁਤੀ ਵਾਰ ਰੌਸ਼ਨੀ ’ਚ ਨਹੀਂ ਆਉਂਦਾ। ਸੰਘਰਸ਼ਸ਼ੀਲ ਕਾਮਿਆਂ ਦੇ ਪਰਿਵਾਰਾਂ ਖ਼ਾਸ ਕਰਕੇ ਔਰਤਾਂ ਅਤੇ ਬੱਚਿਆਂ ਨੇ ਉਹਨਾਂ ਅਗਨ-ਪ੍ਰੀਖਿਆਵਾਂ ਨੂੰ ਕਿਵੇਂ ਪਾਸ ਕੀਤਾ, ਇਹਨਾਂ ਦਾ ਜ਼ਿਕਰ ਵੀ ਸਮਿਆਂ ਦੀ ਦੌੜ ਵਿੱਚ ਗੁਆਚ ਜਾਂਦਾ ਹੈ। ਜਨ ਆਧਾਰ ਬਿਨਾਂ ਲੋਕ ਲਹਿਰ ਕਿਵੇਂ ਬਣ ਸਕਦੀ ਹੈ। ਚੰਦ ਸੂਰਮੇ ਬਿਨਾਂ ਸ਼ੱਕ ਆਪਣੀ ਆਹੂਤੀ ਦੇ ਕੇ ਚਿਰਾਗ਼ ਜਗਦਾ ਰੱਖਦੇ ਨੇ। ਉਹਨਾਂ ਨੂੰ ਚੇਤਿਆਂ ਅਤੇ ਇਤਿਹਾਸ ਦੇ ਸਫ਼ਿਆਂ ’ਤੇ ਸਨਮਾਨਤ ਰੁਤਬੇ ਸੰਗ ਯਾਦ ਰੱਖਣਾ ਵੀ ਬਹੁਤ ਜ਼ਰੂਰੀ ਹੈ, ਜਿਹੜੇ ਸੰਗਰਾਮਾਂ ਦੀ ਕਹਾਣੀ ਅਤੇ ਨਾਟਕ ਵਿਚ ਪਰਦੇ ਦੇ ਪਿੱਛੇ ਰਹਿਕੇ ਵਡਮੁੱਲਾ ਯੋਗਦਾਨ ਪਾਉਂਦੇ ਨੇ।

ਇਸ ਮਾਣ-ਮੱਤੀ ਲੜੀ ਦਾ ਇੱਕ ਮਣਕਾ ਬਾਈ ਇੰਦਰਜੀਤ ਪਿੰਡ ਕੁਰੜ ਨੇੜੇ ਮਹਿਲ ਕਲਾਂ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਆਪਣੀਆਂ ਸੂਝਵਾਨ ਧੀਆਂ ਉਹਨਾਂ ਦੇ ਪਰਿਵਾਰ ਅਤੇ ਸਾਹਿਤਕ, ਜਮਹੂਰੀ ਹਲਕਿਆਂ ਅੰਦਰ ਜਾਣੀ ਪਹਿਚਾਣੀ ਸ਼ਖ਼ਸੀਅਤ ਡਾ. ਹਰਿਭਗਵਾਨ ਬਰਨਾਲਾ ਦੇ ਪਿਤਾ ਇੰਦਰਜੀਤ ਕੁਰੜ ਨੂੰ ਅੱਜ 19 ਜਨਵਰੀ ਵਾਲੇ ਦਿਨ ਉਹਨਾਂ ਦੇ ਪਿੰਡ ਹੀ ਯਾਦ ਕਰਦੇ ਹੋਏ ਉਹਨਾਂ ਦੀ ਘਾਲਣਾ ਨੂੰ ਸਲਾਮ ਕਰਦਾ ਸਮਾਗਮ ਹੋ ਰਿਹਾ ਹੈ।

ਜਦੋਂ ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਲਹਿਰ ਉਪਰ ਦੇਸ਼ ਭਰ ਅੰਦਰ ਚੱਲ ਰਹੇ ਵਹਿਸ਼ੀਆਨਾ ਹੱਲੇ ਮੌਕੇ, ਪੰਜਾਬ ਅੰਦਰ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਕੂਮਤ ਨੇ ਗਦਰ ਲਹਿਰ, ਕਿਰਤੀ ਲਹਿਰ, ਮੁਜਾਰਾ ਲਹਿਰ, ਕਮਿਊਨਿਸਟ ਲਹਿਰਾਂ ਅੰਦਰ ਲੰਮੇ ਅਰਸੇ ਤੋਂ ਕੰਮ ਕਰਦੇ ਆ ਰਹੇ ਦੇਸ਼ ਭਗਤ ਇਨਕਲਾਬੀਆਂ ਦੀ ਸੰਘੀ ਨੱਪਣ ਲਈ ਸਾਰੇ ਹੱਦਾਂ ਬੰਨ ਪਾਰ ਕੀਤੇ। ਝੂਠੇ ਪੁਲਿਸ ਮੁਕਾਬਲੇ ਬਣਾਏ। ਉਹਨਾਂ ਸਮਿਆਂ ਅੰਦਰ ਇੰਦਰਜੀਤ ਕੁਰੜ ਉਪਰ ਜ਼ੁਲਮੀ ਝੱਖੜ ਝੁਲਾਏ ਗਏ। ਇੰਦਰਜੀਤ 10 ਜਨਵਰੀ, 2024 ਨੂੰ ਭਾਵੇਂ ਜਿਸਮਾਨੀ ਤੌਰ ’ਤੇ ਸਾਥੋਂ ਵਿਛੜ ਗਏ ਪਰ ਉਹਨਾਂ ਦੇ ਅਦਬੀ ਸਫ਼ਰ ਦੀਆਂ ਪੈੜਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਜ਼ਿੰਦਗੀ ਦਾ ਮਾਰਗ ਰੁਸ਼ਨਾਉਣ ਲਈ ਚਿਰਾਗ਼ਾਂ ਦਾ ਕੰਮ ਕਰਦੀਆਂ ਹਨ।



ਜਦੋਂ ਇਸ ਖੇਤਰ ਦੇ ਪਿਆਰਾ ਸਿੰਘ ਦੱਧਾਹੂਰ, ਬੇਅੰਤ ਮੂਮਾ, ਨਿਰੰਜਣ ਸਿੰਘ ਕਾਲਸਾਂ, ਗੁਰਦੇਵ ਖਿਆਲੀ, ਸਰੀਫ਼ ਮੁਹੰਮਦ ਕਾਂਝਲਾ ਵਰਗੇ ਇਨਕਲਾਬੀਆਂ ਨੂੰ ਜੀਪਾਂ ਪਿੱਛੇ ਖਿੱਚਕੇ, ਵੇਲਣਿਆਂ ਵਿੱਚ ਹੱਥ ਦੇ ਕੇ ਅੰਨ੍ਹੇ ਤਸ਼ੱਦਦ ਉਪਰੰਤ ਜਾਨੋ ਮਾਰ ਮੁਕਾਇਆ ਉਹਨਾਂ ਦਿਨਾਂ ’ਚ ਪਿੰਡ ਕੁਰੜ ਦੇ ਵਾਸੀ ਸੂਏ ਤੇ ਸਾਈਕਲਾਂ ਦੀ ਮੁਰੰਮਤ ਦੀ ਦੁਕਾਨ ਕਰਦੇ ਇੰਦਰਜੀਤ ਬਾਈ ਦੀ ਝੁੱਗੀ, ਇਨਕਲਾਬੀਆਂ ਦੇ ਆਪਸ ਵਿਚ ਤਾਲਮੇਲ ਦਾ ਮੁੱਖ ਡਾਕ-ਘਰ ਸੀ।

ਬਾਈ ਇੰਦਰਜੀਤ ਕੁਰੜ ਦੀ ਇਹ ਛੋਟੀ ਜਿਹੀ ਝੁੱਗੀ ਨੁਮਾ ਕਿਰਤ ਸ਼ਾਲਾ ਅਸਲ ’ਚ ਕਿਰਤੀਆਂ ਦੀ ਨਵੀਂ ਦੁਨੀਆ ਸਿਰਜਣ ਲਈ ਜੂਝਦੇ ਪੰਖ਼ੇਰੂਆਂ ਦਾ ਆਲ੍ਹਣਾ ਵੀ ਸੀ ਅਤੇ ਪਰਵਾਜ਼ ਭਰਨ ਲਈ ਅੰਬਰ ਵੀ। ਹਕੂਮਤ ਐਨੀ ਗੱਲ ਵੀ ਬਰਦਾਸ਼ਤ ਨਾ ਕਰ ਸਕੀ। ਇਸ ਝੁੱਗੀ ਰਾਹੀਂ ਸੁਨੇਹਿਆਂ ਦੇ ਹੋ ਰਹੇ ਵਟਾਂਦਰੇ ਵੀ ਹਕੂਮਤ ਲਈ ਖ਼ਤਰੇ ਦੀ ਘੰਟੀ ਜਾਪੇ। ਇੰਦਰਜੀਤ ਨੂੰ ਫੜਨ ਲਈ ਇੱਕ ਦਿਨ ਤੜਕਸਾਰ ਹੀ ਵੱਡੀ ਗਿਣਤੀ ਪੁਲਿਸ ਨੇ ਧਾਵਾ ਬੋਲਿਆ। ਪੁਲਿਸ ਅਧਿਕਾਰੀ ਨੇ ਡੰਡੇ ਮਾਰੇ ਅਤੇ ਚੁੱਕ ਕੇ ਲੈ ਗਏ। ਸੀ.ਆਈ ਸਟਾਫ਼ ਦੇ ਹਵਾਲੇ ਕੀਤੇ ਇੰਦਰਜੀਤ ਨੂੰ ਢਾਈ ਮਹੀਨੇ ਲੱਡਾ ਕੋਠੀ ਕਰਕੇ ਜਾਣੇ ਜਾਂਦੇ ਤਸੀਹਾ ਕੇਂਦਰ ਵਿੱਚ ਹਰ ਰੋਜ਼ ਪੁੱਠੇ ਲਟਕਾਇਆ ਗਿਆ। ਜਬਰ ਕਰਦੇ ਸਮੇਂ ਇਹੋ ਪੁੱਛਿਆ ਜਾਂਦਾ; ਤੇਰੇ ਕੋਲ ਕੌਣ ਆਉਂਦਾ ਸੀ ? ਉਹ ਕੀ ਸਕੀਮਾਂ ਘੜਦੇ ਸੀ ? ਉਹਨਾਂ ਦਾ ਅਤਾ ਪਤਾ ਦੱਸ। ਇਸ ਸੂਏ ਤੇ ਕੰਮ ਕਰਦੇ ਹੋਰ ਬੇਲਦਾਰ ਵੀ ਫੜ ਲਏ। ਇਲਾਕੇ ’ਚੋਂ ਫੜਕੇ ਲਿਆਂਦੇ ਹੋਰ ਲੋਕ ਵੀ ਏਥੇ ਡੱਕੇ ਹੋਏ ਸੀ।

ਇੰਦਰਜੀਤ ਦੇ ਪੁੱਠੇ ਲਟਕਦੇ ਦੇ ਸਿਰ ਵਿੱਚ ਜੁੱਤੀਆਂ ਮਾਰੀਆਂ ਜਾਂਦੀਆਂ। ਇੱਕ ਦਿਨ ਮੇਖਾਂ ਵਾਲੀ ਜੁੱਤੀ ਨੇ ਉਹਨਾਂ ਨੂੰ ਲਹੂ-ਲੁਹਾਣ ਕਰ ਦਿੱਤਾ। ਮਾਂ ਲਾਜਵੰਤੀ ਦੀ ਕੁੱਖੋਂ, ਪਿਤਾ ਸ੍ਰੀ ਰਾਮ ਜੀ ਦੇ ਘਰ ਪੈਦਾ ਹੋਇਆ ਇੰਦਰਜੀਤ ਢਾਈ ਮਹੀਨੇ ਹਰ ਰੋਜ਼ ਪੁੱਠਿਆਂ ਲਟਕਾਇਆ ਜਾਂਦਾ। ਹਰ ਸੁਆਲ ਦਾ ਉਸਦਾ ਇਕੋ ਜਵਾਬ ਹੁੰਦਾ ‘ਪਤਾ ਨਹੀਂ’। ਉਹਨਾਂ ਦੇ ਪੁੱਤਰਾਂ ਤੋਂ ਵੀ ਪਿਆਰੇ ਕੁਲਵੰਤ ਰਿਖੀ, ਰੰਗ ਕਰਮੀ ਯਾਦਵਿੰਦਰ, ਹਰਮਨ ਪਿਆਰੇ ਸਾਹਿਤਕਾਰ, ਲੇਖਕ, ਆਲੋਚਕ ਅਤੇ ਸਮਾਜਕ ਜਮਹੂਰੀ ਸਰੋਕਾਰਾਂ ਨਾਲ ਜੁੜੇ ਡਾ. ਹਰਿਭਗਵਾਨ ਦੱਸਦੇ ਹਨ ਕਿ ਬਾਈ ਜੀ ਕਿਹਾ ਕਰਦੇ ਸੀ ਕਿ ਧੰਨ ਅਤੇ ਧਰਤੀ ਵੰਡਕੇ ਲੋਕਾਂ ਦੇ ਘਰਾਂ ਅੰਦਰ ਬਰਾਬਰੀ ਦੀ ਰੌਸ਼ਨੀ ਲਿਆਉਣ ਵਾਲਿਆਂ ਦਾ ਮਿਲਣੀ ਮੌਕੇ ਹੱਥ ਘੁੱਟਣ ’ਤੇ ਹੀ ਅਹਿਸਾਸ ਹੋ ਜਾਂਦਾ ਸੀ ਕਿ ‘ਸਾਡਾ ਬੰਦਾ’ ਹੈ।

ਮਹੀਨਿਆਂ ਬੱਧੀ ਇਹ ਵੀ ਪਤਾ ਨਾ ਲੱਗਾ ਕਿ ਪੁਲਸ ਦੁਆਰਾ ਫੜਿਆ ਇੰਦਰਜੀਤ ਜਿਉਂਦਾ ਹੈ ਜਾਂ ਨਹੀਂ। ਕੁੱਲੀ ਢਾਅ ਦਿੱਤੀ। ਘਰ ਦਾ ਸਮਾਨ ਵੀ ਚੁੱਕ ਲਿਆ। ਮਹੀਨਿਆਂ ਬਾਅਦ ਜਾ ਕੇ ਪਿੰਡ ਦੀ ਪੰਚਾਇਤ ਅਤੇ ਲੋਕਾਂ ਵੱਲੋਂ ਉੱਦਮ ਕਰਨ ’ਤੇ ਜ਼ਮਾਨਤ ਤੇ ਛੱਡਿਆ।

ਉਹਨਾਂ ਨੇ ਭਰਤਪੁਰ (ਰੋਪੜ) ਅਤੇ ਹੋਰ ਕਈ ਥਾਈਂ ਆਟਾ ਚੱਕੀਆਂ ’ਤੇ ਕੰਮ ਕੀਤਾ। ਉਹਨਾਂ ਦੇ ਇੱਕ ਸਪੁੱਤਰ ਦੀ ਉਹਨੀਂ ਦਿਨੀਂ ਮੌਤ ਵੀ ਹੋ ਗਈ। ਆਟਾ ਚੱਕੀਆਂ ਤੋਂ ਇਲਾਵਾ ਮੇਲਿਆਂ ਤੇ ‘ਮੌਤ ਦੇ ਖੂਹ’ ਵਿੱਚ ਸਾਈਕਲ ਵੀ ਚਲਾਇਆ। ਲੋਕਾਂ ਨੇ ਓਥੇ ਹੀ ਉਹਨਾਂ ਦੀ ਕਲਾ ਤੋਂ ਖੁਸ਼ ਹੋ ਕੇ ਮੱਦਦ ਕਰਨੀ। ਉਹ ਕੁੱਝ ਸਮਾਂ ਸ਼ਹਿਰ ਵਿੱਚ ਵੀ ਕੰਮ ਕਰਨ ਲੱਗੇ। ਉਹਨਾਂ ਨੂੰ ਸ਼ਹਿਰ ਦੀ ਜ਼ਿੰਦਗੀ ਰਾਸ ਨਹੀਂ ਬੈਠੀ। ਉਹ ਸ਼ਹਿਰ ਛੱਡਕੇ ਵਾਪਸ ਪਿੰਡ ਆ ਗਏ। ਪਿੰਡ ਦੇ ਲੋਕ ਉਹਨਾਂ ਦੇ ਮਿਹਨਤੀ, ਸੱਚੇ-ਸੁੱਚੇ ਕਿਰਦਾਰ ਅਤੇ ਪਿੰਡੇ ’ਤੇ ਝੱਲੇ ਤਸ਼ੱਦਦ ਕਾਰਨ ਬੇਹੱਦ ਸਤਿਕਾਰ ਕਰਦੇ। ਆਪਣੇ ਘਰ ਦਾ ਮੈਂਬਰ ਸਮਝਦੇ।

ਇੰਦਰਜੀਤ ਬਾਈ ਦੀ ਦੂਰ-ਅੰਦੇਸ਼ੀ ਭਰੀ ਸੋਚ ਸਦਾ ਇਹ ਕਹਿੰਦੀ ਰਹੀ ਕਿ ਅੰਗਰੇਜੀ ਰਾਜ ਵੀ ਲੋਕਾਂ ਦਾ ਵੈਰੀ ਸੀ ਅਤੇ ਅੰਗਰੇਜ਼ ਜਾਣ ਮਗਰੋਂ ਜੋ ਰਾਜ ਆਇਆ ਉਸਨੇ ਜੋ ਚੰਨ ਚਾੜ੍ਹੇ ਇਹ ਵੀ ਕਿਸੇ ਤੋਂ ਲੁਕੇ ਛਿਪੇ ਨਹੀਂ। ਉਹਨਾਂ ਦਾ ਸਾਫ਼ ਕਹਿਣਾ ਸੀ ਕਿ ਉਸ ਮੌਕੇ ਦੀ ਲਹਿਰ ਵਾਲੇ ਕੋਈ ਚੋਰ ਡਾਕੂ ਨਹੀਂ ਸਗੋਂ ਲੋਕਾਂ ਦੀ ਤਕਦੀਰ ਬਦਲਣ ਵਾਲੇ ਸੱਚੇ ਸੂਰਮੇ ਸੀ। ਉਹਨਾਂ ਵਿੱਚ ਜੇ ਕੋਈ ਮਾੜਾ ਬੰਦਾ ਆ ਵੜਦਾ ਤਾਂ ਉਸਦੀ ਨਿਰਖ਼-ਪਰਖ਼ ਕਰਕੇ ਉਸਨੂੰ ਬਾਹਰ ਦਾ ਰਾਹ ਦਿਖਾ ਦਿੰਦੇ ਸੀ। ਭਰਤਪੁਰ, ਡੇਹਰਾਦੂਨ ਤੱਕ ਆਟਾ ਚੱਕੀਆਂ ਤੇ ਕੰਮ ਕਰਨ ਵਾਲੇ, ਮੌਤ ਦੇ ਖੂਹਾਂ ’ਚ ਰੋਟੀ ਰੋਜੀ ਲਈ ਮਿਹਨਤ ਕਰਨ ਵਾਲੇ ਦਰਵੇਸ਼, ਇਨਸਾਨ ਦੀ ਐਨੀ ਗੱਲ ਵੀ ਹਾਕਮਾਂ ਦੀ ਅੱਖ ’ਚ ਗੁਨਾਹ ਬਣ ਗਈ ਕਿ ਉਹ ਲੋਕਾਂ ਦੇ ਜਾਇਆਂ ਨੂੰ ਲੋਕਾਂ ਦੀ ਜ਼ਿੰਦਗੀ ’ਚ ਆਜ਼ਾਦੀ, ਖੁਸ਼ਹਾਲੀ, ਬਰਾਬਰੀ ਦੇ ਰੰਗ ਭਰਨ ਵਾਲਿਆਂ ਨੂੰ ਆਪਣੀ ਝੁੱਗੀ ’ਚੋਂ ਰੋਟੀ ਦੇ ਦਿੰਦਾ ਸੀ। ਇਹਨਾਂ ਕੱਖ਼ਾਂ ਦੀਆਂ ਕੁੱਲੀਆਂ ਨੂੰ ਮਿਨਾਰ ਬਣ ਜਾਣ ਦਾ ਹੋਕਾ ਦੇਣ ਵਾਲੇ ਦਰਦੀ ਦੀ ਉਹ ਕੁੱਲੀ ਭਾਵੇਂ ਉਜਾੜ ਦਿੱਤੀ ਉਸ ਇੰਦਰਜੀਤ ਬਾਈ ਦੀਆਂ ਅਨੇਕਾਂ ਕੁੱਲੀਆਂ, ਉਹਦਾ ਪਰਿਵਾਰ ਜ਼ਮੀਨ ਵਿਹੂਣਿਆਂ, ਸਾਧਨ ਵਿਹੂਣਿਆਂ ਦੇ ਪਰਿਵਾਰ ਦੀ ਫੁੱਲਵਾੜੀ ’ਚੋਂ ਅੱਜ ਇੰਦਰਜੀਤ ਦੀ ਸੋਚ ਦੀ ਦੂਣ ਸਵਾਈ ਮਹਿਕ ਆਉਂਦੀ ਹੈ। ਬਾਈ ਦੇ ਬੋਲਾਂ ਦੀ ਹੇਠ ‘ਹੋਕਾ ਰੁੱਤ ਬਦਲਣ ਦਾ ਆਵੇ, ਕੁੱਲੀ ਨੀ ਫ਼ਕੀਰ ਦੀ ਵਿੱਚੋਂ ਉਸ ਸਮੇਂ ਤੱਕ ਆਉਂਦੀ ਰਹੇਗੀ ਜਦੋਂ ਤੱਕ ਕੁੱਲੀਆਂ ’ਚ ਸੂਰਜ ਦਾ ਚੰਨ ਨਹੀਂ ਹੁੰਦਾ।

# Our Hopes and Dreams for Public Education

**By Steve Cardwell**

We know there are significant pressures facing our valued public education system—overcrowding, chronic underfunding, a growing teacher shortage and inadequate support for students with diverse learning needs to name just a few.

These cracks in our school system command our immediate attention and require our concerted advocacy.

When we're focused on the problems and pressing for much-needed solutions, however, it can be difficult to create the space to talk about the future of public schools and learning. Shouldn't we be talking about our collective aspirations and ideals? About what our hopes and dreams are for public education in BC?

The Institute for Public Education/BC (IPE/BC), a non-partisan, independent organization that provides analysis, research and leadership, has launched a community engagement research project posing those very questions. Through our Hopes and Dreams project, we're asking British Columbians to share their perspectives. At the conclusion of the consultation, we'll publish a report to help inform education policy development and decision-making in BC.

IPE/BC firmly believes that quality, inclusive and accessible public education is key for a strong democratic society. Equally important is that our school system must be democratically governed. That's never more important than in these turbulent and frequently disturbing times. In order to do their very best in their roles, school trustees, the Minister of Education and MLAs need a deep understanding of all that public education can achieve and of what communities value about their public schools, including the hopes and dreams that can be achieved. We see this project as an important discussion among British Columbians.



The impetus for the Hopes and Dreams project is linked to BC's Charter for Public Education, created through an extensive community consultation in 2003. At that time, a five-member panel travelled the province asking these questions:

What is an educated person; what are their characteristics?

Which of these characteristics are developed through the public schools?

What is an educated community?

What are the principles of public education?

Based on submissions and dialogue, an eloquent and compelling charter was created, a document that can still be seen on the walls in many public schools around the province today.

The Charter, however, is now 20 years old and much has changed in our schools since that consultation took place. For example, the commitment to act on reconciliation and decolonization in schools was not yet in place, nor was the clear understanding that all children—including those with special and diverse learning needs—must be welcomed and well-supported in public schools. The curriculum has also changed considerably over the subsequent years and technology plays a much greater role in education today than it did in the early 2000s. So, it became clear that there is a need to hear from British Columbians again and the Hopes and Dreams project was born.

How is the consultation being conducted this time?

Firstly, IPE/BC is determined not to rush the process. We want to ensure enough time for as many people as possible to learn about and participate in the project. Therefore, we're committed to taking at least a full year to collect submissions. We have created a number of pathways for engagement—in person and online.

At the Hopes and Dreams section of our website you'll find all the information you need to share your thoughts through a handy submission form, by email or on social media. We've already met with many people directly at conferences, meetings and other gatherings and would appreciate additional invitations. Are you involved in an event where we could connect with people to hear their views? Don't hesitate to contact us at info@publiceducation.bc.ca with your ideas or requests.

What are your Hopes and Dreams for Public Education in BC? What do you think public schools need? What would a truly equitable, inclusive and diverse system look like? We certainly hope that you'll join in this project and share your perspectives with us.

# ਇਜ਼ਰਾਈਲ ਫਲਸਤੀਨ ਜੰਗ : ਅੰਤਰਰਾਸ਼ਟਰੀ ਨਿਆਂ ਅਦਾਲਤ ’ਚ

**ਸਰੀਮ ਨਾਵੇਦ**

ਇਜ਼ਰਾਈਲ ਦੇ ਖਿਲਾਫ ਦੱਖਣੀ ਅਫਰੀਕਾ ਦੀ ਅਰਜ਼ੀ ਵਿੱਚ ਅੰਤਰਰਾਸ਼ਟਰੀ ਨਿਆਂ ਅਦਾਲਤ ਦੇ ਆਰਜ਼ੀ ਆਦੇਸ਼ਾਂ ਨੇ ਅੰਤਰਰਾਸ਼ਟਰੀ ਕਾਨੂੰਨ ਦੀ ਕੇਂਦਰੀਤਾ ਨੂੰ ਵਿਸ਼ਵਵਿਆਪੀ ਵਿਵਸਥਾ ਲਈ ਮਜ਼ਬੂਤ ਕੀਤਾ ਹੈ। ਇਜ਼ਰਾਈਲ ਦੁਆਰਾ ਫਲਸਤੀਨ ਦੇ ਵਧਦੇ ਬੇਰਹਿਮ ਹਮਲੇ, ਗਲੋਬਲ ਨਾਰਥ ਦੁਆਰਾ ਸਮਰਥਤ, ਨੇ ਸੰਯੁਕਤ ਰਾਸ਼ਟਰ, ਅੰਤਰਰਾਸ਼ਟਰੀ ਸੰਸਥਾਵਾਂ ਅਤੇ ਦੁਨੀਆ ਦੇ ਕੁਝ ਸਭ ਤੋਂ ਵਾਂਝੇ ਲੋਕਾਂ ਲਈ ਨਿਆਂ ਦੀ ਸੰਭਾਵਨਾ ਬਾਰੇ ਨਿਰਾਸ਼ਾ ਦੀ ਭਾਵਨਾ ਪੈਦਾ ਕੀਤੀ ਸੀ। ਇੱਥੋਂ ਤੱਕ ਕਿ ਸੰਯੁਕਤ ਰਾਜ, ਇਰਾਕ ਅਤੇ ਅਫਗਾਨਿਸਤਾਨ ਦੇ ਆਪਣੇ ਹਮਲਿਆਂ ਵਿੱਚ, ਨਾਗਰਿਕਾਂ ਦੀ ਮੌਤ ਤੋਂ ਬਚਣ ਦੀ ਜ਼ਰੂਰਤ ਲਈ ਬੁੱਲ੍ਹਾਂ ਦੀ ਸੇਵਾ ਦਾ ਭੁਗਤਾਨ ਕਰਨਾ ਪਿਆ। ਜੇਕਰ ਸੰਯੁਕਤ ਰਾਜ ਅਤੇ ਇਸਦੇ ਸਹਿਯੋਗੀਆਂ ਦੁਆਰਾ ਅੰਤਰਰਾਸ਼ਟਰੀ ਕਾਨੂੰਨ ਦੀ ਪਾਲਣਾ ਨਹੀਂ ਕੀਤੀ ਗਈ ਸੀ, ਤਾਂ ਇਹ, ਬਹੁਤ ਘੱਟ, ਜਨਤਕ ਤੌਰ ’ਤੇ ਮਜ਼ਾਕ ਨਹੀਂ ਉਡਾਇਆ ਗਿਆ ਸੀ। ਇਜ਼ਰਾਈਲ, ਬਿਨਾਂ ਸ਼ੱਕ 7 ਅਕਤੂਬਰ ਨੂੰ ਇੱਕ ਦੁਖਦਾਈ ਨੁਕਸਾਨ ਦਾ ਸਾਹਮਣਾ ਕਰ ਰਿਹਾ ਸੀ, ਨੇ ਇੱਕ ਅਜਿਹਾ ਰਸਤਾ ਚੁਣਿਆ ਜੋ ਅੰਤਰਰਾਸ਼ਟਰੀ ਕਾਨੂੰਨ ਤੋਂ ਇਨਕਾਰ ਕਰਨ ਦੀ ਕੋਸ਼ਿਸ਼ ਕਰਦਾ ਸੀ। 7 ਅਕਤੂਬਰ ਦੇ ਹਮਲਿਆਂ ਲਈ ਫਲਸਤੀਨੀ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ, ਇਜ਼ਰਾਈਲ ਦੇ ਰਾਸ਼ਟਰਪਤੀ ਸਮੇਤ ਉੱਚ-ਦਰਜੇ ਦੇ ਅਧਿਕਾਰੀਆਂ ਦੁਆਰਾ, ਅੰਤਰਰਾਸ਼ਟਰੀ ਨਿਆਂ ਅਦਾਲਤ ਦੁਆਰਾ ਨੋਟ ਕੀਤਾ ਗਿਆ ਸੀ, ਖੁੱਲ੍ਹੀਆਂ ਕਾਲਾਂ ਕੀਤੀਆਂ ਗਈਆਂ ਸਨ। ਅਜਿਹੇ ਇਲਜ਼ਾਮ ਦਾ ਤਰਕ ਇਹ ਸੀ ਕਿ ਜੇ ਉਹ ਸ਼ਾਮਲ ਨਹੀਂ ਹੁੰਦੇ ਤਾਂ ਉਹ ਹਮਾਸ ਦੇ ਵਿਰੁੱਧ ਉੱਠਣਗੇ। ਇਜ਼ਰਾਈਲ ਤੋਂ ਹਿੰਸਾ ਦੇ ਲਗਾਤਾਰ ਡਰ ਵਿੱਚ ਰਹਿਣ ਵਾਲੀ ਇੱਕ ਦੱਬੇ-ਕੁਚਲੇ ਅਤੇ ਅਸਮਰੱਥ ਆਬਾਦੀ ਨੂੰ ਇਜ਼ਰਾਈਲ ਦੇ ਦੁਸ਼ਮਣਾਂ ਦੇ ਵਿਰੁੱਧ ਕਿਵੇਂ ਉੱਠਣਾ ਚਾਹੀਦਾ ਸੀ, ਇਹ ਇੱਕ ਸਵਾਲ ਹੈ ਜਿਸਦਾ ਜਵਾਬ ਇਜ਼ਰਾਈਲੀ ਰਾਜਨੀਤੀਵਾਦੀਆਂ ਦੁਆਰਾ ਦਿੱਤਾ ਜਾਣਾ ਚਾਹੀਦਾ ਹੈ। ਬੇਸ਼ੱਕ, ਕਾਨੂੰਨ ਦਾ ਇੱਕ ਬੁਨਿਆਦੀ ਸਿਧਾਂਤ ਜਿਸਦੀ ਕਦਰ ਕੀਤੀ ਜਾਂਦੀ ਹੈ ਅਤੇ ਸਭਿਆਚਾਰਾਂ ਅਤੇ ਪ੍ਰਣਾਲੀਆਂ ਵਿੱਚ ਦੇਖਿਆ ਜਾਂਦਾ ਹੈ ਕਿ ਵਿਅਕਤੀਆਂ ਨੂੰ ਉਹਨਾਂ ਦੁਆਰਾ ਕੀਤੇ ਗਏ ਅਪਰਾਧਾਂ ਲਈ ਸਜ਼ਾ ਦਿੱਤੀ ਜਾਂਦੀ ਹੈ। ਉਹਨਾਂ ਦੇ ਪਰਿਵਾਰਾਂ, ਸਮਾਜਾਂ ਅਤੇ ਕੌਮਾਂ ਨੂੰ ਕਦੇ ਵੀ ਐਸੋਸੀਏਸ਼ਨ ਦੁਆਰਾ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ ਹੈ। ਆਖ਼ਰਕਾਰ, ਅਮਰੀਕਾ, ਵੀਅਤਨਾਮ ਨਾਲ, ਜਾਪਾਨ ਨਾਲ ਦੱਖਣੀ ਕੋਰੀਆ ਅਤੇ ਚੀਨ ਨਾਲ, ਇੱਥੋਂ ਤੱਕ ਕਿ ਜਰਮਨੀ ਨਾਲ ਇਜ਼ਰਾਈਲ ਨਾਲ ਸਬੰਧਾਂ ਨੂੰ ਸੁਧਾਰਨ ਦੇ ਯੋਗ ਹੋ ਗਿਆ ਹੈ। ਇਹ ਤੱਥ ਕਿ ਅਮਰੀਕੀਆਂ ਨੇ ਵੀਅਤਨਾਮ ਵਿੱਚ ਜੰਗੀ ਅਪਰਾਧ ਕੀਤੇ, ਜਾਪਾਨੀਆਂ ਨੇ ਚੀਨੀ ਅਤੇ ਕੋਰੀਆਈ ਲੋਕਾਂ ਦਾ ਕਤਲੇਆਮ ਕੀਤਾ ਅਤੇ ਜ਼ੁਲਮ ਕੀਤੇ ਅਤੇ ਜਰਮਨਾਂ ਨੇ ਸਰਬਨਾਸ਼ ਕੀਤਾ, ਇਸ ਦਾ ਇਹ ਮਤਲਬ ਨਹੀਂ ਹੈ ਕਿ ਇਹਨਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਉਹਨਾਂ ਦੀਆਂ ਸਰਕਾਰਾਂ ਦੁਆਰਾ ਕੀਤੇ ਗਏ ਅਪਰਾਧਾਂ ਲਈ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਅਤੇ



ਸਾਥੀ ਨਾਗਰਿਕ। ਫਲਸਤੀਨੀ ਲੋਕਾਂ ਦੀ ਉਹਨਾਂ ਦੀ ਨਿਰੰਤਰ ਸੁਰੱਖਿਆ ਲਈ ਕੀਤੀ ਗਈ ਗੈਰ-ਵਾਜਬ ਮੰਗ, ਉਹਨਾਂ ਲਈ ਜ਼ਰੂਰੀ ਤੌਰ ’ਤੇ ਉਹਨਾਂ ਲਈ ਆਪਣੀਆਂ ਜਾਨਾਂ ਨੂੰ ਫੜਨ ਲਈ, ਇਸ ਨੂੰ ਹਲਕੇ ਤੌਰ ’ਤੇ, ਭਿਆਨਕ ਹੈ। ਆਈਸੀਜੇ ਨੇ, ਜੰਗਬੰਦੀ ਦਾ ਹੁਕਮ ਦੇਣ ਤੋਂ ਇਨਕਾਰ ਕਰਦੇ ਹੋਏ, ਭਾਰਤ ਦੇ ਜਸਟਿਸ ਦਲਵੀਰ ਭੰਡਾਰੀ ਦੇ ਨਾਲ, ਆਰਜ਼ੀ ਉਪਾਵਾਂ ਦੇ ਆਦੇਸ਼ ਦੇਣ ਵਾਲੇ ਬਹੁਮਤ ਫੈਸਲੇ ਵਿੱਚ ਸ਼ਾਮਲ ਹੋਏ, ਹੇਠ ਲਿਖੇ ਉਪਾਅ ਪਾਸ ਕੀਤੇ ਹਨ। ਅਦਾਲਤ ਨੇ ਇਜ਼ਰਾਈਲ ਨੂੰ ਇਹ ਯਕੀਨੀ ਬਣਾਉਣ ਦਾ ਹੁਕਮ ਦਿੱਤਾ ਹੈ ਕਿ ਗਾਜ਼ਾ ਪੱਟੀ ਵਿੱਚ ਨਸਲਕੁਸ਼ੀ ਦੀਆਂ ਕਾਰਵਾਈਆਂ ਨਾ ਹੋਣ। ਇਸ ਨੇ ਇਹ ਵੀ ਹੁਕਮ ਦਿੱਤਾ ਹੈ ਕਿ ਇਜ਼ਰਾਈਲ ਨੂੰ ਨਸਲਕੁਸ਼ੀ ਲਈ ਉਕਸਾਉਣ ਵਾਲਿਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਅਗਲੇ ਹੁਕਮਾਂ ਵਿੱਚ ਇਜ਼ਰਾਈਲ ਨੂੰ ਗਾਜ਼ਾ ਵਿੱਚ ਮਾਨਵਤਾਵਾਦੀ ਸਹਾਇਤਾ ਦੀ ਆਗਿਆ ਦੇਣ ਅਤੇ ਫਲਸਤੀਨੀਆਂ ਦੀ ਸੁਰੱਖਿਆ ਲਈ ਨਿਰਦੇਸ਼ ਸ਼ਾਮਲ ਹਨ। ਅਜਿਹੇ ਅਪਰਾਧਾਂ ਦੇ ਸਬੂਤਾਂ ਦੀ ਸੁਰੱਖਿਆ ਲਈ ਉਪਾਅ ਕਰਨ ਦੇ ਵੀ ਹੁਕਮ ਦਿੱਤੇ ਗਏ ਹਨ। ਇਹ ਸਾਰੇ ਉਪਾਅ, ਜੋ ਅੰਤਰਰਾਸ਼ਟਰੀ ਨਿਆਂ ਅਦਾਲਤ ਦੁਆਰਾ ਆਦੇਸ਼ ਦਿੱਤੇ ਗਏ ਹਨ, ਨੂੰ ਇਜ਼ਰਾਈਲ ਲਈ ਨੈਤਿਕ ਰੁਕਾਵਟ ਵਜੋਂ ਕੰਮ ਕਰਨਾ ਚਾਹੀਦਾ ਹੈ। ਅਦਾਲਤ ਦੇ ਫੈਸਲਿਆਂ ਨੂੰ ਲਾਗੂ ਕਰਨਾ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੁਆਰਾ ਕੀਤਾ ਜਾਣਾ ਚਾਹੀਦਾ ਹੈ, ਜਿੱਥੇ ਸੰਭਾਵਤ ਤੌਰ ’ਤੇ ਅਮਰੀਕਾ ਇਜ਼ਰਾਈਲ ਵਿਰੁੱਧ ਕਿਸੇ ਵੀ ਕਾਰਵਾਈ ਨੂੰ ਰੋਕ ਦੇਵੇਗਾ। ਜਿਵੇਂ ਕਿ, ਜਦੋਂ ਕਿ ਅੰਤਰਰਾਸ਼ਟਰੀ ਅਦਾਲਤ ਨੇ ਇੱਕ ਫੈਸਲਾ ਪਾਸ ਕੀਤਾ ਹੋ ਸਕਦਾ ਹੈ, ਇਜ਼ਰਾਈਲ ਦੇ ਵਿਰੁੱਧ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੇ ਜਾਣ ਦੀ ਸੰਭਾਵਨਾ ਨਹੀਂ ਹੈ ਭਾਵੇਂ ਇਜ਼ਰਾਈਲ ਅਦਾਲਤ ਦੇ ਆਦੇਸ਼ ਨੂੰ ਨਜ਼ਰਅੰਦਾਜ਼ ਕਰਨ ਦੀ ਚੋਣ ਕਰਦਾ ਹੈ। ਅਦਾਲਤ ਦੇ ਹੁਕਮ ਦੀ ਅਸਲ ਕੀਮਤ, ਹਾਲਾਂਕਿ, ਇਸਦੇ ਨਿਰਣੇ ਦੇ ਕਿਸੇ ਵੀ ਕਾਰਪੋਰੇਲ ਲਾਗੂ ਕਰਨ ਵਿੱਚ ਨਹੀਂ ਹੈ, ਪਰ ਫਲਸਤੀਨ ਵਿੱਚ ਵਾਪਰ ਰਹੀ ਅਵਿਸ਼ਵਾਸ਼ਯੋਗ ਤ੍ਰਾਸਦੀ ਵਿੱਚ ਇੱਕ ਮਹੱਤਵਪੂਰਣ ਆਵਾਜ਼ ਵਜੋਂ ਹੈ। ਅਜਿਹੇ ਸਮੇਂ ਵਿੱਚ ਜਦੋਂ ਅਮਰੀਕਾ, ਯੂਕੇ, ਜਰਮਨੀ ਅਤੇ ਕੈਨੇਡਾ ਨੇ ਜਾਂ ਤਾਂ ਇਜ਼ਰਾਈਲੀ ਸਰਕਾਰ ਦੀਆਂ ਕਾਰਵਾਈਆਂ ਵੱਲ ਅੱਖਾਂ ਬੰਦ ਕਰਨ ਜਾਂ ਚੱਲ ਰਹੇ ਨਸਲਕੁਸ਼ੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਕੋਸ਼ਿਸ਼ ਕੀਤੀ ਹੈ। ਗਾਜ਼ਾ ਵਿੱਚ ਫਿਲਸਤੀਨੀਆਂ ਨੂੰ ਵਿਅਕਤੀਆਂ ਦੀ ਇੱਕ ਸੁਰੱਖਿਅਤ ਸ਼੍ਰੇਣੀ ਵਜੋਂ ਮਾਨਤਾ ਦੇਣ ਨਾਲ ਇਜ਼ਰਾਈਲੀ ਸਰਕਾਰ ਨੂੰ ਆਪਣੀ ਚੱਲ ਰਹੀ ਮੁਹਿੰਮ ਵਿੱਚ ਕੁਝ ਵਿਰਾਮ ਮਿਲੇਗਾ। ਇਹ ਨਿਸ਼ਚਤ ਤੌਰ ’ਤੇ ਵੱਡੀ ਗਿਣਤੀ ਵਿਚ ਇਜ਼ਰਾਈਲੀਆਂ ਨੂੰ ਵੀ ਹੁਲਾਰਾ ਦੇਵੇਗਾ ਜੋ ਚਾਹੁੰਦੇ ਹਨ ਕਿ ਇਹ ਯੁੱਧ ਅਤੇ ਫਲਸਤੀਨੀਆਂ ਦਾ ਕਤਲੇਆਮ ਖਤਮ ਹੋਵੇ। ਇਹ ਫਲਸਤੀਨ ਅਤੇ ਦੁਨੀਆ ਭਰ ਦੇ ਮੱਧਮ ਲੋਕਾਂ ਦੀ ਆਵਾਜ਼ ਦਾ ਵੀ ਸਮਰਥਨ ਕਰੇਗਾ, ਇਸ ਮਾਮਲੇ ਲਈ, ਜੋ ਮੰਨਦੇ ਹਨ ਕਿ ਇੱਕੋ ਇੱਕ ਸਥਾਈ ਹੱਲ ਬਰਾਬਰ ਸ਼ਰਤਾਂ ’ਤੇ ਸਹਿ-ਹੋਂਦ ਹੈ। ਇਹ ਸਮਝਦਾਰੀ ਵੱਲ ਇੱਕ ਛੋਟਾ ਜਿਹਾ ਕਦਮ ਹੈ, ਪਰ ਇਸਦੀ ਬੁਰੀ ਤਰ੍ਹਾਂ ਲੋੜ ਹੈ। ਇਹ ਇਜ਼ਰਾਈਲ ਲਈ ਇਸ ਨਸਲਕੁਸ਼ੀ ਮੁਹਿੰਮ ਨੂੰ ਖਤਮ ਕਰਨ ਦਾ ਇੱਕ ਮੌਕਾ ਵੀ ਹੈ ਜੋ ਇਜ਼ਰਾਈਲ ਨੂੰ ਬੰਧਕ ਬਣਾਉਣ ਲਈ ਨਹੀਂ, ਸਗੋਂ ਬੈਂਜਾਮਿਨ ਨੇਤਨਯਾਹੂ ਦੀ ਸਰਕਾਰ ਦੇ ਦਿਨਾਂ ਨੂੰ ਅੱਗੇ ਵਧਾਉਣ ਲਈ ਤਿਆਰ ਕੀਤਾ ਗਿਆ ਜਾਪਦਾ ਹੈ। ਇਹ ਇੱਕ ਮੌਕਾ ਹੈ ਜਿਸਦਾ ਹਰ ਕਿਸੇ ਨੂੰ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

**(ਲੇਖਕ ਦਿੱਲੀ ਦੇ ਇੱਕ ਵਕੀਲ ਹਨ)**

# OFFICIAL STATEMENT FROM ALGOMA INTERNATIONAL STUDENTS' COMMITTEE




We are international students studying at Algoma University's Brampton campus, representing students enrolled in courses in the IT and Business Administration post-graduate certificate programs.

At the beginning of this new year, we were failed en masse in multiple courses without justification or transparency. To understand why, a group of us traveled to Algoma's main campus in Sault Ste. Marie on January 2, but found no answers. Our course instructors refused to give us explanations and our correspondence with other officials proved ineffective. As such, we had no choice but to demand fair reassessment, transparency and accountability through a protest that began on January 3 outside Algoma's Brampton campus. Our protest turned into a permanent protest on January 5, during which we braved a snowstorm and harsh sub-zero conditions day and night. We also marched around Algoma's Brampton campus on Sunday January 14, as featured in the Toronto Star.

**MASS FAILING GRADES IN 5 DIFFERENT COURSES**

Roughly half the students (95-132 students out of 230) in the Techniques of Systems Analysis (COSC3707) class, taught by Klaus Peltsch, woke up to failing grades on January 1, 2024. These students were among the first in our committee who rang the alarm about the excessively high number of failed students and demanded a fair reassessment. A few days after we began our protest, Algoma's Dean of Faculty of Science emailed students with the following:

"...I conducted an investigation and objectively determined that the final grades for this particular Computer Science class are abnormally low. On learning the result of my review, your course instructor has applied a normalised grading system and will resubmit the final grades for this course section." (Michael Twiss, Dean, Faculty of Science)

Due to raising our voices to demand a fair reassessment, the Dean met with us collectively on Monday January 8. COSC3707 students' grades were then bell-curved up, with 63-132 students receiving a passing grade. The remaining students were given the option to do a make-up exam at no cost. While this was a positive response from the university, we continue to have the following questions: Why were nearly half the students' grades so low to begin with? What independent process, if any, took place to reassess our marks?

One week into our protest, many students from four more courses in the Business Administration program came forward with the same story of mass failed grades. The courses were: Managing the Non-Profit Organization (ADMN2017), Marketing Concepts (ADMN 3126), Quantitative Management Decision-Making (ADMN1207) and Labour Relations in Canada (ADMN4976). The first three courses were taught by the same instructor — Pelham Matthews — while the fourth course's exam was not taught but was assessed by Matthews. In each of these courses, at least 35 to 50 students received failing grades out of an estimated 130 students per class, with a fail rate as high as 38% in one class.

Those of us in these four Business Administration courses demanded a collective meeting with the Dean of the Faculty of Business and Economics, William Wei. One of our classmates even collapsed while waiting for a collective meeting in the Registrar's office for 6 hours on January 16. Dean Wei insisted on meeting us only on a one-on-one basis, and refused to meet with our committee collectively — unlike Dean Michael Twiss.

**INTERNATIONAL STUDENTS AS CASH COWS**

Given the scale of these failing grades, we began to wonder who stands to benefit from this situation. Algoma University charges us $2,500-$3,500 to re-enrol in a course, and we cannot graduate without passing the aforementioned courses. In the context of rapidly declining international student applications and our exorbitantly high tuition fee of $22,000 per year, we are concerned about the profit motive that may be driving our university to fail students en masse. As international students on time-limited study visas, we are a prime source of profit for the university.

This is also not the first time, nor the only college, where disproportionately high numbers of international students have been failed. Moreover, if the university is indeed trying to cut corners and make more profit, it is consistent with the severe lack of resources and guidance given to us by course instructors, the poor quality of online courses and the scarcity of offline classes especially as the majority of students request in-person courses.

**FAIR REASSESSMENT, TRANSPARENCY, AND ACCOUNTABILITY**

We have been protesting since January 3 for 1) fair reassessment, 2) transparency and 3) accountability. Since then, we have secured a partial victory only for the first demand:

Passing grades after reassessment: If we had stayed silent and accepted our failing grades, scores of students would have to pay thousands of dollars each to re-enrol in these courses without justification. While our access to data is limited, we estimate that at least 135 students have cumulatively received passing grades after reassessment.

Alternative condensed path to re-do course: Students in ADMN2017 received the option to do an "intensive online synchronous class during the study week in mid-February for free" if they "completed 75% of the course work, with the exception of the Final Exam." Students in the ADMN3126, ADMN1207 and AMDN4976 have not received the same offer, despite being taught or assessed by the same instructor.

Timely appeal: Algoma University has told students that their appeals will be processed within one month's time, instead of the 4-5 months long process it usually takes.

Algoma has yet to offer us transparency by answering the following questions: Why were so many students failed en masse? How many students have been failed in each course over the last two years, and what proportion have been international students vs. domestic students? Why is there no standardized departmental process to review final grades before they are posted on the student portal, as is done at other universities?

Algoma has also not practiced accountability: There has been no apology for the immense financial, physical and mental distress the university has caused international students. Nor have we been assured that course structure and instructorship will change in the near future.

Notably, Algoma University has signed onto the City of Brampton's Charter for Improving the International Student Experience. Among its goals, the Charter mandates "upholding ethical recruitment standards and practices" and "creating academic and wrap-around supports for learners." Specifically, the Charter asks that academic institutions "commit to shared data collection on the international student population, including mapping of changing demographics, enrolment patterns, and international student needs." We hope that Algoma University takes its commitment to the Charter seriously.

**FAILED BY ALGOMA'S SYSTEM, NOT BY OUR EFFORTS**

There will always be students who perform worse than average. However, the widespread scale of the issue, in which disproportionately high numbers of students in multiple different courses were failed, is deeply concerning. It suggests that either the failed grades were either deliberate or erroneous, or that the course instructors were profoundly ineffective in their teaching and assessment. In either case, while we appreciate preliminary efforts to respond to students' concerns, the fact that Algoma University had to curve students up or offer opportunities to re-do examinations/courses reveals significant systemic shortcomings in the university itself.

Given the partial victories since our protest began, our committee is temporarily halting our permanent protest while continuing broader campaign for fair reassessment, transparency and accountability. Our fight for justice and quality education continues — not just for ourselves, but for current and future international students everywhere.

**Please stay updated by following us on Instagram @Algoma_University_Protest.**

# ਨਿਰਮਲ ਰਿਸ਼ੀ : ਟਿੱਬਿਆਂ ਦੀ ਅਦਾਕਾਰਾ ਦੀ ਪ੍ਰਾਪਤੀ

ਉਜਾਗਰ ਸਿੰਘ






ਪਿੰਡ ਖੀਵਾ ਕਲਾਂ ਦੇ ਟਿੱਬਿਆਂ ਦੀ ਕੰਡਿਆਈ, ਕਾਹੀ ਅਤੇ ਭੱਖੜੇ ਦੇ ਬੂਟਿਆਂ ਦੀ ਤਿੱਖੀ ਚੋਭ ਦੀ ਚੀਸ ਵਿੱਚੋਂ ਰੰਗਮੰਚ ਦੀ ਐਸੀ ਮਹਿਕ ਆਈ ਜਿਸਨੇ ਪੰਜਾਬੀ ਰੰਗਮੰਚ ਨੂੰ ਸੁਗੰਧਤ ਅਤੇ ਪ੍ਰਸੰਨ ਕਰ ਦਿੱਤਾ। ਉਸ ਕੰਡਿਆਈ ਦੇ ਬੂਟਿਆਂ ਵਿੱਚੋਂ ਮਹਿਕ ਲਿਆਉਣ ਵਾਲੀ ਮਾਨਸਾ ਦੇ ਪਛੜੇ ਇਲਾਕੇ ਦੇ ਪਿੰਡ ਖੀਵਾ ਕਲਾਂ ਦੀ ਜੰਮ ਪਲ ਪੰਜਾਬੀ ਥੇਟਰ ਅਤੇ ਫ਼ਿਲਮਾ ਦੀ ਪ੍ਰਤਿਭਾਵਨ ਅਦਾਕਾਰਾ ਨਿਰਮਲ ਰਿਸ਼ੀ ਦੀ ਅਦਾਕਾਰੀ ਦੇ ਰੰਗਾਂ ਨੇ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸੰਸਾਰ ਨੂੰ ਆਪਣੀ ਅਦਾਕਾਰੀ ਦੀ ਕਲਾ ਦੀਆਂ ਮਹਿਕਾਂ ਨਾਲ ਖ਼ੁਸ਼ਬੂਦਾਰ ਕਰ ਦਿੱਤਾ। ਮੁੱਢਲੇ ਤੌਰ ਤੇ ਨਿਰਮਲ ਰਿਸ਼ੀ ਰੰਗਮੰਚ ਅਦਾਕਾਰਾ ਹੈ। ਹਰਪਾਲ ਟਿਵਾਣਾ ਦੇ ਮੱਸਿਆ ਦੀ ਰਾਤ ਨਾਟਕ ਵਿੱਚ ਪਹਿਲੀ ਵਾਰ 1966 ਵਿੱਚ ਐਸੀ ਅਦਾਕਾਰੀ ਕੀਤੀ ਜਿਸਨੇ ਨਿਰਮਲ ਰਿਸ਼ੀ ਦੇ ਜੀਵਨ ਵਿੱਚ ਰੌਸ਼ਨੀ ਦਾ ਫ਼ੁਹਾਰਾ ਲਿਆਕੇ ਉਸ ਨੂੰ ਰੰਗਮੰਚ ਦੀ ਰਾਣੀ ਬਣਾ ਦਿੱਤਾ। ਉਸਨੇ ਲਗਪਗ 60 ਨਾਟਕਾਂ ਵਿੱਚ ਵੱਖ ਵੱਖ ਕਿਰਦਾਰ ਨਿਭਾਏ, ਜਿਸ ਨਾਲ ਉਸਦੀ ਕਲਾ ਵਿੱਚ ਨਿਖ਼ਾਰ ਆਇਆ। ਭਰ ਜਵਾਨੀ ਵਿੱਚ ਆਪਣੇ ਰੰਗਮੰਚ ਦੇ ਗੁਰੂ ਹਰਪਾਲ ਤੇ ਨੀਨਾ ਟਿਵਾਣਾ ਦੇ ਨਾਲ ਅਸਮਾਨ ਦੀ ਛੱਤ ਹੇਠਾਂ ਪੋਲੋ ਗਰਾਊਂਡ ਪਟਿਆਲਾ ਵਿੱਚ ਰਾਤਾਂ ਬਿਤਾਈਆਂ। ਲੁਧਿਆਣਾ ਦੀਆਂ ਗਲੀਆਂ ਵਿੱਚ ਰਿਕਸ਼ਿਆਂ ਤੇ ਬੈਠਕੇ ਨਾਟਕਾਂ ਦਾ ਪ੍ਰਚਾਰ ਕੀਤਾ ਅਤੇ ਟਿਕਟਾਂ ਵੇਚੀਆਂ ਕਿਉਂਕਿ ਉਹ ਥੇਟਰ ਨੂੰ ਪ੍ਰਣਾਈ ਹੋਈ ਸੀ। 1983 ਵਿੱਚ ਹਰਪਾਲ ਟਿਵਾਣਾ ਦੀ ਫ਼ਿਲਮ ਲੌਂਗ ਦਾ ਲਿਸ਼ਕਾਰਾ ਵਿੱਚ ਨਿਰਮਲ ਰਿਸ਼ੀ ਨੇ ਪਹਿਲੀ ਵਾਰ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ ਅਤੇ ਇਸ ਪਹਿਲੀ ਫ਼ਿਲਮ ਨਾਲ ਹੀ ਉਸ ਦੀ ਅਦਾਕਾਰੀ ਦੀ ਧੁੰਮ ਮੱਚ ਗਈ। ਇਸ ਫ਼ਿਲਮ ਵਿੱਚ ਗੁਲਾਬੋ ਮਾਸੀ ਦੇ ਕਿਰਦਾਰ ਵਿੱਚ ਉਸ ਨੇ ਅਜਿਹੀ ਧੜੱਲੇਦਾਰ ਤੇ ਦਮਦਾਰ ਅਦਾਕਾਰੀ ਕੀਤੀ, ਜਿਸ ਨੇ ਉਸ ਨੂੰ ਗੁਲਾਬੋ ਮਾਸੀ ਦੇ ਨਾਮ ਨਾਲ ਹਰਮਨ ਪਿਆਰਾ ਬਣਾਇਆ। ਉਸ ਸਮੇਂ ਬਹੁਤੇ ਦਰਸ਼ਕ ਉਸ ਦੇ ਅਸਲੀ ਨਾਮ ਤੋਂ ਵੀ ਜਾਣੂੰ ਨਹੀਂ ਸਨ, ਸਗੋਂ ਉਹ ਉਸ ਨੂੰ ਗੁਲਾਬੋ ਮਾਸੀ ਦੇ ਨਾਮ ਨਾਲ ਹੀ ਜਾਣਦੇ ਅਤੇ ਪੁਕਾਰਦੇ ਸਨ। ਗੁਲਾਬੋ ਮਾਸੀ ਨਾਲ ਜਾਣੀ ਜਾਂਦੀ ਨਿਰਮਲ ਰਿਸ਼ੀ ਦੀ ਅਦਾਕਾਰੀ ਨੇ ਮਾਨਸਾ ਦੇ ਇਲਾਕੇ ਨੂੰ ਸੰਸਾਰ ਦੇ ਨਕਸ਼ੇ ‘ਤੇ ਲੈ ਆਂਦਾ। ਇੱਕ ਸਮਾਂ ਸੀ ਜਦੋਂ ਨਿਰਮਲ ਰਿਸ਼ੀ ਤੋਂ ਬਿਨਾ ਕੋਈ ਵੀ ਪੰਜਾਬੀ ਦਾ ਨਾਟਕ ਅਤੇ ਫਿਲਮ ਲੋਕਾਂ ਵਿਚ ਮਾਣਤਾ ਪ੍ਰਾਪਤ ਨਹੀਂ ਕਰਦੀ ਸੀ। ਜਦੋਂ ਦਰਸ਼ਕਾਂ ਨੂੰ ਇਹ ਪਤਾ ਲਗਦਾ ਸੀ ਕਿ ਇਸ ਨਾਟਕ/ਫ਼ਿਲਮ ਵਿੱਚ ਗੁਲਾਬੋ ਮਾਸੀ ਅਦਾਕਾਰ ਹੈ ਤਾਂ ਥੇਟਰਾਂ ਅਤੇ ਸਿਨਮਿਆਂ ਵਿੱਚ ਦਰਸ਼ਕਾਂ ਦੀ ਭੀੜ ਇਕੱਠੀ ਹੋ ਜਾਂਦੀ ਸੀ। ਦਮਦਾਰ ਆਵਾਜ਼ ਦੀ ਮਾਲਕ ਨਿਰਮਲ ਰਿਸ਼ੀ ਦੇ ਡਾਇਲਾਗ ਹਾਸਿਆਂ ਦੇ ਫ਼ੁਹਾਰੇ ਛੱਡਦੇ ਦਰਸ਼ਕਾਂ ਦੇ ਢਿੱਡੀ ਪੀੜਾਂ ਪਾ ਦਿੰਦੇ ਸਨ। ਪੰਜਾਬੀ ਦੀ ਪਹਿਲੀ ਨਾਟਕ ਅਤੇ ਫਿਲਮਾਂ ਦੀ ਐਕਟਰੈਸ ਨਿਰਮਲ ਰਿਸ਼ੀ ਨੇ ਆਪਣੀ ਅਦਾਕਾਰੀ ਦੀ ਛਾਪ ਨਾਲ ਪੰਜਾਬੀਆਂ ਦੇ ਮਨਾਂ ਨੂੰ ਮੋਹ ਲਿਆ ਹੈ। ਪਹਿਲੀ ਫ਼ਿਲਮ ਨਾਲ ਹੀ ਉਹ ਵੱਡੀ ਕਲਾਕਾਰ ਬਣ ਗਈ। ਉਸ ਨੇ ਇੱਕ ਦੁਕਾ ਹਿੰਦੀ ਫ਼ਿਲਮਾ ਤੋਂ ਇਲਾਵਾ 60 ਪੰਜਾਬੀ ਫ਼ਿਲਮਾ ਜਿਨ੍ਹਾਂ ਵਿੱਚ ਲੌਂਗ ਦਾ ਲਿਸ਼ਕਾਰਾ, ਉਚਾ ਦਰ ਬਾਬੇ ਨਾਨਕ ਦਾ, ਦੀਵਾ ਬਲੇ ਸਾਰੀ ਰਾਤ, ਕੁਦੇਸਣ, ਨਿੱਕਾ ਜ਼ੈਲਦਾਰ-1, ਨਿੱਕਾ ਜ਼ੈਲਦਾਰ-2, ਬੰਬੂਕਾਟ, ਰੱਬ ਦਾ ਰੇਡੀਓ, ਲਾਹੌਰੀਏ ਅਤੇ ਲਵ ਪੰਜਾਬ ਵਰਣਨਯੋਗ ਹਨ, ਵਿੱਚ ਅਦਾਕਾਰੀ ਕਰਕੇ ਆਪਣੀ ਵਿਲੱਖਣ ਪ੍ਰਤਿਭਾ ਦਾ ਸਬੂਤ ਦਿੱਤਾ। ਪੈਪਸੂ ਦੇ ਸਭ ਤੋਂ ਪਛੜੇ ਇਲਾਕੇ ਮਾਨਸਾ ਪਿਤਾ ਪਟਵਾਰੀ ਬਲਦੇਵ ਕ੍ਰਿਸ਼ਨ ਰਿਸ਼ੀ ਅਤੇ ਮਾਤਾ ਬਚਨੀ ਦੇਵੀ ਦੇ ਘਰ 1 ਨਵੰਬਰ 1943 ਨੂੰ ਜਨਮੀ ਨਿਰਮਲ ਰਿਸ਼ੀ ਬਚਪਨ ਤੋਂ ਹੀ ਸਕੂਲ ਦੀਆਂ ਖੇਡਾਂ ਅਤੇ ਸਭਿਅਚਾਰਕ ਸਰਗਰਮੀਆਂ ਵਿੱਚ ਅਥਾਹ ਦਿਲਚਸਪੀ ਲੈਂਦੀ ਸੀ, ਜਦੋਂ ਕਿ ਉਸ ਸਮੇਂ ਲੜਕੀਆਂ ਦਾ ਸਭਿਆਚਾਰਕ ਪ੍ਰੋਗਰਾਮਾ ਵਿੱਚ ਹਿੱਸਾ ਲੈਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਉਸ ਦੀ ਅਦਾਕਾਰੀ ਦੀ ਪ੍ਰਤਿਭਾ ਨੂੰ ਬੂਰ ਸਕੂਲ ਵਿੱਚ ਹੀ ਪੈਣਾ ਸ਼ੁਰੂ ਹੋ ਗਿਆ ਸੀ। ਨਿਰਮਲ ਰਿਸ਼ੀ ਨੇ ਮੁੱਢਲੀ ਪੜ੍ਹਾਈ ਮਾਨਸਾ ਤੋਂ ਹੀ ਪ੍ਰਾਪਤ ਕੀਤੀ। ਅਦਾਕਾਰੀ ਅਤੇ ਖੇਡਾਂ ਦਾ ਸ਼ੌਕ ਉਸ ਨੂੰ ਸਕੂਲ ਸਮੇਂ ਵਿਚ ਹੀ ਲੱਗ ਗਿਆ ਸੀ। ਗ੍ਰੈਜੂਏਸ਼ਨ ਉਸ ਨੇ ਆਪਣੀ ਭੂਆ ਕੋਲ ਗੰਗਾਨਗਰ ਜਾ ਕੇ ਪਾਸ ਕੀਤੀ। ਕਾਲਜ ਵਿਚ ਜਾ ਕੇ ਉਹ ਖੁਲ੍ਹਕੇ ਨਾਟਕਾਂ ਵਿੱਚ ਹਿੱਸਾ ਲੈਣ ਲੱਗ ਪਈ। ਸਕੂਲ ਅਤੇ ਕਾਲਜ ਦੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਉਸ ਦਾ ਹਮੇਸ਼ਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਉਹ ਸਕੂਲ ਅਤੇ ਕਾਲਜ ਵਿਚ ਐਨ.ਸੀ.ਸੀ.ਦੀ ਕੈਡਟ ਵੀ ਰਹੀ। ਉਹ ਖੋਹ -ਖੋਹ, ਸ਼ੂਟਿੰਗ, ਬਾਸਕਟਬਾਲ ਅਤੇ ਅਥਲੈਟਿਕਸ ਦੀ ਖਿਡਾਰਨ ਵੀ ਰਹੀ। ਖੇਡਾਂ ਅਤੇ ਅਦਾਕਾਰੀ ਬਰਾਬਰ ਚਲਦੇ ਰਹੇ। ਉਸ ਨੇ ਸਰੀਰਕ ਸਿਖਿਆ ਦੇ ਵਿਸ਼ੇ ਵਿਚ ਐਮ.ਫਿਲ ਸਰਕਾਰੀ ਸਰੀਰਕ ਸਿਖਿਆ ਕਾਲਜ ਪਟਿਆਲਾ ਤੋਂ ਕੀਤੀ। ਸਰੀਰਕ ਸਿਖਿਆ ਉਸਦਾ ਚਹੇਤਾ ਵਿਸ਼ਾ ਸੀ, ਇਸ ਲਈ ਉਸਨੇ ਬੀ.ਪੀ.ਐਡ ਅਤੇ ਐਮ.ਐਡ ਸਰੀਰਕ ਸਿਖਿਆ ਵੀ ਪਾਸ ਕੀਤੀਆਂ। ਪਟਿਆਲਾ ਵਿਖੇ ਪੜ੍ਹਾਈ ਕਰਦਿਆਂ ਨਿਰਮਲ ਰਿਸ਼ੀ ਹਰਪਾਲ ਟਿਵਾਣਾ ਦੀ ਅਗਵਾਈ ਵਿੱਚ ਥੇਟਰ ਕਰਨ ਲੱਗੀ। ਉਸ ਦੀ ਅਦਾਕਾਰੀ ਦੀ ਵਿਲੱਖਣ ਪ੍ਰਤਿਭਾ ਦੀ ਪਛਾਣ ਹਰਪਾਲ ਟਿਵਾਣਾ ਨੇ ਕਰਦਿਆਂ, ਨਿਰਮਲ ਰਿਸ਼ੀ ਨੂੰ ਸਿੱਖਿਆ ਦਿੱਤੀ ਅਤੇ ਆਪਣੀ ਫ਼ਿਲਮ ‘ਲੌਂਗ ਦਾ ਲਿਸ਼ਕਾਰਾ’ ਵਿੱਚ ਗੁਲਾਬੋ ਮਾਸੀ ਦੀ ਅਦਾਕਾਰੀ ਦਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ। ਉਹ ਗੁਲਾਬੋ ਮਾਸੀ ਦੇ ਕਿਰਦਾਰ ਨੂੰ ਨਿਭਾ ਕੇ ਪਰਦੇ ਦੀ ਦੁਨੀਆਂ ਵਿੱਚ ਛਾ ਗਈ। ਫਿਰ ਉਸ ਨੇ ਪਿਛੇ ਮੁੜਕੇ ਨਹੀਂ ਵੇਖਿਆ ਪੌੜੀ ਦਰ ਪੌੜੀ ਥੇਟਰ ਤੇ ਫ਼ਿਲਮਾ ਦੀ ਦੁਨੀਆਂ ਵਿੰਚ ਪ੍ਰਾਪਤੀਆਂ ਦਰ ਪ੍ਰਾਪਤੀਆਂ ਕਰਦੀ ਰਹੀ।

1969 ਵਿਚ ਨਿਰਮਲ ਰਿਸ਼ੀ ਖਾਲਸਾ ਕਾਲਜ ਫਾਰ ਵਿਮੈਨ ਲੁਧਿਆਣਾ ਵਿਚ ਸਰੀਰਕ ਸਿਖਿਆ ਦੇ ਲੈਕਚਰਾਰ ਲੱਗ ਗਏ। ਪਟਿਆਲਾ ਵਿਖੇ ਸਰੀਰਕ ਸਿਖਿਆ ਕਾਲਜ ਵਿਚ ਪੜ੍ਹਦਿਆਂ ਹੀ ਉਸ ਨੇ ਮੋਨੋ ਐਕਟਿੰਗ ਵਿਚ ਹਿੱਸਾ ਲਿਆ, ਜਿਸ ਤੋਂ ਬਾਅਦ ਹਰਪਾਲ ਟਿਵਾਣਾ ਅਤੇ ਨੀਨਾ ਟਿਵਾਣਾ ਨੇ ਉਸ ਦੀ ਅਦਾਕਾਰੀ ਦੀ ਪ੍ਰਤਿਭਾ ਦੀ ਪਛਾਣ ਕੀਤੀ। ਨਿਰਮਲ ਰਿਸ਼ੀ ਨੇ ਫਿਰ ਪੰਜਾਬ ਕਲਾ ਮੰਚ ਵਿਚ ਐਕਟਿੰਗ ਦੀ ਸਿਖਿਆ ਪ੍ਰਾਪਤ ਕੀਤੀ। ਉਸ ਤੋਂ ਬਾਅਦ ਨਿਰਮਲ ਰਿਸ਼ੀ ਨੇ ਨੈਸ਼ਨਲ ਸਕੂਲ ਆਫ ਡਰਾਮਾ ਵਿਚ ਦਾਖ਼ਲਾ ਲੈ ਲਿਆ ਅਤੇ ਉਥੋਂ ਗ੍ਰੈਜੂਏਸ਼ਨ ਦੀ ਡਿਗਰੀ ਪਾਸ ਕੀਤੀ, ਜਿਸ ਨਾਲ ਉਸਦੀ ਅਦਾਕਾਰੀ ਪ੍ਰਵਿਰਤੀ ਵਿਚ ਨਿਖ਼ਾਰ ਆਇਆ। 1966 ਤੋਂ ਉਹ ਥੇਟਰ ਅਤੇ ਫਿਲਮਾਂ ਨਾ ਜੁੜੀ ਆ ਰਹੀ ਹੈ। ਉਹ ਲਗਪਗ 40 ਸਾਲ 2002 ਤੱਕ ਹਰਪਾਲ ਟਿਵਾਣਾ ਦੇ ਇਸ ਗਰੁਪ ਨਾਲ ਜੁੜੀ ਰਹੀ। 17 ਸਾਲ ਦੀ ਅੱਲ੍ਹੜ ਉਮਰ ਵਿਚ ਹੀ ਨਿਰਮਲ ਰਿਸ਼ੀ ਨੇ ਅਦਾਕਾਰੀ ਸ਼ੁਰੂ ਕਰ ਦਿੱਤੀ ਸੀ। ਉਸ ਸਮੇਂ ਹਰਪਾਲ ਟਿਵਾਣਾ ਦੇ ਪੰਜਾਬ ਕਲਾ ਮੰਚ ਵਿਚ ਓਮ ਪੁਰੀ ਅਤੇ ਰਾਜ ਬੱਬਰ ਵੀ ਕੰਮ ਕਰਦੇ ਸਨ। ਡਾ.ਹਰਚਰਨ ਸਿੰਘ ਦੀ ਪਤਨੀ ਬੀਬੀ ਧਰਮ ਕੌਰ ਤੋਂ ਬਾਅਦ ਨਿਰਮਲ ਰਿਸ਼ੀ ਅਤੇ ਨੀਨਾ ਟਿਵਾਣਾਂ ਪਹਿਲੀਆਂ ਲੜਕੀਆਂ ਸਨ, ਜਿਹੜੀਆਂ ਪੰਜਾਬੀ ਦੇ ਨਾਟਕਾਂ ਅਤੇ ਫਿਲਮਾਂ ਵਿਚ ਕੰਮ ਕਰਨ ਲੱਗੀਆਂ ਸਨ। 1966 ਵਿਚ ਉਸ ਨੇ ਬਾਕਾਇਦਾ ਨਾਟਕਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਸਨੇ ਅਧੂਰੇ ਸਪਨੇ ਨਾਟਕ ਵਿਚ ਅਦਾਕਾਰੀ ਕੀਤੀ ਸੀ। ਉਸ ਸਮੇਂ ਲੁਧਿਆਣਾ ਵਿਖੇ ਅਦਾਕਾਰੀ ਦੀ ਰੁਚੀ ਨੂੰ ਪ੍ਰਫੁਲਤ ਕਰਨ ਲਈ ਕੋਈ ਸਾਰਥਿਕ ਮੰਚ ਨਾ ਮਿਲਿਆ । ਇਸ ਲਈ ਆਪਣੇ ਅਦਾਕਾਰੀ ਦੇ ਸ਼ੌਕ ਦੀ ਪੂਰਤੀ ਲਈ ਉਹ ਹਰਪਾਲ ਟਿਵਾਣਾ ਦੇ ਨਾਟਕਾਂ ਵਿਚ ਹਿੱਸਾ ਲੈਣ ਲਈ ਲੁਧਿਆਣਾ ਤੋਂ ਪਟਿਆਲਾ ਤੱਕ ਦਾ ਸਫਰ ਕਰਦੇ ਰਹੇ। 1975 ਵਿਚ ਨੀਨਾ ਟਿਵਾਣਾ ਅਤੇ ਹਰਪਾਲ ਟਿਵਾਣਾ ਪੰਜਾਬ ਕਲਾ ਮੰਚ ਦਾ ਕਾਰਜ ਖੇਤਰ ਪਟਿਆਲਾ ਤੋਂ ਲੁਧਿਆਣਾ ਤਬਦੀਲ ਕਰਕੇ ਲੈ ਗਏ। ਜਿਸ ਕਰਕੇ ਪੰਜਾਬੀ ਭਵਨ ਲੁਧਿਆਣਾ ਸਾਹਿਤਕ ਸਰਗਰਮੀਆਂ ਦਾ ਕੇਂਦਰ ਬਣ ਗਿਆ। ਇਸ ਸਮੇਂ ਦੌਰਾਨ ਨਿਰਮਲ ਰਿਸ਼ੀ ਨੇ ਅਦਾਕਾਰੀ ਵਿਚ ਆਪਣੀ ਠੁਕ ਬਣਾ ਲਈ ਸੀ। ਉਸਦੀ ਆਵਾਜ਼ ਅਤੇ ਅਦਾਕਾਰੀ ਦੀ ਧੜੱਲੇਦਾਰੀ ਦਾ ਅਜੇ ਤੱਕ ਪੰਜਾਬੀ ਜਗਤ ਵਿਚ ਕੋਈ ਮੁਕਾਬਲਾ ਨਹੀਂ ਕਰ ਸਕਿਆ। 1984 ਵਿਚ ਨੀਨਾ ਵਿਟਵਾਣਾ ਦਾ ਗਰੁਪ ਫਿਰ ਪਟਿਆਲਾ ਆ ਗਿਆ। ਨਿਰਮਲ ਰਿਸ਼ੀ ਨੇ ਫਿਰ ਆਪਣਾ ਕਾਰਜ ਖੇਤਰ ਪਟਿਆਲਾ ਬਣਾ ਲਿਆ। ਇਸ ਸਮੇਂ ਦੌਰਾਨ ਉਸ ਨੇ ਬਹੁਤ ਸਾਰੇ ਨਾਟਕ ਆਪ ਲਿਖੇ ਅਤੇ ਉਨ੍ਹਾਂ ਦੀ ਨਿਰਦੇਸ਼ਨਾ ਵੀ ਕੀਤੀ। 2003 ਵਿਚ ਉਹ ਸਰੀਰਕ ਸਿਖਿਆ ਵਿਭਾਗ ਦੇ ਮੁੱਖੀ ਦੇ ਤੌਰ ਤੇ ਸੇਵਾ ਮੁਕਤ ਹੋ ਗਏ, ਉਸ ਤੋਂ ਬਾਅਦ ਉਨ੍ਹਾਂ ਨੇ ਆਪਣਾ ਥੇਟਰ ਗਰੁਪ “ਅਲਾਈਵ ਆਰਟਿਸਟਸ” ਬਣਾ ਲਿਆ, ਜਿਸਦੇ ਉਹ ਮੁੱਖੀ ਹਨ। ਨਿਰਮਲ ਰਿਸ਼ੀ ਨੂੰ ਬਹੁਤ ਸਾਰੇ ਅਵਾਰਡ ਅਤੇ ਮਾਨ ਸਨਮਾਨ ਮਿਲੇ ਜਿਨ੍ਹਾਂ ਵਿਚ ਸੰਗੀਤ ਨਾਟਕ ਅਕਾਡਮੀ ਅਵਾਰਡ, ਸਮਿਤਾ ਪਾਟਿਲ ਅਵਾਰਡ 1999, ਕੈਲਗਰੀ ਸਿੱਖ ਐਸੋਸੀਏਸ਼ਨ ਕੈਨੇਡਾ ਵੱਲੋਂ, ਸ਼ਰੋਮਣੀ ਅਦਾਕਾਰਾ ਭਾਸ਼ਾ ਵਿਭਾਗ ਪੰਜਾਬ, ਸੰਤ ਸਿੰਘ ਸੇਖੋਂ ਯਾਦਗਾਰੀ ਅਵਾਰਡ, ਅਵਾਰਡ ਐਂਡ ਆਨਰ ਫਾਰ ਬੈਸਟ ਕਲਚਰਲ ਸ਼ੋ ਇਨ ਨੈਸ਼ਨਲ ਗੇਮਜ਼, ਦੁਖਦੇ ਕਲੀਰੇ ਲਈ ਪੰਜਾਬ ਆਰਟ ਐਸੋਸੀਏਸ਼ਨ ਟਰਾਂਟੋ, ਪੀ.ਟੀ.ਸੀ.ਬੈਸਟ ਆਰਟਿਸਟ ਅਵਾਰਡ, 2013 ਵਿਚ ਪ੍ਰੈਜੀਡੈਂਟ ਅਵਾਰਡ ਅਤੇ ਲੌਂਗ ਦਾ ਲਿਸ਼ਕਾਰਾ ਫਿਲਮ ਵਿਚ ਅਦਾਕਾਰੀ ਲਈ ਪੰਜਾਬ ਫਿਲਮ ਰਿਵਿਊ ਐਸੋਸੀਏਸ਼ਨ ਮੁੰਬਈ, ਨੇ ਸਨਮਾਨਤ ਕੀਤਾ। ਦੇਸ਼ ਦਾ ਵੱਡਾ ਪਦਮ ਸ੍ਰੀ ਦਾ ਅਵਾਰਡ ਮਿਲਿਆ ਜਿਸ ਨਾਲ ਪੰਜਾਬੀ ਰੰਗਮੰਚ ਨੂੰ ਮਾਣ ਮਿਲਿਆ ਹੈ। ਕਲਾਕਾਰਾਂ ਦੀ ਨੌਜਵਾਨ ਪੀੜ੍ਹੀ ਲਈ ਉਹ ਪ੍ਰੇਰਨਾ ਸ੍ਰੋਤ ਤੇ ਇੱਕ ਮਾਰਗ ਦਰਸ਼ਕ ਦਾ ਕੰਮ ਕਰਨਗੇ। 81 ਸਾਲ ਦੀ ਉਮਰ ਵਿੱਚ ਵੀ ਉਹ ਅਦਾਕਾਰੀ ਕਰ ਰਹੇ ਹਨ, ਉਨ੍ਹਾਂ ਦੀ ਆਵਾਜ਼ ਬਿਲਕੁਲ ਉਸੇ ਤਰ੍ਹਾਂ ਧੜੱਲੇਦਾਰ ਹੈ। ਉਨ੍ਹਾਂ ਨੂੰ ਪਦਮ ਸ੍ਰੀ ਮਿਲਣ ਤੇ ਪੰਜਾਬੀ ਸੰਸਾਰ ਖ਼ੁਸ਼ੀ ਨਾਲ ਫੁਲਿਆ ਨਹੀਂ ਸਮਾ ਰਿਹਾ।

# ਪੰਜਾਬੀ ਐਨ.ਆਰ.ਆਈਜ਼ ਦੀ ਪ੍ਰਮੁੱਖਤਾ ਅਤੇ ਅਜੋਕਾ ਪੰਜਾਬ





‘ਜਿਸ ਕਿਸਮ ਨਾਲ ਪੰਜਾਬੀ ਭਾਈਚਾਰਾ ਦੁਨੀਆ ਕੋਨੇ-ਕੋਨੇ ’ਤੇ ਫੈਲਿਆ ਹੋਇਆ ਹੈ ਉਸ ਨੇ ਵੱਡੀਆਂ ਪ੍ਰਾਪਤੀਆਂ ਵੀ ਕੀਤੀਆਂ ਹਨ। ਜਿਸ ਵੇਲੇ ਪੰਜਾਬ ਕਈ ਪੱਖਾਂ ਤੋਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਮੈਨੂੰ ਪੂਰਨ ਆਸ ਹੈ ਕਿ ਜੇ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਪੰਜਾਬ ਦੀ ਬਾਂਹ ਫੜ ਲੈਣ ਤਾਂ ਇਸ ਦੀ ਤਰੱਕੀ ਨੂੰ ਕੋਈ ਨਹੀਂ ਰੋਕ ਸਕਦਾ।’ ਇਹ ਸ਼ਬਦ ਐਨਆਰਆਈ ਸਭਾ ਦੀ ਨਵੀਂ ਚੁਣੀ ਗਈ ਪ੍ਰਧਾਨ ਸ੍ਰਦਾਰਨੀ ਪਰਵਿੰਦਰ ਕੌਰ ਨੇ ਪ੍ਰਧਾਨਗੀ ਕੁਰਸੀ ’ਤੇ ਬਿਰਾਜਮਾਨ ਹੁੰਦਿਆਂ ਕਹੇ। ਇਸ ਮੌਕੇ ’ਤੇ ਵੱਖ ਵੱਖ ਸ਼ਖਸੀਅਤਾਂ ਨੇ ਵਿਸ਼ਵਾਸ ਦਿਵਾਇਆ ਕਿ ਜਿਸ ਵੀ ਕਿਸਮ ਦੇ ਨਵੇਂ ਫੈਸਲੇ ਨਵੀਂ ਬਣੀ ਟੀਮ ਲਵੇਗੀ ਉਸ ਵਿਚ ਅਸੀਂ ਤਨਦੇਹੀ ਨਾਲ ਕਾਰਜ ਕਰਾਂਗੇ। ਇਸ ਮੌਕੇ ’ਤੇ ਸਮਾਜ ਸੇਵੀ ਵਿਚ ਯੋਗਦਾਨ ਪਾਉਣ ਵਾਲੇ ਸ਼ਮਿੰਦਰ ਸਿੰਘ ਗਰਚਾ (ਜਿਨ੍ਹਾਂ ਨੂੰ 26 ਜਨਵਰੀ ਨੂੰ ਉਨ੍ਹਾਂ ਦੇ ਕਾਰਜਾਂ ਕਰਕੇ ਸਨਮਾਨਿਤ ਕੀਤਾ) ਅਤੇ ਹੋਰ ਸ਼ਖਸੀਅਤ ਸ੍ਰ. ਜਗਬੀਰ ਸਿੰਘ, ਸਤਨਾਮ ਸਿੰਘ ਚਾਨਾ ਆਦਿ ਵੀ ਹਾਜ਼ਰ ਸਨ। ਇਹ ਉਮੀਦ ਕੀਤੀ ਜਾਂਦੀ ਹੈ ਕਿ ਜਿਸ ਕਿਸਮ ਨਾਲ ਐਨਆਰਆਈ ਪੰਜਾਬੀਆਂ ਦਾ ਘੇਰਾ ਵਿਸ਼ਾਲ ਹੁੰਦਾ ਜਾ ਰਿਹਾ ਹੈ ਉਨ੍ਹਾਂ ਨੂੰ ਇਕ ਪਲੇਟਫਾਰਮ ਉਪਰ ਲੈ ਕੇ ਆਉਣ ਦਾ ਇਹ ਸਭਾ ਕਾਰਜ ਕਰੇਗੀ।

# ਡਿਸਟੋਪੀਆ ਅਤੇ ਮੌਜੂਦਾ ਨਿਜ਼ਾਮ : ਸੂਖਮ ਪੜਚੋਲ 'ਲੈਲਾ' ਸੀਰੀਜ਼

**ਡਾ. ਕੁਲਦੀਪ ਕੌਰ**






ਫਿਲਮ ਨਿਰਦੇਸ਼ਕ ਦੀਪਾ ਮਹਿਤਾ ਦਾ ਸਿਨੇਮਾ ਧਾਰਮਿਕ-ਸੱਭਿਆਚਾਰਕ ਜੜ੍ਹਤਾ, ਸਮਾਜਿਕ ਯਥਾਰਥ ਅਤੇ ਸਿਆਸੀ ਸਵਾਲਾਂ ਨੂੰ ਮੁਖਾਤਿਬ ਹੋਣ ਵਾਲਾ ਸਿਨੇਮਾ ਹੈ। ਆਪਣੀ ਬਹੁ-ਭਾਸ਼ਾਈ ਅਤੇ ਕਲਾਤਮਿਕ ਸੰਵੇਦਨਾ ਨਾਲ ਉਹ ਕਿਸੇ ਚੰਗੇ ਸਰਜਨ ਵਾਂਗ ਨਾ ਸਿਰਫ ਮੌਜੂਦਾ ਦੌਰ ਦੀ ਸਿਆਸਤ ਦੀਆਂ ਰਗਾਂ ਫਰੋਲਦੀ ਹੈ ਸਗੋਂ ਫਿਰਕਾਪ੍ਰਸਤੀ, ਸੱਭਿਆਚਾਰਕ ਦਾਬੇ, ਔਰਤਾਂ ਖਿਲਾਫ ਹੁੰਦੀ ਸੰਸਥਾਈ ਹਿੰਸਾ ਅਤੇ ਮਨੁੱਖੀ ਹੱਕ-ਹਕੂਕ ਦੇ ਘਾਣ ਵਿਰੁੱਧ ਸਮੂਹਿਕ ਚੇਤਨਾ ਦੀ ਲਾਮਬੰਦੀ ਕਰਨ ਦੀ ਕੋਸ਼ਿਸ਼ ਵੀ ਕਰਦੀ ਹੈ।

ਉਸ ਦੀਆਂ ਮੁੱਖ ਫਿਲਮਾਂ 'ਅਰਥ', 'ਫਾਇਰ, 'ਵਾਟਰ', 'ਮਿਡਨਾਈਟ ਚਿਲਡਰਨ' ਅਤੇ 'ਹੈਵਨ ਆਨ ਅਰਥ' ਜਿੱਥੇ ਪ੍ਰੰਪਰਾਗਤ ਸਮਾਜਾਂ ਦੇ ਆਧੁਨਿਕਤਾ ਨਾਲ ਟਕਰਾਉ ਅਤੇ ਗੈਰ-ਜਮਹੂਰੀ ਸਿਆਸਤੀ ਪ੍ਰਬੰਧਾਂ ਵਿਚ ਪਿਸ ਰਹੇ ਆਮ ਕਿਰਦਾਰਾਂ ਦੀ ਜਦੋ-ਜਹਿਦ ਦੀਆਂ ਫਿਲਮਾਂ ਹਨ ਉੱਥੇ ਉਸ ਦਾ ਸਿਨੇਮਾ ਸਿਨੇਮਾਈ ਬਿੰਬਾਂ, ਚਿੰਨ੍ਹਾਂ ਅਤੇ ਭਾਸ਼ਾ ਦੀ ਔਰਤ ਪੱਖੀ ਅਤੇ ਮਾਨਵਵਾਦੀ ਵਿਆਖਿਆ ਵੀ ਕਰਦਾ ਹੈ।

ਓ.ਟੀ.ਟੀ. ਪਲੇਟਫਾਰਮ ਨੈੱਟਫਲਿਕਸ 'ਤੇ ਰਿਲੀਜ਼ ਹੋਈ ਉਸ ਦੀ ਛੇ ਭਾਗਾਂ ਵਿਚ ਵੰਡੀ ਸੀਰੀਜ਼ 'ਲੈਲਾ' ਸਾਡੇ ਸਮਿਆਂ ਦਾ ਮਹੱਤਵਪੂਰਨ ਦਸਤਾਵੇਜ਼ ਹੈ ਜਿਹੜਾ ਕਲਪਿਤ ਹੋਣ ਦੇ ਬਾਵਜੂਦ ਧਰਾਤਲੀ ਯਥਾਰਥ ਦੇ ਇੰਨਾ ਨੇੜੇ ਹੈ ਕਿ ਤੁਸੀਂ ਇਸ ਵਿਚਲੇ ਕਿਰਦਾਰਾਂ ਨੂੰ ਆਪਣੇ ਆਸ-ਪਾਸ ਸਾਹ ਲੈਂਦੇ ਦੇਖ-ਸੁਣ ਸਕਦੇ ਹੋ। ਇਸ ਸੀਰੀਜ਼ ਦਾ ਕੈਨਵਸ ਬਹੁਤ ਵਿਸ਼ਾਲ ਹੈ ਜਿਸ ਵਿਚ ਦਰਸ਼ਕ ਡਿਸਟੋਪੀਆ (ਮਨਹੂਸ ਸਮਾਂ), ਐਬਸਰਡਿਟੀ (ਬੇਤੁਕਾਪਣ, ਖਾਸ ਤੌਰ 'ਤੇ ਸਿਆਸੀ), ਸਮਾਜਿਕ ਅਰਾਜਕਤਾ ਅਤੇ ਧਾਰਮਿਕ ਫਾਸ਼ੀਵਾਦ ਤੋਂ ਲੈ ਕੇ ਕੱਟੜ ਰਾਸ਼ਟਰਵਾਦ, ਸਿਆਸੀ ਸਾਜ਼ਿਸ਼ਾਂ, ਤਕਨੀਕ ਦੀ ਸਮਰੱਥਾ ਅਤੇ ਸੂਹੀਆ ਤੰਤਰ ਦੀ ਸਿਆਸਤ ਤੇ ਪ੍ਰਚਾਰ ਨਾਲ ਹਰ ਕਦਮ 'ਤੇ ਦੋ-ਚਾਰ ਹੁੰਦੇ ਹੋ। ਇਸ ਤੋਂ ਵੀ ਅਹਿਮ ਇਹ ਕਿ ਇਹ ਸੀਰੀਜ਼ ਮਾਨਵੀ ਚੇਤਨਾ ਅਤੇ ਬਿਹਤਰ ਭਵਿੱਖ ਲਈ ਜੂਝਣ ਦਾ ਨਿੱਗਰ ਹਸਤਾਖਰ ਹੋ ਨਿਬੜਦੀ ਹੈ।

ਆਪਣੇ ਮਹਤੱਵਪੂਰਨ ਲੇਖ 'ਉਰ-ਫਾਸ਼ਿਜ਼ਮ (ਸਦੀਵੀ ਫਾਸ਼ੀਵਾਦ) ਵਿਚ ਫਾਸ਼ੀਵਾਦੀ ਪ੍ਰਵਿਰਤੀਆਂ ਦੀ ਵਿਆਖਿਆ ਕਰਦਿਆਂ ਉਘਾ ਚਿੰਤਕ ਉਮਬੈਰਤੋ ਐਕੋ ਲਿਖਦਾ ਹੈ ਕਿ ਸਿਆਸੀ ਤੌਰ 'ਤੇ ਸੱਤਾ ਪ੍ਰਾਪਤੀ ਤੋਂ ਫਾਸ਼ੀਵਾਦ ਸ਼ੁਰੂ ਜ਼ਰੂਰ ਹੁੰਦਾ ਹੈ ਪਰ ਇਸ ਦਾ ਪ੍ਰਸਾਰ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਹੁੰਦਾ ਹੈ ਜਿਸ ਵਿਚ ਨਾ ਸਿਰਫ ਜਮਹੂਰੀ ਅਮਲਾਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਬਲਕਿ ਸਮਾਜਿਕ, ਆਰਥਿਕ, ਸੱਭਿਆਚਾਰਕ ਵਸੀਲਿਆਂ ਅਤੇ ਮਨੁੱਖੀ ਅਧਿਕਾਰਾਂ ਉੱਪਰ ਅਜਾਰੇਦਾਰੀ ਦੀ ਸਥਾਪਨਾ ਲਈ ਜੰਗੀ ਪੱਧਰ 'ਤੇ ਕੰਮ ਕੀਤਾ ਜਾਂਦਾ ਹੈ। ਉਸ ਅਨੁਸਾਰ ਫਾਸ਼ੀਵਾਦ ਸਿਆਸੀ ਖਿਲਾਅ ਵਿਚੋਂ ਨਹੀਂ ਸਗੋਂ ਸਿਆਸੀ ਵਿਰੋਧ ਵਿਚੋਂ ਉੱਭਰਦਾ ਹੈ ਜਿਸ ਵਿਚ ਸੱਤਾ ਪ੍ਰਾਪਤੀ ਪਹਿਲਾ ਕਦਮ ਹੋ ਸਕਦਾ ਹੈ। ਇਸ ਪਿੱਛੇ ਕੰਮ ਕਰਦੇ ਕਾਰਕਾਂ ਵਿਚ ਮਹਾਨ ਸੱਭਿਅਤਾ ਦੀ ਮਿੱਥ ਉਭਾਰਨਾ, ਆਧੁਨਿਕ ਵਿਚਾਰਾਂ ਨਾਲ ਟਕਰਾਉ, ਵਖਰੇਵਿਆਂ ਨਾਲ ਨਫਰਤ ਅਤੇ ਵੱਖਰੀ ਨਸਲ/ਧਰਮ/ਵਰਗ ਨਾਲ ਦੂਜੈਲਪੁਣੇ ਦੀ ਧਾਰਨਾ ਬੇਹੱਦ ਅਹਿਮ ਹੈ।

'ਲੈਲਾ' ਸੀਰੀਜ਼ ਵਿਚ ਮੁੱਖ ਕਿਰਦਾਰ ਸ਼ਾਲਿਨੀ ਦਾ ਇੱਕ ਮੁਸਲਮਾਨ ਨਾਲ ਪਿਆਰ-ਵਿਆਹ ਉਸ ਦੀ ਬੇਟੀ ਲੈਲਾ ਦੇ ਅਗਵਾ ਹੋਣ ਅਤੇ ਫਿਰ 'ਮਿਸ਼ਰਤ ਖ਼ੂਨ' ਵਾਲਾ ਬੱਚਾ ਹੋਣ ਕਾਰਨ 'ਸ਼ੁੱਧੀਕਰਨ ਕੈਂਪ' ਵਿਚ ਭਰਤੀ ਹੋਣ ਦਾ ਕਾਰਨ ਬਣਦਾ ਹੈ। ਸ਼ਾਲਿਨੀ ਵੱਖਰੇ ਧਰਮ ਅਤੇ ਫਿਰਕੇ ਨਾਲ ਸਬੰਧਿਤ ਹੋਣ ਕਾਰਨ ਨਾ ਸਿਰਫ ਅਮਾਨਵੀ ਵਤੀਰੇ ਦਾ ਸ਼ਿਕਾਰ ਹੁੰਦੀ ਹੈ ਬਲਕਿ ਉਸ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਜਾਂਦੀ ਹੈ।

ਇਸ ਸੀਰੀਜ਼ ਦਾ ਪਹਿਲਾ ਦ੍ਰਿਸ਼ ਇਸ ਇਕਬਾਲੀਆ ਬਿਆਨ ਨਾਲ ਖੁੱਲ੍ਹਦਾ ਹੈ ਕਿ ਇਹ ਸਾਰਾ ਕਲਪਿਤ ਹੈ ਅਤੇ ਇਸ ਦਾ ਕਿਸੇ ਮ੍ਰਿਤਕ ਜਾਂ ਜਿਊਂਦੇ-ਜਾਗਦੇ ਇਨਸਾਨ ਨਾਲ ਕੋਈ ਸਬੰਧ ਨਹੀਂ ਪਰ ਇਸ ਦੇ ਪਹਿਲੇ ਹੀ ਦ੍ਰਿਸ਼ ਵਿਚ ਸ਼ਾਲਿਨੀ ਦੇ ਪਤੀ ਰਿਜ਼ਵਾਨ ਚੌਧਰੀ ਦੀ ਹਜੂਮੀ ਹੱਤਿਆ (ਮੌਬ ਲਿਚਿੰਗ) ਮੌਜੂਦਾ ਭਾਰਤ ਦੇ ਸਿਆਸੀ ਡਰਾਮੇ ਦੀ ਹਕੀਕਤ ਨਸ਼ਰ ਕਰਦੀ ਹੈ ਜਿੱਥੇ ਵੱਖਰੇ ਧਰਮ ਅਤੇ ਜੀਵਨ ਜਾਚ ਦਾ ਹਵਾਲਾ ਦੇ ਕੇ ਜਿਊਂਦੇ-ਜਾਗਦੇ ਅਖਲਾਕਾਂ, ਨਜੀਬਾਂ, ਪਹਿਲੂ ਖਾਨਾਂ ਅਤੇ ਜੁਨੈਦਾਂ ਨੂੰ ਭੀੜਾਂ ਦੁਆਰਾ ਜਲਾਉਣ, ਬੇਰਹਿਮ ਤਰੀਕੇ ਨਾਲ ਕੱਟਣ-ਵੱਢਣ ਦਾ ਦਸਤੂਰ ਨਿਰਵਿਘਨ ਜਾਰੀ ਹੈ। ਰਿਜ਼ਵਾਨ ਨੂੰ ਮਾਰਨਾ ਉਪਰਲੀ ਸਤਹਿ 'ਤੇ 'ਦੁਰਲਭ ਪਾਣੀ ਦੀ ਸਵਿਮਿੰਗ ਪੂਲ ਲਈ ਖਰੀਦਣ ਦੀ ਗੁਸਤਾਖੀ' ਜਾਪਦਾ ਹੈ ਪਰ ਜਦੋਂ ਹੌਲੀ-ਹੌਲੀ ਇਸ ਕਤਲ ਦੀਆਂ ਪਰਤਾਂ ਖੁੱਲ੍ਹਦੀਆਂ ਹਨ ਤਾਂ ਇਹ ਸਪਸ਼ਟ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਮਸਲਾ ਸਿਰਫ ਗੈਰ-ਕਾਨੂੰਨੀ ਜਾਂ 'ਪਾਣੀ ਚੋਰ ਹੋਣਾ ਨਹੀਂ ਬਲਕਿ ਇਸ ਮੁਲਕ 'ਆਰੀਆਵਰਤ' ਵਿਚ ਇੱਕ ਧਰਮ ਤੋਂ ਬਿਨਾ ਦੂਜੇ ਧਰਮਾਂ ਦੇ ਲੋਕਾਂ ਦਾ ਵੱਡੇ ਪੱਧਰ ਤੇ ਸਮੂਹਿਕ ਸਫਾਇਆ ਅਤੇ ਨਸਲਘਾਤ ਦੀ ਸਰਕਾਰੀ ਕਾਰਵਾਈ ਦੇ ਅਧੀਨ ਗੁੰਡਾ ਗਰੋਹਾਂ ਤੋਂ ਇਹ ਕਾਰਾ ਕਰਵਾਇਆ ਜਾ ਰਿਹਾ ਹੈ।

ਇਸ ਸੀਰੀਜ਼ ਦਾ ਸਮਾਂ ਸੰਨ 2045 ਦਾ ਹੈ। ਇਸ ਸਮੇਂ ਤੱਕ ਭਾਰਤ ਵਿਚ ਖਾਸ ਧਰਮ ਦਾ 'ਰਾਸ਼ਟਰ' ਬਣਾਇਆ ਜਾ ਚੁੱਕਾ ਹੈ ਅਤੇ ਸਾਰੇ ਸਰਕਾਰੀ ਅਦਾਰੇ, ਸੰਸਥਾਵਾਂ ਅਤੇ



ਏਜੰਸੀਆਂ ਦਾ ਭਗਵਾਕਰਨ ਹੋ ਚੁੱਕਾ ਹੈ। ਪੁਰਾਤਨ ਰਸਮਾਂ-ਰਿਵਾਜ਼ਾਂ, ਸਮਾਜਿਕ ਵਰਤਾਉ ਅਤੇ ਸਜ਼ਾਵਾਂ ਦੀ ਵਾਪਸੀ ਹੋ ਚੁੱਕੀ ਹੈ, ਭਾਵੇਂ ਦੂਜੇ ਪਾਸੇ ਮੁਲਕ ਦੇ ਵਿਗਿਆਨੀ ਅਤੇ ਬਾਬੂਸ਼ਾਹੀ ਅਤਿ-ਆਧੁਨਿਕ ਯੰਤਰਾਂ, ਸਪੇਸ ਸਮੱਗਰੀ ਅਤੇ ਸੂਖਮ ਜਾਸੂਸੀ ਯੰਤਰ ਬਣਾਉਣ ਅਤੇ ਇਨ੍ਹਾਂ ਨੂੰ ਪੂਰੇ ਮੁਲਕ ਦੀਆਂ ਸੜਕਾਂ, ਘਰਾਂ, ਹੋਟਲਾਂ, ਸਕੂਲਾਂ, ਕਾਲਜਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਲਗਾਉਣ ਵਿਚ ਕਾਮਯਾਬ ਹੋ ਚੁੱਕੀ ਹੈ। ਕਿਰਤੀ-ਕਾਮਿਆਂ 'ਤੇ ਨਿਗਾਹ ਰੱਖਣ, ਉਨ੍ਹਾਂ ਨੂੰ ਆਪਣੇ ਕੰਟਰੋਲ ਹੇਠ ਰੱਖਣ ਅਤੇ ਮੁਲਕ ਦੇ ਮੁਨਾਫਾ ਆਧਾਰਿਤ ਮਸ਼ੀਨਰੀ ਤੇ ਬਾਜ਼ਾਰਾਂ ਵਿਚ ਫਿੱਟ ਹੋਣ ਲਈ ਮਜਬੂਰ ਕਰਨ ਲਈ ਇੰਨੇ ਸੂਖਮ ਯੰਤਰ, ਕੈਮਰੇ ਅਤੇ ਖੁਫੀਆ ਤੰਤਰ ਸਰਗਰਮ ਹਨ। ਸਾਰਾ ਮੁਲਕ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ।

ਇੱਕ ਪਾਸੇ ਉਹ ਲੋਕ ਹਨ ਜਿਨ੍ਹਾਂ ਦਾ ਹਵਾ ਪਾਣੀ ਵਰਗੀਆਂ ਕੁਦਰਤੀ ਨਿਆਮਤਾਂ 'ਤੇ ਕੰਟਰੋਲ ਹੈ ਅਤੇ ਉਹ ਖੁਦ ਤੋਂ ਵਖਰੇਵੇਂ ਤੇ ਵੱਖਰੀ ਸਮਾਜਿਕ ਸਥਿਤੀ ਵਾਲਿਆਂ ਦਾ ਨਾ ਸਿਰਫ ਬਾਈਕਾਟ ਕਰਦੇ ਹਨ ਬਲਿਕ ਉਨ੍ਹਾਂ ਨੂੰ ਗੈਰ-ਮਾਨਵੀ ਅਤੇ ਜਲ ਰਹੇ ਕੂੜੇ ਦੇ ਢੇਰਾਂ ਵਿਚ ਗਲਣ-ਸੜਨ ਲਈ ਮਜਬੂਰ ਕਰ ਦਿੰਦੇ ਹਨ। ਇਸ ਸੀਰੀਜ਼ ਦੀ ਖ਼ੂਬੀ ਇਹ ਹੈ ਕਿ ਇਹ ਅੰਨ੍ਹੇ ਤਸ਼ੱਦਦ ਦੇ ਸਾਰੇ ਪਹਿਲੂਆਂ ਨੂੰ ਬਹੁਤ ਸੂਖਮਤਾ ਨਾਲ ਪਰਦੇ 'ਤੇ ਪੇਸ਼ ਕਰਦੀ ਹੈ।

'ਲੈਲਾ' ਵਿਚ ਧਾਰਮਿਕਤਾ ਤੇ ਵਿਗਿਆਨਕ ਨੇਮਾਂ ਵਿਚ ਚੱਲ ਰਹੀ ਜਦੋਜਹਿਦ ਬੇਹੱਦ ਸਟੀਕ ਹੈ। ਹੁਣ ਦੇ ਭਾਰਤਵਰਸ਼ ਵਾਂਗ ਭਵਿੱਖ ਦੇ ਆਰੀਆਵਰਤ ਨਾਮੀ ਮੁਲਕ ਵਿਚ ਵੀ ਸਰਕਾਰ ਦੀ ਆਲੋਚਨਾ ਅਤੇ ਉਸ ਦੇ ਕੰਮ-ਕਾਜ ਦੀ ਊਣਤਾਈ ਜ਼ਾਹਿਰ ਕਰਨਾ ਦੇਸ਼ਧ੍ਰੋਹ ਗਿਣਿਆ ਜਾਂਦਾ ਹੈ। ਇਸ ਸੀਰੀਜ਼ ਵਿਚ ਅਜਿਹੇ ਕੁਕਰਮਾਂ ਦੀ ਸਜ਼ਾ 'ਸ਼ੁੱਧੀਕਰਨ ਕੈਂਪਾਂ' ਤੇ 'ਸੁਧਾਰ ਘਰਾਂ' ਵਿਚ ਭੇਜਣਾ ਹੈ ਪਰ ਮੌਜੂਦਾ ਦੌਰ ਵਿਚ ਇਸ ਦਾ ਨਤੀਜਾ ਨਰਿੰਦਰ ਦਭੋਲਕਰ, ਐੱਮ.ਐੱਮ. ਕੁਲਬਰਗੀ, ਗੋਬਿੰਦ ਪਾਨਸਰੇ ਅਤੇ ਗੌਰੀ ਲੰਕੇਸ਼ ਵਰਗੇ ਜ਼ਹੀਨ ਤੇ ਸਮਾਜ ਦੀ ਜ਼ਮੀਰ ਮੰਨੇ ਜਾਂਦੇ ਬੁਧੀਜੀਵੀਆਂ ਦੇ ਹਿੰਦੂ ਅਤਿਵਾਦੀ ਗਰੁੱਪਾਂ ਵੱਲੋਂ ਦਿਨ-ਦਿਹਾੜੇ ਕੀਤੇ ਕਤਲਾਂ ਵਿਚ ਦੇਖਿਆ ਜਾ ਸਕਦਾ ਹੈ। ਇਨ੍ਹਾਂ ਚਾਰੇ ਬਜ਼ੁਰਗ ਦਰਵੇਸ਼ਾਂ ਦਾ ਕਸੂਰ ਸਿਰਫ ਇੰਨਾ ਸੀ ਕਿ ਇਹ ਨਾ ਸਿਰਫ ਧਾਰਮਿਕ ਕੱਟੜਤਾ, ਗੈਰ-ਜਮਹੂਰੀ ਨੀਤੀਆਂ, ਮੁਸਲਮਾਨਾਂ/ਦਲਿਤਾਂ/ਔਰਤਾਂ/ਗਰੀਬ ਤਬਕਿਆਂ ਨਾਲ ਹੋ ਰਹੇ ਬਲਾਤਕਾਰਾਂ, ਹਜੂਮੀ ਹੱਤਿਆਵਾਂ ਤੇ ਧੱਕੇਸ਼ਾਹੀ ਖਿਲਾਫ ਲਗਾਤਾਰ ਬੋਲ ਰਹੇ ਸਨ ਸਗੋਂ ਮੁਲਕ ਵਿਚ ਤੇਜ਼ੀ ਨਾਲ ਪਸਰ ਰਹੇ ਗੈਰ-ਵਿਗਿਆਨਕ, ਤਰਕਹੀਣ ਅਤੇ ਬੇਦਲੀਲ ਵਰਤਾਰਿਆਂ ਖਿਲਾਫ ਡਟ ਕੇ ਖੜ੍ਹੇ ਸਨ। ਇਸੇ ਤਰ੍ਹਾਂ ਇਸ ਸੀਰੀਜ਼ ਵਿਚ ਰਾਜ-ਸੱਤਾ 'ਤੇ ਕਾਬਜ਼ ਜਮਾਤ ਸਵਾਲਾਂ, ਆਲੋਚਨਾ, ਸੱਚ, ਤੱਥਾਂ ਅਤੇ ਅਣਖ ਭਰੀ ਜ਼ਿੰਦਗੀ ਤੋਂ ਪਲੇਗ ਵਾਂਗ ਡਰਦੀ ਹੈ ਅਤੇ ਨਵੀਂ ਉਮੀਦ ਦੀਆਂ ਕਰੂੰਬਲਾਂ ਨੂੰ ਨੋਚ ਕੇ ਸੁੱਟ ਦੇਣਾ ਚਾਹੁੰਦੀ ਹੈ।

ਇਸ ਸੀਰੀਜ਼ ਵਿਚ ਸਰਕਾਰੀ ਤੰਤਰ ਦੀਆਂ ਬੰਦਾ-ਮਾਰੂ ਨੀਤੀਆਂ ਦਾ ਖਮਿਆਜ਼ਾ ਬੱਚੇ ਅਤੇ ਔਰਤਾਂ ਭੁਗਤਦੇ ਹਨ। ਸੀਰੀਜ਼ ਵਿਚ ਅਜਿਹੇ ਬੱਚੇ ਜਿਹੜੇ ਹਿੰਦੂ-ਮੁਸਲਿਮ, ਹਿੰਦੂ-ਦਲਿਤ ਜਾਂ ਹਿੰਦੂ-ਈਸਾਈ ਵਿਆਹ ਵਿਚੋਂ ਪੈਦਾ ਹੋਏ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਤੋਂ ਖੋਹ ਕੇ ਅਜਿਹੀਆਂ ਏਜੰਸੀਆਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਜਿਹੜੀਆਂ ਜਾਂ ਤਾਂ ਉਨ੍ਹਾਂ ਨੂੰ ਬੇਔਲਾਦ ਜੋੜਿਆਂ ਨੂੰ ਵੇਚ ਦਿੰਦੀਆਂ ਹਨ ਜਾਂ ਉਨ੍ਹਾਂ ਦੀ ਸਮਗਲਿੰਗ ਕਰਦੇ ਨੇ ਜਾਂ ਫਿਰ ਉਨ੍ਹਾਂ ਨੂੰ ਲੇਬਰ ਕੈਂਪਾਂ ਵਿਚ ਮਰਨ ਲਈ ਸੁੱਟ ਦਿੰਦੇ ਹਨ। ਇਸ ਸੀਰੀਜ਼ ਦੀ ਮੁੱਖ ਕਿਰਦਾਰ ਸ਼ਾਲਿਨੀ ਜਦੋਂ ਖੁਦ ਦੀ ਮੁਕਤੀ ਲਈ ਦੋ 'ਅਪੱਵਿਤਰ' ਔਰਤਾਂ ਨੂੰ ਗੈਸ ਚੈਂਬਰ ਵਿਚ ਮਾਰਨ ਤੋਂ ਮੁਨਕਰ ਹੋ ਜਾਂਦੀ ਹੈ ਤਾਂ ਸਜ਼ਾ ਦੇ ਤੌਰ 'ਤੇ ਉਹ ਅਜਿਹੇ ਲੇਬਰ ਕੈਂਪ ਵਿਚ ਸੁੱਟ ਦਿੱਤੀ ਜਾਂਦੀ ਹੈ ਜਿੱਥੇ ਉਸ ਨੂੰ ਇੱਕ ਛੋਟੀ ਬੱਚੀ (ਮਾਪਿਆਂ ਤੋਂ ਖੋਹ ਕੇ ਸੁੱਟੀ) ਮਿਲਦੀ ਹੈ ਜਿਹੜੀ ਪੈਸਿਆਂ ਦੇ ਬਦਲੇ ਉਸ ਨੂੰ ਲੈਲਾ ਨੂੰ ਲੱਭਣ ਵਿਚ ਮਦਦ ਕਰਨ ਦਾ ਭਰੋਸਾ ਦਿੰਦੀ ਹੈ। ਫਿਲਮ ਦੀ ਕਹਾਣੀ ਮੁਤਾਬਿਕ ਸ਼ਾਲਿਨੀ ਦੀ ਧੀ ਲੈਲਾ ਨੂੰ ਅਗਵਾ ਕਰਨ ਵਿਚ 'ਰਿਪੀਟਰਜ਼' ਦਾ ਮੁੱਖ ਰੋਲ ਹੁੰਦਾ ਹੈ ਜਿਹੜੇ ਲੁੱਟਮਾਰ, ਫਿਰੌਤੀਆਂ ਅਤੇ ਹਜੂਮੀ ਹੱਤਿਆਵਾਂ ਕਰਨ ਵਾਲੇ ਅਜਿਹੇ ਸਮੂਹ ਹਨ ਜਿਨ੍ਹਾਂ ਨੂੰ ਸਟੇਟ ਦੀ ਪੂਰੀ ਹਮਾਇਤ ਹਾਸਲ ਹੈ ਅਤੇ ਉਹ ਮੌਕਾ ਆਉਣ 'ਤੇ ਬੱਚਿਆਂ ਅਤੇ ਔਰਤਾਂ ਨੂੰ ਵੀ ਨਹੀਂ ਬਖਸ਼ਦੇ।

ਇਹ ਸੀਰੀਜ਼ 'ਲੈਲਾ' ਬਹੁਤ ਸਾਰੇ ਪੱਖਾਂ ਤੋਂ ਇਸ ਲਈ ਵਿਲੱਖਣ ਹੈ ਕਿ ਇਹ ਫਾਸ਼ੀਵਾਦੀ ਸਮਾਜਾਂ ਵਿਚ ਜੀਅ ਰਹੇ ਲੋਕਾਂ ਦੀ ਜ਼ਿੰਦਗੀ ਦਾ ਮਾਰਮਿਕ ਖਾਕਾ ਖਿੱਚਦੀ ਹੈ। ਇਸ ਦੇ ਨਾਲ-ਨਾਲ ਸੀਰੀਜ਼ ਦਾਰਸ਼ਨਿਕ ਪੱਧਰ 'ਤੇ ਇਹ ਸੁਨੇਹਾ ਦਿੰਦੀ ਹੈ ਕਿ ਫਾਸ਼ੀਵਾਦ ਦਾ ਅਸਰ ਸਿਰਫ ਸਿਆਸੀ ਨਹੀਂ ਹੁੰਦਾ, ਇਹ ਹੌਲੀ-ਹੌਲੀ ਜ਼ਹਿਰ ਵਾਂਗ ਜ਼ਿੰਦਗੀ ਦੀ ਸਾਰੀਆਂ ਸ਼ੈਆਂ ਨੂੰ ਨੀਲਾ ਕਰਦਾ ਜਾਂਦਾ ਹੈ। ਵਫਾਦਾਰਾਂ ਦੀ ਜਾਸੂਸੀ ਤੋਂ ਲੈ ਕੇ ਸਿਆਸੀ ਸਾਜ਼ਿਸ਼ਾਂ ਤਹਿਤ ਫਾਸ਼ੀਵਾਦੀ ਇੱਕ-ਦੂਜੇ ਨੂੰ ਨਾ ਸਿਰਫ ਠਿੱਬੀ ਲਾਉਣ ਦੀ ਕੋਸ਼ਿਸ਼ ਕਰਦੇ ਹਨ ਬਲਕਿ ਉਨ੍ਹਾਂ ਦੀ ਨਾਲਾਇਕੀ ਤੇ ਵਿਚਾਰਹੀਣਤਾ ਦੀਕਸ਼ਤ ਵਾਂਗ ਪੂਰੇ ਪਰਿਵਾਰ ਨੂੰ ਨਿਗਲ ਜਾਂਦੀ ਹੈ।

ਫਾਸ਼ੀਵਾਦ ਮਿੱਥਕ ਇਤਿਹਾਸ, ਝੂਠੀ ਸ਼ਾਨੋ-ਸ਼ੌਕਤ, ਹਥਿਆਰਾਂ ਤੇ ਧਾਰਮਿਕਤਾ ਦੀ ਗਲੀਜ਼ ਨੁਮਾਇਸ਼ ਹੋਣ ਦੇ ਨਾਲ-ਨਾਲ ਮਾਨਵਤਾ ਦੀਆਂ ਸਭ ਤੋਂ ਖ਼ੂਬਸੂਰਤ ਸ਼ੈਆਂ ਨੂੰ ਨਿਗਲ ਜਾਂਦਾ ਹੈ। ਨਾਗਰਿਕ ਨੰਬਰਾਂ ਜਾਂ ਵਰਤੋਂ ਯੋਗ ਚੰਮ ਵਿਚ ਤਬਦੀਲ ਕਰ ਦਿੱਤੇ ਜਾਂਦੇ ਹਨ। ਇਹ ਸੀਰੀਜ਼ ਉਸ ਕਾਲੇ ਭਵਿੱਖ ਵੱਲ ਇਸ਼ਾਰਾ ਕਰਦੀ ਹੈ ਜਦੋਂ ਸਮਾਜਿਕ-ਜਿਨਸੀ ਕੁੰਠਾ ਅਤੇ ਸਿਆਸੀ ਨਪੁੰਸਕਤਾ ਦੇ ਭੰਨੇ ਬਦਨਸੀਬ ਸਮਾਜ ਇੱਕ-ਦੂਜੇ ਨੂੰ ਖਾਣ ਤੇ ਉਤਾਰੂ ਹੋ ਜਾਂਦੇ ਹਨ। ਦੀਪਾ ਮਹਿਤਾ ਨੇ ਬਹੁਤ ਹਿੰਮਤ ਨਾਲ ਦਰਸ਼ਕਾਂ ਨੂੰ ਸ਼ੀਸ਼ਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ।

'ਲੈਲਾ' ਸੀਰੀਜ਼ ਪ੍ਰਯਾਗ ਅਕਬਰ ਦੇ ਇਸੇ ਨਾਮ ਦੇ ਨਾਵਲ 'ਤੇ ਆਧਾਰਿਤ ਹੈ ਅਤੇ ਇਸ ਵਿਚੋਂ ਵਾਰ-ਵਾਰ ਮਾਰਗਰੇਟ ਐਟਵੁੱਡ ਦੇ ਨਾਵਲ 'ਦਿ ਹੈਂਡਮੇਡ'ਜ਼ ਟੇਲ' ਅਤੇ ਜਾਰਜ ਆਰਵੈੱਲ ਦੇ ਨਾਵਲ 'ਨਾਈਨਟੀਨ ਏਟੀ ਫਾਰ' ਦਾ ਝਲਕਾਰਾ ਪੈਂਦਾ ਹੈ। ਫਿਲਮ ਦਾ ਸਭ ਤੋਂ ਦਰਦਨਾਕ ਦ੍ਰਿਸ਼ ਉਹ ਹੈ ਜਦੋਂ ਸ਼ਾਲਿਨੀ ਆਪਣੀ ਧੀ 'ਲੈਲਾ' ਨੂੰ ਲੱਭਣ ਵਿਚ ਕਾਮਯਾਬ ਤਾਂ ਹੋ ਜਾਂਦੀ ਹੈ ਪਰ ਤਦ ਤੱਕ ਉਸ ਉਪਰ ਜ਼ਹਿਰੀਲੇ ਪ੍ਰਚਾਰ ਦਾ ਇੰਨਾ ਅਸਰ ਹੋ ਚੁੱਕਿਆ ਹੈ ਕਿ ਉਹ ਆਪਣੀ ਮਾਂ ਨੂੰ ਆਖਦੀ ਹੈ, "ਮੇਰੀ ਕੋਈ ਮਾਂ ਨਹੀਂ, ਮੇਰੀ ਮਾਂ ਆਰੀਆਵਰਤ ਹੈ ਤੇ ਮੈਂ ਉਸ ਲਈ ਮਰਨ ਜਾਂ ਕਿਸੇ ਨੂੰ ਮਾਰਨ ਤੋਂ ਗੁਰੇਜ਼ ਨਹੀਂ ਕਰਾਂਗੀ।



### ਦੇਵੀ ਦਿਆਲ ਦੇ ਦੇਹਾਂਤ 'ਤੇ

# ਪੰਜਾਬ ਦੀ ਕਬੱਡੀ ਦਾ ਹੀਰਾ

**ਸਰਵਣ ਸਿੰਘ**

ਬੜਾ ਅਫਸੋਸ ਹੈ ਦੇਵੀ ਦਿਆਲ ਵੀ ਸਰਵਣ ਰਮੀਦੀ ਦੇ ਰਾਹ ਤੁਰ ਗਿਆ। ਦੋਵੇਂ ਕਬੱਡੀ ਦੇ ਧਨੰਤਰ ਖਿਡਾਰੀ ਤੇ ਕਬੱਡੀ ਦੇ ਮੁੱਢਲੇ ਕੋਚ ਸਨ। ਕਬੱਡੀ ਮੇਲਿਆਂ ਵਿਚ ਦੇਵੀ ਦਿਆਲ ਦੀ ਝੰਡੀ ਹੁੰਦੀ ਸੀ। ਉਹ ਵੀਹ ਸਾਲ ਤੇਜ਼ਤਰਾਰ ਕਬੱਡੀ ਖੇਡਿਆ। 1967 ਵਿਚ ਮੈਂ ਉਸ ਨੂੰ ਪਹਿਲੀ ਵਾਰ ਸਮਰਾਲੇ ਕਾਲਜ ਦੇ ਖੇਡ ਮੈਦਾਨ ਵਿਚ ਵੇਖਿਆ ਸੀ। ਉਥੇ ਅਸੀਂ ਢੁੱਡੀਕੇ ਕਾਲਜ ਦੀ ਟੀਮ ਲੈ ਕੇ ਗਏ ਸਾਂ। ਉਦੋਂ ਉਹ ਬੀ. ਏ. ਦਾ ਵਿਦਿਆਰਥੀ ਸੀ। ਸੂਰਜ ਦੀ ਲਿਸ਼ਕੋਰ ਵਿਚ ਉਹਦਾ ਭਖਿਆ ਹੋਇਆ ਗੋਰਾ ਰੰਗ ਲਾਟ ਵਾਂਗ ਜਗ ਰਿਹਾ ਸੀ। ਉਹ ਏਨਾ ਫੁਰਤੀਲਾ ਤੇ ਤਕੜਾ ਨਿਕਲਿਆ ਕਿ ਉਸ ਨੇ ਸਾਡੇ ਜਾਫੀਆਂ ਨੂੰ ਅਸਲੋਂ ਰੋਲ ਦਿੱਤਾ। ਉਹਦੇ ਸਡੌਲ ਸਰੀਰ ਵਰਗਾ ਜੁੱਸਾ ਸ਼ਾਇਦ ਹੀ ਕਿਸੇ ਹੋਰ ਕਬੱਡੀ ਖਿਡਾਰੀ ਦਾ ਹੋਵੇ। ਪੌਣੇ ਛੇ ਫੁੱਟ ਕੱਦ, ਪੰਜਾਸੀ ਕਿੱਲੋ ਵਜ਼ਨ ਤੇ ਗੋਲ ਗੁੰਦਵੇਂ ਪੱਠਿਆਂ ਵਾਲਾ ਗੋਰਾ ਨਿਛੋਹ ਬਦਨ। ਪੱਟਾਂ ਦੀਆਂ ਘੁੱਗੀਆਂ ਤੇ ਡੌਲਿਆਂ ਦੀਆਂ ਮੱਛਲੀਆਂ ਰਾਹ ਜਾਂਦਿਆਂ ਤੋਂ ਸਿਫ਼ਤਾਂ ਕਰਾਉਂਦੀਆਂ। ਉਹ ਤੇਜ਼ੀ ਨਾਲ ਕਬੱਡੀ ਪਾਉਂਦਾ ਜਿਵੇਂ ਸੌ ਮੀਟਰ ਦੀ ਦੌੜ ਲਾ ਰਿਹਾ ਹੋਵੇ। ਜਾਫੀਆਂ ਕੋਲ ਜਾ ਕੇ ਇਕ ਦੋ ਨਿੱਕੀਆਂ ਨਿੱਕੀਆਂ ਚੁੰਗੀਆਂ ਭਰਦਾ ਤੇ ਬਿਜਲੀ ਦੇ ਕਰੰਟ ਵਾਂਗ ਜਾਫੀ ਨੂੰ ਛੋਹ ਕੇ ਪੰਦਰਾਂ ਸਕਿੰਟਾਂ 'ਚ ਈ ਆਪਣੇ ਪਾੜੇ ਪਰਤ ਆਉਂਦਾ। ਦੇਵੀ ਦਿਆਲ ਨੂੰ ਰੋਕਣਾ ਰਾਕਟ ਨੂੰ ਹੱਥ ਪਾਉਣਾ ਸੀ!


ਦੇਵੀ ਦਿਆਲ ਦਾ ਜਨਮ 2 ਦਸੰਬਰ 1947 ਨੂੰ ਪਿੰਡ ਕੁੱਬਾ ਤਹਿਸੀਲ ਸਮਰਾਲਾ ਵਿਚ ਹੋਇਆ ਸੀ। ਉਹ ਅੱਠਵੀਂ ਤਕ ਆਪਣੇ ਪਿੰਡ ਪੜ੍ਹਿਆ ਤੇ ਦਸਵੀਂ ਖ਼ਾਲਸਾ ਸਕੂਲ ਘੁਲਾਲ ਤੋਂ ਕੀਤੀ। ਕਬੱਡੀ ਦੇ ਖਿਡਾਰੀ ਆਮ ਕਰ ਕੇ ਦਸ ਬਾਰਾਂ ਜਮਾਤਾਂ ਪੜ੍ਹਦੇ ਹਨ ਪਰ ਦੇਵੀ ਦਿਆਲ ਨੇ ਐੱਮ. ਏ. ਪਾਸ ਕੀਤੀ। ਮਾਲਵਾ ਕਾਲਜ ਸਮਰਾਲਾ ਪਿੱਛੋਂ ਉਹ ਸਰਕਾਰੀ ਕਾਲਜ ਲੁਧਿਆਣਾ ਤੇ ਡੀ. ਏ. ਵੀ. ਕਾਲਜ ਜਲੰਧਰ 'ਚ ਪੜ੍ਹਿਆ ਜਿਥੇ ਕਬੱਡੀ ਦੀਆਂ ਟਰਾਫੀਆਂ ਜਿਤਾਉਂਦਾ ਰਿਹਾ। ਉਹਦੇ ਨਾਂ ਦੀ ਏਨੀ ਦਹਿਸ਼ਤ ਸੀ ਕਿ ਮੈਚ ਤੋਂ ਪਹਿਲਾਂ ਹੀ ਵਿਰੋਧੀ ਖਿਡਾਰੀ ਦਿਲ ਛੱਡ ਜਾਂਦੇ।

ਉਹਦੀ ਗੁੱਡੀ ਕਿਲਾ ਰਾਇਪੁਰ ਦੀਆਂ ਖੇਲ੍ਹਾਂ ਵਿਚ ਚੜ੍ਹੀ ਸੀ। ਐਟਮ ਬੰਬ ਕਹਾਉਂਦਾ ਤੋਖੀ ਉਦੋਂ ਢਲ? ਰਿਹਾ ਸੀ ਪਰ ਦੇਵੀ ਚੜ੍ਹ ਰਿਹਾ ਸੀ। 1973 ਵਿਚ ਇੰਗਲੈਂਡ ਦੀ ਟੀਮ ਪੰਜਾਬ ਵਿਚ ਕਬੱਡੀ ਮੈਚ ਖੇਡਣ ਆਈ ਤਾਂ ਪਹਿਲਾ ਟੈੱਸਟ ਮੈਚ ਵਾਰ ਹੀਰੋਜ਼ ਸਟੇਡੀਅਮ ਸੰਗਰੂਰ ਵਿਚ ਖੇਡਿਆ ਗਿਆ। ਕਬੱਡੀ ਉਦੋਂ ਸਾਹ ਨਾਲ ਪਾਈ ਜਾਂਦੀ ਸੀ। ਦੇਵੀ ਨੇ ਪਹਿਲੀ ਕਬੱਡੀ ਪਾਈ ਤਾਂ ਇੰਗਲੈਂਡ ਦੇ ਜਾਫੀ ਹਿੰਮਤ ਸੋਹੀ ਨੇ ਉਸ ਦੇ ਵੱਟ ਕੇ ਧੌਲ ਮਾਰੀ ਜੋ ਉਹਦੀ ਪੁੜਪੁੜੀ ਵਿਚ ਵੱਜੀ। ਉਹ ਘੁਮੇਟਣੀ ਖਾ ਕੇ ਡਿੱਗ ਪਿਆ ਤੇ ਮੈਚ ਖੇਡਣ ਦੇ ਕਾਬਲ ਨਾ ਰਿਹਾ। ਇੰਗਲੈਂਡ ਦੀ ਟੀਮ 62-60 ਅੰਕਾਂ ਨਾਲ ਮੈਚ ਜਿੱਤੀ। ਜੇਕਰ ਉਹ ਖੇਡਣੋਂ ਆਰੀ ਨਾ ਹੁੰਦਾ ਤਾਂ ਨਤੀਜਾ ਹੋਰ ਹੀ ਹੁੰਦਾ।

ਫਿਰ ਉਹ ਪੰਜਾਬ ਦੀ ਟੀਮ ਨਾਲ ਇੰਗਲੈਂਡ ਕਬੱਡੀ ਖੇਡਣ ਗਿਆ। ਮਾਰਚ ਪਾਸਟ ਵੇਲੇ ਖਿਡਾਰੀਆਂ ਦੇ ਪੱਗਾਂ ਬੱਧੀਆਂ ਸਨ। ਦੇਵੀ ਦਿਆਲ ਵੀ ਗੁਲਾਬੀ ਪੱਗ ਬੰਨ੍ਹ ਕੇ ਢੁੱਕਾ। ਦਰਸ਼ਕ ਵਾਰ ਵਾਰ ਪੁੱਛਦੇ, "ਏਹਨਾਂ 'ਚ ਦੇਵੀ ਦਿਆਲ ਕਿਹੜਾ ਹੋਇਆ ਬਈ? ਪੱਗ ਨਾਲ ਉਹ ਦੇਵੀ ਨੂੰ ਦੇਵੀ ਦਿਆਲ ਨਹੀਂ ਸਨ ਸਮਝ ਰਹੇ। ਉਹ ਵਾਰ ਵਾਰ ਆਖਦੇ, "ਇਹ ਤਾਂ ਨਕਲੀ ਦੇਵੀ ਦਿਆਲ ਆ। ਸਾਨੂੰ ਅਸਲੀ ਦੇਵੀ ਦਿਆਲ ਦਿਖਾਓ!

ਆਖ਼ਰ ਦੇਵੀ ਦਿਆਲ ਨੇ ਪੱਗ ਉਤਾਰੀ ਤੇ ਅਸਲੀ ਨਕਲੀ ਦਾ ਭੁਲੇਖਾ ਦੂਰ ਕੀਤਾ। ਉਨ੍ਹਾਂ ਦਿਨਾਂ 'ਚ ਉਹ ਢੁੱਡੀਕੇ ਦੇ ਖੇਡ ਮੇਲੇ ਵਿਚ ਕਬੱਡੀ ਖੇਡਣ ਆਇਆ ਤਾਂ ਮੈਨੂੰ ਇੰਗਲੈਂਡ ਦੀਆਂ ਗੱਲਾਂ ਦੱਸਣ ਲੱਗ ਪਿਆ। ਆਖਣ ਲੱਗਾ, "ਪ੍ਰੋਫੈਸਰ ਸਾਹਿਬ, ਏਥੇ ਤਾਂ ਸੁੱਕੇ ਹੱਡ ਰਗੜਾਈ ਦੇ ਆ। ਕਬੱਡੀ ਖੇਡਣ ਦੀ ਲੱਜ਼ਤ ਤਾਂ ਇੰਗਲੈਂਡ ਵਿਚ ਆਉਂਦੀ ਆ। ਓਥੋਂ ਮੈਨੂੰ ਪੰਜ ਹਜ਼ਾਰ ਪੌਂਡ ਮਿਲੇ। ਓਥੇ ਤਾਂ ਕਿਸੇ ਕਬੱਡੀ ਖਿਡਾਰੀ ਦਾ ਵਿਆਹ ਮੰਗਣਾ ਵੀ ਹੋਵੇ ਤਾਂ ਹਜ਼ਾਰ ਹਜ਼ਾਰ ਪੌਂਡ ਸ਼ਗਨਾਂ ਦੇ ਈ ਹੋ ਜਾਂਦੇ ਆ। ਮੈਂ ਤਾਂ ਖ਼ੈਰ ਵਿਆਹਿਆ ਹੋਇਆ ਸੀ। ਇੰਗਲੈਂਡ 'ਚ ਮੈਨੂੰ ਕਈ ਮਾਪਿਆਂ ਨੇ ਕਿਹਾ, "ਕਬੱਡੀ ਦੇ ਚੰਗੇ ਖਿਡਾਰੀਆਂ ਦੀ ਦੱਸ ਪਾ, ਅਸੀਂ ਧੀਆਂ ਵਿਆਹੁਣ ਨੂੰ ਤਿਆਰ ਆਂ!

1970 ਵਿਚ ਉਹ ਪੰਜਾਬ ਪੰਚਾਇਤੀ ਰਾਜ ਖੇਡ ਪ੍ਰੀਸ਼ਦ ਦਾ ਕਬੱਡੀ ਕੋਚ ਬਣ ਗਿਆ ਸੀ। 2005 ਵਿਚ ਜ਼ਿਲ੍ਹਾ ਖੇਡ ਅਫਸਰ ਦੀ ਪਦਵੀ ਤੋਂ ਰਿਟਾਇਰ ਹੋਇਆ। 1974 ਵਿਚ ਪੰਜਾਬ ਦੀ ਜਿਹੜੀ ਟੀਮ ਵਲਾਇਤ ਕਬੱਡੀ ਖੇਡਣ ਗਈ ਉਹਦਾ ਉਹ ਮੀਤ ਕਪਤਾਨ ਸੀ। ਇੰਗਲੈਂਡ ਜਿਸ ਨੂੰ ਬੀਅਰ ਸ਼ਰਾਬ ਦਾ ਘਰ ਕਿਹਾ ਜਾਂਦਾ ਹੈ ਉਥੇ ਵੀ ਦੇਵੀ ਦਿਆਲ ਬੀਅਰ ਸ਼ਰਾਬ ਪੀਣੋਂ ਬਚਿਆ ਰਿਹਾ ਸੀ। ਮੈਂ ਉਸ ਦੇ ਸੋਹਣੇ ਪਾਲੇ ਹੋਏ ਜੁੱਸੇ ਦਾ ਰਾਜ਼ ਜਾਣਨ ਲਈ ਉਸ ਦੀ ਖਾਧ ਖ਼ੁਰਾਕ ਪੁੱਛੀ ਤਾਂ ਉਹਨੇ ਦੱਸਿਆ ਸੀ ਕਿ ਉਹ ਦੁੱਧ ਅਤੇ ਫਲਾਂ ਦਾ ਜੂਸ ਪੀਂਦਾ ਹੈ। ਆਂਡੇ ਤੇ ਮੀਟ ਖਾ ਲੈਂਦਾ ਹੈ। ਮੁੱਠੀ ਭਰ ਬਦਾਮ ਵੀ ਚੱਬਦਾ ਹੈ। ਮੈਂ ਆਖਿਆ, "ਬਦਾਮ ਤਾਂ ਬਹੁਤ ਮਹਿੰਗੇ ਹੁੰਦੇ ਹਨ।" ਉਸ ਦਾ ਜਵਾਬ ਸੀ, "ਸ਼ਰਾਬ ਨਾਲੋਂ ਤਾਂ ਫੇਰ ਵੀ ਸਸਤੇ ਪੈਂਦੇ ਹਨ।"



ਜਦੋਂ ਉਹ ਰਿਟਾਇਰ ਹੋ ਕੇ ਕੁੱਬੇ ਦੇ ਵਰਿਆਮ ਸਟੇਡੀਅਮ ਵਿਚ ਕਬੱਡੀ ਅਕੈਡਮੀ ਚਲਾਉਣ ਲੱਗਾ ਤਾਂ ਉਸ ਨਾਲ ਡਾਢਾ ਮਾੜਾ ਭਾਣਾ ਵਰਤ ਗਿਆ। ਹੋਣੀ ਨੇ ਉਹਦਾ ਇਕੋ ਇਕ ਜੁਆਨ ਪੁੱਤਰ ਟੋਨੀ ਅਲੰਕਾਰ ਉਹਤੋਂ ਖੋਹ ਲਿਆ। ਟੋਨੀ ਉਭਰਦਾ ਕੌਡਿਆਲ ਸੀ ਜਿਸ ਤੋਂ ਬੜੀਆਂ ਆਸਾਂ ਸਨ। ਪਰ ਕੈਂਸਰ ਦੀ ਚੰਦਰੀ ਬਿਮਾਰੀ ਉਸ ਨੂੰ ਲੈ ਬੈਠੀ। ਉਸ ਦੀ ਯਾਦ ਵਿਚ ਦੇਵੀ ਦਿਆਲ ਟੋਨੀ ਅਲੰਕਾਰ ਕਬੱਡੀ ਅਕੈਡਮੀ ਚਲਾ ਸੀ ਕਿ ਹੁਣ ਆਪ ਵੀ ਚਲਾਣਾ ਕਰ ਗਿਆ। ਪ੍ਰਮਾਤਮਾ ਉਹਦੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਪਰਿਵਾਰ ਦੇ ਜੀਆਂ ਤੇ ਦੋਸਤਾਂ ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਸੂਹੇ ਮਾਰਗਾਂ ਦੇ ਕਵੀ ਸੁਰਜੀਤ ਅਰਮਾਨੀ ਨੂੰ ਸਲਾਮ !

**ਅਜਾਇਬ ਸਿੰਘ ਟਿਵਾਣਾ**

ਹਰਮਨ ਪਿਆਰੇ ਇਨਕਲਾਬੀ ਗੀਤਕਾਰ ਅਤੇ ਕਵੀ ਸੁਰਜੀਤ ਅਰਮਾਨੀ 21 ਜਨਵਰੀ 2024 ਨੂੰ ਸਵੇਰ ਦੇ ਸਮੇਂ ਆਪਣੇ ਦੋਸਤਾਂ ਮਿੱਤਰਾਂ ਅਤੇ ਸਕੇ ਸਨੇਹੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ। ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਉਨ੍ਹਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਦੀ ਮ੍ਰਿਤਕ ਦੇਹ ਖੋਜ ਕਾਰਜਾਂ ਲਈ ਆਦੇਸ਼ ਮੈਡੀਕਲ ਕਾਲਜ ਨੂੰ ਦਾਨ ਕਰ ਦਿੱਤੀ ਗਈ। ਉਨ੍ਹਾਂ ਦਾ ਜਨਮ ਕਮਿਊਨਿਸਟਾਂ ਦੇ ਲਾਲ ਏਰੀਏ ਦੇ ਤੌਰ 'ਤੇ ਜਾਣੇ ਜਾਂਦੇ ਮਾਨਸਾ ਜਿਲ੍ਹੇ ਦੇ ਪਿੰਡ ਬੁਰਜ ਢਿਲਵਾਂ ਵਿੱਚ 4 ਫਰਵਰੀ 1946 ਨੂੰ ਹੋਇਆ ਸੀ। ਲਗਭਗ 78 ਸਾਲ ਦੀ ਉਮਰ ਦੇ ਇਸ ਅਰਸੇ ਦੌਰਾਨ ਉਨ੍ਹਾਂ ਦੇ ਜੀਵਨ ਵਿੱਚ ਅਨੇਕਾਂ ਉਤਰਾਅ ਚੜ੍ਹਾਅ ਆਏ। ਦਲਿਤ ਪਰਿਵਾਰ 'ਚ ਜਨਮੇ ਅਰਮਾਨੀ ਦੇ ਆਪਣੇ ਸ਼ਬਦਾਂ 'ਚ ਉਸ ਦੀ ਮੁਢਲੀ ਸਿੱਖਿਆ ਬੱਕਰੀਆਂ ਚਾਰਦਿਆਂ ਪੂਰੀ ਹੋਈ। ਉਹ ਸਿਰਫ 9ਵੀਂ ਜਮਾਤ ਦਾ ਵਿਦਿਆਰਥੀ ਸੀ ਜਦ ਉਸ ਨੂੰ ਕਮਿਊਨਿਸਟ ਆਗੂ ਜੰਗੀਰ ਸਿੰਘ ਜੋਗਾ ਨੂੰ ਪੇਂਡੂ ਕਾਨਫਰੰਸਾਂ 'ਚ ਸੁਣਨ ਦਾ ਮੌਕਾ ਮਿਲਿਆ। ਇੱਥੋਂ ਹੀ ਉਸ ਨੂੰ ਖੱਬੇ ਪੱਖੀ ਵਿਚਾਰਾਂ ਦੀ ਚਿਣਗ ਲੱਗ ਗਈ।

1960ਵਿਆਂ ਦੇ ਅਖੀਰ 'ਚ ਪੰਜਾਬ 'ਚ ਨਕਸਲੀ ਲਹਿਰ ਦੇ ਆਗਮਨ ਨਾਲ ਉਹ ਹਮੇਸ਼ਾਂ ਲਈ 'ਲਾਲਾਂ' ਦੇ ਕਾਫਲੇ ਦਾ ਹਿੱਸਾ ਬਣ ਗਿਆ ਜਿਸ ਵਿੱਚ ਬਾਰੂ ਸਤਵਰਗ,ਮੇਘਰਾਜ ਰਾਮਪੁਰਾ, ਕਰਮਜੀਤ ਜੋਗਾ, ਮੱਘਰ ਸਿੰਘ ਕੁੱਲਰੀਆਂ ਅਤੇ ਬੁੱਗਰ ਪ੍ਰਧਾਨ (ਜੋਗਾ) ਵਰਗੇ ਅਨੇਕਾਂ ਇਨਕਲਾਬੀ ਕਾਰਕੁਨ ਸ਼ਾਮਲ ਸਨ। ਉਸ ਨੇ ਰਾਮਪੁਰੇ ਦੀ ਸਾਹਿਤ ਸਭਾ ਦੀਆਂ ਸਰਗਰਮੀਆਂ 'ਚ ਲਗਾਤਾਰ ਸ਼ਮੂਲੀਅਤ ਕੀਤੀ। 'ਕਿਰਤੀ ਕਿੱਸਾ' ਪਰਚੇ ਦੇ ਸੰਪਦਕੀ ਮੰਡਲ 'ਚ ਖਜ਼ਾਨਚੀ ਦੀ ਜੁੰਮੇਵਾਰੀ ਨਿਭਾਉਂਦਾ ਰਿਹਾ। 'ਕਿਰਤੀ ਕਿੱਸੇ' ਦੇ ਬੰਦ ਹੋਣ ਤੋਂ ਬਾਅਦ 'ਕਿਰਤੀ ਯੁੱਗ' ਵਿੱਚ ਵੀ ਆਪਣਾ ਯੋਗਦਾਨ ਪਾਉਂਦਾ ਰਿਹਾ। ਉਸ ਨੇ ਬੋਘੜ ਸਿੰਘ ਨਾਲ ਕਵੀਸ਼ਰੀ ਜਥਾ ਬਣਾਇਆ, ਅਨੇਕਾਂ ਇਨਕਲਾਬੀ ਗੀਤ ਲਿਖੇ, ਮੰਚਾਂ 'ਤੇ ਗਾਏ ਅਤੇ ਪਿੰਡ ਪਿੰਡ ਜਾਕੇ ਇਨਕਲਾਬੀ ਸਭਿਆਚਾਰ ਦਾ ਪ੍ਰਚਾਰ ਪ੍ਰਸਾਰ ਕੀਤਾ। ਇਸ ਸਮੇਂ ਦੁਰਾਨ ਉਸ ਦਾ ਜੇਲ੍ਹ 'ਚ ਲਿਖਿਆ ਇੱਕ ਗੀਤ "ਕੰਬਲ ਪਿਆਰੇ ਜੇਲ੍ਹ ਦੇ ਮਾਫ਼ੀ ਮੰਗ ਕੇ ਗਦਾਰ ਨਹੀਂ ਕਹਾਉਣਾ" ਬੇਹੱਦ ਮਕਬੂਲ ਹੋਇਆ। ਉਹ ਲੋਕ ਲਿਖਾਰੀ ਕੇਂਦਰ ਬਠਿੰਡਾ ਨਾਲ ਵੀ ਜੁੜਿਆ ਰਿਹਾ। ਇਸ ਕੇਂਦਰ ਵੱਲੋਂ ਪ੍ਰਕਾਸ਼ਿਤ ਫਰਵਰੀ 1978 ਦੇ 'ਅਗਨਬਾਣ' ਪਰਚੇ 'ਚ ਛਪੇ ਉਸ ਦੇ ਦੋ ਗੀਤ "ਰਾਹ ਫੜੋ ਸ਼ਹੀਦਾਂ ਦਾ ਜਿਹੜੇ ਸੁੱਤੇ ਲੋਕ ਜਗਾ ਗਏ" ਅਤੇ "ਵਈ ਜਾਗਦੇ ਰਹਿਣਾ" ਦਹਾਕਾ ਭਰ ਇਨਕਲਾਬੀ ਕਾਰਕੁਨਾਂ ਦੀ ਜੁਬਾਨ ਤੇ ਚੜ੍ਹੇ ਰਹੇ।



1970 'ਚ ਅਧਿਆਪਨ ਦੇ ਕਿੱਤੇ ਵਿੱਚ ਆ ਜਾਣ ਦੇ ਬਾਵਜੂਦ ਉਸ ਨੇ ਆਪਣੀਆਂ ਇਨਕਲਾਬੀ ਸਰਗਰਮੀਆਂ ਤੋਂ ਮੂੰਹ ਨਹੀਂ ਮੋੜਿਆ। ਇਸ ਦੀ ਉਸ ਨੂੰ ਕਾਫੀ ਭਾਰੀ ਕੀਮਤ ਚੁਕਾਉਣੀ ਪਈ। ਉਸ ਉੱਪਰ ਪੁਲਿਸ ਵੱਲੋਂ ਵਾਰ ਵਾਰ ਝੂਠੇ ਕੇਸਾਂ ਤਹਿਤ ਗ੍ਰਿਫ਼ਤਾਰ ਕਰਕੇ ਅੰਨ੍ਹਾ ਤਸ਼ੱਦਦ ਕੀਤਾ ਜਾਂਦਾ ਰਿਹਾ। ਉਸ ਦੇ ਪਿਤਾ ਸ੍ਰੀ ਕਾਕਾ ਸਿੰਘ ਨੂੰ ਪੁਲਸ ਥਾਣਿਆਂ 'ਚ ਖੱਜਲ ਖੁਆਰ ਕੀਤਾ ਜਾਂਦਾ ਰਿਹਾ। 28 ਫਰਵਰੀ 1975 ਨੂੰ ਰੱਲਾ ਪਿੰਡ ਦੇ ਪੁਲਿਸ ਨਾਲ ਹੋਏ ਟਕਰਾ ਬਾਅਦ ਉਸ ਨੂੰ ਵੀ ਗ੍ਰਿਫਤਾਰ ਕੀਤਾ ਗਿਆ। 1975-76 ਦੇ ਐਮਰਜੈਂਸੀ ਦੇ ਸਮੇਂ ਦੁਰਾਨ ਉਸ ਨੂੰ ਦੋ ਵਾਰ ਗ੍ਰਿਫਤਾਰ ਕੀਤਾ ਗਿਆ ਅਤੇ ਸੀ. ਆਈ. ਏ. ਬਠਿੰਡਾ 'ਚ ਤਸ਼ੱਦਦ ਕਰਨ ਬਾਅਦ ਮਾਨਸਾ ਜੇਲ੍ਹ 'ਚ 6 ਮਹੀਨਿਆਂ ਤੋਂ ਵੱਧ ਸਮਾਂ ਬੰਦ ਰੱਖਿਆ ਗਿਆ। ਸਰਕਾਰ ਵੱਲੋਂ ਉਸ ਨੂੰ 6 ਮਹੀਨੇ ਨੌਕਰੀ ਤੋਂ ਮੁਅੱਤਲ ਰੱਖਿਆ ਗਿਆ।

ਪੰਜਾਬ ਦੇ ਕਰਾਂਤੀਕਾਰੀ ਸਾਹਿਤਕਾਰਾਂ ਗੁਰਸ਼ਰਨ ਸਿੰਘ, ਬਾਬਾ ਦੇਵਾ ਸਿੰਘ ਮਾਹਲਾ, ਸੰਤੋਖ ਸਿੰਘ ਬਾਜਵਾ ਅਤੇ ਡਾ.ਸਾਧੂ ਸਿੰਘ ਆਦਿ ਨੇ ਮਿਲ ਕੇ 22 ਅਪ੍ਰੈਲ 1981 ਨੂੰ ਝੁਨੀਰ ਵਿਖੇ ਸਾਹਿਤਕਾਰਾਂ ਦੀ ਕਨਵੈਨਸ਼ਨ ਕਰਕੇ ਕ੍ਰਾਤੀਕਾਰੀ ਸਾਹਿਤ ਸਭਾ, ਪੰਜਾਬ ਦੀ ਸਥਾਪਨਾ ਕੀਤੀ। ਸੁਰਜੀਤ ਅਰਮਾਨੀ ਨੂੰ ਮਾਨਸਾ ਜਿਲ੍ਹੇ ਦੇ ਪ੍ਰਧਾਨ ਦੀ ਜੁੰਮੇਵਾਰੀ ਸੌਂਪੀ ਗਈ ਜੋ ਉਨ੍ਹਾਂ ਪੂਰੀ ਤਨਦੇਹੀ ਨਾਲ ਨਿਭਾਈ।

ਉਸ ਨੇ ਜਿਨ੍ਹਾਂ ਵਿਚਾਰਾਂ ਦਾ ਪ੍ਰਚਾਰ ਕੀਤਾ ਉਨ੍ਹਾਂ ਨੂੰ ਆਪਣੀ ਨਿੱਜੀ ਜਿੰਦਗੀ 'ਚ ਅਮਲ 'ਚ ਲਾਗੂ ਕੀਤਾ। ਜਿਸ ਦੀ ਸਭ ਤੋਂ ਉਘੜਵੀਂ ਮਿਸਾਲ ਹੈ ਕਿ ਉਸ ਨੇ ਆਪਣੀਆਂ ਤਿੰਨ ਬੇਟੀਆਂ ਅਤੇ ਇੱਕ ਬੇਟੇ ਦੀ ਸ਼ਾਦੀ ਬਿਨਾਂ ਦਾਜ ਦਹੇਜ ਤੋਂ ਕੀਤੀ। ਇਸ ਦੌਰਾਨ ਆਪਣੇ ਘਰ ਅੰਦਰ ਕੋਈ ਵੀ ਧਾਰਮਿਕ ਰਸਮ ਨਹੀਂ ਕੀਤੀ। ਉਹ ਜਿਉਂਦੇ ਜੀ ਤਾਂ ਕਿਰਤੀ ਲੋਕਾਂ ਦੇ ਹੱਕ 'ਚ ਖੜ੍ਹਦਾ ਹੀ ਰਿਹਾ ਮਰਨ ਉਪਰੰਤ ਵੀ ਉਸ ਦੀ ਇੱਛਾ ਸੀ ਕਿ ਉਸ ਦਾ ਸਰੀਰ ਮਨੁਖਤਾ ਦੀ ਭਲਾਈ ਲਈ ਕੰਮ ਆ ਸਕੇ। ਇਸੇ ਆਸ ਨਾਲ ਉਸ ਨੇ 28 ਦਸੰਬਰ 2011 ਨੂੰ ਆਪਣੀ ਅੰਤਿਮ ਇੱਛਾ ਨੂੰ ਲਿਖਤੀ ਰੂਪ 'ਚ ਦਰਜ ਕਰਵਾਇਆ। ਇਸ 'ਚ ਉਨ੍ਹਾਂ ਐਲਾਨ ਕੀਤਾ ਕਿ ਮੈਂ ਆਪਣਾ ਸਰੀਰ ਮਰਨ ਉਪਰੰਤ ਖੋਜ ਕਾਰਜਾਂ ਵਾਸਤੇ ਮੈਡੀਕਲ ਕਾਲਜ ਨੂੰ ਦਾਨ ਕਰਨਾ ਚਹੁੰਦਾ ਹਾਂ। ਸੋ ਮੇਰੇ ਮਰਨ ਉਪਰੰਤ ਮੇਰੇ ਪ੍ਰੀਵਾਰ ਵੱਲੋਂ ਮੇਰਾ ਸਰੀਰ ਮੈਡੀਕਲ ਕਾਲਜ ਵਾਸਤੇ ਦਾਨ ਕਰਾਇਆ ਜਾਏ। ਉਸਨੇ ਆਪਣੇ ਵਿਗਿਆਨਕ ਵਿਚਾਰਾਂ ਤੇ ਦ੍ਰਿੜ ਰਹਿੰਦਿਆਂ ਅੱਗੇ ਕਿਹਾ ਕਿ ਮਰਨ ਉਪਰੰਤ ਕੋਈ ਸਵਰਗ ਨਰਕ ਨਹੀਂ। ਇਸ ਲਈ ਉਨ੍ਹਾਂ ਵਾਸਤੇ ਕੋਈ ਧਾਰਮਿਕ ਰਸਮ ਨਾ ਕੀਤੀ ਜਾਵੇ ਸਿਰਫ ਕਿਸੇ ਦਿਨ 2 ਘੰਟੇ ਬੈਠਕੇ ਵਿਚਾਰ ਚਰਚਾ ਕੀਤੀ ਜਾਵੇ। ਜੇਕਰ ਕੋਈ ਮੇਰੇ ਇਨ੍ਹਾਂ ਵਿਚਾਰਾਂ ਦੀ ਉਲੰਘਣਾ ਕਰੇਗਾ ਤਾਂ ਉਹ ਮੇਰੀਆਂ ਦਿਲੀ ਭਾਵਨਾਵਾਂ ਨੂੰ ਠੇਸ ਪਹੁੰਚਾਏਗਾ।

31 ਅਗਸਤ 2023 ਨੂੰ ਦਿੱਤੀ ਆਪਣੀ ਆਖਰੀ ਵੀਡੀਓ ਇੰਟਰਵਿਊ ਵਿੱਚ ਉਸ ਨੇ ਰੂਸ ਚੀਨ ਸਮੇਤ ਵੱਖ ਵੱਖ ਦੇਸ਼ਾਂ 'ਚ ਸਮਾਜਵਾਦੀ ਪ੍ਰਬੰਧ ਦੇ ਢਹਿ ਢੇਰੀ ਹੋ ਜਾਣ ਤੇ ਅਫਸੋਸ ਪ੍ਰਗਟ ਕਰਦਿਆਂ ਭਾਰਤੀ ਕਮਿਊਨਿਸਟ ਲਹਿਰ ਦੇ ਖਿੰਡਾਅ ਤੇ ਬੇਹੱਦ ਫਿਕਰਮੰਦੀ ਜਾਹਰ ਕੀਤੀ। ਪਰ ਇਸ ਸਭ ਕਾਸੇ ਦੇ ਬਾਵਜੂਦ ਉਸ ਨੇ ਦ੍ਰਿੜਤਾ ਪੂਰਵਕ ਕਿਹਾ ਕਿ ਮੈਨੂੰ ਇਨਕਲਾਬੀ ਲਹਿਰ 'ਚ ਕੰਮ ਕਰਨ ਤੇ ਕੋਈ ਪਛਤਾਵਾ ਨਹੀਂ ਬਲਕਿ ਮਾਣ ਹੈ ਪਰ ਕਿਸੇ ਸਮੇਂ ਇਨਕਲਾਬ ਦੇ ਸੁਪਨੇ ਦਿਖਾਉਣ ਵਾਲੇ ਕੁਝ ਦੋਹਰੇ ਕਿਰਦਾਰ ਵਾਲੇ ਆਗੂਆਂ ਦੇ ਲੋਕਾਂ ਤੋਂ ਬੇਮੁਖ ਹੋ ਜਾਣ ਤੇ ਗਿਲਾ ਜਰੂਰ ਹੈ। ਇਸ ਕਿਸਮ ਦੀਆਂ ਵਿਰਾਸਤਾਂ ਨੂੰ ਯਾਦ ਰੱਖਣ ਦੀ ਜ਼ਰੂਰਤ ਹੈ।

## ਅਰਾਧਨਾ

ਹੇ ਪ੍ਰਭੂ ਰਾਮ!
ਕਿੰਨਾ ਸੁਭਾਗ ਹੈ ਕਿ
ਮੈਂ ਜਨਮ ਲਿਆ ਹੈ
ਇਸ ਪਵਿੱਤਰ ਧਰਤੀ 'ਤੇ
ਜਿੱਥੇ ਵਾਸ ਹੈ ਪ੍ਰਭੂ ਦਾ
ਕਣ ਕਣ ਅੰਦਰ

ਜਿੱਥੇ
ਭੁੱਖੀ,ਪਿਆਸੀ,ਬੇਘਰ
ਹੋਵੇ ਲਾਚਾਰ ਪਰਜਾ
ਭੁੱਖ ਨਾਲ ਤੜਫਦੇ
ਇਲਾਜ਼ ਲਈ ਭਟਕਦੇ
ਹੋਣ ਮਾਸੂਮ ਬੱਚੇ
ਬਹੂ-ਬੇਟੀਆਂ ਦੀ
ਇੱਜਤ 'ਤੇ ਝਪਟਦੇ
ਹੋਣ ਖੂੰਖਾਰ ਭੇੜੀਏ

ਜਿੱਥੇ
ਨੰਗੇ-ਪੈਰੀਂ
ਬਿਨਾਂ ਕੋਈ ਸ਼ਿਕਨ ਕਰੇ
ਆਪਣੇ ਭਾਗਾਂ ਨੂੰ ਕੋਸਦੇ
ਪਿੰਡਾਂ ਨੂੰ ਚਾਲੇ ਪਾ ਦੇਣ
ਬੇਵੱਸ, ਬੇਘਰ ਕਾਮੇ

ਮੈਂ ਜਨਮ ਲਿਆ ਹੈ
ਉਸ ਧਰਤੀ 'ਤੇ

ਹੇ ਪ੍ਰਭੂ ਰਾਮ!
ਕਿੰਨਾ ਭਾਗਸ਼ਾਲੀ ਹਾਂ ਮੈਂ
ਗੁਣਾਂ ਨਾਲ ਭਰ ਦਿੱਤੀ ਹੈ
ਮੇਰੀ ਗੋਦ

ਦੇਖ ਕੇ ਮੇਰੀ ਅਦਾਕਾਰੀ
ਅਸ਼-ਅਸ਼ ਕਰ ਉਠਦੇ ਨੇ
ਵੱਡੇ-ਵੱਡੇ ਅਦਾਕਾਰ
ਦੇਖ ਕੇ ਬਦਲਦੇ ਰੰਗ
ਮੇਰੇ ਚਿਹਰੇ ਦੇ ਹਾਵ-ਭਾਵ
ਗਿਰਗਿਟ ਵੀ ਖਾਣ ਖਾਰ

ਭਗਤ-ਜਨ ਗਾਉਂਦੇ ਨੇ
ਉਸਤਤੀ ਦੇ ਗਾਣ
ਕਰਦੇ ਨੇ ਡੰਡੌਤ ਵੰਦਨਾ
ਚਾਪਲੂਸ ਹੁੰਦੇ ਨੇ
ਨਤ-ਮਸਤਕ
'ਵਿਪਕਸ਼' ਕਰ ਦਿੱਤਾ ਹੈ
ਸਾਹ-ਸੱਤ ਹੀਣ

ਪ੍ਰਭੂ!
ਨਿਆਰੇ ਹਨ
ਇਸ ਦੇਵ-ਭੂਮੀ ਦੇ ਲੋਕ
ਨਿਆਰੀਆਂ ਨੇ
ਇਨ੍ਹਾਂ ਦੀਆਂ ਬੋਲੀਆਂ
ਖੜ੍ਹੀਆਂ ਕਰ ਦਿੱਤੀਆਂ ਨੇ
ਧਰਮ ਦੀਆਂ ਦੀਵਾਰਾਂ
ਪੂਜਾ ਘਰਾਂ 'ਤੇ
ਚਲਦੀਆਂ ਨੇ ਤਲਵਾਰਾਂ
ਨਤਮਸਤਕ ਹੁੰਦੇ ਨੇ
ਭੋਲੇ-ਭਾਲੇ ਲੋਕ
ਆਪਣੇ ਧਰਮ ਗੁਰੂ ਦੇ
ਚਰਨਾਂ 'ਚ
ਮਰ ਮਿਟ ਜਾਂਦੇ ਨੇ
ਕੱਟ ਦਿੰਦੇ ਨੇ ਗਲ
ਆਪਣੇ ਹੀ ਭਾਈਆਂ ਦੇ
ਪਾ ਦਿੰਦੇ ਨੇ ਗਲਾਂ 'ਚ
ਬਲਦੇ ਟਾਇਰ
ਲਾ ਦਿੰਦੇ ਨੇ
ਬਸਤੀਆਂ ਨੂੰ ਲਾਂਬੂ

ਸੱਚ ਕਹਾਂ,ਪ੍ਰਭੂ!
ਬਹੁਤ ਸਕੂਨ ਮਿਲਦਾ ਹੈ
ਬਲਦੀ ਬਸਤੀ ਨੂੰ ਦੇਖ ਕੇ

ਫੈਲ ਗਿਆ ਹੈ
ਦੇਸ-ਵਿਦੇਸ਼ ਅੰਦਰ
ਸੇਵਕ ਦਾ
ਸਭ ਪਾਸੇ ਜਾਲ
ਬੱਸ ਇਸ਼ਾਰਾ ਹੀ ਕਾਫ਼ੀ ਹੈ
ਕਦੇ ਲੋਕ
ਥਾਲੀਆਂ ਖੜਕਾਉਂਦੇ ਨੇ
ਕਦੇ ਦੀਵੇ ਜਗਾਉਂਦੇ ਨੇ

ਜਦ ਘੇਰ ਲੈਂਦੀਆਂ ਨੇ
ਕਿਤੇ ਸਮੱਸਿਆਵਾਂ
ਸਿਰ ਚੁੱਕਦੀ ਹੈ
ਕੋਈ ਆਫ਼ਤ
ਤੁਸੀਂ ਵਰਦਾਨ ਬਣ ਕੇ
ਆਉਂਦੇ ਹੋ ਪ੍ਰਭੂ!

ਬਸ ਕਦੇ ਕਦੇ
ਡਰ ਵੀ ਸਤਾਉਂਦਾ ਹੈ
ਕਿਤੇ
ਪਰਜਾ ਜਾਗ ਨਾ ਜਾਏ
ਉਠ ਨਾ ਖੜ੍ਹੇ ਕੋਈ
ਲੋਕ ਉਭਾਰ

ਕਿਰਪਾ ਨਿਦਾਨ ਪ੍ਰਭੂ!
ਕਿਰਪਾ ਬਣਾਈ ਰੱਖਣਾ

ਪ੍ਰਭੂ ਰਾਮ!
ਮੈਂ ਕਿੰਨਾ ਭਾਗਸ਼ਾਲੀ ਹਾਂ

ਮੂਲ ਰਚਨਾ- ਜੋਗਿੰਦਰ ਆਜ਼ਾਦ
ਹਿੰਦੀ ਅਨੁ.-ਯਸ਼ਪਾਲ

## ਮੁਸੋਲਿਨੀ

ਆਪਣੇ ਸਮੇਂ ਦਾ
ਸਭ ਤੋਂ ਮਹਾਨ
ਰਾਸ਼ਟਰ-ਭਗਤ
ਮੁਸੋਲਿਨੀ

ਇੰਨਾ ਮਹਾਨ
ਕਿ ਉਹ ਖੁਦ
ਰਾਸ਼ਟਰ
ਬਣ ਗਿਆ

ਰਾਸ਼ਟਰ ਦਾ
ਅਪਮਾਨ
ਮੁਸੋਲਿਨੀ ਦਾ
ਅਪਮਾਨ

ਮੁਸੋਲਿਨੀ ਦਾ
ਅਪਮਾਨ
ਰਾਸ਼ਟਰ ਦਾ
ਅਪਮਾਨ

ਇਉਂ
ਪਹਿਲੀ ਵਾਰ ਹੋਇਆ
ਕਿਸੇ ਨੇਤਾ ਨੇ
ਸਰਵ-ਉੱਚ ਸ਼ਿਖਰ
ਛੂਹਿਆ
ਰਾਸ਼ਟਰ ਦਾ

ਰਾਸ਼ਟਰ
ਬਣ ਜਾਣ ਤੋਂ ਬਾਅਦ
ਮੁਸੋਲਿਨੀ ਨੇ ਲੱਭੇ
ਰਾਸ਼ਟਰ-ਧ੍ਰੋਹੀ
ਦਿੱਤੀ ਉਨ੍ਹਾਂ ਨੂੰ
ਸਜ਼ਾ-ਏ-ਮੌਤ

ਫਿਰ ਇੱਕ ਦਿਨ
ਹੋਇਆ ਅਹਿਸਾਸ
ਰਾਸ਼ਟਰ ਨੂੰ
ਕਿ ਕਿਵੇਂ ਹੋ ਸਕਦਾ ਹੈ
ਇੱਕ ਵਿਅਕਤੀ
ਪੂਰਾ ਰਾਸ਼ਟਰ

ਉਸਤੋਂ ਬਾਅਦ ਦੀ ਕਥਾ
ਤਵਾਰੀਖ਼ 'ਚ
ਦਰਜ ਹੈ
ਵਿਅਕਤੀ ਦਾ
ਰਾਸ਼ਟਰ ਹੋਣਾ
ਇੱਕ ਰਾਸ਼ਟਰੀ
ਮਰਜ਼ ਹੈ

ਜਿਸਦਾ ਇਲਾਜ
ਨਹੀਂ ਹੋਵੇਗਾ
ਜਿੰਨੀ ਦੇਰ
ਬਣਿਆ ਰਹੇਗਾ
ਰਾਸ਼ਟਰ ਵੀ
ਉਨੇ ਦਿਨ ਢੇਰ

ਹੁਣ ਇਹ
ਰਾਸ਼ਟਰ ਨੇ
ਤਹਿ ਕਰਨਾ ਹੈ ਕਿ
ਇਸ ਰਾਸ਼ਟਰੀ ਮਰਜ਼ ਨੂੰ
ਕਿੰਨੇ ਦਿਨ ਤੱਕ
ਜਰਨਾ ਹੈ।

ਹਿੰਦੀ ਕਵੀ: ਹੂਬ ਨਾਥ
ਹਿੰਦੀ ਤੋਂ ਪੰਜਾਬੀ ਰੂਪ:
ਯਸ਼ ਪਾਲ ਵਰਗ ਚੇਤਨਾ

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਨਜ਼ਮ

ਅਣਖੀਲੇ ਖਿਡਾਰੀਆਂ ਨੂੰ ਸਮਰਪਿਤ
ਫਿਰ ਰਚਿਆ ਇਤਿਹਾਸ
ਸਿਰਲੱਥ ਕੁੜੀਆਂ ਨੇ,
ਦਿਖਾਇਆ ਜਾਬਰਾਂ ਨੂੰ
ਹੋਵੇਗੀ ਤੁਹਾਡੇ ਕੋਲ
ਹਥਿਆਰਾਂ ਦੀ ਅਥਾਹ ਤਾਕਤ,
ਸੱਤਾ ਦਾ ਨਸ਼ਾ, ਨਿਹੱਥੇ ਲੋਕਾਂ ਤੇ
ਦਬ-ਦਬਾ ਬਣਾਉਣ ਦੀ ਸ਼ਕਤੀ,
ਰਾਜ ਦਰਬਾਰ ਦਾ 'ਪਵਿੱਤਰ' ਆਸ਼ੀਰਵਾਦ,
ਕਨੂੰਨ ਨੂੰ ਬਾਂਦੀ ਬਣਾਉਣ ਦਾ ਢੇਰ
ਬਦਨਾਮ ਤਜਰਬਾ,
ਪਰ ਤੋੜ ਨਹੀਂ ਸਕੇ ਤੁਸੀਂ ਸਾਨੂੰ।

ਦੌੜਦਾ ਹੈ ਸਾਡੀਆਂ ਰਗਾਂ 'ਚ
ਬਹਾਦਰ ਮਾਂਵਾਂ ਦਾ ਖੂਨ
ਵਹਿਸ਼ੀ ਦਰਿੰਦਿਆਂ ਨੂੰ ਭਰੇ ਚੌਂਕ 'ਚ
ਲਲਕਾਰਨ, ਬੇਨਕਾਬ ਕਰਨ ਦਾ,
ਬਾਪੂਆਂ ਤੋਂ ਮਿਲਿਆ ਜਜ਼ਬਾ।

ਅਸੀਂ ਕੋਈ ਭੋਲੀਆਂ ਕੁੜੀਆਂ ਨਹੀਂ,
ਉਲੰਪਿਕ 'ਚ ਜੌਹਰ ਦਿਖਾਉਂਦੀਆ
ਸ਼ੀਹਣੀਆਂ ਹਾਂ।

ਦਿੱਲੀ ਦੀਆਂ ਸੜਕਾਂ ਤੇ ਸਾਡੇ ਜਿਸਮਾਂ ਦੀ
ਖਾਕੀ ਦੇ ਬੂਟਾਂ ਹੇਠੋਂ ਕੀਤੀ ਦਹਾੜ
ਅੱਜ ਵੀ ਗੂੰਜਦੀ ਹੈ।

ਭਰਮ ਹੈ ਤੁਹਾਨੂੰ ਕਿ ਜਿੱਤ ਗਏ ਹੋ
ਤੁਹਾਡੇ ਦਰਾਂ ਅੱਗੇ ਸੁੱਟਿਆ ਸਾਡਾ ਬੂਟ,
ਸੜਕ ਤੇ ਬਿਛਾਏ ਪਦਮ ਭੂਸ਼ਣ ਦੇ ਤਮਗੇ,
ਤੁਹਾਨੂੰ ਬੇਚੈਨ ਕਰਨਗੇ।

ਤੁਸੀ ਜਿੱਤ ਕੇ ਵੀ ਹਾਰ ਗਏ ਹੋ।
ਸਾਡੇ ਉਲੰਪਿਕ ਜੇਤੂਆਂ ਦੇ ਬੂਟ,
ਤੁਹਾਡੀ ਸਲਤਨਤ ਨੂੰ
ਝੰਜੋੜਦੇ ਰਹਿਣਗੇ।



ਜੋਗਿੰਦਰ ਆਜ਼ਾਦ

## ਟੋਲ ਪਲਾਜ਼ਾ...

ਟੋਲ ਪਲਾਜ਼ਾ ਗੱਡੀਆਂ ਦੀਆਂ
ਕਤਾਰਾਂ ਨੂੰ ਵੇਖੋ
ਜੀਓ ਟਾਵਰ ਮਾਰ ਰਹੇ
ਲਲਕਾਰਾਂ ਨੂੰ ਵੇਖੋ
ਰਿਲਾਇੰਸ ਬਜਾਰੀਂ ਜੋਬਨ ਤੇ
ਬਹਾਰਾਂ ਨੂੰ ਵੇਖੋ
ਕਿਸਾਨੀ ਦਾ ਮੁੱਲ ਵੱਟਦੇ ਵੱਡੇ
ਜਿਮੀਂਦਾਰਾਂ ਨੂੰ ਵੇਖੋ
ਵੋਟਾਂ ਤੋਂ ਤਬਦੀਲੀ ਲੱਭਦੇ
ਮੱਕਾਰਾਂ ਨੂੰ ਵੇਖੋ
ਕਾਲ ਕੋਠੜੀ ਸਿਦਕੀ ਸਿੰਘ
ਸਰਦਾਰਾਂ ਨੂੰ ਵੇਖੋ
ਪਰਦੇਸੀਂ ਚੁਗਣ ਉੱਡ ਰਹੀਆਂ
ਡਾਰਾਂ ਨੂੰ ਵੇਖੋ
ਮੱਥਿਆਂ ਤੋਂ ਲਹੂ ਪੂੰਝਦਿਆਂ
ਬੇਰੁਜ਼ਗਾਰਾਂ ਨੂੰ ਵੇਖੋ
ਹਮਦਰਦ ਦੇ ਵਿਹੜੇ ਪੰਜਾਬ ਦੇ
ਗੱਦਾਰਾਂ ਨੂੰ ਵੇਖੋ
ਜਿਸਮ ਦਾ ਸੌਦਾ ਕਰ ਰਹੀਆਂ
ਲਾਚਾਰਾਂ ਨੂੰ ਵੇਖੋ
ਨਗਰੀ ਨਗਰੀ ਨਸ਼ਿਆਂ ਦੇ
ਬਾਜ਼ਾਰਾਂ ਨੂੰ ਵੇਖੋ
ਸਲਫਾਸ ਦਾ ਕਰਜਾ ਵੰਡਦੇ
ਸ਼ਾਹੂਕਾਰਾਂ ਨੂੰ ਵੇਖੋ
ਮਰਦੇ ਚਾਅ ਮਜ਼ਦੂਰਾਂ ਦੇ
ਪਰਿਵਾਰਾਂ ਨੂੰ ਵੇਖੋ
ਸੁੱਚੀ ਸੋਚ ਦੇ ਕਾਤਲ
ਡੇਰੇਦਾਰਾਂ ਨੂੰ ਵੇਖੋ
ਧੋਖਾ ਦੇ ਕੇ ਯਾਰ ਮਰਾਵਣ
ਯਾਰਾਂ ਨੂੰ ਵੇਖੋ
ਸਭਿਆਚਾਰਕ ਮੇਲੇ ਨੱਚਦੀਆਂ
ਤਲਵਾਰਾਂ ਨੂੰ ਵੇਖੋ
ਥੋਡੀ ਜਿੱਤ ਲਈ ਜੋ ਲੜਿਆ
ਉਸ ਯੋਧੇ ਦੀਆਂ ਹਾਰਾਂ ਵੇਖੋ

ਸਰਬਜੀਤ ਬਾਬਾ

## ਉਹ ਖੋਹ ਕੇ ਸਕੂਨ ਮੇਰਾ

ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।
ਜੇ ਲਿਖਾਂ ਸਭ ਸੱਚ
ਆਖੋਗੇ ਤਾਂ ਨਹੀਂ ਕਿਤੇ
ਬੜਾ ਕੁਫਰ ਤੋਲਦਾ?
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਬਗਲ ਵਿੱਚ ਛੁਰੀ ਨਹੀਂ
ਹੋਰ ਬੜੇ ਹਥਿਆਰ ਨੇ
ਮੁੱਖੋਂ ਹੋਰ ਵੀ ਹੈ
ਕਈ ਨਾਮ ਬੋਲਦਾ।
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਹੈ ਨੀ ਰਤਾ ਜਿੰਨੀ ਲੱਜ
ਸਭ ਵੋਟਾਂ ਲਈ ਨੇ ਚੱਜ
ਭੋਲੀ ਭਾਲੀ ਆਸਥਾ ਤੇ
ਨਫਾ ਨੁਕਸਾਨ ਤੋਲਦਾ।
ਉਹ ਖੋ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਕਰੋਨਾ ਦੇ ਬਹਾਨੇ
ਕਿੰਨੇ ਹਿੱਤ ਦਾਅ ਤੇ ਲਾਤੇ
ਲੋਕ ਦੋਖੀ ਕਿੰਨੇ ਹੀ
ਕਾਨੂੰਨ ਬਣਾ ਤੇ
ਕਾਰਪੋਰੇਟਾਂ ਲਈ ਕੋਰੋਨਾ ਨੂੰ
ਵਰਦਾਨ ਹੈ ਬੋਲਦਾ
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਕਿਤੇ ਕਸ਼ਮੀਰ ਕੁਰਲਾਵੇ
ਕਿਤੇ ਮਨੀਪੁਰ ਰੋਵੇ
ਕੀਤਾ ਗੁਜਰਾਤ ਵਿੱਚ
ਲੋਕਾਂ ਦਾ ਘਾਣ ਬੋਲਦਾ।
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਵਿਦਿਅਕ ਅਦਾਰਿਆਂ ਚ
ਗਿਆਨ ਦਾਅ ਤੇ ਲਾਤਾ
ਪਾਰਖੂ ਸੋਚ ਦਾ ਮੁੱਦਾ ਹੀ ਮੁਕਾਤਾ
ਲੋਕਤੰਤਰ ਦਾ
ਕੀਤਾ ਹੋਇਆ ਘਾਣ ਬੋਲਦਾ
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ

ਖਰੀਦ ਲਈ ਪ੍ਰੈਸ
ਕੋਈ ਬੋਲੂ ਕਿਵੇਂ ਵੱਖ?
ਤਾਨਾਸ਼ਾਹੀ ਵਾਲਾ ਸਾਰਾ
ਗੁਮਾਨ ਬੋਲਦਾ।
ਉਹ ਖੋਹ ਕੇ ਸਕੂਨ ਮੇਰਾ
ਰਾਮ ਰਾਮ ਬੋਲਦਾ।

ਦਲਜੀਤ ਸਿੰਘ ਸਮਰਾਲਾ

## ਕਵਿਤਾ

ਚਾਰ ਦਿਨ ਤੋਂ ਦਿਹਾੜੀ ਨਾ ਮਿਲੀ
ਛਿੰਦੇ ਦੇ ਬਾਪੂ ਨੂੰ
ਲੇਬਰ ਚੌਕ 'ਚ
ਪਰਨਾ ਲਾਚਾਰੀ ਦਾ ਝਾੜ ਕੇ
ਮੁੜ ਆਉਂਦਾ ਹੈ ਭਰੇ ਦਿਲ ਨਾਲ,

ਸਾਈਕਲ ਦੀ ਗਰਾਰੀ 'ਚ
ਪਜਾਮੇ ਦੀ ਮੂਰੀ ਫਸਕੇ
ਲੰਗੋਰ ਹੋ ਗਈ ਜਾਏ ਖਾਣੇ ਦੀ ,

ਸਵੇਰ ਤਾਂ ਕਦੇ ਹੋਈ ਹੀ ਨਹੀ
ਹਨੇਰ ਤੋਂ ਹਨ੍ਹੇਰਗਰਦੀ
ਦੀ ਗਰਾਰੀ ਚ ਫਸ ਕੇ
ਭਰਿਆੜ ਹੋ ਚੁੱਕੀ ਹੈ ਜ਼ਿੰਦਗੀ ।

ਪੋਹ ਮਹੀਨਾ ਠਰ ਠਰ ਕਰਦੇ ਸਰੀਰ
ਬੜੋਲੇ ਖਾਲੀ ਖੜਕਦੇ ਨੇ
ਹੱਟੀ ਦੇ ਬਾਰ ਮੂਹਰੇ ਦੀ
ਗਧੀ ਗੇੜਾ ਲਾਈ ਜਾਨੀ ਹਾਂ
ਹੱਟੀ ਸਮਾਨ ਨਾਲ ਲੱਦੀ ਪਈ ਹੈ
ਪੁੱਤ ਖਾਣੇ ਦਾ ਕੀ ਕਰਾਂ ਖੀਸਾ ਖਾਲੀ ਹੈ।

ਸਰੋਂ ਦਾ ਸਾਗ ਤੋੜ ਜੇ ਲਿਆਂਵਾ
ਕਈ ਡੰਗ ਟੱਪ ਜਾਣਗੇ
ਗੰਦਲ ਨੂੰ ਹੱਥ ਪਾਇਆ ਹੀ ਸੀ
ਗੁਤਨੀ ਨੂੰ ਮਰੋੜਾ ਦੇ
ਸਰਦਾਰਾਂ ਦੇ ਕਾਕੇ ਨੇ ਘਸੀਟ ਲਿਆ
ਸਾਲੀ ਕਮਜਾਤ ਚੋਰੀ ਕਰਦੀ ਐ
ਗਾਲਾਂ ਦੀ ਮੋਹਲੇਧਾਰ ਹੋਈ ਵਰਖਾ
ਘਸੁੰਨ ਮੁੱਕੀਆਂ ਵਜਦੀਆਂ ਸੀ
ਕੁਤਕਾ ਜਿਵੇਂ ਕੁੰਡੇ ਪਏ ਗੰਡਿਆਂ ਦੇ
ਸਿਰਾਂ ਤੇ ਵਜਦਾ ਹੋਵੇ।

ਚੰਗੇ ਭਲੀ ਆਈਆਂ ਵੋਟਾਂ
ਚਲ ਜਲੋ, ਚਲ ਮਹਿੰਦਰੋ
ਗਰਾਰੀ ਚੋਂ ਕੱਢੀਏ ਫਸ ਕੇ ਲੰਗੋਰ ਹੋਈ
ਜ਼ਿੰਦਗੀ ਨੂੰ ਤੇ ਦੱਸ ਦੇਈਏ
ਮੇਰੇ ਪਿਓ ਦੇ ਸਾਲਿਆਂ ਨੂੰ ਕਿ
ਚੋਰ ਕੌਣ ਹੈ।

ਨਿੱਕਾ ਸਮਾਓ

## ਚੁਕੰਨੇ ਰਹਿਓ! ਲੱਲਾ ਪ੍ਰਗਟ ਹੋ ਰਹੇ ਨੇ

ਕੱਲ ਜਦੋਂ ਉਥੇ ਆਰਤੀ ਉੱਤਾਰੀ ਜਾਵੇਗੀ
ਮੈਂ ਉਸ ਵਿਚ ਸ਼ਾਮਿਲ ਨਹੀਂ ਹੋਵਾਂਗਾ
ਮੈਂ ਹੀ ਨਹੀਂ,
ਸ਼ਾਮਿਲ ਤਾਂ ਰਾਮ ਵੀ ਨਹੀਂ ਹੋਵੇਗਾ,
ਘੱਟੋ ਘੱਟ ਕਬੀਰ ਵਾਲਾ ਰਾਮ।
ਅਤੇ ਜਿਸ ਰਾਮ ਦੇ ਗਲੇ ਵਿਚ
ਰੱਸੀ ਬੱਧੀ ਹੋਈ ਹੈ
ਉਹ ਤਾਂ ਵੋਟ ਰਾਮ ਹੈ,
ਜਾਂ ਤਾਨਾਸ਼ਾਹ ਰਾਮ
ਜਿਹਦਾ ਮੂੰਹ ਲਹੂ ਨਾਲ ਲੱਥ ਪਥ ਹੈ
ਜਿਹੜਾ ਦੰਗਿਆਂ ਫ਼ਸਾਦਾਂ ਵਿੱਚ
ਕੰਮ ਆਉਂਦਾ ਹੈ

ਜਾਂ ਫਿਰ ਸਿੰਘਾਸਨ ਲਈ ਪੌੜੀ ਲਈ ਉਥੇ,
ਨਿਰਦਈ ਤੇ ਜ਼ਾਲਮ ਰਾਮ ਦੀ ਜੈ ਜੈ ਕਾਰ ਹੋਵੇਗੀ,
ਤੇ ਫਿਰ,
ਗਲੀਆਂ ਵਿੱਚ ਹਾ ਹਾ ਕਾਰ ਹੋਵੇਗੀ,
ਸੜਕਾਂ ਲਹੂ ਨਾਲ ਲੱਥ ਪੱਥ ਹੋਣਗੀਆਂ
ਚਾਰੇ ਪਾਸੇ ਧੂੰਆਂ ਹੀ ਧੂੰਆਂ ਹੋਵੇਗਾ,
ਜ਼ਿੰਦਾ ਸੜ ਰਹੇ ਇਨਸਾਨਾਂ ਦੇ
ਮਾਸ ਦੀ ਗੰਧ ਹੋਵੇਗੀ

ਨਿਰਵਸਤਰ ਔਰਤਾਂ ਦੀਆਂ
ਚੀਕਾਂ ਹੋਣਗੀਆਂ
ਉਹਨਾਂ ਦੀਆਂ ਛਾਤੀਆਂ ਹੀ ਨਹੀਂ
ਪੇਟ ਵੀ ਚੀਰੇ ਜਾਣਗੇ
ਪਲ ਰਹੇ ਬੱਚਿਆਂ ਦੀ ਬਲੀ ਦੇਣ ਦੇ ਲਈ
ਲੱਲਾ ਨੂੰ ਖੁਸ਼ ਕਰਨ ਦੇ ਲਈ।
ਰਾਮ ਤਾਂ ਖੁਦ ਹੈਰਾਨ ਹੈ
ਪ੍ਰੇਸ਼ਾਨ ਹੈ
ਲੱਲਾ ਦੇ ਪ੍ਰਗਟ ਹੋਣ ਤੇ।

ਕਬੀਰ ਵਾਲਾ,
ਬਾਲਮੀਕੀ ਵਾਲਾ,
ਤੁਲਸੀ ਵਾਲਾ,
ਰਾਮ ਤਾਂ ਬਹੁਤ ਪਹਿਲਾਂ ,
6 ਦਸੰਬਰ 1992 ਨੂੰ ਹੀ
ਕਤਲ ਹੋ ਚੁੱਕਾ ਸੀ
ਅਤੇ ਹੁਣ ਜੋ,
ਲੱਲਾ ਦੇ ਰੂਪ ਵਿੱਚ,
ਪ੍ਰਗਟ ਹੋਇਆ ਹੈ
ਇਹ ਮੋਦੀ ਦਾ ਰਾਮ ਹੈ,
ਜਾਂ ਮੋਦੀ ਰਾਮ ਹੈ,
ਜਾਂ ਰਾਮ ਹੀ ਮੋਦੀ ਹੈ।
ਜਿਹੜਾ,
ਗੋਧਰਾ ਵਿਚ ਲਹੂ ਨਾਲ ਖੇਡਣਾ ਸਿੱਖਿਆ
ਕਈ ਕਸਬਿਆਂ, ਸ਼ਹਿਰਾਂ ਤੋਂ ਹੁੰਦਾ ਹੋਇਆ,
ਮਣੀਪੁਰ, ਤੇ ਨੂਹ ਦੇ ਰਾਹੀਂ
ਅਯੋਧਿਆ ਪਹੁੰਚਿਆ ਹੈ।
ਲੋਕ - ਰਾਮ ਤਾਂ
ਤਰਾਸ ਤਰਾਸ ਕਰਦਾ ,
ਲੁੱਕਿਆ ਬੈਠਾ ਹੈ ਕਿਤੇ,
ਕਿਉਂਕਿ,
ਸਿੰਘਾਸਨ ਦੇ ਲਈ ,
ਬਾਪ ਦਾ ਵੱਧ,
ਬ੍ਰਾਹਮਣੀ ਪ੍ਰੰਪਰਾ ਰਹੀ ਹੈ।
ਇਸ ਲਈ ਕੱਲ ਦੀ ਆਰਤੀ ਸਮੇਂ,
ਰਾਮ ਵੀ ਗੈਰ ਹਾਜ਼ਿਰ ਰਹੇਗਾ।
ਉਥੇ ਜਿਸ ਲੱਲਾ ਦੀ
ਜੈ ਜੈ ਕਾਰ ਹੋਵੇਗੀ
ਉਹ ਰਾਮ ਮੋਦੀ ਹੀ ਹੋਵੇਗਾ।

ਆਪਣੇ, ਆਪਣੇ
ਕਸਬਿਆਂ, ਸ਼ਹਿਰਾਂ,ਗਲੀਆਂ,
ਦਾ ਧਿਆਨ ਰੱਖਣਾ,
ਖੂਨ ਦੀ ਬਾਰਿਸ਼,
ਕਿਤੇ ਵੀ, ਕਦੀ ਵੀ,
ਕਿਸੇ ਸਮੇਂ ਵੀ,
ਹੋ ਸਕਦੀ ਹੈ
ਕਿਉਂਕਿ
ਇਸ ਦੇਸ਼ ਵਿੱਚ,
ਲੱਲਾ ਪਰਗਟ ਹੋ ਰਹੇ ਹਨ।

ਨਰਭਿੰਦਰ

# ਮੇਸ ਕੇ ਪੰਨਾ ਪਲਟਣਾ



ਸੁਹਾਸ ਪਾਲਸ਼ੀਕਰ
ਅਨੁਵਾ : ਯਸ਼ ਪਾਲ

ਸਾਨੂੰ ਇੱਕ ਤਬਦੀਲੀ ਹੁੰਦੀ ਦਿਖਾਈ ਜਾ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਦਾ ਸਰੂਪ ਤੇ ਇਸ ਦੇ ਸਿੱਟੇ ਬੇਹੱਦ ਵਿਵਾਦ-ਪੂਰਨ ਹਨ, ਭਾਵੇਂ ਕਿ ਹਾਲ ਦੀ ਘੜੀ ਇਸ ਨੂੰ ਕੋਈ ਵੀ ਮੰਨਣ ਦੇ ਰੌਂਅ 'ਚ ਨਹੀਂ ਜਾਪਦਾ। ਅਯੁੱਧਿਆ ਦੇ ਨਵੇਂ ਮੰਦਰ ਦੇ ਮਹੂਰਤ ਨਾਲ ਇਹ ਕਿਹਾ ਜਾ ਰਿਹਾ ਹੈ, ਕਿ ਇਤਿਹਾਸਕ ਅਨਿਆਂ ਨੂੰ ਦੂਰ ਕਰ ਦਿੱਤਾ ਗਿਆ ਹੈ। ਪਰੰਤੂ ਇਸ ਤੋਂ ਵੀ ਅੱਗੇ, ਇਸ ਨਵੇਂ ਮੰਦਰ ਰਾਹੀਂ, ਇੱਕ ਨਵਾਂ ਰਾਮ ਵੀ ਪਰੋਸਿਆ ਜਾ ਰਿਹਾ ਹੈ। ਇਸ ਪਲ ਦੀ ਚਰਚਾ, ਡੂੰਘੀ ਸ਼ਰਧਾ ਜਾਂ ਆਸਥਾ ਬਾਰੇ ਉਂਨੀ ਨਹੀਂ ਹੋ ਰਹੀ ਜਿੰਨੀ ਇਸ ਦੇ ਸ਼ਾਨਦਾਰ, ਧੂਮ-ਧੜੱਕੇ ਵਾਲੇ ਸਰੂਪ ਦੀ ਹੋ ਰਹੀ ਹੈ। ਇਸ ਲਈ ਹਾਲ ਦੀ ਘੜੀ, ਸਿਆਸੀ ਗਿਣਤੀਆਂ-ਮਿਣਤੀਆਂ ਤੋਂ ਹਟ ਕੇ ਗੱਲ ਕਰਨੀ ਬਣਦੀ ਹੈ। ਇਹ ਮਸਲਾ ਨਹੀਂ ਹੈ ਕਿ ਇਸ ਨਵੇਂ ਰਾਮ ਨਾਲ ਜੁੜੀ ਇਸ ਚਮਕ-ਦਮਕ ਤੋਂ ਕਿਸ ਪਾਰਟੀ ਨੇ ਚੋਣ-ਲਾਹਾ ਲੈਣਾ ਹੈ। ਅਸਲ ਮੁੱਦਾ ਤਾਂ ਇਹ ਹੈ ਕਿ ਕਿੰਨ੍ਹਾਂ ਨਵੀਆਂ ਸੰਵੇਦਨਸ਼ੀਲਤਾਵਾਂ ਅਤੇ ਸਮੂਹਿਕ ਪਛਾਣਾਂ ਨਾਲ ਇਹ ਚਮਕੀ-ਦਮਕੀ ਉਤਸਵ ਜੁੜਿਆ ਹੋਇਆ ਹੈ।

ਹਾਸੋਹੀਣੀ ਗੱਲ ਇਹ ਹੈ ਕਿ ਭਾਵੇਂ ਇਹ ਘਟਨਾਕ੍ਰਮ ਨਵੇਂ ਮੰਦਰ ਦੀ 'ਉਸਾਰੀ' ਦਾ ਹੈ, ਪਰ ਜਿਨ੍ਹਾਂ ਸੰਵੇਦਨਸ਼ੀਲਤਾਵਾਂ ਨਾਲ ਇਹ ਸਰਾਸ਼ਾਰ ਹੈ ਨਾ ਉਨ੍ਹਾਂ ਦਾ ਧਰਮ ਨਾਲ ਤੇ ਨਾ ਹੀ ਸਾਰਥਿਕ-ਭਾਵਾਤਮਕ ਕਿਰਿਆਸ਼ੀਲਤਾ ਨਾਲ ਸੰਬੰਧ ਹੈ। ਇਹ ਵਾਕਿਆ, ਮੇਸਣ-ਭੁੱਲਣ (erasures) ਦੇ ਦੌਰ 'ਚ ਸਾਡੀ ਸਮੂਹਿਕ ਸ਼ਮੂਲੀਅਤ ਦੀ ਸ਼ਾਅਦੀ ਭਰਦਾ ਹੈ। ਘੱਟੋ ਘੱਟ ਅਜਿਹੇ ਤਿੰਨ 'ਮੇਸਣਾਂ' ਦਾ ਜ਼ਿਕਰ ਕਰਨਾ ਬਣਦਾ ਹੈ।

ਪਹਿਲੀ, ਜਿਹੜੀ ਅੱਜ ਕੱਲ੍ਹ ਚੱਲ ਰਹੇ ਵਧੇਰੇ ਆਮ ਸਮਾਜਿਕ ਰੁਝਾਨਾਂ ਨਾਲ ਮੇਲ ਖਾਂਦੀ ਹੈ, ਉਹ ਹੈ ਬਹੁਲਤਾ ਦੇ ਮੇਸਣ ਬਾਰੇ। ਰਾਮ ਦੇ, ਇੱਕ ਮੂਰਤੀ ਵੱਜੋਂ, ਇੱਕ ਮਿੱਥ ਵੱਜੋਂ ਅਤੇ ਬਹੁਤਿਆਂ ਲਈ ਇੱਕ ਦੇਵਤਾ ਵੱਜੋਂ, ਆਮ ਤੌਰ 'ਤੇ ਬਹੁ ਸਰੂਪ, ਬਹੁ ਅਰਥ ਤੇ ਬਹੁ ਮਾਰਗ ਪ੍ਰਚੱਲਿਤ ਹਨ। ਕੋਈ ਅਚੰਭਾ ਨਹੀਂ ਹੈ, 'ਤਿੰਨ ਸੌ ਰਮਾਇਣਾਂ' 'ਤੇ ਕੋਈ ਖੋਜ ਪੱਤਰ ਲਿਖਿਆ ਜਾ ਸਕਦਾ ਸੀ, ਜਿਨ੍ਹਾਂ ਨੂੰ ਅਸੀਂ ਮਨੋਂ ਵਿਸਾਰ ਕੇ ਤਿਆਗ ਦਿੱਤਾ ਹੈ। ਪੁਰਾਣੇ ਸਮਿਆਂ 'ਚ, ਸ਼ਰਧਾਲੂਆਂ ਤੇ ਕਵੀਆਂ ਨੂੰ ਆਪਣਾ ਰਾਮ ਆਪ ਘੜ੍ਹਨ ਦੀ ਖੁੱਲ੍ਹ ਸੀ। ਰੁਦਰ ਪ੍ਰਭੂ ਰਾਮਚੰਦਰਾ ਤੋਂ ਲੈਕੇ ਮੋਹ-ਭਿੱਜੇ ਸੀਆ ਰਾਮ ਤੱਕ, ਅਨੇਕਾਂ ਰਾਮ, ਸੱਭਿਆਚਾਰਕ ਕਲਪਨਾ ਤੇ ਧਾਰਮਿਕ ਵਿਚਾਰਾਂ ਅੰਦਰ ਸਰਕਦੇ ਰਹੇ ਹਨ ਜਿਹੜੇ ਇਸ ਦੇਵਤਾ ਨਾਲ ਜੁੜੇ ਹਨ। ਨਾ ਸਿਰਫ਼ ਉਸ ਵੱਲੋਂ ਭੂ-ਭਰਮਣ ਹੀ ਕੀਤਾ ਗਿਆ ਸਮਝਿਆ ਜਾਂਦਾ ਹੈ ਸਗੋਂ ਉਸਦੀ ਮਹਿਮਾ-ਗਾਣ ਜਾਂ ਉਸਦੇ ਕਾਰਨਾਮਿਆਂ ਕਰਕੇ ਉਸਦੀ ਆਲੋਚਨਾ-ਜਿਵੇਂ ਕਿ ਸ਼ੰਭੂਕਾ ਦੀ ਹੱਤਿਆ ਕਰਨ ਜਾਂ ਸੀਤਾ ਪ੍ਰਤੀ ਵਿਵਹਾਰ ਵੀ, ਜਗ੍ਹਾ ਤੋਂ ਜਗ੍ਹਾ ਤੱਕ ਅਤੇ ਪੀੜ੍ਹੀ ਦਰ ਪੀੜ੍ਹੀ ਬਦਲਦੇ ਰਹੇ ਹਨ। ਅੱਜ ਇੱਕ ਨਵਾਂ-ਨਕੋਰ ਉਹ ਰਾਮ ਪਰੋਸਿਆ ਜਾ ਰਿਹਾ ਹੈ ਜਿਸ ਦੀ ਉਸ ਨਾਲ ਸੰਬੰਧਿਤ ਮਿਥਿਹਾਸ ਦੇ ਇਸ ਲੰਮੇ ਇਤਿਹਾਸ ਨਾਲ ਸ਼ਾਇਦ ਕੋਈ ਤੰਦ ਨਾ ਜੁੜਦੀ ਹੋਵੇ। ਸ਼ਾਨਦਾਰ ਮੰਦਰ ਤੇ ਉਸਦੇ ਨਵੇਂ ਕਾਬਜ਼, ਰਾਮ ਨਾਲ ਜੁੜੀ, ਸ਼ਰਧਾਲੂਆਂ ਤੇ ਆਲੋਚਕਾਂ ਦੋਵਾਂ ਦੇ ਵਿਚਾਰਾਂ ਦੀ ਉਸ ਵਿਸ਼ਾਲ ਬਹੁਲਤਾ ਨਾਲੋਂ ਟੁੱਟੇ ਹੋਏ ਹਨ ਅਤੇ ਗੈਰ-ਪ੍ਰਸੰਗਿਕ ਹੋ ਗਏ ਹਨ। ਇਸ ਲਈ ਇਹ ਮੁੱਢਲੀ ਪਹਿਲੀ ਮੇਸ ਹੈ ਤਾਂ ਜੋ ਨਵਾਂ ਰਾਮ ਉਸ ਕਾਸੇ ਦਾ ਨੁਮਾਇੰਦਾ ਬਣ ਸਕੇ ਜੋ ਬੀਤੇ ਕੱਲ੍ਹ ਦੇ ਰਾਮ ਦੀ ਬਹੁਲ-ਸੱਭਿਆਚਾਰਕ ਵਿਰਾਸਤ ਨੂੰ ਨਕਾਰਦਾ ਹੈ।

ਬਹੁਲਤਾ ਦੀ ਬਿਰਤੀ ਨੂੰ ਉਂਝ ਨਕਾਰਿਆ ਵੀ ਨਹੀਂ ਜਾ ਰਿਹਾ। ਦਰ-ਅਸਲ, ਕਦੇ ਕਦੇ ਇਸ ਦੀ ਡੌਂਡੀ ਵੀ ਪਿੱਟੀ ਜਾਂਦੀ ਹੈ, ਕੇਵਲ ਵਿਖਾਵੇ ਲਈ ਪਰ ਜੋਰ-ਸ਼ੋਰ ਨਾਲ। ਫਿਰ ਵੀ ਅਜੇ, ਇਸ ਨੂੰ ਦੁਹਰਾਇਆ ਜਾ ਰਿਹਾ ਹੈ। ਜਦ ਇਹ ਬਿਰਤੀ ਮੇਸ ਦਿੱਤੀ ਗਈ ਤਾਂ ਅਜਿਹੀ ਸਮੂਹਿਕ ਮਨੋਬਿਰਤੀ ਪੈਦਾ ਕਰਨੀ ਆਸਾਨ ਹੋ ਜਾਂਦੀ ਹੈ ਜਿਹੜੀ ਸੁਤੇ-ਸਿੱਧ ਹੀ ਇੱਕਰੂਪਤਾ ਨੂੰ ਮਨਾਉਣਾ ਸ਼ੁਰੂ ਕਰ ਦਿੰਦੀ ਹੈ ਅਤੇ ਵਖਰੇਵਿਆਂ ਦੀ ਸਹਿਹੋਂਦ ਅਤੇ ਇੱਕਸੁਰਤਾ ਦੀ ਸੰਭਾਵਨਾ ਨੂੰ ਸ਼ੱਕੀ ਬਣਾ ਦਿੰਦੀ ਹੈ। ਅੱਜ ਦੇ ਦੌਰ ਅੰਦਰ ਅੰਬੇਦਕਰ ਦੇ ਲਿਖੇ 'ਹਿੰਦੂਤਵ ਦੀਆਂ ਅੜਾਉਣੀਆਂ' ਵਰਗੇ ਆਲੋਚਨਾਤਮਿਕ ਵਿਸ਼ਲੇਸ਼ਣ ਨੂੰ ਹਜ਼ਮ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਅਸੀਂ ਗਾਂਧੀ ਦੇ ਰਾਮ ਤੋਂ ਵੀ ਬਹੁਤ ਦੂਰ ਹੋ ਗਏ ਹਾਂ। ਧਰਮ ਤੇ ਰੱਬ ਸੰਬੰਧੀ ਭਿੰਨ ਭਿੰਨ ਵਿਚਾਰਾਂ ਦੀ ਸਹਿਹੋਂਦ ਵੀ, ਜਿਸਨੂੰ ਗਾਂਧੀ ਦੀ 'ਰਾਮਧੁਨ' ਅੰਦਰ ਮਾਨ ਨਾਲ ਪ੍ਰਚਾਰਿਆ ਜਾਂਦਾ ਸੀ, ਹੁਣ ਪਰਾਈ ਹੋ ਗਈ ਹੈ। ਠੀਕ ਇਉਂ ਹੀ ਹੋਇਆ ਹੈ। ਸੁਪਰੀਮ ਕੋਰਟ ਦਾ ਵੀ 'ਧੰਨਵਾਦ'; ਹਿੰਦੂ ਰਾਮ ਦੀ, ਮਸਜਿਦ ਨਾਲੋਂ ਸਪਸ਼ਟ ਤੌਰ 'ਤੇ ਹੱਦਬੰਦੀ ਕਰ ਦਿੱਤੀ ਗਈ ਹੈ ਜੋਕਿ ਕੁੱਝ ਦੂਰੀ 'ਤੇ ਖੜ੍ਹੀ ਕੀਤੀ ਜਾਣੀ ਹੈ।

'ਅਲਾਹਾਬਾਦ ਹਾਈ ਕੋਰਟ' ਦੇ ਫੈਸਲੇ 'ਚ (ਜਿਸਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਸੀ), ਆਪਣੀਆਂ ਕਾਨੂੰਨੀ ਸੀਮਤਾਈਆਂ ਦੇ ਹੁੰਦੇ ਵੀ, ਆਸਥਾਵਾਂ ਵਿਚਲੀ ਚੱਲੀ ਆ ਰਹੀ ਕੁੜੱਤਣ ਦੇ ਬਾਵਜੂਦ, ਉਨ੍ਹਾਂ ਦੀ ਸਹਿਹੋਂਦ ਯਕੀਨੀ ਬਣਾਉਣ ਦੀ ਦਲੇਰੀ ਦਿਸਦੀ ਸੀ। ਉੱਚਤਮ ਕੋਰਟ ਨੇ ਆਪਣਾ, ਕਾਨੂੰਨੀ ਤੌਰ 'ਤੇ ਨਾਜਚਣਹਾਰ, ਫੈਸਲਾ ਸੁਣਾ ਕੇ ਇਹ ਯਕੀਨੀ ਬਣਾ ਦਿੱਤਾ ਕਿ ਉਹ ਵੀ, ਮੁਲਕ ਨੂੰ ਸਹਿਹੋਂਦ ਦਾ ਸਤਿਕਾਰ ਕਰਨ ਦਾ ਸੰਵਿਧਾਨਿਕ ਫ਼ਰਜ਼ ਚੇਤੇ ਕਰਵਾਉਣ ਦੀ ਬਜਾਇ, ਵਖਰੇਵੇਂ ਦੇ ਵਹਾਅ ਨਾਲ ਹੀ ਤੈਰੇਗੀ। ਨਵਾਂ ਰਾਮ ਇਸ ਨਵੇਂ ਦੌਰ ਦੀ ਤਰਜ਼ਮਾਨੀ ਕਰਦਾ ਹੈ ਜਿਸ ਅੰਦਰ ਨਾ ਸਿਰਫ਼ ਵਿਚਾਰਾਂ ਵਿਚਕਾਰ ਸਗੋਂ ਫਿਰਕਿਆਂ ਤੇ ਧਰਮਾਂ ਵਿਚਕਾਰ ਵੀ ਤਾਲਮੇਲ ਰਾਹੀਂ ਸਹਿਹੋਂਦ ਦੀ ਸੰਭਾਵਨਾ ਦੀਆਂ ਚੁਣੌਤੀਆਂ ਦਰਪੇਸ਼ ਹਨ, ਸਗੋਂ ਸਰਕਾਰੀ ਤੇ ਲਾਹੇ ਮੁਤਾਬਕ ਕਾਨੂੰਨੀ ਰੂਪ ਰਾਹੀਂ ਵੱਖਰੀਆਂ ਬਸਤੀਆਂ ਬਣਾ ਕੇ ਵੰਡੀਆਂ ਪਾ ਦਿੱਤੀਆਂ ਗਈਆਂ ਹਨ।

ਇਹ ਦੂਸਰੀ ਮੇਸ ਹੈ ਸਹਿਹੋਂਦ ਦੀ ਮੇਸ (erasure) - ਇੱਕ ਹਕੀਕਤ ਵੱਜੋਂ, ਇੱਕ ਸੁਫ਼ਨੇ ਵੱਜੋਂ, ਇੱਕ ਸੰਵਿਧਾਨਕ ਉਦੇਸ਼ ਵੱਜੋਂ ਅਤੇ ਇੱਕ ਜਮਹੂਰੀ ਚੁਣੌਤੀ ਵੱਜੋਂ।

ਇਹ ਮੇਸ ਕੁੱਝ ਸਮੇਂ ਤੋਂ ਪਹਿਲਾਂ ਹੀ ਦਿਸ ਰਹੀ ਸੀ.. ਗੈਰ ਹਿੰਦੂਆਂ ਨੂੰ ਗਰਬਾ ਜਸ਼ਨ-ਸਮਾਗਮਾਂ ਵਿੱਚੋਂ ਸ਼ਿਸ਼ਕਰ ਕੇ ਬਾਹਰ ਕੱਢਣ ਦੀਆਂ ਰਿਪੋਰਟਾਂ ਆਉਂਦੀਆਂ ਰਹੀਆਂ ਸਨ। ਵੱਖ ਵੱਖ ਧਾਰਮਿਕ ਫਿਰਕਿਆਂ ਦੇ ਨੌਜਵਾਨਾਂ ਨੂੰ ਆਪਸ ਵਿੱਚ ਘੁਲਣ-ਮਿਲਣ ਦੇ ਖ਼ਿਲਾਫ਼ ਪ੍ਰਚੰਡ ਪ੍ਰਚਾਰ ਮੁਹਿੰਮਾਂ ਨੂੰ ਆਪਾਂ ਦੇਖਦੇ ਹੀ ਰਹੇ ਹਾਂ, ਤੇ ਨਾਲ ਹੀ ਮੌਕੇ-ਬਾ-ਮੌਕੇ ਘੱਟ ਗਿਣਤੀ ਫਿਰਕੇ ਦਾ ਆਰਥਿਕ ਬਾਈਕਾਟ ਕਰਨ ਜਾਂ ਉਸ ਦੇ ਸੱਦੇ ਵੀ। ਮੰਦਭਾਗੀ ਗੱਲ ਇਹ ਕਿ ਨਵਾਂ ਰਾਮ ਇਸ ਵਿਰਾਸਤ 'ਤੇ ਹੀ ਉਸਰਿਆ ਹੈ। 'ਜੈ ਸ਼੍ਰੀ ਰਾਮ' ਦੇ ਵਧੇਰੇ ਉਗਰ ਸਰੂਪ ਨੇ ਤਾਂ ਚਿਰਾਂ ਤੋਂ 'ਜੈ ਰਾਮ ਜੀ ਕੀ' ਦੇ ਉਚਾਰਣ ਦੀ ਥਾਂ ਮੱਲੀ ਹੋਈ ਹੈ। ਨਵੇਂ ਮੰਦਰ ਦੇ ਉਤੇਜਨਾ ਭਰਪੂਰ ਜਸ਼ਨ ਨਾਲ, ਇਹ ਉਗਰ-ਪੁਣਾ ਨਵੇਂ ਰਾਮ ਦੀ ਪਛਾਣ ਦਾ ਮੂਲ ਆਧਾਰ ਬਣ ਗਿਆ ਹੈ।

ਸਾਡੇ ਜਨਤਕ ਘੇਰੇ ਅਤੇ ਸਾਡੀ ਨਿੱਜੀ ਜ਼ਮੀਰ 'ਚੋਂ ਸਹਿ-ਹੋਂਦ ਦੀ ਜਗ੍ਹਾ ਤਾਂ 1990 ਵਿਆਂ ਤੋਂ ਹੀ ਸੁੰਗੜਦੀ ਜਾ ਰਹੀ ਹੈ। ਮੰਦਰ ਦਾ ਜਸ਼ਨ ਤਾਂ ਨਿਰੋਲ 'ਹਿੰਦੂ ਪਛਾਣ' ਤੇ ਇਸ ਦੀ ਹਰ ਕਾਸੇ ਨਾਲੋਂ ਉੱਤਮਤਾ ਨਾਲ ਜੁੜਿਆ ਹੋਇਆ ਹੈ।

ਇਸ ਨਾਲ ਅਸੀਂ ਤੀਸਰੀ ਤੇ ਸ਼ਾਇਦ ਸਭ ਤੋ ਵਧੇਰੇ ਦੁਖਦਾਈ ਮੇਸ ਤੱਕ ਪਹੁੰਚਦੇ ਹਾਂ- 6 ਦਸੰਬਰ, 1992 ਦਾ ਸਮੂਹਿਕ ਬਰੀਨਾਮਾ। ਉਸ ਦਿਨ, ਕਿਸੇ ਨੇ ਵੀ ਉਸ ਢਾਂਚੇ ਦੀ ਭੰਨ-ਤੋੜ ਨਹੀਂ ਕੀਤੀ। ਇਸ ਪੱਖੋਂ ਇਹ ਨਵਾਂ ਮੰਦਰ ਇਤਿਹਾਸਕ ਹੈ। ਇਹ ਸਮਾਜ ਨੂੰ ਜਾਂ ਕਿਸੇ ਵੀ ਗਰੁੱਪ ਨੂੰ ਜਾਂ ਕਿਸੇ ਵੀ ਪਾਰਟੀ ਨੂੰ ਇਸ ਅਪਰਾਧਿਕ ਭੰਨ-ਤੋੜ ਤੋਂ ਨਾ ਸਿਰਫ਼ ਬਰੀ ਹੀ ਕਰਦਾ ਹੈ ਸਗੋਂ ਇਹ ਉਸ ਤੱਥ ਨੂੰ ਹੀ ਮੌਜ ਨਾਲ ਇਤਿਹਾਸ 'ਚੋਂ ਮੇਸਦਾ ਹੈ। 1992 ਤੋਂ ਬਾਅਦ 1996 ਤੱਕ ਦੇ ਵੀ ਜਨਤਕ ਰਾਇ ਦੇ ਕੀਤੇ ਗਏ ਸਰਵੇ ਦਰਸਾਉਂਦੇ ਹਨ ਕਿ ਹਿੰਦੂਆਂ ਅੰਦਰ ਇੱਕ ਅਪਰਾਧ-ਬੋਧ ਸੀ, ਇਹ ਸਹਿਮਤੀ ਕਿ ਕੁੱਝ ਤਾਂ ਗਲਤ ਹੋਇਆ ਹੈ, ਭਾਵੇਂ ਕਿ ਉਹ ਉਸ ਵਿਵਾਦਿਤ ਜਗ੍ਹਾ 'ਤੇ ਮੰਦਰ ਬਣਾਉਣ ਦੀ ਇੱਛਾ ਰੱਖਦੇ ਸਨ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਸਾਡੀ ਸਿਆਸਤ ਨੇ ਇਹ ਯਕੀਨੀ ਬਣਾਇਆ ਕਿ ਇਹ ਅਪਰਾਧ-ਬੋਧ ਘਟੇ ਤੇ ਫਿਰ ਬਰੀ ਕੀਤਾ ਜਾਵੇ। ਪਰੰਤੂ ਜੇ ਕੋਈ ਸਭ ਤੋਂ ਵੱਧ ਕਾਰਗਰ ਹਥਿਆਰ ਹੈ ਜੋ ਇਸ ਨਵੇਂ ਮੰਦਰ ਨੂੰ ਅਪਰਾਧ-ਬੋਧ ਤੋਂ ਮੁਕਤ ਕਰਦਾ ਹੈ, ਉਹ ਹੈ ਸੁਪਰੀਮ ਕੋਰਟ ਦਾ ਫੈਸਲਾ। ਜੋ ਕਾਰਜ ਸਿਆਸੀ ਤੌਰ 'ਤੇ ਸੇਧਿਆ ਜਾ ਰਿਹਾ ਸੀ ਉਸ ਉੱਪਰ ਸੁਪਰੀਮ ਕੋਰਟ ਨੇ ਮੰਦਰ ਉਸਾਰੀ ਦੀ ਆਗਿਆ ਰਾਹੀਂ ਰਸਮੀ ਪ੍ਰਵਾਨਗੀ ਦੀ ਮੁਹਰ ਲਾ ਦਿੱਤੀ। ਅੱਜ, ਮੰਦਰ ਦੇ ਕਿਸੇ ਵੀ ਹਮਾਇਤੀ ਲਈ ਮੰਦਰ ਦੀ ਉਸਾਰੀ 'ਚ ਕੁੱਝ ਵੀ ਕਾਨੂੰਨੀ ਤੌਰ 'ਤੇ ਗਲਤ ਨਹੀਂ ਹੈ। ਆਖਿਰਕਾਰ, ਉੱਚਤਮ ਕੋਰਟ ਨੇ ਨਾ ਕੇਵਲ ਇਸ ਦੀ ਆਗਿਆ ਹੀ ਦਿੱਤੀ ਹੈ ਸਗੋਂ ਇਸ ਲਈ ਵਿਧੀ ਵੀ ਸੁਝਾਈ ਹੈ-ਇੱਕ ਵੱਖਰਾ ਟਰੱਸਟ। ਚਲੋ, ਹਾਲ ਦੀ ਘੜੀ ਆਪਾਂ 'ਕੋਰਟ' ਨੂੰ ਇਸ 'ਚੋਂ ਬਾਹਰ ਰੱਖੀਏ। ਉਸ ਵਿਅਕਤੀ ਲਈ ਨਵੇਂ ਮੰਦਰ ਦਾ ਕੀ ਅਰਥ ਹੈ ਜਿਹੜਾ ਮੰਦਰ ਦੇ ਆਭਾ-ਮੰਡਲ ਤੋਂ ਅਤੇ ਨਵੇਂ ਰਾਮ ਦੇ ਆਗਮਨ ਤੋਂ ਉਤੇਜਿਤ ਹੈ ? ਇਹ ਅਪਰਾਧ-ਬੋਧ (Guilt) ਦਾ ਮੇਸਣਾ ਹੈ। ਉਹ ਸਮਾਜ, ਜਿਸਨੇ ਵਿਵਾਦਿਤ ਇਮਾਰਤ ਦੀ ਭੰਨ-ਤੋੜ ਨੂੰ ਦੇਖਿਆ ਅਤੇ ਹਿੰਸਾ ਨੂੰ ਹੰਢਾਇਆ, ਇਸ ਗੱਲੋਂ ਖੁਸ਼ ਹੈ ਕਿ ਮੰਦਰ ਹੁਣ ਹੋਰਨਾਂ ਸਭਨਾਂ ਪੂਜਾ-ਸਥਾਨਾਂ ਨਾਲੋਂ ਵਧੇਰੇ ਠੁੱਕ ਵਾਲਾ ਹੈ ਅਤੇ ਇਹ ਕੌਮਾਂਤਰੀ ਸੈਰ-ਸਪਾਟੇ ਲਈ ਨਵੀਂ ਮਨਮੋਹਕ ਜਗ੍ਹਾ ਬਣ ਜਾਵੇਗੀ। ਇੱਕ ਫਿਰਕੇ ਵੱਲੋਂ ਬੀਤੇ ਦਾ ਬਦਲਾ ਲੈਣ ਲਈ ਭਾਰੀ ਵਸੀਲੇ ਜੁਟਾਏ ਗਏ ਅਤੇ ਇੱਕ ਅਜਿਹੇ ਕਾਰਜ ਲਈ ਅਥਾਹ ਸਿਆਸੀ ਪੂੰਜੀ ਝੋਕੀ ਗਈ ਜਿਹੜਾ ਕਾਰਜ ਇੱਕ ਅਧਿਆਤਮਕ ਖੋਜ ਤੇ ਧਾਰਮਿਕ ਸਿੱਖਿਆ ਦਾ ਬਣਦਾ ਹੈ। ਤੇ ਇਹ ਸਭ ਕੁੱਝ, ਬਿਨਾਂ ਕਿਸੇ ਅਪਰਾਧ-ਬੋਧ ਦੇ। ਕੁੱਝ ਲੋਕਤੰਤਰ ਸੁਲ੍ਹਾ-ਸਮਝੌਤੇ ਨਾਲ ਉਸਰਦੇ ਹਨ, ਕੁੱਝ ਜ਼ਮੀਰ ਦੇ ਮਲਬੇ 'ਤੇ ਘਿਸੜਦੇ ਹਨ। ਸਾਡਾ ਲੋਕਤੰਤਰ, ਸ਼ਾਹੀ ਮੇਸਾਂ (erasuers) ਨਾਲ ਸਜਿਆ, ਇੱਕ ਰਸਮੀ ਲੋਕਤੰਤਰੀ ਵਿਧੀ-ਵਿਧਾਨ ਵਾਲਾ ਲੋਕਤੰਤਰ ਹੋਵੇਗਾ।

**ਸੰਪਰਕ : 9814535005**

**(ਇੰਡੀਅਨ ਐਕਸਪ੍ਰੈਸ, 23 ਜਨਵਰੀ, 2024 ਤੋਂ ਧੰਨਵਾਦ ਸਹਿਤ ਅਨੁਵਾਦ)**

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

Gill
Truck & Trailer Repair
& Mobile Service
Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with
Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

# ਸੰਘਰਸ਼ੀ ਪਹਿਲੀਕਦਮੀ : ਬਰੈਂਪਟਨ ਸਿਟੀ ਸੰਘਰਸ਼ ਦੇ ਰਾਹ ’ਤੇ



ਕੈਨੇਡਾ ਦੇ ਬਰੈਂਪਟਨ ਸਿਟੀ ਨੂੰ ਅਕਸਰ ਹੀ ਮਿਨੀ ਪੰਜਾਬ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਕੈਲਗਰੀ, ਸਰੀ, ਵੈਨਕੂਵਰ ਅਤੇ ਨਵੇਂ ਸਥਾਪਤ ਹੋ ਰਹੇ ਹੋਰ ਸ਼ਹਿਰਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਪ੍ਰਵਾਸ ਕਰਕੇ ਆਪਣੀ ਰੋਜ਼ੀ ਰੋਟੀ ਅਤੇ ਰਹਿਣ ਬਸੇਰਾ ਬਣਾ ਚੁੱਕੇ ਹਨ। ਜਿਸ ਕਿਸਮ ਨਾਲ ਇਸ ਭਾਈਚਾਰੇ ਨੇ ਆਪਣੀ ਆਰਥਿਕਤਾ ਮਿਹਨਤ ਨਾਲ ਵਿਕਸਿਤ ਕੀਤੀ ਸੀ। ਹੁਣ ਲਗਾਤਾਰ ਵੱਖ ਕਿਸਮ ਨਾਲ ਆਰਥਿਕ ਬੋਝ ਲਗਾਤਾਰ ਵਧ ਰਿਹਾ ਹੈ। ਵੱਡੀ ਪੱਧਰ ’ਤੇ ਬਰੈਂਪਟਨ ਬਾਸ਼ਿੰਦਿਆਂ ਦੀਆਂ ਜੇਬਾਂ ਕੱਟਣ ਲਈ ਨਵਾਂ ਰੈਜੀਡੈਂਸ ਲਾਇਸਿੰਸਿੰਗ ਪ੍ਰਗਰਾਮ ਸ਼ੁਰੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਇਸ ਵਧਣ ਵਾਲੇ ਬੋਝ ਦੀ ਪੀੜਾ ਤੋਂ ਤੰਗ ਆ ਕੇ ਵੱਡੀ ਪੱਧਰ ’ਤੇ ਬਰੈਂਪਟਨ ਨਿਵਾਸੀਆਂ ਨੇ ਜਿਥੇ ਬਰੈਂਪਟਨ ਸਿਟੀ ਕੌਂਸਲ ਵਿਚ ਇਹ ਮਸਲਾ ਉਠਾਇਆ ਉਥੇ ਇਸ ਗੱਲ ਦਾ ਡਟਵਾਂ ਵਿਰੋਧ ਵੀ ਕੀਤਾ ਕਿ ਇਸ ਨੂੰ ਵਾਪਸ ਲਿਆ ਜਾਵੇ। ਇਸ ਵਿਰੋਧ ਵਿਚ ਡਾ. ਰਵੀ ਸੋਹਲ, ਬਲਜੀਤ ਸਿੰਘ ਸੰਧੂ ਅਤੇ ਰਾਜੇਸ਼ ਕੁਮਾਰ ਨੇ ਤੱਥਾਂ ਤਹਿਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਜਾਣਕਾਰੀ ਦਿੱਤੀ। ਇਸ ਉਪਰੰਤ ਮੁਜ਼ਾਹਰਾ ਵੀ ਕੀਤਾ ਗਿਆ ਅਤੇ ਰੋਹ ਭਰਪੂਰ ਨਾਅਰਿਆਂ ਰਾਹੀਂ ਗੁੱਸੇ ਦਾ ਇਜ਼ਹਾਰ ਵੀ ਕੀਤਾ ਗਿਆ। ਆਉਣ ਵਾਲੇ ਸਮੇਂ ਵਿਚ ਇਹ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ’ਤੇ ‘ਸਰੋਕਾਰਾਂ ਦੀ ਆਵਾਜ਼’ ਸੰਪਾਦਕ ਸ੍. ਹਰਬੰਸ ਸਿੰਘ ਵੀ ਹਾਜ਼ਰ ਸਨ।

















ਸ਼ਰਧਾਂਜਲੀ

# ਤਰਕਸ਼ੀਲ ਆਗੂ ਆਤਮਾ ਸਿੰਘ ਨੂੰ ਸਲਾਮ

**ਬਲਜਿੰਦਰ ਸਿੰਘ ਪਟਿਆਲਾ**

ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਦੇ ਵਿੱਤ ਮੁਖੀ ਸ੍ਰ. ਆਤਮਾ ਸਿੰਘ ਜੋ 21 ਜਨਵਰੀ ਨੂੰ ਦਿਲ ਦਾ ਦੌਰਾ ਪੈਣ ਕਾਰਣ ਸਦੀਵੀ ਵਿਛੋੜਾ ਦੇ ਗਏ ਸਨ। ਉਹ ਸਮਾਜ ਵਿੱਚੋਂ ਅੰਧਵਿਸ਼ਵਾਸਾਂ ਦੇ ਪਏ ਹਨੇਰੇ ਨੂੰ ਵਿਗਿਆਨਿਕ ਵਿਚਾਰਧਾਰਾ ਦੇ ਪਸਾਰੇ ਰਾਹੀਂ ਖਤਮ ਕਰਕੇ, ਇਕ ਨਵਾਂ ਮਨੁੱਖੀ ਬਰਾਬਰੀ ਤੇ ਅਧਾਰਿਤ ਸਮਾਜ ਸਿਰਜਣ ਲਈ ਲਗਾਤਾਰ ਯਤਨਸੀਲ ਰਹੇ। ਉਹਨਾਂ ਦੇ ਇਸ ਬੇਵਕਤੀ ਵਿਛੋੜੇ ਨੇ ਜਿੱਥੇ ਉਹਨਾ ਦੇ ਪ੍ਰਵਾਰ ਨੂੰ ਗਹਿਰਾ ਸਦਮਾ ਲੱਗਾ ਹੈ ਉੱਥੇ ਦੁਨੀਆਂ ਭਰ ਦੇ ਤਰਕਸ਼ੀਲ ਹਲਕਿਆਂ ਵਿੱਚ ਵੀ ਬੇਹੱਦ ਗਹਿਰਾ ਦੁੱਖ ਮਹਿਸੂਸ ਕੀਤਾ ਜਾ ਰਿਹਾ ਹੈ। ਤਰਕਸ਼ੀਲ ਸੁਸਾਇਟੀ ਦੇ ਜ਼ੋਨ ਲੁਧਿਆਣਾ ਜੱਥੇਬੰਦਕ ਮੁੱਖੀ ਜਸਵੰਤ ਜੀਰਖ ਅਤੇ ਇਕਾਈ ਮੁੱਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਆਤਮਾ ਸਿੰਘ ਨੇ ਜਿੱਥੇ ਜਿਉਂਦੇ ਸਮੇਂ ਆਪਣੀਆਂ ਸੇਵਾਵਾਂ ਸਮਾਜ ਲੇਖੇ ਲਾਈਆਂ ਉੱਥੇ ਮੌਤ ਉਪਰੰਤ ਵੀ ਆਪਣਾ ਮ੍ਰਿਤਕ ਸ਼ਰੀਰ ਡਾਕਟਰੀ ਖੋਜ ਕਾਰਜਾਂ ਲਈ ਸੀ ਐਮ ਸੀ ਹਸਪਤਾਲ ਲੁਧਿਆਣਾ ਨੂੰ ਦੇਣ ਦੀ ਵਸੀਅਤ ਕੀਤੀ ਹੋਈ ਸੀ। ਉਹਨਾਂ ਦੀ ਇਹ ਇੱਛਾ ਪੂਰੀ ਕਰਨ ਲਈ ਉਹਨਾਂ ਦੀ ਧਰਮ ਪਤਨੀ, ਬੇਟੇ ਅਤੇ ਨੂੰਹ ਵੱਲੋਂ ਤਰਕਸ਼ੀਲ ਸੁਸਾਇਟੀ ਦਾ ਪੂਰਾ ਸਹਿਯੋਗ ਦਿੱਤਾ ਗਿਆ ਜਿਸ ਅਨੁਸਾਰ ਉਹਨਾ ਦਾ ਮ੍ਰਿਤਕ ਸਰੀਰ ਅੱਜ ਡਾਕਟਰੀ ਖੋਜ ਕਾਰਜਾਂ ਲਈ ਸੀ ਐਮ ਸੀ ਲੁਧਿਆਣਾ ਨੂੰ ਦਿੱਤਾ ਗਿਆ। ਉਹਨਾਂ ਦੀਆਂ ਅੱਖਾਂ ਵੀ ਪੁਨਰ ਜੋਤ ਅੱਖਾਂ ਦੇ ਹਸਪਤਾਲ ਡਾ. ਰਮੇਸ ਨੂੰ ਲੋੜਵੰਦਾਂ ਦੇ ਲਗਾਉਣ ਲਈ ਦਿੱਤੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸੂਬਾ ਜੱਥੇਬੰਦਕ ਮੁਖੀ ਰਾਜਿੰਦਰ ਭਦੌੜ ਅਤੇ ਜੋਨ ਮੁਖੀ ਜਸਵੰਤ ਜੀਰਖ ਨੇ ਸਮਾਜ ਵਿੱਚ ਪ੍ਰਚੱਲਤ ਵੇਲਾ ਵਹਾ ਚੁੱਕੀਆਂ ਰਸਮਾ ਅਤੇ ਅੰਧਵਿਸਵਾਸ਼ੀ ਕਦਰਾਂ ਕੀਮਤਾਂ ਛੱਡਕੇ ਵਿਗਿਆਨਕ ਨਜ਼ਰੀਆ ਅਪਨਾਉਣ ਲਈ ਤਰਕਸ਼ੀਲ ਵਿਚਾਰਾਂ ਨੂੰ ਅਪਨਾਉਣ ਦੀ ਲੋੜ ਤੇ ਜ਼ੋਰ ਦਿੱਤਾ। ਜ਼ੋਨ ਲੁਧਿਆਣਾ ਦੀਆਂ ਸਾਰੀਆਂ ਇਕਾਈਆਂ ਜਗਰਾਓਂ, ਸੁਧਾਰ, ਲੁਧਿਆਣਾ, ਕੋਹਾੜਾ, ਮਲੇਰਕੋਟਲਾ ਦੇ ਕਾਕੁੰਨ ਅਤੇ ਪ੍ਰਵਾਰਿਕ ਮੈਂਬਰਾਂ ਸਮੇਤ ਉਹਨਾਂ ਦੇ ਰਿਸ਼ਤੇਦਾਰ ਵੱਡੀ ਗਿਣਤੀ ਵਿੱਚ ਸ਼ਾਮਲ ਸਨ। ਪ੍ਰਵਾਰ ਵੱਲੋਂ 28 ਜਨਵਰੀ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ (ਜ਼ੋਨ ਲੁਧਿਆਣਾ) ਵੱਲੋਂ 4 ਫਰਵਰੀ ਨੂੰ ਉਹਨਾਂ ਦਾ ਸਤਿਕਾਰ ਸਮਾਗਮ ਕਰਨਾ ਤਹਿ ਕੀਤਾ ਗਿਆ ਹੈ।





(ਮ੍ਰਿਤਕ ਸਰੀਰ ਡਾਕਟਰੀ ਖੋਜ ਕਾਰਜਾਂ ਲਈ ਸੀ ਐਮ ਸੀ ਹਸਪਤਾਲ ਨੂੰ ਭੇਂਟ ਕੀਤਾ ਅਤੇ ਅੱਖਾਂ ਪੁਨਰ ਜੋਤ ਅੱਖਾਂ ਦੇ ਹਸਪਤਾਲ ਨੂੰ ਦਿੱਤੀਆਂ ਗਈਆਂ)




THE HARP GREWAL REAL ESTATE TEAM
ਹਰਪ ਗਰੇਵਾਲ
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS



Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary





Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313





ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2



Hiring Drivers/Owners/Operators
GALAXY Frightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive. Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# .ਗਦਰੀ ਬਾਬਿਆਂ ਦਾ ਪੈਗਾਮ : ਵਿਰਾਸਤੀ ਸਿਰਜਨਾ ਦਾ ਸਨਮਾਨ







ਕਾਲੇ ਪਾਣੀ ਸੈਲੂਲਰ ਜੇਲ੍ਹ ਵਿੱਚ .ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦਾ ਮਿਊਜੀਅਮ, ਇਤਿਹਾਸਕ ਲਿਖਤਾਂ ਸਮੇਤ ਨਾਹਰਿਆਂ ਅਤੇ ਪ੍ਰੇਰਣਾਦਾਇਕ ਵਿਚਾਰਾਂ ਨੂੰ ਦਰਸਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਹੁਣ ਤੱਕ ਇਸ ਦੇ ਵੱਖ ਵੱਖ ਕੰਮਾਂ ਵਿਚੋਂ ਨਵੇਂ ਬਾਥਰੂਮ ਅਤੇ ਚਾਰਦੀਵਾਰੀ ਦਾ ਕੰਮ ਪੂਰਾ ਕੀਤਾ ਜਾ ਰਿਹਾ ਹੈ। ਇਸ ਕਿਸਮ ਦੀਆਂ ਵਿਰਾਸਤੀ ਥਾਵਾਂ ਨੂੰ ਮੁੜ ਸਾਂਭਣ ਦੀ ਲੋੜ ਹੈ। ਜਦੋਂ ਇਤਿਹਾਸ ਨੂੰ ਖਤਮ ਕੀਤਾ ਜਾ ਰਿਹਾ ਹੈ।



ਇਕ ਯਾਦਗਾਰੀ ਤਸਵੀਰ : 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਮਾ. ਭਜਨ ਸਿੰਘ ਪੰਜਾਬ ਤੋਂ ਇੰਚਾਰਜ ਬਲਜਿੰਦਰ ਸਿੰਘ ਪਟਿਆਲਾ, ਤਕਰਸ਼ੀਲ ਤੇ ਇਨਕਲਾਬੀ ਆਗੂ ਜਸਵੰਤ ਸਿੰਘ ਜੀਰਖ .ਗਦਰੀ ਸ਼ਹੀਦ ਬਾਬਾ ਭਾਨ ਸਿੰਘ ਲੁਧਿਆਣਾ ਅੱਗੇ।

.ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤ ਸ਼ਹੀਦਾਂ ਵੱਲੋਂ ਸਾਮਰਾਜੀ ਰਾਜ ਪ੍ਰਬੰਧ ਨੂੰ ਜੜ੍ਹੋਂ ਪੁੱਟਕੇ, ਕਿਰਤੀ ਲੋਕਾਂ ਦੀ ਪੁੱਗਤ ਵਾਲੇ ਅਤੇ ਮਨੁੱਖੀ ਬਰਾਬਰਤਾ ਤੇ ਅਧਾਰਤ ਸਮਾਜ ਦੀ ਸਿਰਜਣਾ ਲਈ ਜੋ ਕੁਰਬਾਨੀਆਂ ਕੀਤੀਆਂ ਗਈਆਂ, ਉਨ੍ਹਾਂ ਬਾਰੇ ਲੋਕ ਚੇਤਨਾ ਫੈਲਾਉਣ ਅਤੇ ਪੂਰਾ ਕਰਨ ਲਈ ਵਿੱਢੇ ਕਾਰਜਾਂ ਨੂੰ, ਸੂਝਵਾਨ ਸਾਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। .ਗਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ (ਲੁਧਿਆਣਾ) ਦੀ ਯਾਦਗਾਰ ਵਿੱਖੇ ਲੋਕ ਚੇਤਨਾ ਫੈਲਾਕੇ, ਦੇਸ਼ ਦੇ ਮਾਲ ਖਜ਼ਾਨਿਆਂ ਨੂੰ ਲੁੱਟਕੇ ਕਿਰਤੀ ਲੋਕਾਂ ਨੂੰ ਗੁਰਬਤ ਭਰੀ ਜਿੰਦਗੀ ਬਸਰ ਕਰਨ ਲਈ ਮਜਬੂਰ ਕਰਨ ਵਾਲੀਆਂ ਤਾਕਤਾਂ ਦੇ ਚੇਹਰੇ ਬੇਪ੍ਰਦ ਕਰਨ ਹਿੱਤ, ਵੱਖ-ਵੱਖ ਢੰਗਾਂ ਨੂੰ ਹੋਰ ਵਿਕਸਤ ਕਰਨ ਦੀ ਅਪੀਲ ਕੀਤੀ ਗਈ ਸੀ। ਇਸ ਅਪੀਲ ਰਾਹੀਂ ਦਿੱਤੇ ਸੱਦੇ ਨੂੰ ਭਰਪੂਰ ਹੁੰਗਾਰਾ ਦੇਣ ਦਾ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਵੱਲੋਂ ਤਹਿ ਦਿਲੋਂ ਧੰਨਵਾਦ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ। ਇਸ ਟਰੱਸਟ ਵੱਲੋਂ ਲੋਕ ਪੱਖੀ ਤਾਕਤਾਂ ਦੇ ਸਹਿਯੋਗ ਵਿੱਚ, ਲੋਕ ਦੋਖੀ ਸ਼ਕਤੀਆਂ ਦੀਆਂ ਚਣੌਤੀਆਂ ਦਾ ਸਾਹਮਣਾ ਕਰਨ ਲਈ ਇਨਕਲਾਬੀ ਗਤੀਵਿਧੀਆਂ ਲਗਾਤਾਰ ਜਾਰੀ ਰੱਖਣ ਲਈ ਉਲੀਕੇ ਟੀਚੇ ਸਭ ਸਹਿਯੋਗੀਆਂ ਦੇ ਵਡਮੁੱਲੇ ਸਹਿਯੋਗ ਨਾਲ ਪੂਰੇ ਕਰਨ ਲਈ, ਹੁਣ ਤੱਕ ਇੱਥੇ ਹੋ ਰਹੀਆਂ ਗਤੀਵਿਧੀਆਂ ਵਿੱਚ ਵਧ ਰਹੇ ਇਕੱਠਾਂ ਨੂੰ ਮੁੱਖ ਰੱਖਦਿਆਂ ਘੱਟੋ ਘੱਟ 200 ਲੋਕਾਂ ਦੇ ਬੈਠਣ ਲਈ ਕੁਰਸੀਆਂ, ਔਰਤਾਂ/ਮਰਦਾਂ ਲਈ ਵੱਖਰੇ ਬਾਥ ਰੂਮਾਂ ਦੀ ਉਸਾਰੀ ਸਮੇਤ ਯਾਦਗਾਰ ਦੁਆਲੇ ਉੱਚੀ ਦੀਵਾਰ ਬਣਾਉਣ ਦਾ ਕੰਮ ਪੂਰਾ ਹੋ ਚੁੱਕਾ ਹੈ। ਇਸ ਤੋਂ ਬਿਨਾ ਕਾਲੇ ਪਾਣੀ ਸੈਲੂਲਰ ਜੇਲ੍ਹ ਵਿੱਚ .ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦਾ ਓਪਨ ਮਿਊਜੀਅਮ ਅਤੇ ਇਤਿਹਾਸਕ ਲਿਖਤਾਂ ਰਾਹੀਂ ਯਾਦਗਾਰ ਨੂੰ ਹੋਰ ਪ੍ਰੇਰਣਾਦਾਇਕ ਬਣਾਕੇ ਦੇਸ਼ ਭਗਤਾਂ ਦੀਆਂ ਯਾਦਾਂ ਨੂੰ ਤਾਜ਼ਾ ਰੱਖਣ ਅਤੇ ਪ੍ਰੇਰਣਾ ਹਿੱਤ ਕੰਮਾਂ ਨੂੰ ਹੋਰ ਵਧਾਇਆ ਜਾ ਰਿਹਾ ਹੈ।ਵੱਖ ਵੱਖ ਵਿਸ਼ਿਆਂ ਸਬੰਧੀ ਲੋਕ ਸਮੱਸਿਆਵਾਂ ਨੂੰ ਫਿਲਮਾਂ/ਡਾਕੂਮੈਂਟਰੀਆਂ/ਨਾਟਕਾਂ ਰਾਹੀਂ ਵਿਖਾਕੇ ਅਤੇ ਉਨ੍ਹਾਂ ਦੇ ਢੁਕਵੇਂ ਹੱਲ ਕਰਨ ਸਬੰਧੀ ਚੇਤਨਾ ਵਿਕਸਤ ਕਰਨ ਦੇ ਉਪਰਾਲੇ ਹੋਰ ਤੇਜ਼ ਕੀਤੇ ਜਾਣ ਦੇ ਪ੍ਰੋਗਰਾਮ ਤਹਿ ਕੀਤੇ ਜਾ ਰਹੇ ਹਨ। ਚੱਲ ਰਹੇ ਇਸ ਪ੍ਰੋਜੈਕਟ ਲਈ ਹੁਣ ਤੱਕ ਜੋ ਆਰਥਕ ਸਹਾਇਤਾ ਆ ਚੁੱਕੀ ਹੈ ਉਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਸੈਂਚਰੀ ਫਾਊਂਡੇਸ਼ਨ (ਪ੍ਰੋ. ਜਗਮੋਹਨ ਸਿੰਘ) ਵੱਲੋਂ 50,000/-, ਗੁਰਮੇਲ ਸਿੰਘ ਗਿੱਲ ਕੈਨੇਡਾ 50,000/-, ਰਾਇਲ ਸਿੰਥੈਟਿਕਸ (ਸ੍ਰੀ ਰਾਕੇਸ਼) 31,000/-, ਮਾ. ਭਜਨ ਸਿੰਘ ਪ੍ਰਵਾਰ (ਕੈਨੇਡਾ) 30,000/-, ਜਸਵੰਤ ਜੀਰਖ ਪ੍ਰਵਾਰ 20,000/-, ਪ੍ਰਮਜੀਤ ਸਿੰਘ ਡਾਲਾ 20,000/-, ਮਨਜੀਤ ਸਿੰਘ ਗਿੱਲ ਕੈਲਗਿਰੀ (ਕੈਨੇਡਾ) 15,000/-, ਡਾ. ਦਰਸ਼ਨ ਖੇੜੀ 11,000/-, ਡਾ. ਬਲਵੀਰ ਸਿੰਘ 11000/-, ਰਾਜੇਸ਼ ਬਾਂਸਲ 11,000/-, ਭਗਵੰਤ ਸਿੰਘ ਇੰਗਲੈਂਡ 11,000/-, ਕਰਨਲ ਜੇ ਐਸ ਬਰਾੜ 10,000/-, ਮਾ. ਜਰਨੈਲ ਸਿੰਘ 10,000/-, ਮਾ. ਜਸਵੰਤ ਸਿੰਘ ਜੱਸੜ 10,000/-, ਨਿਰਮਲ ਸਿੰਘ ਸੋਨੂੰ ਚਿਕਨ 10,000/-, ਬਾਈ ਅਵਤਾਰ ਸਿੰਘ ਗਿੱਲ ਕੈਨੇਡਾ 10,000/-, ਜਸਵਿੰਦਰ ਸਿੰਘ ਕੈਨੇਡਾ 10,000/-, ਹਰਬੰਸ ਸਿੰਘ (ਸਰੋਕਾਰਾਂ ਦੀ ਆਵਾਜ਼ ਕੈਨੇਡਾ) 10,000/- ਦਵਿੰਦਰ ਸਿੰਘ ਤੂਰ ਸਰੋਕਾਰਾਂ ਦੀ ਆਵਾਜ਼ ਕੈਨੇਡਾ 10,000/-, ਰਵਿੰਦਰ ਸਿੰਘ ਬੈਂਸ (ਰੋਪੜ) 5100/-, ਡਾ. ਹਰਬੰਸ ਗਰੇਵਾਲ 5000/-, ਬਲਦੇਵ ਸਿੰਘ ਕੈਲਪੁਰ 5000/-, ਜਸਪਾਲ ਸਿੰਘ ਹੰਸਰਾ 5000/-, ਬਲਵਿੰਦਰ ਸਿੰਘ ਲਾਲ ਬਾ.ਗ 5000/-, ਪ੍ਰਵੇਜ 5000/- ਸੁਖਵਿੰਦਰ ਸਿੰਘ ਖਟੜਾ 5000/-, ਹਰਚੰਦ ਸਿੰਘ ਭਿੰਡਰ 5000/-, ਮਾ. ਪ੍ਰਮਜੀਤ ਸਿੰਘ ਪਨੇਸਰ 5000/-, ਕਸਤੂਰੀ ਲਾਲ 5000/-, ਹਰਕੇਸ਼ ਚੌਧਰੀ ਮੁੱਲਾਪੁਰ (ਗੁਰਸ਼ਰਨ ਕਲਾ ਭਵਨ) 5000/-, ਮਾ. ਜਸਵੰਤ ਸਿੰਘ ਜਗਰਾਓਂ 5000/-, ਸੁਰਜੀਤ ਸਿੰਘ ਗਰੇਵਾਲ 5000/-, ਗੁਰਸ਼ਰਨ ਸਿੰਘ ਢੁੱਡੀਕੇ 5000/-, ਹਰੀ ਸਿੰਘ ਰੋਹੀੜਾ 5000/-, ਮਾ. ਸੁਰਿੰਦਰ ਸ਼ਰਮਾ (ਲੋਕ ਕਲਾ ਮੰਚ ਮੁੱਲਾਪੁਰ) ਅਤੇ ਮਾ. ਲਖਵੀਰ ਸਿੰਘ, ਐਡਵੋਕੇਟ ਪ੍ਰਿਤਪਾਲ ਸਿੰਘ ਦਾਦ, ਕੁਲਵਿੰਦਰ ਸਿੰਘ ਰੇਲਵੇ, ਕਰਤਾਰ ਸਿੰਘ ਵੀਰਾਨ ਜਗਰਾਓਂ, ਮਿੱਤਰਸੈਨ ਮੀਤ, ਉਜਾਗਰ ਬੱਦੋਵਾਲ, ਬਲਦੇਵ ਸਿੰਘ ਗਿੱਲਾਂ, ਪ੍ਰੋ ਜੈ ਪਾਲ ਸਿੰਘ, ਗੁਰਜੋਤ ਸਿੰਘ ਲਲਤੋਂ, ਮੈਡਮ ਮਧੂ, ਡਾ. ਕੁਲਵੰਤ ਰਾਮਾ, ਮਾ. ਸੁਰਜੀਤ ਸਿੰਘ ਦੁੱਗਰੀ, ਮੋਹਣ ਸਿੰਘ ਜੀਰਖ, ਪ੍ਰਿੰਸੀਪਲ ਬੂਟਾ ਸਿੰਘ, ਬਲਵਿੰਦਰ ਸਿੰਘ ਸੇਖੋਂ, ਗੁਰਮੀਤ ਕੌਰ, ਰਾਮ ਸ਼ਰਨ ਸਿੰਘ, ਪ੍ਰਮਜੀਤ ਸਿੰਘ, ਆਤਮਾ ਸਿੰਘ, ਹਰੀ ਸਿੰਘ ਸੁਨੇਤ, ਗੁਰਪ੍ਰੀਤ ਕੌਰ, ਤਰਕਸ਼ੀਲ ਵੱਲੋਂ ਆਈ ਸਹਾਇਤਾ ਦਾ ਟਰੱਸਟ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ। ਦੇਸ਼ ਵਿਦੇਸ਼ ਵਿੱਚ ਵਸਦੇ ਹੋਰ ਸਾਥੀਆਂ ਨੂੰ ਵੀ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਮਦਦ ਕਰਨ ਦੀ ਅਪੀਲ ਕੀਤੀ ਜਾਂਦੀ ਹੈ ਤਾਂ ਕਿ ਉਲੀਕੇ ਗਏ ਪ੍ਰੋਜੈਕਟ ਨਿਰਵੱਘਨ ਪੂਰੇ ਹੋ ਸਕਣ।


Shahid Baba Bhan Singh Gaddar Memorial Trust (Regd.) ਦੇ ਬੈਂਕ ਖਾਤਾ ਨੰ: 07201000000192 (Punjab & Sind Bank) IFSC Code : PS920000720 ਵਿੱਚ ਵੀ ਸਹਾਇਤਾ ਰਾਸ਼ੀ ਭੇਜੀ ਜਾ ਸਕਦੀ ਹੈ।

ਸੰਪਰਕ ਮੋਬਾ. ਨੰ: 98151-69825










**ਡਰੱਗ ਯੂਜਰ ਲਿਬਰੇਸ਼ਨ ਫਰੰਟ ਸੋਲੋਡੈਰਿਟੀ ਕਮੇਟੀ**

# DULF ਨੂੰ ਰਿਹਾਅ ਕਰੋ, ਹੋਰ ਮੌਤਾਂ ਨਹੀਂ, ਡਰੱਗ ਦੀ ਲੜਾਈ ਬੰਦ ਕਰੋ







ਅੱਜ ਸਮਰਥਕਾਂ ਵਲੋਂ ਡਰੱਗ ਯੂਰਜ ਲਿਬਰੇਸ਼ਨ ਫਰੰਟ ਦੇ ਮੁਢਲੇ ਮੈਂਬਰਾਂ ਜਰਮੀ ਕੈਲੀਕਮ ਅਤੇ ਏਰਿਸ ਨਿਕਸ ਦੀ ਰੱਖਿਆ ਲਈ ਦੁਨੀਆ ਭਰ ਵਿਚ ਰੈਲੀਆਂ ਕੀਤੀਆਂ। ਇਥੋਂ ਦਾ ਅੱਜ ਦਾ ਪ੍ਰਦਰਸ਼ਨ DULF ਦਾ ਨਾ-ਅਪਰਾਧਿਕ ਹੋਣ ਲਈ ਵੈਨਕੂਵਰ ਦੇ ਕੋਰਟ ਹਾਊਸ ਅੱਗੇ ਕੀਤਾ ਗਿਆ। ਨਾਲ ਹੀ ਨਾਲ ਨੈਲਸਨ (ਬੀਸੀ) ਤੋਂ ਕੈਲਗਰੀ (ਅਲਬਰਟਾ) ਅਤੇ ਡਬਲਿਨ (ਆਇਰਲੈਂਡ) ਤੋਂ ਲੰਡਨ (ਯੂਕੇ) ਵੀ ਲੋਕ ਇਕੱਠੇ ਹੋਏ।

ਅਚਾਨਕ ਹੀ ਅਕਤੂਬਰ, 2023 ਵਿਚ ਵੈਨਕੂਵਰ ਪੁਲਿਸ ਡਿਪਾਰਟਮੈਂਟ ਵਲੋਂ ਜਰਮੀ ਤੇ ਏਰਿਸ ਦੇ ਘਰ 'ਤੇ ਛਾਪੇ ਮਾਰ ਕੇ ਉਨ੍ਹਾਂ ਨੂੰ ਫੜਿਆ ਗਿਆ ਅਤੇ ਪੁਲਿਸ ਵਲੋਂ DULF ਕਲੱਬ ਬੰਦ ਕਰ ਦਿੱਤਾ ਗਿਆ ਜਿਹੜਾ ਕਿ 40 ਲੋਕਾਂ ਦੀ ਸੁਰੱਖਿਅਤ ਅਤੇ ਟੈਸਟ ਕੀਤੀ ਹੋਈ ਡਰੱਗ ਦੀ ਮੰਗ ਨੂੰ ਪੂਰੀ ਕਰਦਾ ਸੀ।

ਡਰੱਗ ਯੂਜਰਜ ਦੇ ਹੱਕ ਵਿਚ ਖੜ੍ਹੇ ਲੋਕਾਂ ਨੇ ਕਿਹਾ ਕਿ ਸਰਕਾਰ ਤੇ ਸਿਹਤ ਅਧਿਕਾਰੀਆਂ ਵਲੋਂ ਪੁਲਿਸ ਰਾਹੀਂ DULF ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਵਾ ਕੇ ਹਮਦਰਦੀ ਵਜੋਂ ਜ਼ਿੰਦਗੀਆਂ ਬਚਾਉਣ ਵਾਲੀ ਕਲੱਬ ਨੂੰ ਗੈਰ ਕਾਨੂੰਨੀ ਕਹਿ ਕੇ ਤੋੜਿਆ ਗਿਆ ਹੈ। ਇਕ ਸਾਲ ਤੋਂ ਚੱਲ ਰਹੇ ਪ੍ਰੋਜੈਕਟ ਰਾਹੀਂ ਇਸ ਸਮੇਂ ਦੇ ਸੰਕਟ ਵਿਚ ਸਬੂਤਾਂ ਦੇ ਨਾਲ ਜ਼ਹਿਰੀਲੇ ਨਸ਼ਿਆਂ ਨੂੰ ਸੁਰੱਖਿਅਤ ਬਣਾ ਕੇ ਲੋਕਾਂ ਨੂੰ ਦਿੱਤਾ ਗਿਆ ਸੀ। ਇਸ ਕਿਸਮ ਦਾ ਹੀ ਪ੍ਰੋਗਰਾਮ 1 ਨਵੰਬਰ ਨੂੰ ਬੀਸੀ ਕੋਰੋਨਰਜ਼ ਡੈੱਥ ਰੀਵਿਊ ਪੈਨਲ ਰਿਪੋਰਟ ਨੇ ਅਜ਼ਾਦਾਨਾ ਤੌਰ 'ਤੇ ਜਾਰੀ ਕੀਤਾ ਸੀ।

"ਨਸ਼ਿਆਂ ਵਿਚ ਜ਼ਹਿਰੀਲਾਪਣ ਵਧਦਾ ਜਾ ਰਿਹਾ ਹੈ। ਸਾਡੇ ਸਰਕਾਰ ਜ਼ਿੰਦਗੀਆਂ ਬਚਾਉਣ ਵਾਲੇ DULF ਵਰਗੇ ਕਲੱਬਾਂ ਨੂੰ ਬੰਦ ਕਰਕੇ ਸਾਡੀਆਂ ਲਾਸ਼ਾਂ 'ਤੇ ਰਾਜਨੀਤੀ ਕਰ ਰਹੀ ਹੈ ਕਿਉਂਕਿ ਅਸੀਂ ਹੀ ਉਹ ਲੋਕ ਹਾਂ ਜੋ ਡਰੱਗ ਵਰਤਦੇ ਹਾਂ। ਉਹ ਸਾਨੂੰ ਮਦਦ ਦੇਣ ਨਾਲੋਂ ਮਰਦੇ ਦੇਖਣ ਨੂੰ ਰਜੀਹ ਦੇ ਰਹੇ ਹਨ।" ਰੈਲੀ ਦੇ ਸਮੱਰਥਕਾਂ ਨੇ ਸਰਕਾਰ ਦੇ ਅਹੁਦੇਦਾਰਾਂ ਦੇ ਪਾਖੰਡ ਦੀ ਨਿੰਦਿਆ ਕੀਤੀ ਜੋ DULF ਨੂੰ ਤੰਗ ਕਰ ਰਹੇ ਹਨ। ਬੀਸੀ ਦਾ ਪ੍ਰੀਮੀਅਰ ਡੇਵਿਡ ਈਬੀਖ ਸਰਕਾਰ ਦੇ ਫੈਸਲੇ ਨੂੰ ਸਹੀ ਦੱਸਦਿਆਂ ਪੁਲਿਸ ਦੀ ਛਾਪੇਮਾਰੀ ਨੂੰ ਵੀ ਸਹੀ ਮੰਨਦਾ ਹੈ ਤੇ DULF ਵਲੋਂ ਜ਼ਿੰਦਗੀਆਂ ਬਚਾਉਣ ਦੇ ਕੰਮ ਨੂੰ ਵੀ ਠੀਕ ਕਹਿੰਦਾ ਹੈ।

"ਸਾਡੇ ਚੁਣੇ ਹੋਏ ਨੁਮਾਇੰਦੇ ਦਿਖਾ ਰਹੇ ਕਿ ਉਨ੍ਹਾਂ ਲਈ ਮਨੁੱਖੀ ਜ਼ਿੰਦਗੀਆਂ ਨਾਲੋਂ ਰਾਜਨੀਤਕ ਨੁਕਤੇ ਜ਼ਿਆਦਾ ਪਿਆਰੇ ਹਨ। ਜਿਵੇਂ ਕਿ ਲੋਕਾਂ ਨੂੰ ਟੈਂਟਾਂ ਵਿਚੋਂ ਕੱਢਣਾ, ਲੋਕਾਂ ਦਾ ਅਣਇੱਛਤ ਇਲਾਜ ਤੇ ਬਿਲ 34 ਰਾਹੀਂ ਧੱਕੇ ਨਾਲ ਇਕੱਲੇ ਮਰਨ ਲਈ ਛੱਡਣਾ, ਡੈੱਥ ਰਿਵਿਊ ਪੈਨਲ ਦੀ ਰਿਪੋਰਟ ਨੂੰ ਅਣਗੌਲਿਆਂ ਕਰਨਾ ਅਤੇ ਹਮਦਰਦੀ ਦੇ ਆਧਾਰ 'ਤੇ ਜ਼ਿੰਦਗੀਆਂ ਬਚਾਉਣ ਵਾਲੀ DULF ਵਰਗੀ ਕਲੱਬ ਨੂੰ ਅਪਰਾਧੀ ਕਹਿਣਾ ਆਦਿ। ਕੰਪੈਸ਼ਨ ਕਲੱਬ ਜ਼ਿੰਦਗੀਆਂ ਬਚਾ ਰਹੇ ਹਨ ਤੇ ਬੀਸੀਐਨਸੀਪੀ ਦੀਆਂ ਨੀਤੀਆਂ ਨੂੰ ਮਾਰ ਰਹੀਆਂ ਹਨ।

ਸੱਤ ਸਾਲ ਪਹਿਲਾਂ ਜ਼ਹਿਰੀਲੀ ਡਰੱਗ ਦੇ ਸੰਕਟ ਨਾਲ ਐਮਰਜੈਂਸੀ ਘੋਸ਼ਿਤ ਹੋਣ 'ਤੇ ਲੋਕ ਇਕੱਠੇ ਹੋ ਕੇ ਮੰਗ ਕਰ ਰਹੇ ਸਨ ਕਿ ਨਸ਼ਾ ਸ਼ਰਾਬ ਵਾਂਗ ਆਮ, ਅਨੁਮਾਨ ਲਗਾਉਣ ਯੋਗ ਤੇ ਪਹੁੰਚ ਮੁਤਾਬਕ ਸਹੀ ਰੂਪ ਵਿਚ ਮਿਲਣਾ ਚਾਹੀਦਾ ਹੈ। "ਜਦੋਂ ਤੋਂ ਪਬਲਿਕ ਹੈਲਥ ਐਮਰਜੈਂਸੀ ਘੋਸ਼ਿਤ ਹੋਈ ਹੈ, ਉਦੋਂ ਤੋਂ 13000 ਲੋਕ ਇਸ ਜ਼ਹਿਰੀਲੀ ਡਰੱਗ ਨ ਲ ਮਰ ਚੁੱਕੇ ਹਨ। ਪ੍ਰੋਵਿੰਨਸ਼ੀਅਲ ਤੇ ਫੈਡਰਸਲ ਸਰਕਾਰਾਂ ਜਾਣਦੀਆਂ ਹਨ ਕਿ ਇਸ ਸੰਕਟ ਦਾ ਕਾਰਨ ਅਨਿਯਮਤ ਤੇ ਜ਼ਹਿਰੀਲੇ ਨਸ਼ਿਆਂ ਕਰਕੇ ਹੈ। ਪ੍ਰੰਤੂ ਜ਼ਿੰਦਗੀਆਂ ਬਚਾਉਣ ਲਈ ਪਹਿਲਕਦਮੀ ਕਰਨ ਵਿਚ ਲਗਾਤਾਰ ਰੁਕਾਵਟ ਬਣੀ ਹੋਈ ਹੈ। ਹਰ ਵਾਰ ਪਾਈਲਟ ਪ੍ਰੋਜੈਕਟ ਖ਼ਤਮ ਹੋ ਜਾਂਦਾ ਹੈ, ਲੋਕਾਂ ਨੂੰ ਮੌਤ ਦੇ ਖਤਰੇ ਵਿਚ ਧੱਕ ਦਿੱਤਾ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਲੋਕਾਂ ਨੂੰ ਲਿਖੀਆਂ ਹੋਈਆਂ ਦਵਾਈਆਂ ਤੋਂ ਲਾਹੁਣ ਦਾ ਖ਼ਤਰਾ ਕੀ ਹੈ। ਇਨ੍ਹਾਂ ਕਰਕੇ ਲੋਕ ਅਨੁਮਾਨ ਰਹਿਤ ਤੇ ਦੂਸ਼ਤ ਡਰੱਗ ਵਰਤ ਰਹੇ ਹਨ।

3 ਨਵੰਬਰ, 2023 ਨੂੰ 600ਤੋਂ ਉਪਰ ਸਮੱਰਥਾਂ ਨੇ DULF ਦੇ ਹੱਕ ਵਿਚ ਡਾਊਨ ਟਾਊਨ ਈਸਟ ਸਾਈਡ ਤੋਂ ਵਿਕਟਰੀ ਸੁਕੇਅਰ ਤੱਕ ਮਾਰਚ ਕੀਤਾ ਸੀ। ਇਹ ਵਿਸ਼ਾਲ ਇਕੱਠ ਇਕ ਹਫ਼ਤੇ ਵਿਚ ਜਥੇਬੰਦ ਕਰਕੇ ਜਰਮੀ ਤੇ ਏਰਿਸ ਦੀ ਗ੍ਰਿਫ਼ਤਾਰੀ ਅਤੇ DULF 'ਤੇ ਢਾਚੇ ਜਾ ਰਹੇ ਜ਼ੁਲਮਾਂ ਦੇ ਲਈ ਕੀਤਾ ਗਿਆ ਸੀ। ਉਨ੍ਹਾਂ ਦੀ ਗ੍ਰਿਫ਼ਤਾਰੀ ਲੋਕਾਂ ਦੇ ਫਾਇਦੇ ਵਿਚ ਨਹੀਂ ਹੈ।

ਅੱਜ ਦੀ ਰੈਲੀ ਕੋਰਟ ਦੇ ਸਾਹਮਣੇ ਜਰਮੀ ਤੇ ਏਰਿਸ ਦੀ ਪਹਿਲੀ ਪੇਸ਼ੀ 'ਤੇ ਕੀਤੀ ਗਈ। DULF ਸੋਲੇਡੈਰਿਟੀ ਕਮੇਟੀ ਅਕਤੂਬਰ, 2023 ਵਿਚ ਵਲੰਟੀਅਰ ਤੌਰ 'ਤੇ ਗਠਜੋੜ ਦੇ ਰੂਪ ਵਿਚ ਬਣੀ ਸੀ ਜਿਸਦਾ ਮੰਤਵ ਵਿਸ਼ਾਲ ਤੇ ਅੰਤਰਰਾਸ਼ਟਰੀ ਤੌਰ 'ਤੇ ਮੁਹਿੰਮ ਚਲਾ ਕੇ DULF ਦੇ ਮੋਢੀ ਮੈਂਬਰਾਂ ਤੋਂ ਅਪਰਾਧਿਕ ਧੱਬਾ ਹਟਾਉਣ ਤੇ ਹਰ ਥਾਂ 'ਤੇ ਕਮਿਊਨਿਟੀ ਨੂੰ ਸਾਫ਼ ਡਰੱਗ ਪਹੁੰਚਾਉਣ ਦੀ ਪਹਿਲਕਦਮੀ ਕਰਨੀ ਹੈ।

DULF ਦੀ ਰੱਖਿਆ ਇਹ ਦੱਸਦੀ ਹੈ ਕਿ ਰਾਜਨੀਤੀ ਤੋਂ ਬਿਨਾਂ ਕਮਿਊਨਿਟੀ ਕਿਵੇਂ ਆਪਣੇ ਆਪ ਨੂੰ ਜਥੇਬੰਦ ਕਰਕੇ ਆਪਣੀ ਰੱਖਿਆ ਆਪ ਕਰ ਸਕਦੀ ਹੈ। ਸਰਕਾਰਾਂ ਦੇ ਨਿਕੰਮੇਪਣ ਕਰਕੇ, ਉਹ ਜ਼ਿੰਦਗੀਆਂ ਬਚਾਉਣ ਦਾ ਕੰਮ ਕਰ ਰਹੇ ਹਨ ਜੋ ਦੁਨੀਆ ਲਈ ਉਦਾਹਰਣ ਹੈ। ਜਰਮੀ ਤੇ ਏਰਿਸ ਨੂੰ ਹੁਣ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ....। ਹੁਣ ਉਨ੍ਹਾਂ ਦੀ ਸਫ਼ਲਤਾ ਦੇ ਕੰਮਾਂ ਦੀ ਖੁਸ਼ੀ ਮਨਾਉਣੀ ਚਾਹੀਦੀ ਹੈ ਨਾ ਕਿ ਉਨ੍ਹਾਂ ਨੂੰ ਅਪਰਾਧੀ ਕਹਿਣਾ ਚਾਹੀਦਾ ਹੈ।

**ਅਨਮੋਲ ਸਵੈਚ (ਪੰਜਾਬੀ ਜਾਂ ਅੰਗਰੇਜ਼ੀ), ਐਮ,ਐਸ, ਈ. ਸਟੂਡੈਂਟ ਐਸ.ਐਫ.ਯੂ.**
604-440-3671 aswaich@sfu.ca
**ਟਾਈਸਨ ਸਿੰਘ ਕੈਲਸਲ (ਅੰਗਰੇਜ਼ੀ) ਪੀ.ਐਚ.ਡੀ. ਸਟੂਡੈਂਟ ਐਸ.ਐਫ.ਯੂ.**
604-802-9415 tsa154@sfu.ca









ਪੁਸਤਕ ਪੜਚੋਲ

# ਬਦਲਦੇ ਸੰਸਾਰ ਵਿਚ ਮਾਰਕਸਵਾਦ

ਕਮਲ ਵਿਨੀਪੈਗ

ਦੁਨੀਆਂ ਦੀ ਇਹ ਪਹਿਲੀ ਕਿਤਾਬ ਹੈ ਜਿਹੜੀ "ਸਾਰੇ ਸੰਸਾਰ ਦੇ ਇਨਕਲਾਬੀਆਂ ਨੂੰ, ਸੋਧਵਾਦੀਆਂ ਨੂੰ, ਤੇ ਸੁਧਾਰਵਾਦੀਆਂ ਨੂੰ ਸਮਰਪਿਤ ਹੈ" ਮਤਲਬ ਕਿ ਸਰਮਾਇਆਦਾਰੀ ਦੇ ਬੂਟੇ ਦੀਆਂ ਜੜਾਂ ਪੁੱਟਣ ਵਾਲਿਆਂ ਨੂੰ ਤੇ ਸਰਮਾਇਆਦਾਰੀ ਦੇ ਬੂਟੇ ਦੀਆਂ ਕੁਝ ਕੁ ਸੁੱਕੀਆਂ ਟਾਹਣੀਆਂ ਛਾਂਗਣ ਵਾਲਿਆਂ ਨੂੰ, ਤੇ ਸਰਮਾਇਆਦਾਰੀ ਦੇ ਬੂਟੇ ਦੇ ਕੁਝ ਸੁੱਕੇ ਪੱਤੇ ਝਾੜਨ ਵਾਲਿਆਂ ਨੂੰ । ਲੇਖਕ ਨੂੰ ਇਹਨਾਂ ਚ ਕੋਈ ਫਰਕ ਨੀ ਦਿਸਦਾ ਜਾਂ ਫੇਰ ਸਰਮਾਇਆਦਾਰੀ ਦੇ ਬੂਟੇ ਬਾਰੇ ਲੇਖਕ ਦੀ ਸਮਝ ਕੱਚਘਰੜ ਹੀ ਹੈ ।

ਬਦਲਦੇ ਸੰਸਾਰ ਵਿਚ ਮਾਰਕਸਵਾਦ? ਕੀ ਸੰਸਾਰ ਬਦਲ ਗਿਆ ਹੈ? ਪੂੰਜੀ ਤੇ ਕਿਰਤ (Capital/Wage labor) ਦੀਆਂ ਜੋ ਵਿਰੋਧਤਾਈਆਂ ਅੱਜ ਤੋਂ 50 ਸਾਲ ਪਹਿਲਾਂ ਸਨ, ਕੀ ਉਹ ਅਜ ਬਦਲ ਗਈਆਂ ਹਨ? ਜੇ ਉਹ ਬਦਲ ਗਈਆਂ ਹਨ ਤਾਂ ਨਵੀਆਂ ਵਿਰੋਧਤਾਈਆਂ ਕੀ ਹਨ? ਕੀ ਭੁੱਖਮਰੀ, ਭਰਿਸ਼ਟਾਚਾਰ, ਬੇਰੋਜਗਾਰੀ, ਬੀਮਾਰੀਆਂ, ਕਤਲੋਗਾਰਤ ਘਟੀ ਹੈ ਕਿ ਵਧੱਧੀ ਹੀ ਜਾ ਰਹੀ ਹੈ? ਜੇ ਸੰਸਾਰ ਨਹੀਂ ਬਦਲਿਆ, ਤਾਂ ਫੇਰ ਬਦਲਿਆ ਕੀ ਹੈ? ਸਰਕਾਰਾਂ? ਕਾਰਾਂ ਦੇ ਨਵੇਂ ਮਾਡਲ?, ਜਾਂ ਨਵੀਂਆਂ ਸੜਕਾਂ?, ਨਵੇਂ ਮਾਲ ਪਲਾਜੇ?, ਜਾਂ ਸੈਲ ਫੋਨ?, ਜਾਂ ਫੇਰ ਪੰਜਾਬੀ ਜਵਾਨ ਬੱਚਿਆਂ ਦੀ ਪੱਛਮੀ ਮੁਲਕਾਂ ਦੀ ਸ਼ਕੰਜੇ ਚ ਕੱਸੀ ਆਰਥਿਕਤਾ ਨੂੰ ਲੇਬਰ ਸਪਲਾਈ ਕਰਨ ਦੀ ਦੌੜ?

ਲੇਖਕ ਅਨੁਸਾਰ "ਸਮਾਜਵਾਦ ਹਾਰ ਚੁੱਕਾ ਹੈ"। ਜਿਵੇਂ ਕਿ ਸਮਾਜਵਾਦ ਕੋਈ ਕਬੱਡੀ ਦੀ ਟੀਮ ਹੁੰਦੀ ਹੈ। ਲੇਖਕ ਅਨੁਸਾਰ "ਸਰਮਾਇਆਦਾਰੀ ਆਪਣੇ ਸਭ ਤੋਂ ਜ਼ਾਲਮ ਰੂਪ ਨਵ-ਉਦਾਰਵਾਦ ਵਿਚ ਸੰਸਾਰ ਦੀ ਬਹੁਤੀ ਆਬਾਦੀ ਉਤੇ ਕਹਿਰ ਬਰਸਾ ਰਹੀ ਹੈ ਤੇ ਅਜਿਹੇ ਬੇਕਾਰ ਮਨੁੱਖ ਪੈਦਾ ਕਰ ਰਹੀ ਹੈ ਜਿੰਨਾ ਦੀ ਸਮਾਜਿਕ ਮੁੜ ਵਰਤੋਂ ਕਰਨੀ ਬਹੁਤ ਮੁਸ਼ਕਿਲ ਹੋ ਜਾਂਦੀ ਹੈ''। ਲੇਖਕ ਦਾ ਇਹ ਕਥਿਨ ਬਿਲਕੁਲ ਸਹੀ ਹੈ । ਪਰ ਇਹ ਬੇਕਾਰ ਮਨੁੱਖ ਹਨ ਕੌਣ? ਸ਼ਾਇਦ ਲੇਖਕ ਦਾ ਇਸ਼ਾਰਾ 1% ਸਰਮਾਇਆਦਾਰਾਂ ਵਲ ਹੈ, ਜਾਂ ਮੱਧ ਵਰਗੀ ਦਿਸ਼ਾਹੀਣ ਭੀੜ ਵਲ। ਲੇਖਕ ਅਨੁਸਾਰ ਖੱਬੇ ਪੱਖ ਨੂੰ ਮੁੜ ਉਸਾਰਨ ਦੀ ਲੋੜ ਹੈ ਜੋ ਇਸ ਕਿਤਾਬ ਦਾ ਮਕਸਦ ਹੈ। ਪਰ ਇਹ ਖੱਬਾ ਪੱਖ ਢਹਿ ਢੇਰੀ ਕਦੋਂ ਹੋ ਗਿਆ? ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਖੱਬੇ ਪੱਖ ਨੇ ਮਾਰਕਸੀ ਫਾਰਮੂਲੇ ਨੂੰ ਆਪੋ ਆਪਣੇ ਸਮਾਜ ਦੀਆਂ ਅੰਤਰ ਮੁੱਖੀ ਹਾਲਾਤਾਂ ਨੂੰ ਤੇ ਬਾਹਰਮੁਖੀ ਖ਼ਤਰਿਆਂ ਨੂੰ ਸਮਝ ਕੇ ਕੁਝ ਗਲਤੀਆਂ ਕੀਤੀਆਂ ਹਨ ਤੇ ਕੁਝ ਸਿੱਖਿਆ ਵੀ ਹੈ। ਜਿਹੜਾ ਬੰਦਾ ਸਵੈ ਪੜਚੋਲ ਕਰ ਕੇ ਕੁਝ ਵੀ ਨਹੀਂ ਸਿੱਖੇਗਾ, ਉਹ ਜਾਂ ਤਾਂ ਚੁੱਪ ਕਰ ਕੇ ਬਹਿ ਜਾਵੇਗਾ ਜਾਂ ਲੇਖਕ ਵਾਂਗ ਕਿਸੇ ਨਵੇਂ ਵਾਦ ਦੇ ਨਵੇਂ ਦਿਸਹੱਦੇ ਲੱਭਣ ਕਿਧਰੇ ਹੋਰ ਪਾਸੇ ਨਿਕਲ ਜਾਵੇਗਾ ।

ਇਥੇ ਲੇਖਕ "ਮਾਰਕਸਵਾਦ ਦੇ ਸਿਧਾਂਤ ਤੇ ਅਮਲ ਦੀਆਂ ਕਮੀਆਂ ਕਮਜ਼ੋਰੀਆਂ ਨੂੰ ਫੜ ਕੇ ਇਸ ਨੂੰ ਸਮੇਂ ਦੇ ਹਾਣ ਦਾ ਬਣਾਉਣ" ਦੀ ਤਿੱਖੀ ਲੋੜ ਬਾਰੇ ਗਲ ਕਰਦਾ ਹੈ। ਜੇ ਸਿਧਾਂਤ ਹੀ ਕਮਜ਼ੋਰ ਹੋਵੇ ਤਾਂ ਅਮਲ ਚ ਵੀ ਕਮੀਆਂ ਤਾਂ ਆਉਣਗੀਆਂ ਹੀ। ਪਰ ਕੀ ਲੇਖਕ ਕੋਈ ਨਵਾਂ ਸਿਧਾਂਤ ਪੇਸ਼ ਕਰ ਸਕਦਾ ਹੈ? ਮਾਰਕਸਵਾਦ ਪਦਾਰਥਵਾਦ, ਦਵੰਦਾਤਮਕ, ਭੌਤਿਕਵਾਦ ਦਾ ਫਾਰਮੂਲਾ ਹੈ। ਕਮੀਆਂ ਕਮਜ਼ੋਰੀਆਂ ਤਾ ਉਹਨਾਂ ਲੋਕਾਂ ਵਿਚ ਹੋਣਗੀਆਂ ਜਿਹੜੇ ਇਸਨੂੰ ਠੋਸ ਜ਼ਮੀਨੀ ਹਕੀਕਤਾਂ ਤੇ ਇਸਤਮਾਲ ਨਹੀਂ ਕਰਨਗੇ। ਵੈਸੇ ਵੀ ਇਹ ਸਿਧਾਂਤ ਉਦੋਂ ਤਕ ਹੀ ਲਾਹੇਵੰਦ ਹੈ ਜਦੋਂ ਤਕ ਦੁਨੀਆਂ ਦੀਆਂ ਪੂੰਜੀ ਤੇ ਕਿਰਤ ਦੀਆਂ ਵਿਰੋਧਤਾਈਆਂ ਹੀ ਮੁੱਖ ਵਿਰੋਧਤਾਈਆਂ ਰਹਿਨਗੀਆਂ। ਕਮਿਉਨਿਸਟ ਸਮਾਜ ਦੀਆਂ ਨਵੀਆਂ ਤੇ ਵਿਲੱਖਣ ਵਿਰੋਧਤਾਈਆਂ ਨੂੰ ਹਲ ਕਰਨ ਲਈ ਜਾਹਿਰ ਹੈ ਨਵੇਂ ਸਿਧਾਂਤ ਲੱਭੇ ਜਾਣਗੇ। ਹਾਲੇ ਤਾ ਅਸੀਂ ਸਮਾਜਵਾਦ ਨੀ ਬਣਾ ਸਕੇ ਕਮਿਉਨਿਸਟ ਸਮਾਜ ਤਾਂ ਉਸ ਤੋਂ ਬਾਅਦ ਵਿਚ ਹੀ ਹੋਂਦ ਚ ਆਵੇਗਾ। ਅੱਗੇ ਚਲ ਕੇ ਲੇਖਕ ਧਾਰਮਿਕ ਲੋਕਾਂ ਦਾ ਆਪਣੇ ਅਕੀਦੇ ਤੇ ਅੰਨੇ ਵਿਸ਼ਵਾਸ ਨਾਲ ਤਸ਼ੱਦਦ ਦੇ ਸਹਿ ਜਾਣ ਨੂੰ ਇਨਕਲਾਬੀਆਂ ਦੀਆਂ ਲਿਤਾੜੇ ਹੋਏ ਲੋਕਾਂ ਵਾਸਤੇ ਸੰਘਰਸ਼ ਕਰ ਕੇ ਜਾਨਾਂ ਲਾ ਦੇਣ ਨਾਲ ਤੁਲਨਾ ਕਰਦਾ ਹੈ। ਇਕ ਪਾਸੇ ਕਿਸੇ ਕਲਪਣਾ 'ਚ ਅੰਨਾ ਵਿਸ਼ਵਾਸ ਤੇ ਦੂਜੇ ਪਾਸੇ ਮਨੁੱਖ ਹੱਥੋਂ ਮਨੁੱਖ ਤੇ ਹੋਏ ਤਸ਼ੱਦਦ ਤੇ ਸ਼ੋਸ਼ਣ ਖਿਲਾਫ਼ ਇੰਨਕਲਾਬੀ ਸੰਘਰਸ਼ ਨਾਲ ਜਾਨ ਦੀ ਬਾਜੀ ਲਾਉਣੀ। ਬੇਅਕਲੀ ਤੁਲਨਾ। ਹੁਣ ਲੇਖਕ ਕੁਝ ਤੱਥ ਵੀ ਪੇਸ਼ ਕਰਦਾ ਹੈ। ਇੰਡੋਨੇਸ਼ਿਆ ਤੋਂ ਲੈ ਕੇ ਈਰਾਨ ਤੇ ਲਗਭਗ ਸਾਰੇ ਲਾਤੀਨੀ ਅਮਰੀਕੀ ਦੇਸਾਂ, ਸਪੇਨ ਵਿਚ ਤੇ ਤਿਲੰਗਾਨਾ ਵਿਚ ਲਖਾਂ ਦੀ ਤਾਦਾਦ ਵਿਚ ਮਨੁੱਖੀ ਹੱਕ ਮੰਗਦੇ ਲੋਕ (ਜਿੰਨਾਂ ਨੂੰ ਲੇਖਕ ਕਮਿਉਨਿਸਟ ਕਹਿੰਦਾ ਹੈ) ਕਤਲ ਕਰ ਦਿੱਤੇ ਗਏ। ਪਰ ਲੇਖਕ ਮੁਤਾਬਿਕ ਇਸ ਦਾ ਸਮਾਜ ਦੀ ਬੇਹਤਰੀ ਤੇ ਭੋਰਾ ਵੀ ਅਸਰ ਨਹੀਂ ਪਿਆ। ਕਿਉਂਕਿ ਲੇਖਕ ਤਾਂ ਬਹੁਵਾਦ ਤੇ ਸਹਿਨਸ਼ੀਲਤਾ ਦਾ ਪੁਜਾਰੀ ਹੈ ਇਸ ਲਈ ਮਲਿਕ ਭਾਗੋਆਂ ਦਾ ਭਾਈ ਲਾਲੋਆਂ ਨੂੰ ਸ਼ੋਸ਼ਿਤ ਕਰਨ ਦਾ ਵੀ ਪੂਰਾ ਹੱਕ ਬਣਦਾ ਹੈ। ਸ਼ਾਇਦ ਇਹ ਲੋਕ ਨਾ ਮਰਦੇ ਜੇ ਉਹ ਮਲਿਕ ਭਾਗੋਆਂ ਦੇ ਵਿਚਾਰਾਂ ਦਾ ਸਨਮਾਨ ਕਰਦੇ ਤੇ ਸ਼ੋਸ਼ਿਤ ਹੁੰਦੇ ਰਹਿੰਦੇ। ਸਹਿਨਸ਼ੀਲਤਾ ਰੱਖਦੇ । ਗੋਡੇ ਟੇਕ ਦਿੰਦੇ। ਲੇਖਕ ਉਹਨਾਂ ਕੁਰਬਾਨੀਆਂ, ਸ਼ਹਾਦਤਾਂ, ਕਤਲੇਆਮਾਂ ਨੂੰ ਬੇਲੋੜਾ ਦਰਸਾਉਂਦਾ ਹੋਇਆ ਕਮਿਉਨਿਸਟ ਲਹਿਰ ਦੀਆਂ ਅਸਫਲਤਾਵਾਂ ਹੀ ਦੱਸਦਾ ਹੈ ਤੇ ਜੇ ਕੋਈ ਸਫਲਤਾ ਹੋਈ ਹੈ ਉਹ ਵੀ ਟਿਕਾਉ ਨਹੀਂ ਰਹੀ ਕਹਿੰਦਾ ਹੋਇਆ ਇਸ ਪੈਰੇ ਨੂੰ ਬੰਦ ਕਰਦਾ ਹੈ ।

ਲੇਖਕ ਅਨੁਸਾਰ ਦੁਨੀਆਂ ਦੇ 5-6 ਦੇਸ਼ਾਂ ਨੂੰ ਹੀ ਕਮਿਉਨਿਸਟ ਕਿਹਾ ਜਾਂਦਾ ਹੈ। ਚੀਨ, ਵੀਅਤਨਾਮ, ਉੱਤਰੀ ਕੋਰੀਆ, ਲਾਓਸ ਤੇ ਕਿਊਬਾ। ਇਹ ਕਹਿਣ ਵਾਲੇ ਕੋਣ ਹਨ? ਸਰਮਾਇਆਦਾਰ ਮੁਲਕ। ਹੱਦ ਹੋਗੀ ਮੂਰਖਪੁਣੇ ਦੀ! ਅਜ ਤਕ ਜਿਥੇ ਵੀ ਇੰਨਕਲਾਬ ਆਏ ਹਨ ਉਹ ਦੇਸ਼ ਸਿਰਫ ਸੋਸ਼ਲਿਜਮ ਦੇ ਪੜਾਅ ਤਕ ਹੀ ਪੁੱਜੇ ਸਨ। ਕਿਸੇ ਵੀ ਦੇਸ਼ ਨੇ ਆਪਣੇ ਆਪ ਨੂੰ ਕਮਿਉਨਿਸਟ ਨਹੀਂ ਕਿਹਾ। USSR ਵੀ ਯੂਨੀਅਨ ਆਫ ਸੋਵੀਅਤ ਸੋਸ਼ਲਿਸਟ ਰਿਪਬਲਿਕਸ ਹੀ ਅਖਵਾਉਂਦਾ ਸੀ । ਚੀਨ ਵੀ ਪੀਪਲਜ ਰਿਪਬਲਿਕ ਆਫ ਚਾਇਨਾ ਤੇ ਬਾਕੀ ਸਭ। ਚਾਹੇ ਕਮਿਉਨਿਸਟ ਪਾਰਟੀ ਦਾ ਕੰਟਰੋਲ ਸੀ ਪਰ ਸਾਰੇ ਲੋਕ ਤਾਂ ਕਮਿਉਨਿਸਟ ਨਹੀਂ ਸਨ। ਕਿਉਬਾ ਵੀ ਹਮੇਸ਼ਾ ਸੋਸ਼ਲਿਸਟ ਹੀ ਰਿਹਾ ਹੈ । ਲੇਖਕ ਸਭ ਨੂੰ ਯਾਦ ਕਰਵਾਉਣਾ ਚਾਹੁੰਦਾ ਹੈ ਕਿ ਇਹਨਾਂ ਦੇਸ਼ਾਂ ਵਿਚ ਕਮਿਉਨਿਸਟ (?) ਰਾਜ ਸਥਾਪਿਤ ਕਰਨ ਲਈ ਹਜ਼ਾਰਾਂ ਲੱਖਾਂ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਤੇ ਸਿੱਟਾ ਸਭ ਦੇ ਸਾਹਮਣੇ ਹੈ। ਜੀ ਹਾਂ, ਜੇ ਸਿੱਟਾ, ਰੋਟੀ ਕੱਪੜਾ ਮਕਾਨ, ਮੁਫ਼ਤ ਵਿੱਦਿਆ ਤੇ ਮੁਫ਼ਤ ਸਿਹਤ ਸੇਵਾਵਾਂ ਹਨ ਤਾਂ ਫੇਰ ਇਹ ਕੋਈ ਵੱਡੀ ਗਲ ਨਹੀਂ। ਲੇਖਕ ਨੂੰ ਤਾਂ ਬਹੁਵਾਦੀ ਅਜ਼ਾਦੀ ਦਾ ਜਿਆਦਾ ਫਿਕਰ ਹੈ। ਮਿਸਾਲ ਦੇਣ ਲਈ ਉਹ ਮੂਲ ਨਿਵਾਸੀਆਂ ਦਾ ਘਾਣ ਕਰਕੇ ਬਣੇ ਅਮਰੀਕੀ ਮਹਾਂਦੀਪ ਦਾ ਨਾਂ ਨਹੀਂ ਲੈਂਦਾ ਅਤੇ ਜਿਥੇ ਆਏ ਸਾਲ ਲੱਖਾਂ ਲੋਕ ਹਿੰਸਾਂ, ਬਿਮਾਰੀਆਂ, ਸੜਕ ਹਾਦਸੇ, ਨਸਲਵਾਦ, ਤੇ ਨਸ਼ਿਆ ਨਾਲ ਮਰਦੇ ਹਨ ਪਰ ਲੇਖਕ ਫਰਾਂਸ, ਜਰਮਨੀ, ਇੰਗਲੈਂਡ ਤੇ ਛੋਟੇ ਛੋਟੇ ਸਕੈਂਡੀਨੇਵੀਅਨ ਮੁਲਕਾਂ ਦੀ ਮਿਸਾਲ ਦੇਂਦਾ ਹੈ ਜਿਥੇ ਕੁਰਬਾਨੀਆਂ ਤੋਂ ਬਗੈਰ ਹੀ ਲੋਕਾਂ ਦਾ ਜੀਵਨ ਪੱਧਰ ਤੇ ਵਿਅਕਤੀਗਤ ਆਜ਼ਾਦੀ ਕਮਿਉਨਿਸਟ (?) ਰਾਜਾਂ ਹੇਠ ਰਹੇ ਲੋਕਾਂ ਤੋਂ ਜ਼ਿਆਦਾ ਹੈ। ਪਰ ਲੇਖਕ ਇਹ ਦੱਸਣਾ ਨਹੀਂ ਚਾਹੁੰਦਾ ਕਿ ਕਿਉਂ? ਕਿਉਂਕਿ ਇਹ ਵਧੀਆ ਮੁਲਕ ਦੋ ਤੋਂ ਵੱਧ ਸਦੀਆਂ ਤੱਕ ਸਾਰੀ ਦੁਨੀਆ ਦੇ ਬਸਤੀਵਾਦੀ ਮੁਲਕਾਂ ਨੂੰ ਲੁੱਟਦੇ ਰਹੇ। ਤੇ ਅਜ ਵੀ ਨਵ-ਬਸਤੀਵਾਦੀ ਨੀਤੀਆਂ ਨਾਲ ਉਸ ਲੁੱਟ ਨੂੰ ਜਾਰੀ ਰੱਖ ਰਹੇ ਹਨ ਤੇ ਉਸ ਲੁੱਟ ਤੇ ਹੀ ਆਪਣੇ ਲੋਕਾਂ ਨੂੰ ਅਖੌਤੀ ਆਜ਼ਾਦੀ ਦੇ ਭਰਮ ਚ ਬਾਕੀ ਦੀ ਦੁਨੀਆ ਤੇ ਨਵਉਦਾਰਵਾਦ ਰਾਹੀਂ ਕਹਿਰ ਢਾਹ ਰਹੇ ਹਨ। (ਲੇਖਕ ਦੇ ਆਪਣੇ ਸ਼ਬਦਾਂ ਵਿਚ 'ਭੂਮਿਕਾ ਲਾਈਨ 9-12 "ਸਰਮਾਇਆਦਾਰੀ ਆਪਣੇ ਸਭ ਤੋਂ ਜ਼ਾਲਮ ਰੂਪ ਨਵ-ਉਦਾਰਵਾਦ ਵਿਚ ਸੰਸਾਰ ਦੀ ਬਹੁਤੀ ਆਬਾਦੀ ਉਤੇ ਕਹਿਰ ਬਰਸਾ ਰਹੀ ਹੈ)। ਮਹਿਜ਼ ਇਕ ਮਿੰਟ ਵਾਸਤੇ ਅੰਦਾਜ਼ਾ ਲਾਉ ਕਿ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੀ ਇਹਨਾਂ ਦੀ ਇਹ ਲੁੱਟ ਖਤਮ ਹੋ ਜਾਵੇ ਤਾਂ ਇਹ ਪੱਛਮੀ ਮੁਲਕ ਤਾਂ ਕੰਗਾਲ ਹੋ ਜਾਣਗੇ। ਫੇਰ ਇਹ ਵਿਅਕਤੀਗਤ ਆਜ਼ਾਦੀ ਦੇ ਚੁੱਲੇ ਤੇ ਕਿਹੜੀਆਂ ਰੋਟੀਆਂ ਸੇਕਣਗੇ? ਅਜੋਕੇ ਦੌਰ ਵਿਚ ਇਹਨਾਂ ਮੁਲਕਾਂ ਚ ਵੱਧ ਰਹੀ ਬੇਚੈਨੀ ਤੇ ਹਰ ਪੱਧਰ ਤੇ ਚਲ ਰਹੀਆਂ ਲੋਕ ਲਹਿਰਾਂ ਇਸ ਤੱਥ ਦੀ ਗਵਾਹੀ ਭਰਦੀਆਂ ਹਨ।

ਲੇਖਕ, ਸਫੇ ਦੇ ਅੰਤ ਚ ਮਾਰਕਸ, ਲੈਨਿਨ, ਮਾਉ ਦੀ ਮਨੁੱਖੀ ਸਮਾਜ ਨੂੰ ਸਮਝਨ ਤੇ ਬਦਲਣ ਵਿਚ ਦਿਤੀ ਦੇਣ ਤੋਂ ਇਨਕਾਰੀ ਵੀ ਨਹੀਂ ਹੁੰਦਾ ਪਰ ਨਾਲ ਹੀ ਉਸ ਦੇਣ ਨੂੰ ਕਿਸੇ ਸਦੀਵੀ ਸੱਚ ਨਾਲ ਮਲੋਮਲੀ ਜੋੜ ਕੇ ਆਪਣੀ ਅਖੌਤੀ ਅਧਿਆਤਮਕ ਸੋਚ ਦਾ ਪਰਗਟਾਵਾ ਵੀ ਕਰੀ ਜਾਂਦਾ ਹੈ। ਰੂਸੀ ਤੇ ਚੀਨੀ ਸਮਾਜਵਾਦ 'ਚ ਆਏ ਮੋੜਾਂ ਨੂੰ ਨਵਉਦਾਰਵਾਦ ਦੇ ਇਕ ਸੰਸਾਰ ਦੇ ਮੁੱਦੇ ਦੀਆਂ ਪਚੀਦਗੀਆਂ ਨੂੰ ਨਾ ਸਮਝਦੇ ਹੋਏ ਪਤਾ ਨਹੀਂ ਕਿਹੜੇ ਇਤਿਹਾਸਕ ਪਦਾਰਥਵਾਦ ਦੇ ਰੋਣੇ ਰੋਈ ਜਾਂਦਾ ਹੈ।

ਇਥੇ ਲੇਖਕ ਫੇਰ ਪਿਛਲੇ 25-30 ਸਾਲ ਦੀਆਂ ਸੁਣੀਆਂ ਸੁਣਾਈਆਂ ਗਲਾਂ ਦਾ ਹਵਾਲਾ ਦੇ ਕੇ ਕਮਿਉਨਿਸਟ ਲਹਿਰ ਚ ਜਾਨ ਫੂਕਣ ਦੀ ਗਲ ਕਰਦਾ ਹੋਇਆ ਵਿਚਾਰਧਾਰਕ ਤੇ ਅਮਲ ਦੀ ਖੜੋਤ ਦੀ ਗਲ ਕਰਦਾ ਹੈ। ਜਿਵੇਂ ਕਿ ਕਮਿਉਨਿਸਟ ਲਹਿਰ ਕੋਈ ਲਭੂ ਰਾਮ ਦੀ ਆਟੇ ਦੀ ਚੱਕੀ ਹੋਵੇ ਜਿਹੜੀ ਕਿਸੇ ਕਾਰਨ ਖੜ ਗਈ ਹੋਵੇ। ਲਹਿਰਾਂ ਕਮਿਉਨਿਸਟ ਨਹੀਂ ਹੁੰਦੀਆਂ, ਪਾਰਟੀ ਕਮਿਉਨਿਸਟ ਹੁੰਦੀ ਹੈ। ਏਕਤਾ ਵਾਸਤੇ, ਲੋੜ ਨਾਲੋਂ ਜ਼ਿਆਦਾ, ਸੰਕਲਪ ਪ੍ਰਤੀ ਇਮਾਨਦਾਰੀ ਦੀ ਵੱਧ ਜ਼ਰੂਰਤ ਹੁੰਦੀ ਹੈ। ਲੇਖਕ, ਫੇਰ ਕਾਮਰੇਡ ਬਾਰੂ ਸਤਵਰਗ ਦੇ ਇਕ ਨਾਵਲ 'ਪੰਨਾ ਇਕ ਇਤਿਹਾਸ ਦਾ' ਦੇ ਨਾਇਕ ਦਾ ਲਹਿਰ ਦੇ ਅਸਫਲ ਹੋ ਜਾਣ ਤੋਂ ਬਾਅਦ ਦੁਬਾਰਾ 'ਸਾਮਰਾਜ-ਸਰਮਾਇਆਦਾਰੀ ਦੀ ਉੱਚਤਮ ਅਵਸਥਾ' ਪੜਣ ਨੂੰ ਇਕ ਸ਼ਰਾਬੀ ਦੀ ਕਥਾ ਦੀ ਇਕ ਬੇਤੁੱਕੀ ਉਦਾਹਰਣ ਦੇ ਕੇ ਸਵੈ ਅਲੋਚਨਾ ਦਾ ਮਜ਼ਾਕ ਉਡਾਉਂਦਾ ਹੈ। ਜਦੋਂ ਬੰਦਾ ਹੀ ਸ਼ਰਾਬੀ ਹੋਵੇ ਤਾਂ ਉਸ ਨੂੰ ਇਹ ਇਹਸਾਸ ਹੀ ਨਹੀਂ ਹੋਵੇਗਾ ਕਿ ਉਸਦੀ ਕੋਈ ਚੀਜ਼ ਵੀ ਗੁਆਚੀ ਹੈ। ਚਾਨਣ ਤੇ ਹਨ੍ਹੇਰੇ 'ਚ ਉਸ ਨੂੰ ਕਿੰਨਾ ਕੁ ਫਰਕ ਲਗੇਗਾ? ਨਾਵਲ ਦਾ ਨਾਇਕ ਆਪਣੀਆਂ ਕਮੀਆਂ ਨੂੰ ਮੰਨ ਕੇ ਹੀ ਦੋਬਾਰਾ ਕਿਤਾਬ ਪੜਦਾ ਹੈ ਨਾ ਕਿ ਸਿਧਾਂਤ ਨਾਲ ਗਦਾਰੀ ਕਰਦਾ ਹੈ।




ਲੇਖਕ ਸਫ਼ਾ 12 ਤੇ ਪੁਸਤਕ ਦੇ ਮਕਸਦ ਨੂੰ ਸੌਖੇ ਸ਼ਬਦਾਂ ਵਿਚ ਦੱਸਦਾ ਹੋਇਆ ਕਿਸੇ ਵਿਸ਼ੇਸ਼ ਰਾਹ ਵਲ ਜਾਂਦੇ ਲੋਕਾਂ ਦੇ ਰਾਹ ਵਿਚ ਆਈ ਇਕ ਕੰਧ ਦੀ ਮਿਸਾਲ ਦਿੰਦਾ ਹੈ। ਕਾਮਰੇਡ ਟਾਈਪ ਦੇ ਲੋਕ ਉਸ ਕੰਧ ਨੂੰ ਤੋੜਨ ਦੀ ਕੋਸ਼ਿਸ਼ ਕਰਕੇ ਮੰਜ਼ਿਲ ਤੱਕ ਪਹੁੰਚਣ ਲਈ ਮੱਥੇ ਪੜਵਾ ਲੈਂਦੇ ਹਨ। ਦੂਜੀ ਤਰਾਂ ਦੇ ਲੋਕ ਇਹ ਵੇਖ ਕੇ ਡਰ ਕੇ ਇਕ ਪਾਸੇ ਹੋ ਕੇ ਬਹਿ ਜਾਂਦੇ ਹਨ ਤੇ ਤੀਜੀ ਕਿਸਮ ਦੇ ਲੋਕ ਕੰਧ ਤੋਂ ਪਾਸੇ ਦੀ ਹੋ ਕੇ ਕੋਈ ਚੋਰ ਮੋਰੀ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਲੇਖਕ ਆਪਣੇ ਆਪ ਨੂੰ ਇਹਨਾਂ ਤੀਜੀ ਕਿਸਮ ਦੇ ਲੋਕਾਂ ਵਿਚੋਂ ਪੇਸ਼ ਕਰਦਾ ਹੈ। ਪਰ ਇਥੇ ਲੇਖਕ ਕਾਮਰੇਡਾਂ ਨੂੰ ਸਿਰ ਫਿਰੇ ਦੱਸਦਾ ਹੋਇਆ ਉਹਨਾਂ ਤੀਜੀ ਕਿਸਮ ਦੇ ਲੋਕਾਂ ਨੂੰ ਇਹ ਦੱਸਣ ਦੀ ਉੱਕਾ ਹੀ ਜ਼ਰੂਰਤ ਨਹੀਂ ਸਮਝਦਾ ਕਿ ਇਹ ਕੰਧ ਮੰਜ਼ਿਲ ਦੇ ਚਾਰੇ ਪਾਸੇ ਹੈ ਅਤੇ ਕੰਧ ਵਿਚ ਕੋਈ ਵੀ ਚੋਰ ਮੋਰੀ ਨਹੀਂ ਹੈ। ਮੰਜ਼ਿਲ 'ਤੇ ਪੁਹੰਚਣ ਲਈ ਕੰਧ ਤਾਂ ਤੋੜਨੀ ਹੀ ਪਵੇਗੀ। ਪਰ ਲੇਖਕ ਇਕ ਨਵਾਂ ਸਿਆਸੀ ਸਭਿਆਚਾਰ ਪੈਦਾ ਕਰਨ ਦਾ ਚਾਹਵਾਨ ਹੈ। ਇਕ ਐਸਾ ਤਲਿੱਸਮੀ ਸਭਿਆਚਾਰ ਜੋ ਬਹੁ- ਵਾਦੀ, ਸਹਿਨਸ਼ੀਲ, ਇਕਜੁਟਤਾ, ਮਾਨਵਵਾਦੀ, ਅਤੇ ਵਖਰੇ ਵਿਚਾਰਾਂ ਪ੍ਰਤੀ ਸਨਮਾਨ (ਸ਼ਾਇਦ ਅਧਿਆਤਮਵਾਦੀ, ਮਾਰਕਸਵਾਦੀ, ਫਾਸ਼ੀਵਾਦੀ, ਤੇ ਹੋਰ ਸਾਰੇ ਵਾਦੀਆਂ ਨੂੰ ਬਰਾਬਰ ਤੋਲਣ) ਵਾਲਾ ਹੋਵੇ ਤੇ ਜੋ ਕੁਦਰਤ ਦੀ ਰਖਿਆ ਵਰਗੀਆਂ ਕਦਰਾਂ ਕੀਮਤਾਂ ਦੁਆਲੇ ਇਕੱਠਾ ਹੋਵੇਗਾ। ਇਕ ਰਾਮ ਰਾਜ ਜਿਥੇ ਸ਼ੇਰ ਤੇ ਬਕਰੀ ਇਕੋ ਜਗਾਂ ਤੋਂ ਪਾਣੀ ਪੀਣਗੇ। ਕਮਾਲ ਐ। ਲੇਖਕ ਨੂੰ ਜਮਾਂ ਹੀ ਨੀ ਪਤਾ ਕਿ ਹਾਲੇ ਤਾਂ ਇਨਸਾਨ ਵੀ ਇਕੋ ਖੁਹ ਚੋਂ ਪਾਣੀ ਨੀ ਪੀ ਸਕਦੇ। ਲੇਖਕ ਇਸ ਨਵੇਂ ਸਮਾਜ ਨੂੰ ਬਣਾਉਣ ਵਾਸਤੇ ਮਾਰਕਸਵਾਦ ਦੇ ਸਿਧਾਂਤ ਤੇ ਕਮਜ਼ੋਰੀਆਂ ਨੂੰ ਸਮੇਂ ਦਾ ਹਾਣ ਬਣਾਉਣ ਦੀ ਤਿੱਖੀ ਲੋੜ ਵਲ ਸ਼ਿੱਦਤ ਨਾਲ ਚਰਚਾ ਕਰਨ ਦੀ ਗਲ ਕਰਦਾ ਹੈ। ਲੇਖਕ ਸਾਹਿਬ! ਮਾਰਕਸਵਾਦ ਤਾਂ ਹੇਠਲੀ ਉਪਰ ਲਿਆਉਣ ਵਾਲਾ ਵਾਦ ਹੈ। ਇਸ ਵਿਚ ਬਹੁਵਾਦ ਦੀ ਥਾਂ ਹੈ ਹੀ ਨਹੀਂ। ਤੁਸੀਂ ਆਪਣਾ ਕੋਈ ਨਵਾਂ ਵਾਦ ਹੀ ਪੈਦਾ ਕਰ ਲਵੋ ਜਿਸ ਵਿਚ ਸਾਰੇ ਵੱਖਰੇ ਵਿਚਾਰਾਂ ਦਾ ਸਨਮਾਨ ਹੋ ਸਕੇ । ਜਿਥੇ ਸ਼ੇਰ ਬਕਰੀ ਨੂੰ ਖਾਣ ਤੋਂ ਪਹਿਲਾਂ ਬਕਰੀ ਦੀ ਇਜਾਜ਼ਤ ਤਾਂ ਲੈ ਲਿਆ ਕਰੇ ।

ਇਥੇ ਲੇਖਕ ਮਾਰਕਸਵਾਦ ਦੀ ਸਧਾਰਨ ਜਿਹੀ ਵਿਆਖਿਆ ਕਰਦਾ ਹੈ ਜਿਹੜੀ ਕਿ ਸੋਖਿਆਂ ਹੀ ਸਮਝ ਆਉਣ ਵਾਲੀ ਹੈ। ਸ਼ੁਕਰ ਹੈ ਲੇਖਕ ਇਥੇ ਕੋਈ ਵੀ ਬਚਕਾਨਾ ਮਿਸਾਲ ਨਹੀਂ ਦਿੰਦਾ ।

ਦੁਨੀਆਂ ਦੇ ਪਹਿਲੇ ਜੇਤੂ ਸਮਾਜਵਾਦੀ ਇਨਕਲਾਬ ਨੂੰ ਲੇਖਕ ਇਹਨਾ 7 ਸਫਿਆਂ ਚ ਵਲੇਟ ਦਿੰਦਾ ਹੈ ।

ਇਹਨਾਂ ਤੇਰਾਂ ਸਫਿਆਂ ਵਿਚ ਲੇਖਕ, ਰੂਸੀ ਇਨਕਲਾਬ ਦੇ 30 ਵਰਿਆਂ ਦਾ ਅੱਧ ਪਚੱਦਾ, ਕੱਚਾ ਪਿਲਾ ਇਤਹਾਸ ਪੇਸ਼ ਕਰਦਾ ਹੈ। ਇਹ ਉਹ ਦੋਰ ਸੀ ਜਦੋਂ ਨਾਜੀ ਜਰਮਨੀ ਦੀਆਂ ਫੌਜਾ ਮਾਸਕੋ ਤੇ ਸਟਾਲਿਨਗਰਾਦ ਦੀਆਂ ਬਰੂਹਾਂ ਤੇ ਪਹੁੰਚ ਚੁਕੀਆਂ ਸਨ ਤੇ ਸਾਰੇ ਸਾਮਰਾਜੀ ਮੁਲਕ ਬੇਸਬਰੀ ਨਾਲ ਨਾਜੀਆਂ ਦੀ ਜਿੱਤ ਦਾ ਇੰਤਜਾਰ ਕਰ ਰਹੇ ਸਨ, ਪਰ ਰੂਸੀ ਲੋਕਾਂ ਦੇ ਆਪਣੇ ਇਨਕਲਾਬ ਵਿਚ ਤੇ ਬੌਲਸ਼ਵਿਕ ਪਾਰਟੀ ਵਿਚ ਅਪਾਰ ਭਰੋਸੇ ਸਦਕਾ ਨਾਜੀ ਫੌਜਾ ਨੂੰ ਇਹੋ ਜਿਹਾ ਘਸੁੰਨ ਪਿਆ ਕਿ ਉਹ ਹਜਾਰਾਂ ਮੀਲ ਦੂਰ ਬਰਲਿਨ ਚ ਜਾ ਡਿੱਗੇ ।

ਸਟਾਲਿਨ ਦੀ ਮੌਤ ਤੋਂ ਬਾਅਦ ਖਰੁਸ਼ਚੋਂਵ ਨੇ ਸਾਂਤਮਈ ਸਹਿਹੋਂਦ (ਨਵ ਉਦਾਰਵਾਦ) ਤਹਿਤ ਸੋਸ਼ਿਲਿਜਮ ਦੀਆਂ ਪਰਾਪਤੀਆਂ ਨੂੰ ਅਗਾਂਹ ਵਿਕਸਤ ਕਰਨ ਦੀ ਬਜਾਏ ਸਟਾਲਿਨ ਪਖੀਆਂ ਦਾ ਸਫਾਇਆ ਸ਼ੁਰੂ ਕਰ ਦਿੱਤਾ ਤੇ ਗੌਰਬਾਚੌਵ ਨੇ 1991 ਵਿਚ ਬਗੈਰ ਲੜਿਆਂ ਹੀ ਸੰਸਾਰ ਸਰਮਾਇਆਦਾਰੀ ਅਗੇ ਸਿਰਫ ਹਥਿਆਰ ਹੀ ਨਹੀਂ ਸੁੱਟੇ ਪਰ ਨਾਲ ਹੀ 71 ਸਾਲ ਦੀਆਂ ਸਮਾਜਵਾਦ ਲਈ ਲੋਕਾਂ ਦੀਆਂ ਕੁਰਬਾਨੀਆਂ ਦੀ ਮਿੱਟੀ ਪਲੀਤ ਕਰ ਦਿੱਤੀ। ਪਰ ਲੇਖਕ ਮੁਤਾਬਿਕ ਕਮਿਯੂਨਿਸਟ ਪਾਰਟੀ ਸਮੇਤ ਸਮੁੱਚਾ ਸੋਵੀਅਟ ਯੂਨੀਅਨ ਖਿੰਡ ਖਿਲਰ ਗਿਆ। ਜਦ ਕਿ ਰੂਸ ਚ 2021 ਦੀਆਂ ਪਾਰਲੀਮੈਂਟਰੀ ਚੋਣਾਂ ਵਿਚ ਕਮਿਯੁਨਿਸਟ ਪਾਰਟੀ ਨੂੰ 19 ਪ੍ਰਤੀਸ਼ਤ ਵੋਟਾਂ ਪਈਆਂ ਸਨ। ਰੂਸੀ ਡੂਮਾ (ਪਾਰਲੀਆਮੈਂਟ) ਦੇ 450 ਮੈਂਬਰਾਂ ਚੋਂ 57 ਕਮਿਯੁਨਿਸਟ ਪਾਰਟੀ ਦੇ ਹਨ ।

ਐਥੇ ਲੇਖਕ - "ਦੋ ਸੰਸਾਰ ਜੰਗਾ ਵਿਚਕਾਰਲਾ ਸਮਾਂ"- "ਮਾਰਕਸ ਤੋਂ ਦੂਰ ਵਸਦੇ ਚੀਨ ਵਿੱਚ ਇਨਕਲਾਬ'', "ਕੋਰੀਆ ਕਮਿਯੁਨਿਜਮ ਅਤੇ ਕਿਮ ਇਲ ਸੁੰਗ", "ਸੰਸਾਰ ਕਮਿਯੁਨਿਸਟ ਲਹਿਰ ਵਿੱਚ ਦੋਫਾੜ ਪੈਣਾ", "ਯੁਰੋਪੀ ਦੇਸ਼ਾਂ ਵਿਚ ਕਮਿਯੁਨਿਸਟ ਸੱਤਾ", "ਪੂਰਬੀ ਯੁਰੋਪ ਦੇ ਕਮਿਯੁਨਿਸਟਾਂ ਦੀਆਂ ਰੂਸ ਖਿਲ਼ਾਫ ਬਗਾਵਤਾਂ", "ਯੁਰੋਪ ਵਿਚ ਕਮਿਯੁਨਿਸਟ ਸਰਕਾਰਾਂ ਦਾ ਅੰਤ", "ਵੀਅਤਨਾਮ, ਲਾਉਸ ਅਤੇ ਕੰਬੋਡੀਆ", "ਕਿਊਬਾ" ਦੇ ਸਿਰਲੇਖਾਂ ਹੇਠ ਕਿਤਾਬੀ ਜਿਹੀ ਜਾਣਕਾਰੀ ਦਿੰਦਾ ਹੈ ਤੇ ਹਾਲੇ ਵੀ ਇਹਨਾ ਸਾਰੇ ਮੁਲਕਾਂ ਨੂੰ ਸਾਮਰਾਜੀ ਨੁਕਤਾਨਜਰ ਤੋਂ ਕਮਿਯੁਨਿਸਟ ਹੀ ਗਰਦਾਨਦਾ ਹੈ। ਲੇਖਕ ਨੂੰ ਸ਼ਾਇਦ ਆਪ ਵੀ ਨਹੀਂ ਪਤਾ ਜਾਂ ਉਹ ਦਸਣਾ ਨਹੀਂ ਚਾਹੁੰਦਾ ਕਿ ਅਮਰੀਕਾ ਦੇ ਵਡੇ ਆਰਥਿਕ ਮੰਦਵਾੜੇ ਮਗਰੋਂ ਪਰੈਜੀਡੈਂਟ ਰੂਜਵੇਲਟ ਨੇ ਇਕ ਨਵੇਂ ਨਾਅਰੇ 'ਨਿਉ ਡੀਲ' ਹੇਠ ਅਮਰੀਕਨ ਕਿਰਤੀ ਜਮਾਤ ਨੂੰ ਕਈ ਕਿਸਮ ਦੀਆਂ ਸਹੂਲਤਾਂ ਦੇ ਕੇ ਨਾ ਸਿਰਫ ਸਰਮਾਇਆਦਾਰੀ ਦਾ ਤੱਤ ਹੀ ਬਦਲ ਦਿਤਾ ਬਲਕਿ ਆਉਣ ਵਾਲੇ ਕਿਸੇ ਵੀ ਇੰਨਕਲਾਬ ਦੀ ਸੰਭਾਵਨਾ ਦੀ ਲੱਸੀ ਕਰ ਦਿੱਤੀ ਅਤੇ ਅਮਰੀਕੀ ਸਾਮਰਾਜ ਦੀ ਪਸਾਰ ਦਾ ਮੁੱਢ ਬੰਨ ਦਿਤਾ।

ਭਾਗ - 3

ਲੇਖਕ ਇਥੇ ਪਰੋਫੈਸਰ ਰਣਧੀਰ ਸਿੰਘ ਦਾ ਹਵਾਲਾ ਦੇ ਕੇ ਮਾਰਕਸਵਾਦ ਨੂੰ ਹੀ ਆਪਣੀਆਂ ਕਮੀਆਂ ਬਾਰੇ ਸੰਵੇਦਨਾਸ਼ੀਲ ਹੋਣ ਦੀਆਂ ਨਸੀਹਤਾਂ ਨਾਲ ਸ਼ੁਰੂ ਕਰਦਾ ਹੈ।

"ਮਾਰਕਸਵਾਦ ਬਾਰੇ ਪੁਨਰਚਿੰਤਨ ਦੀ ਲੋੜ ਕਿਉਂ" (ਚਾਹੀਦਾ ਤਾਂ ਸੀ ਮਾਰਕਸਵਾਦ ਦੀ) ਵਿਚ ਲੇਖਕ ਰੂਸ, ਚੀਨ ਚ ਇੰਨਕਲਾਬ ਦੇ ਢਹਿ ਢੇਰੀ ਹੋਣ ਦਾ ਕਾਰਨ ਜਮਹੂਰੀਅਤ-ਰਹਿਤ ਢਾਂਚੇ ਨੂੰ ਮੰਨਦਾ ਹੈ। ਲ਼ੇਖਕ, ਏਥੇ ਫੇਰ, ਜਮਹੂਰੀਅਤ (ਬੁਰਜੂਆ) ਤੇ ਵਿਅਕਤੀਗਤ ਆਜ਼ਾਦੀ (ਅਖੌਤੀ) ਨੂੰ ਪਛਮੀ ਮਾਡਲ ਦੀਆਂ ਐਨਕਾਂ ਤੋਂ ਵੇਖਣ ਤੋਂ ਬਾਜ ਨਹੀਂ ਆਉਂਦਾ। ਇਹ ਵਿਅਕਤੀਗਤ ਆਜਾਦੀ ਹੈ ਕੀ? ਕੀ ਇਹ ਮਹਿਜ "ਫੋਨ ਤੇ ਪੀਜਾ ਆਰਡਰ" ਕਰਨ ਦੀ ਆਜਾਦੀ ਹੈ? ਜੇ ਬੋਝੇ ਚ ਪੈਸੇ ਹੀ ਨਾ ਹੋਣ ਤਾਂ ਤੁਸੀਂ 'ਵਿਅਕਤੀਗਤ ਆਜ਼ਾਦੀ' ਦੀ ਰਜਾਈ

ਨਾਲ, ਹਜ਼ਾਰਾਂ ਦੀ ਤਾਦਾਦ ਵਿਚ, ਅਮਰੀਕਾ ਦੇ ਸ਼ਹਿਰ ਲਾਸ-ਏਂਜਲਿਸ ਦੀਆਂ ਸੜਕਾਂ ਤੇ ਸੌਂ ਸਕਦੇ ਹੋ। ਕੇਨੇਡਾ ਦੇ ਖੂਬਸੂਰਤ ਸ਼ਹਿਰ ਵੈਨਕੂਵਰ ਦੀਆਂ ਸੜਕਾਂ/ਬਾਜ਼ਾਰਾਂ ਵਿਚ ਸੌਂ ਸਕਦੇ ਹੋ। ਅੱਗੇ ਚਲ ਕੇ ਲੇਖਕ ਫੇਰ ਮਾਰਕਸਵਾਦ ਨੂੰ 'ਧਰਮ ਕਿ ਵਿਗਿਆਨ' ਦੇ ਗੱਧੀਗੇੜ ਚ ਘੜੀਸੀ ਫਿਰਦਾ ਹੈ ਤੇ ਮਾਰਕਸਵਾਦ ਨੂੰ ਇਕ ਫਲਸਫਾ ਗਰਦਾਨ ਦਿੰਦਾ ਹੈ। ਲੇਖਕ ਫੇਰ ਭੱਲ ਜਾਂਦਾ ਹੈ ਕਿ ਤਕਰੀਬਨ ਸਾਰੇ ਹੀ ਫਲਸਫਿਆਂ ਨੇ ਸੰਸਾਰ ਨੂੰ ਅਧਿਆਤਮਕਵਾਦ ਦੇ ਸ਼ੀਸ਼ੇ ਰਾਹੀਂ ਵੇਖਣ ਦੀ ਕੋਸ਼ਿਸ ਕਰ ਕੇ ਕਿਆਸੇ ਹੀ ਲਾਏ ਹਨ। ਕੋਈ ਨਵਾਂ ਬਦਲ ਨਹੀਂ ਦਿੱਤਾ। ਕਾਰਲ ਮਾਰਕਸ ਪਦਾਰਥਵਾਦੀ ਦਵੰਦਵਾਦੀ ਫਲਸਫੇ ਨਾਲ ਸਾਰੇ ਅਧਿਆਤਮਕਵਾਦੀ ਫਲਸਫਿਆਂ ਦੀ ਅਲੋਚਨਾਤਮਿਕ ਚੀਰ ਫਾੜ ਕਰਦਾ ਹੈ। ਸ਼ਾਇਦ ਇਸੇ ਕਰਕੇ ਹੀ ਮਾਰਕਸ ਨੇ ਅਪਣੇ ਜਵਾਈ ਨੂੰ ਕਿਹਾ ਸੀ Je Ne Suis Pas Un Marxiste ( ਮੈਂ ਮਾਰਕਸਿਸਟ ਨਹੀਂ ਹਾਂ)। ਕਿਉਂਕੀ ਮਾਰਕਸਵਾਦ ਫਲਸਫਾ ਨਹੀਂ ਬਲਕਿ ਰਾਜਨੈਤਿਕ ਆਰਥਿਕਦਾ (Political Economy) ਦੀ ਅਲੋਚਨਾ ਹੈ। ਫੇਰ ਵੀ ਪੂਰੀ ਧੌਂਸ ਨਾਲ ਲੇਖਕ ਮਾਰਕਸਵਾਦ ਤੋਂ ਹੀ ਸੀਮਾਂਵਾਂ, ਘਾਟਾਂ ਕਮੀਆਂ ਬਾਰੇ ਸਵੈ-ਪੜਚੋਲ ਅਤੇ ਸਵੈ-ਚੇਤਨ ਹੋਣਾ ਮੰਗਦਾ ਹੈ ।ਤੀਜੇ ਭਾਗ ਦੇ ਆਖਰੀ ਹਿੱਸੇ ਚ ਲੇਖਕ ਕਿਸੇ ਪਰੀਕੇਰੀਅਟ ਜਮਾਤ (ਆਈ ਟੀ ਸੈਕਟਰ ਦੇ ਕਾਮੇ) ਦਾ ਜ਼ਿਕਰ ਕਰ ਕੇ ਜਮਾਤੀ ਵੰਡ ਚ ਹੀ ਵੰਡੀਆਂ ਪਾ ਬਹਿੰਦਾ ਹੈ।

ਲੇਖਕ ਮੁਤਾਬਿਕ "ਦੁਨੀਆ ਦੇ ਵਡੇ ਹਿੱਸੇ ਵਿਚ ਚੰਗੇ/ਮਾੜੇ ਜਮਹੂਰੀ ਢਾਂਚੇ ਵਾਲੇ ਰਾਜਸੀ ਪ੍ਰਬੰਧ ਸਥਾਪਿਕ ਹੋ ਚੁੱਕੇ ਹਨ" ਜਮਹੂਰੀ ਢਾਂਚੇ ਵਾਲੇ ਇਹ ਤਾਂ ਬੁਰਜਵਾ ਜਮਹੂਰੀ ਢਾਂਚੇ ਨੂੰ ਵੀ ਸ਼ਰਮਸਾਰ ਕਰਨ ਵਾਲੀ ਗਲ ਹੈ। ਜਦੋਂਕਿ ਦੁਨੀਆ ਦੇ ਹਰੇਕ ਰਾਜਸੀ ਢਾਂਚੇ ਚ ਕੁਰਪਸ਼ਨ ਵਧੀ ਹੈ। ਆਮ ਲੋਕਾਂ ਦਾ ਜਿਊਣਾ ਹਰਾਮ ਕਰ ਦਿੱਤਾ ਗਿਆ ਹੈ। ਹਰ ਰੋਜ ਲੋਕ ਸੜਕਾਂ ਤੇ ਉਤਰਨ ਲਈ ਮਜਬੂਰ ਕੀਤੇ ਜਾ ਰਹੇ ਹਨ। ਮੌਨੁਖੀ ਹੱਕ ਮੰਗਦੇ ਲੋਕਾਂ ਨੂੰ ਸ਼ਰੇਆਮ ਭਜਾ ਭਜਾ ਕੇ ਕੁਟਿਆ/ਮਾਰਿਆ ਜਾ ਰਿਹਾ ਹੈ। ਮੀਡੀਆ ਖਰੀਦਿਆ ਜਾ ਚੁਕਿਆ ਹੈ। ਆਜ਼ਾਦ/ਇਮਾਨਦਾਰ ਪਤਰਕਾਰ ਜੇਲ੍ਹਾਂ ਚ ਨੇ, ਜਾਂ ਮਾਰ ਦਿੱਤੇ ਗਏ ਨੇ। ਨਿਆਂਪਾਲਿਕਾ ਸੱਤਾ ਦੀ ਗੁਲਾਮ ਹੋ ਚੁੱਕੀ ਹੈ। ਦਿਸ਼ਾਹੀਣ ਸਭਿਆਚਾਰ ਦਾ ਬੋਲਬਾਲਾ ਹੈ। ਲੇਖਕ ਇਥੇ ਸਨਅਤੀ ਸਰਮਾਏ ਦੀ, ਵਿਤੀ ਸਰਮਾਏ ਦੀ, ਖਪਤ ਸਭਿਆਚਾਰ ਦੀ, ਨਿਰਮਾਣਤ ਸਹਿਮਤੀ (Manufactured Consent) ਦੀ, ਤਕਨੀਕੀ ਵਿਕਾਸ ਨਾਲ ਹੋਣ ਵਾਲੀ ਬੇਰੋਜਗਾਰੀ ਦੀ, ਵਿਸ਼ਵੀਕਰਨ ਦੀ, ਕੁਦਰਤ ਦੀ ਤਬਾਹੀ ਦੀਆਂ ਅੱਧ ਪੱਚਧੀਆਂ ਗਲਾਂ ਕਰ ਕੇ ਸਰਮਾਇਆਦਾਰੀ ਦੇ ਬਦਲ ਚੁੱਕੇ ਰੂਪ ਦੀ ਗਲ ਕਰਦਾ ਹੈ । ਵਾਕਿਆ ਹੀ? ਕਿ ਇਹ ਸਭ ਆਪਣੇ ਔਖੀਂ ਆਪ ਹੀ ਘੱਟਾ ਪਾਉਣ ਦੀਆ ਗਲਾਂ ਨਹੀਂ ਹਨ? ਸਰਮਾਇਆਦਾਰੀ ਤਾਂ ਆਪਣਾ ਤੱਤ ਹੀ ਗੁਆ ਚੁੱਕੀ ਹੈ। ਐਨੀ ਬੌਂਦਲ ਗਈ ਹੈ ਕਿ ਇਸਨੂੰ ਅਗਾਂਹ ਵਿਕਸਤ ਹੋਣ ਦਾ ਕੋਈ ਰਾਹ ਨਹੀਂ ਲੱਭ ਰਿਹਾ। ਸਵਾਏ ਦੁਨੀਆਂ ਦੇ ਹਰ ਖਿੱਤੇ ਚ ਜੰਗਾਂ ਸ਼ੁਰੂ ਕਰ ਕੇ ਤਬਾਹੀ ਕਰਨ ਤੋਂ। ਤੇ ਫੇਰ ਉਥੇ ਜਾ ਕੇ ਉਸਾਰੀ ਦੇ ਬਹਾਨੇ ਲੋਕਾਂ ਨੂੰ ਨਵ-ਉਦਾਰਵਾਦ ਦੀ ਛਾਂ ਕਰ ਕੇ ਲੁੱਟ ਜਾਰੀ ਰਖਨੀ।

**ਸਿੱਟੇ**

ਅੱਗੇ ਚਲ ਕੇ ਲੇਖਕ ਫੇਰ ਇਕ ਬਚਕਾਨਾ ਕਿਸਮ ਦੀ ਮਿਸਾਲ ਦੇ ਕੇ ਗਿਆਨ ਨੂੰ ਅਨੁਭਵਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ। ਮਿਸਾਲ ਹੈ ਚਾਰ ਅੰਨੇ ਤੇ ਇਕ ਹਾਥੀ ਦੀ। ਹਰੇਕ ਅੰਨਾ ਆਪਣੇ ਅਨੁਭਵ ਨਾਲ ਹਾਥੀ ਨੂੰ ਬਿਆਨ ਕਰਦਾ ਹੈ। ਲੇਖਕ ਅਨੁਸਾਰ "ਹਰੇਕ ਅੰਨੇ ਕੋਲ ਆਪਣੀ ਸਚਾਈ ਦਾ ਇਕ ਟੋਟਾ ਹੀ ਹੰਦਾ ਹੈ, ਕਿਸੇ ਕੋਲ ਛੋਟਾ, ਕਿਸੇ ਕੋਲ ਵੱਡਾ ਜੋ ਉਹਨਾ ਦੇ ਆਪਣੇ ਜੀਵਨ ਦੇ ਤਜਰਬੇ ਵਿਚੋਂ ਬਣਿਆ ਹੁੰਦਾ ਹੈ ਤੇ ਲੋੜ ਇਹਨਾ ਟੋਟਿਆਂ ਨੂੰ ਜੋੜ ਕੇ ਸਮਾਜ ਦੀ ਸਹੀ ਤੇ ਸੰਪੂਰਨ ਸਮਝ ਬਣਾਉਣ ਦੀ ਹੈ। "ਲੇਖਕ ਮੁੜ ਘਿੜ ਕੇ ਫੇਰ ਅਧਿਆਤਮਕਵਾਦ/ਵਿਅਕਤੀਵਾਦ ਦੀ ਰੇਲਗਡੀ ਚੜ ਜਾਂਦਾ ਹੈ। ਗਿਆਨ ਅਨੁਭਵ ਨਾਲ ਨਹੀਂ ਬਲਕਿ ਵਿਗਿਆਨ ਨਾਲ ਹੀ ਸੰਭਵ ਹੈ। ਅਨੁਭਵ ਅਧਿਆਤਮਿਕਵਾਦ ਹੈ ਤੇ ਵਿਗਿਆਨ ਪਦਾਰਥਵਾਦ। ਲੇਖਕ ਬਹੁਵਾਦ ਦੇ ਟੋਬੇ ਚ ਗੋਤੇ ਲਾਈ ਜਾਂਦਾ ਹੈ।

ਲੇਖਕ ਮੰਨਦਾ ਹੈ "ਕਿ ਸਮਾਜ ਨੂੰ ਸਮਝਣ ਅਤੇ ਬਦਲਣ ਵਿਚ ਮਾਰਕਸਵਾਦੀ ਧਾਰਾ ਦਾ ਯੋਗਦਾਨ ਵਡਮੁੱਲਾ ਹੈ" ਤਾਂ ਫੇਰ ਸਮਸਿਆ ਕੀ ਹੈ? ਵੈਸੇ ਜੇ ਤੁਹਾਨੂੰ ਸਮਾਜ ਦੀ ਸਮਝ ਆ ਜਾਵੇ ਤਾਂ ਬਦਲਣ ਦਾ ਢੰਗ ਵੀ ਆ ਜਾਵੇਗਾ। ਘੱਸੇ ਹੋਏ, ਲੀਰੋਲੀਰ ਹੋਏ ਕੁੜਤੇ ਨੂੰ ਜਦੋਂ ਟਾਕੀਆਂ ਲਾਉਣ ਦੀਆਂ ਸਾਰੀਆਂ ਸੰਭਾਵਨਾਵਾਂ ਹੀ ਖਤਮ ਹੋ ਜਾਣ ਤਾਂ ਨਵੇਂ ਕੁੜਤੇ ਦੀ ਜ਼ਰੂਰਤ ਬਣ ਹੀ ਜਾਂਦੀ ਹੈ। ਲੇਖਕ ਚੀਨੀ ਦਾਰਸ਼ਨਿਕਾਂ ਦੀ ਇਕ ਮਿਸਾਲ ਦਿੰਦਾ ਹੈ "ਕਿ ਤੁਸੀਂ ਨਦੀ ਦੇ ਉਸ ਪਾਣੀ ਵਿਚ ਪੈਰ ਨਹੀਂ ਪਾ ਸਕਦੇ, ਜਦ ਤੁਸੀਂ ਦੁਬਾਰਾ ਉਸੇ ਥਾਂ ਪੈਰ ਪਾਉਗੇ ਤਦ ਤੱਕ ਨਦੀ ਦਾ ਉਹ ਪਾਣੀ ਅੱਗੇ ਜਾ ਚੁੱਕਾ ਹੁੰਦਾ ਹੈ ਤੇ ਤੁਹਾਡੇ ਪੈਰਾਂ ਨਾਲ ਹੋਰ ਪਾਣੀ ਲੱਗ ਰਿਹਾ ਹੁੰਦਾ ਹੈ। ਇਹੀ ਗੱਲ ਇਤਿਹਾਸ ਉੱਤੇ ਲਾਗੂ ਹੁੰਦੀ ਹੈ "ਅਖੇ ਕਮਿਊਨਿਸਟ ਆਗੂ ਨਦੀ ਨੂੰ ਵੇਖਦੇ ਰਹਿੰਦੇ ਹਨ ਪਰ ਉਸਦੇ ਬਦਲੇ ਹੋਏ ਪਾਣੀ ਨੂੰ ਨਹੀਂ ਵੇਖਦੇ"। ਨਦੀ ਤਾਂ ਨਦੀ ਹੀ ਹੈ ਸ਼ਾਇਦ ਉਸਦਾ ਪਾਣੀ ਗੰਦਾ ਹੋ ਚੁੱਕਾ ਹੈ। ਪਰ ਗਲ ਪਾਣੀ ਚ ਦੋਬਾਰਾ ਪੈਰ ਪਾਉਣ ਦੀ ਤਾਂ ਕਦੇ ਵੀ ਨਹੀਂ ਸੀ ਬਲਕਿ ਨਦੀ ਦਾ ਵਹਾਅ ਬਦਲ ਕੇ ਸਰਬੱਤ ਦੇ ਖੇਤਾਂ ਵਲ ਮੋੜਨ ਦੀ ਸੀ। ਪਰ ਲੇਖਕ ਦਾ ਮਕਸਦ ਤਾਂ ਮਾਰਕਸੀ ਸਿਧਾਂਤ ਦੀ ਖੁੱਤੀ ਪਾਉਣਾ ਹੀ ਲਗਦਾ ਹੈ ਤੇ ਇਸ ਲਈ ਉਹ ਹਰ ਅਧਿਆਤਮਕ ਮਿਸਾਲ ਦੀ ਕੁਥਾਵੇਂ ਵਰਤਣ ਤੋਂ ਭੋਰਾ ਵੀ ਗੁਰੇਜ ਨੀ ਕਰਦਾ।

ਲੇਖਕ ਅੱਗੇ ਚਲ ਕੇ ਲਿਖਦਾ ਹੈ ਕਿ "ਪਛਮੀ ਦੇਸ਼ਾਂ ਨੇ ਅਪਣੇ ਸਮਾਜਵਾਦੀ ਚਿੰਤਕਾਂ ਦੁਆਰਾ ਅਪਣਾਏ ਰਾਹ ਨਾਲ ਆਪਣੇ ਲੋਕਾਂ ਦਾ ਜੀਵਨ ਬੇਹਤਰ ਬਣਾਇਆ ਹੈ? ਹੈਂ! ਸਚੀਂ? ਪਰ ਪਛਮੀ ਦੇਸ਼ਾਂ ਦੇ ਲੇਖਕ, ਅਖਬਾਰ, ਤੇ ਟੈਲੀਵੀਜਨ ਤਾਂ ਵਧ ਰਹੇ ਅਪਰਾਧ, ਕਤਲ, ਗਰੀਬੀ, ਨਸਲੀ ਵਿਤਕਰਾ, ਬੇਘਰ ਹੋਏ ਲੋਕ ਤੇ ਬੇਰੋਜਗਾਰੀ ਦਾ ਚੀਖ ਚੀਖ ਕੇ ਰੌਲਾ ਪਾ ਰਹੇ ਹਨ। ਹੈਰਾਨਗੀ ਹੈ ਕਿ ਸਾਡੇ ਲੇਖਕ ਨੂੰ ਇਸਦੀ ਕੋਈ ਉਘ ਸੁਘ ਹੀ ਨਹੀਂ। ਹੋਰ ਤਾਂ ਹੋਰ ਸਰਮਾਇਆਦਾਰੀ ਦੇ ਵੱਡੇ ਅਖਬਾਰ ਫਾਈਨੈਨਸ਼ਲ ਟਾਈਮਜ (Financial times) 'ਚ ਲਿਖਣ ਵਾਲੇ ਇਹਨਾ ਤਥਾਂ ਨੂੰ ਪੇਸ਼ ਕਰਕੇ ਸਰਮਾਇਦਾਰਾਂ ਨੂੰ ਸਲਾਹ ਦਿੰਦੇ ਰਹਿੰਦੇ ਹਨ ਤਾਂ ਕਿ ਸਰਮਾਏਦਾਰ ਨਵੀਆਂ ਜੁਗਤਾਂ ਲੱਭ ਕੇ ਮਜਦੂਰ ਜਮਾਤ ਦਾ ਸ਼ੋਸ਼ਣ ਜਾਰੀ ਰਖਣ ।

ਲੇਖਕ ਕਿਤਾਬ ਦੇ ਆਖਿਰ ਵਿਚ ਸਮਾਜਵਿਗਿਆਨ ਦੇ ਕੁਝ ਅਖੌਤੀ ਸਮਾਜਵਾਦੀ ਚਿੰਤਕਾਂ ਦੀਆਂ ਟੂਕਾਂ ਦੇ ਕਿ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ "ਅਜ ਦੇ ਜਮਹੂਰੀ ਸਰਕਾਰਾਂ ਵਾਲੇ ਦੌਰ ਵਿਚ ਕਮਿਊਨਿਸਟ ਇੰਨਕਲਾਬਾਂ ਦੀ ਕੋਈ ਸੰਭਾਵਨਾ ਹੀ ਨਹੀਂ ਹੈ"। ਕਰ ਲਉ ਘਿਉ ਨੂੰ ਭਾਂਡਾ। 'ਜਮਹੂਰੀ ਸਰਕਾਰਾਂ ਦੇ ਦੌਰ ਵਿਚ'? ਸਾਰੀ ਦੁਨੀਆਂ ਵਿਚ ਮਨੁੱਖੀ ਜਮਹੂਰੀ ਅਧਿਕਾਰਾਂ ਦੇ ਸ਼ਰੇਆਮ ਪਰਚੱਖੇ ਉਡਾਏ ਜਾ ਰਹੇ ਹਨ। ਸਮਝ ਨਹੀਂ ਆਉਂਦੀ ਕਿ ਲੇਖਕ ਨੇ ਕਿਹੜੀ ਗੁਫਾ ਚ ਬਹਿ ਕੇ ਇਹ ਕਿਤਾਬ ਲਿਖੀ ਹੈ। 'ਕਮਿਊਨਿਸਟ ਇਨਕਲਾਬਾਂ ਦੀ ਕੋਈ ਸੰਭਾਵਨਾ ਹੀ ਨਹੀਂ ਹੈ' ਤੇ ਇਹ ਸੰਭਾਵਨਾ ਸੀ ਕਦੋਂ? ਇਨਕਲਾਬ ਕਮਿਊਨਿਸਟ ਨਹੀਂ ਹੁੰਦੇ ਜਨਾਬ। ਸਮਾਜਵਾਦੀ, ਜਮਹੂਰੀ, ਸਮਾਜਿਕ ਵਗੈਰ ਵਗੈਰਾ। ਪਰ ਲੇਖਕ ਤਾਂ ਅੰਨਿਆਂ ਦੇ ਅਨੁਭਵ ਨੂੰ ਜੋੜ ਤੋੜ ਕੇ ਕੋਈ ਅੰਨੀ ਬਰਾਬਰੀ ਵਾਲਾ ਸਮਾਜ ਬਣਾਉਣ ਦਾ ਚਾਹਵਾਨ ਹੈ।

ਅੰਤ ਵਿਚ ਇਹੋ ਕਿਹਾ ਜਾ ਸਕਦਾ ਹੈ ਕਿ ਇਹ ਕਿਤਾਬ, ਅਜੋਕੇ ਨਵਉਦਾਰਵਾਦੀ ਭਾਰੂ ਦੌਰ ਵਿਚ ਸਾਮਰਾਜਵਾਦ ਦੀ ਗੁੱਜੇ ਰੂਪ ਵਿਚ ਪੂਰਾ ਪੱਖ ਪੂਰਦੀ ਹੈ ਅਤੇ ਮੱਧਵਰਗੀ ਦਿਸ਼ਾਹੀਣ ਭੀੜ ਦੀਆਂ ਕਲਪਨਾਂਵਾਂ ਤੇ ਪੂਰੀ ਉਤਰਦੀ ਨਜ਼ਰ ਆਉਂਦੀ ਹੈ।

***ਪਾਸ਼ ਦਾ 1977 ਵਿੱਚ 'ਸਿਆੜ' ਵਿੱਚ ਛਪਿਆ ਇਹ ਲੇਖ 46 ਸਾਲਾਂ ਬਾਦ ਵੀ ਉਨਾ ਹੀ ਸਾਰਥਕ ਹੈ।***

# ਰਾਮਰਾਜ ਵੱਲ ਵਾਪਸੀ

ਜਿਸ ਨੂੰ ਤੁਸੀਂ ਭਾਰਤ ਦੀ ਪੁਰਾਣੀ ਸੰਸਕ੍ਰਿਤੀ ਕਹਿੰਦੇ ਹੋ ਉਸਤੋਂ ਜਿੰਨਾ ਛੇਤੀ ਪਿੱਛਾ ਛੁਡਾ ਲਈਏ ਖਰਾ ਹੈ। ਸਿਰਫ ਆਪਣੀ ਹੋਣ ਨਾਲ ਕੋਈ ਬਿਮਾਰੀ ਚੰਗੀ ਨਹੀ ਹੋ ਜਾਂਦੀ। ਪਰ ਜਿਸ ਜਾਲ ਵਿੱਚ ਤੁਸੀਂ ਜਕੜੇ ਹੋਏ ਹੋਵੋਂ ਹਜ਼ਾਰਾਂ ਸਾਲਾਂ ਤੋਂ, ਉਹ ਚੰਗਾ ਲੱਗਣ ਲੱਗ ਪੈਂਦਾ ਹੈ। ਲੋਕ ਆਖਦੇ ਹਨ ਸਭ ਚੰਗੀਆਂ ਚੀਜ਼ਾਂ ਭਾਰਤ ਵਿੱਚ ਸਨ, ਰਾਮਰਾਜ, ਸਮਾਜਵਾਦ, ਸਚਾਈ ਸੀ ਖੁਸ਼ਹਾਲੀ ਸੀ। ਉਹ ਬਕਦੇ ਹਨ। ਪਿੱਛੇ ਵੱਲ ਮੁੜਨਾ ਮੂਰਖਤਾ ਹੈ। ਸਨਕ ਹੈ ਕੋਈ ਚੰਗੀ ਚੀਜ਼ ਨਹੀ ਸੀ ਜਿਸ ਵੱਲ ਮੁੜਨ ਦੀ ਲੋੜ ਹੋਵੇ। ਚੰਗੀਆਂ ਚੀਜ਼ਾਂ ਛੱਡ ਕੇ ਤੁਰ ਆਉਣ ਵਾਲੀ ਕਰਤੂਤ ਦੇ ਮਾਲਕ ਭਲਾਂ ਅਸੀਂ ਕਿੱਥੇ? ਜੇ ਕੋਈ ਚੰਗੀ ਚੀਜ਼ ਹੁੰਦੀ ਤਾਂ ਅਸੀ ਛੱਡ ਕੇ ਹੀ ਨਾ ਆਏ ਹੁੰਦੇ। ਚੰਗੀ ਚੀਜ਼ ਨੂੰ ਛੱਡ ਕੇ ਕੋਈ ਨਹੀ ਜਾਂਦਾ। ਅਤੇ ਜੇ ਜਾਂਦਾ ਵੀ ਹੈ ਨਾ ਤਾਂ ਹੋਰ ਚੰਗੀ ਚੀਜ਼ ਦੀ ਖੋਜ ਵਿੱਚ ਜਾਂਦਾ ਹੈ ਪਰ ਅਸੀਂ ਬੜੇ ਭੁਲੇਖੇ ਵਿੱਚ ਹਾਂ।


ਸਾਡਾ ਖਿਆਲ ਹੈ ਕਿ ਭਾਰਤ ਸੋਨੇ ਦੀ ਚਿੜੀ ਸੀ ਭਾਰਤ ਕਦੇ ਸੋਨੇ ਦੀ ਚਿੜੀ ਨਹੀ ਸੀ। ਹਾਂ ਕੁੱਝ ਲੋਕਾਂ ਵਾਸਤੇ ਸੀ ਅਤੇ ਕੁੱਝ ਕੁ ਲੋਕਾਂ ਵਾਸਤੇ ਤਾਂ ਅੱਜ ਵੀ ਹੈ। ਸਾਰੇ ਲੋਕਾਂ ਲਈ ਤਾਂ ਕਦੇ ਵੀ ਨਹੀ ਸੀ। ਅਸੀਂ ਸੋਚਦੇ ਹਾਂ ਕਿ ਪਿਛਲੇ ਸਮੇ ਵਿੱਚ ਘਰਾਂ ਨੂੰ ਜਿੰਦਰੇ ਨਹੀ ਲਗਾਏ ਜਾਂਦੇ ਸਨ। ਪਰਮਤਮਾ ਰਾਜ ਸਨ ਭਲੇ ਵੇਲੇ ਸਨ। ਮੈਂ ਨਹੀਂ ਸਮਝਦਾ ਇਹ ਸੱਚ ਹੋ ਸਕਦਾ ਹੈ। ਸੱਚ ਹੋਊ ਤਾਂ ਕਾਰਨ ਕੁੱਝ ਹੋਰ ਹੋਣਗੇ। ਜੋ ਆਮ ਸਮਝਿਆ ਜਾਂਦਾ ਹੈ ਉਹ ਕਾਰਨ ਨਹੀ ਹੋ ਸਕਦਾ।

ਕਿਉਂਕਿ ਮਹਾਤਮਾ ਬੁੱਧ ਲੋਕਾਂ ਨੂੰ ਸਮਝਾ ਰਹੇ ਹਨ ਕਿ ਚੋਰੀ ਨਾ ਕਰੋ। ਮਹਾਂਵੀਰ ਸਿੱਖਿਆ ਦਿੰਦੇ ਹਨ ਕਿ ਚੋਰੀ ਨਾ ਕਰੋ। ਜੇ ਲੋਕ ਏਨੇ ਚੰਗੇ ਸਨ ਕਿ ਘਰਾਂ ਨੂੰ ਤਾਲੇ ਦੀ ਲੋੜ ਨਹੀ ਸੀ ਤਾਂ ਮਹਾਂਵੀਰ ਤੇ ਬੁੱਧ ਦਾ ਦਿਮਾਗ ਖਰਾਬ ਰਿਹਾ ਹੋਵੇਗਾ। ਉਹ ਕਿਸਨੂੰ ਸਮਝਾ ਰਹੇ ਸਨ ਕਿ ਚੋਰੀ ਨਾ ਕਰੋ? ਨਹੀਂ, ਚੋਰੀ ਏਸੇ ਤਰਾਂ ਹੀ ਸੀ ਪੁਰਾਣੇ ਵਕਤਾਂ ਵਿੱਚ ਵੀ। ਤਾਂ ਇਸਦਾ ਮਤਲਬ ਇਹ ਨਿਕਲਦਾ ਹੈ ਕਿ ਜੰਦਰੇ ਉਹਨਾਂ ਘਰਾਂ ਵਿੱਚ ਨਹੀ ਲਗਦੇ ਹੋਣਗੇ ਜਿੰਨਾਂ ਘਰਾਂ ਚ ਚੋਰੀ ਹੋਣ ਨੂੰ ਕੁੱਝ ਨਹੀ ਹੋਵੇਗਾ। ਹੋਰ ਕੋਈ ਕਾਰਨ ਨਹੀਂ ਹੋਵੇਗਾ। ਪਰ ਜੇ ਜੰਦਰੇ ਨਹੀ ਸਨ ਤਾਂ ਇਸਦਾ ਇਹ ਮਤਲਬ ਉੱਕਾ ਨਹੀ ਨਿਕਲਦਾ ਕਿ ਲੋਕ ਚੋਰ ਨਹੀ ਸਨ। ਕਿਉਂਕਿ ਸਾਰੇ ਸਾਸ਼ਤਰ, ਗ੍ਰੰਥ ਕਹਿ ਰਹੇ ਹਨ ਕਿ ਚੋਰੀ ਨਾ ਕਰੋ।

ਸੁਕਰਾਤ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨ ਇਹੋ ਕਹਿਦਾ ਗਿਆ ਹੈ ਕਿ ਮੁੰਡੇ ਵਿਗੜ ਗਏ ਹਨ। ਮਾਂ ਪਿਓ ਤੇ ਅਧਿਆਪਕ ਦਾ ਕੋਈ ਆਦਰ ਨਹੀਂ ਰਿਹਾ। ਲੋਕ ਬੇਈਮਾਨ ਤੇ ਭ੍ਰਿਸ਼ਟਾਚਾਰੀ ਹੋ ਗਏ ਹਨ। ਚੀਨ ਵਿੱਚ ਇੱਕ ਛੇ ਹਜ਼ਾਰ ਵਰ੍ਹੇ ਪੁਰਾਣੀ ਕਿਤਾਬ ਹੈ। ਉਸਦਾ ਮੁੱਖ ਬੰਦ ਪੜੀਏ ਤਾਂ ਏਦਾਂ ਜਾਪਦਾ ਹੈ ਜਿਵੇਂ ਅੱਜ ਸਵੇਰ ਦੇ ਅਖਬਾਰ ਦਾ ਸੰਪਾਦਕੀ ਲੇਖ ਹੈ। ਉਸ ਵਿੱਚ ਲਿਖਿਆ ਹੈ ਕਿ ਲੋਕ ਬੜੇ ਵਿਗੜ ਗਏ ਹਨ। ਨੈਤਿਕਤਾ ਦਾ ਨਾਸ਼ ਹੋ ਗਿਆ ਹੈ। ਲੋਕ ਭੌਤਿਕਵਾਦੀ ਹੋ ਗਏ ਹਨ। ਭ੍ਰਿਸ਼ਟਾਚਾਰ ਫੈਲ ਗਿਆ ਹੈ। ਕੋਈ ਕਿਸੇ ਦੀ ਨਹੀ ਸੁਣਦਾ। ਲਗਦਾ ਹੈ ਜਿਵੇਂ ਮਹਾਂ ਪਰਲੋ ਨੇੜੇ ਆ ਗਈ ਹੈ। ਛੇ ਹਜ਼ਾਰ ਸਾਲ ਪਹਿਲਾਂ ਦੀ ਕਿਤਾਬ ਹੈ, ਉਸ ਵਿੱਚ ਵੀ ਲਿਖਿਆ ਹੈ ਕਿ ਪੁਰਾਣੇ ਲੋਕ ਚੰਗੇ ਹੁੰਦੇ ਹਨ। ਯੇ ਹੁੰਦਾ ਸੀ, ਵੋ ਹੁੰਦਾ ਸੀ।

ਅਸਲ 'ਚ ਇਹ ਸਰਵਵਿਆਪੀ ਤੇ ਚਰਲਿਆ ਹੋਇਆ ਵਹਿਮ ਹੈ ਕਿ ਪਹਿਲਾਂ ਦੇ ਲੋਕ ਚੰਗੇ ਹੁੰਦੇ ਸਨ। ਅਸਲ ਚ ਪਹਿਲਾਂ ਦੇ ਲੋਕਾਂ, ਆਮ ਜਨਤਾ ਨੂੰ ਅਸੀਂ ਭੁੱਲ ਚੁੱਕੇ ਹਾਂ ਅਤੇ ਥੋੜੇ ਜਿਹੇ ਖਾਸ਼ ਲੋਕ ਸਾਨੂੰ ਚੇਤੇ ਰਹਿ ਗਏ ਹਨ।

ਉਹਨਾਂ ਕਰਕੇ ਹੀ ਇਹ ਸਾਰੀ ਗੜਬੜ ਹੁੰਦੀ ਹੈ। ਮਹਾਂਵੀਰ ਚੇਤੇ ਹੈ, ਮਹਾਂਵੀਰ ਵੇਲੇ ਦਾ ਆਮ ਆਦਮੀ ਚੇਤੇ ਨਹੀ। ਜੇ ਮਹਾਂਵੀਰ ਦੇ ਸਮੇ ਸਾਰੇ ਲੋਕ ਚੰਗੇ ਹੁੰਦੇ ਤਾਂ ਮਹਾਂਵੀਰ ਦਾ ਚੇਤਾ ਹੀ ਨਾ ਰਹਿੰਦਾ। ਸਕੂਲ ਮਾਸਟਰ ਕਾਲੇ ਬੋਰਡ ਉੱਤੇ ਚਿੱਟੇ ਚਾਕ ਨਾਲ ਲਿਖਦੇ ਹਨ। ਚਿੱਟੀ ਕੰਧ ਉੱਤੇ ਲਿਖ ਤਾਂ ਜ਼ਰੂਰ ਸਕਦਾ ਹੈ ਪਰ ਦਿਸੇਗਾ ਨਹੀਂ ਕਾਲੇ ਉਤੇ ਹੀ ਦਿਸੇਗਾ। ਮਹਾਂਵੀਰ ਢਾਈ ਹਜ਼ਾਰ ਸਾਲ ਮਗਰੋਂ ਇਸੇ ਲਈ ਦਿਖਾਈ ਦਿੰਦੇ ਹਨ ਕਿ ਉਹ ਮਹਾਂਪੁਰਖ ਸਨ। ਕੁੱਲ ਪੰਜ ਦਸ ਮਹਾਂਪੁਰਖ ਹੀ ਪੂਰੀ ਮਨੁੱਖ ਜਾਤੀ ਚ ਦਿਖਾਈ



ਦਿੰਦੇ ਹਨ ਬਾਕੀ ਸਾਰੀ ਮਨੁਖਤਾ ਇਕ ਕਾਲੇ ਤਖਤੇ ਵਾਂਗ ਹੈ ਜਿਸ ਉਤੇ ਲਕੀਰਾਂ ਉਕਰੀਆਂ ਹੋਈਆਂ ਦਿਸਦੀਆਂ ਹਨ। ਪਰ ਕੋਈ ਮਨੁਖਤਾ ਕਦੀ ਚੰਗੀ ਨਹੀ ਸੀ। ਜਿੰਨੀ ਚੰਗੀ ਅੱਜ ਹੈ ਓਨੀ ਵੀ ਨਹੀਂ ਸੀ। ਅਸੀਂ ਹਰ ਰੋਜ਼ ਚੰਗਿਆਈ ਵੱਲ ਵਿਕਾਸ ਕਰ ਰਹੇ ਹਾਂ।

ਪਰ ਇੱਕ ਧਾਰਨਾ ਸਾਡੇ ਮਨਾਂ ਵਿੱਚ ਜੜ ਫੜ ਗਈ ਹੈ ਕਿ ਪਤਨ ਹੋ ਰਿਹਾ ਹੈ। ਪਹਿਲਾਂ ਸਤਯੁਗ ਹੋ ਚੁਕਿਆ, ਗੋਲਡਨ ਏਜ਼ ਹੋ ਗਈ, ਹੁਣ ਕਲਯੁਗ ਹੈ, ਹੁਣ ਤਾਂ ਨਿਘਾਰ ਹੀ ਨਿਘਾਰ ਹੈ।

ਜਿਹੜੀ ਕੌਮ ਦੇ ਮਨ ਵਿੱਚ ਬਹਿ ਜਾਏ ਕਿ ਅੱਗੇ ਨਿਘਾਰ ਹੀ ਨਿਘਾਰ ਹੈ ਉਸ ਨਿਘਾਰ ਹੋ ਜਾਣਾ ਜ਼ਰੂਰ ਹੀ ਹੈ, ਕਿਉਂਕਿ ਅੱਗੇ ਭਾਵ ਹੀ ਤੋੜਦੇ ਹਨ। ਅਸੀਂ ਸੁਨਹਿਰੀ ਯੁੱਗ ਨੂੰ ਪਿੱਛੇ ਰੱਖੀ ਬੈਠੇ ਹਾਂ। ਚੰਗਾ ਸਭ ਹੋ ਚੁੱਕਾ ਹੈ ਅੱਗੇ ਤਾਂ ਬੁਰਾ ਹੀ ਬੁਰਾ ਹੈ। ਇਹ ਅਸਾਂ ਪੱਕਾ ਹੀ ਮੰਨ ਲਿਆ ਹੈ। ਇਹ ਗੱਲ ਪ੍ਰਾਣਾਂ ਵਿੱਚ ਡੂੰਘੀ ਬਹਿ ਗਈ ਸਾਡਾ ਸੰਸਕਾਰ ਹੀ ਬਣ ਗਿਆ ਕਿ ਅੱਗੇ ਤਾਂ ਮਾੜਾ ਹੀ ਵਾਪਰਨਾ ਹੈ। ਜਦੋਂ ਕੋਈ ਕਿਸੇ ਦੀ ਵੱਖੀ ਵਿੱਚ ਛੁਰੀ ਖੋਭਦਾ ਹੈ ਤਾਂ ਅਸੀਂ ਕਹਿੰਦੇ ਹ ਆ ਗਿਆ ਕਲਯੁਗ। ਜੇ ਕੋਈ ਜਿਸੇ ਜਨਾਨੀ ਨੂੰ ਕੱਢ ਲਿਆਉਂਦਾ ਹੈ ਤਾਂ ਕਹਿੰਦੇ ਹਾਂ ਆ ਗਿਆ ਕਲਯੁਗ। ਅਤੇ ਜਦ ਰਿਸ਼ੀ ਮੁਨੀ ਤੀਵੀਆਂ ਕੱਢ ਕੇ ਲਿਜਾਂਦੇ ਰਹੇ ਤਾਂ ਸਤਯੁਗ ਸੀ। ਜਦ ਉਹ ਅਸਮਾਨੋਂ ਉਤਰ ਕੇ ਦੂਜਿਆਂ ਦੀਆਂ ਜਨਾਨੀਆਂ ਨਾਲ ਖੇਹ ਖਾਂਦੇ ਰਹੇ ਤਾਂ ਸਤਯੁਗ ਸੀ। ਤੇ ਹੁਣ ਆ ਗਿਅ ਕਲਯੁਗ। ਕਿਉਂਕਿ ਗਵਾਂਢੋਂ ਹੀ ਕੋਈ ਆਦਮੀ ਕੱਢ ਕੇ ਲੈ ਗਿਆ। ਅਜੀਬ ਗੱਲਾਂ ਹਨ। ਜੇ ਰਾਮਚੰਦਰ ਦੀ ਔਰਤ ਚੋਰੀ ਚਲੀ ਗਈ ਤਾਂ ਚੰਗੀ ਦੁਨੀਆ ਹੈ, ਜੇ ਹੁਣ ਕੋਈ ਰਾਮਚੰਦਰ ਜੀ ਤੁਹਾਡੇ ਗੁਆਂਢ ਰਹਿੰਦੇ ਹਨ ਅਤੇ ਉਹਨਾਂ ਦੀ ਤੀਵੀਂ ਚੋਰੀ ਚਲੀ ਜਾਏ ਤਾਂ ਕਲਯੁਗ ਆ ਗਿਆ।

ਨਹੀਂ, ਆਦਮੀ ਹਰ ਰੋਜ਼ ਚੰਗਾ ਹੋ ਰਿਹਾ ਹੈ। ਜੇ ਭਵਿੱਖ ਚੰਗਾ ਬਣਾਉਣਾ ਹੈ ਤਾਂ ਸੁਨਹਿਰੀ ਯੁੱਗ ਅੱਗੇ ਹੈ। ਹਨ੍ਹੇਰਾ ਪਿੱਛੇ ਹੈ ਚਾਨਣ ਅੱਗੇ। ਭਵਿੱਖ ਚੰਗਾ ਬਣਾਉਣਾ ਹੋਏ ਤਾਂ ਆਸ ਚਾਹੀਦੀ ਹੈ। ਅਤੇ ਆਸ ਨਾ ਹੋਵੇ ਤਾਂ ਭਵਿੱਖ ਨਹੀਂ ਬਣਾਇਆ ਜਾ ਸਕਦਾ।

ਮਨੁੱਖ ਦੇ ਪੈਰ ਜੋ ਏਨੇ ਡਗਮਗਾਏ ਜਾਪਦੇ ਹਨ, ਉਸਦਾ ਇੱਕ ਕਾਰਨ ਇਹੀਓ ਹੈ। ਆਸ ਅੱਗੇ ਨਹੀਂ ਜਾਪਦੀ। ਅੱਗੇ ਹਨੇਰਾ ਹੈ। ਹਨੇਰਾ ਸਾਡਾ ਪੈਦਾ ਕੀਤਾ ਹੋਇਆ ਹੈ।

ਅੱਜ ਜਿਨਾ ਚੰਗਾ ਇਨਸਾਨ ਧਰਤੀ ਉੱਤੇ ਕਦੇ ਨਹੀ ਸੀ। ਪਿੱਛੇ ਜਹੇ ਬਿਹਾਰ ਚ ਅਕਾਲ ਪਿਆ। ਉਸ ਨਾਲ ਦੋ ਕਰੋੜ ਆਦਮੀ ਮਰ ਸਕਦੇ ਸਨ, ਪਰ ਮਰੇ ਸਿਰਫ ਚਾਲੀ। ਦੋ ਕਰੋੜ ਆਦਮੀ ਕਿਵੇਂ ਬਚੇ? ਸਾਰੀ ਦੁਨੀਆ ਦੌੜ ਪਈ। ਦੂਰ ਦਰੇਡੇ ਦੇਸ਼ਾਂ ਦੇ ਅਣਜਾਣੇ ਬੱਚਿਆਂ ਨੇ ਆਪਣੇ ਖਾਣੇ ਦੇ ਪੈਸੇ ਬਚਾਏ, ਆਈਸਕਰੀਮ ਦੇ, ਸਿਨੇਮਾ ਦੇਖਣ ਦੇ ਪੈਸੇ ਬਚਾਏ। ਬਿਹਾਰ ਵਿੱਚ ਕੋਈ ਅਨਜਾਣਿਆ ਆਦਮੀ ਮਰ ਰਿਹਾ ਹੈ ਜਿਸ ਨਾਲ ਕੋਈ ਸੰਬੰਧ ਨਹੀਂ ਹੈ। ਉਸਨੂੰ ਬਚਾਉਣਾ ਹੈ। ਅੱਜ ਵੀਅਤਨਾਮ ਵਿੱਚ ਲੜਾਈ ਛਿੜੇ ਤਾਂ ਏਥੇ ਉਗੀ, ਚਿੱਟੀ ਦੀ ਰੂਹ ਵੀ ਕੰਬ ਉਠਦੀ ਹੈ ਕਿ ਗਲਤ ਹੋ ਰਿਹਾ ਹੈ। ਕਿਤੇ ਕੁੱਝ ਵੀ ਗਲਤ ਹੋਵੇ ਸਾਰੀ ਦੁਨੀਆਂ ਪੀੜ ਮਹਿਸੂਸ ਕਰਦੀ ਹੈ। ਭਾਰਤ ਵਿੱਚ ਨਕਸਲੀਆਂ ਦੇ ਨੇਤਾ ਚਾਰੂ ਮਜ਼ੂਮਦਾਰ ਦਾ ਕਤਲ ਕੀਤਾ ਗਿਆ ਤਾਂ ਕਨੇਡਾ ਦੀ ਸਾਰੀ ਕਾਤਲ ਪ੍ਰਧਾਨ ਮੰਤਰੀ ਨੂੰ ਅੰਗਰੇਜ਼ੀ ਨੌਜਵਾਨ ਬਿਫਰ ਕੇ ਪੈਂਦੇ ਹਨ। ਭਾਰਤ ਵਿੱਚ ਗਰੀਬ ਨਪੀੜੇ ਜਾ ਰਹੇ ਹਨ ਤਾਂ ਇੰਗਲੈਂਡ ਦੀ ਨੇਕਦਿਲ ਨਾਰੀ ਮੇਰੀ ਟੇਲਰ ਉਹਨਾਂ ਖਾਤਰ ਆ ਕਿ ਬਿਹਾਰ ਆਂਧਰਾਂ ਦੇ ਜੰਗਲਾਂ ਚ ਗੁਰੀਲਾ ਯੁੱਧ ਲੜਦੀ ਹੈ, ਕੈਦਾਂ ਕਟਦੀ ਹੈ। ਸਪੇਨ ਵਿੱਚ ਫਾਸਿਸਟ ਜ਼ੁਲਮ ਢਾਹੁੰਦੇ ਹਨ ਤਾਂ ਇੰਗਲੈਂਡ ਦੇ ਰੈਲਫ ਫਾਕਸ ਉਥੇ ਜਾ ਕੇ ਲੜਦੇ ਹੋਏ ਸ਼ਹੀਦ ਹੋ ਜਾਂਦੇ ਹਨ।

ਮਨੁਖਤਾ ਪਹਿਲੀ ਵਾਰ ਬੋਧ ਨੂੰ ਪ੍ਰਾਪਤ ਹੋਈ ਹੈ। ਆਦਮੀ ਵਿਕਸਿਤ ਹੋਇਆ ਹੈ, ਸਮਝ ਵਧੀ ਹੈ, ਸੁੱਖ ਪਨਪਿਆ ਹੈ।


ਅੱਜ ਦੁਨੀਆ ਵਿੱਚ ਬੀਟਨੀਕ, ਹਿੱਪੀ ਤੇ ਹੋਰ ਅਸ਼ਾਂਤ ਲੋਕ ਵਧ ਰਹੇ ਹਨ।

ਇਹ ਵੀ ਵਿਕਾਸ ਦਾ ਹੀ ਇੱਕ ਚਿੰਨ੍ਹ ਹੈ। ਕੋਈ ਜਾਨਵਰ ਅਸ਼ਾਂਤ ਨਹੀਂ ਹੁੰਦਾ। ਸੁਣਿਆ ਹੈ ਕਦੀ ਮੱਝ ਨੂੰ ਅਸ਼ਾਂਤ ਹੋਇਆਂ? ਸੁਣਿਆ ਹੈ ਕਦੀ ਕਿਸੇ ਖੋਤੇ ਨੂੰ ਮਾਨਸਿਕ ਭਟਕਣ ਕਰਕੇ ਰਾਤ ਨੂੰ ਕਦੀ ਨੀਂਦ ਨਾ ਆਈ ਹੋਵੇ? ਤੁਸੀਂ ਕਦੀ ਵੀ ਨਹੀ ਵੇਖਿਆ ਹੋਣਾ ਕਿ ਕੋਈ ਗਧਾ ਬੋਰ ਹੋ ਗਿਆ ਹੋਵੇ, ਉਚਾਟ ਹੋ ਗਿਆ ਹੋਵੇ ਜਾਂ ਕਿਸੇ ਬਲਦ ਨੇ ਆਤਮਹੱਤਿਆ ਕਰ ਲਈ ਹੋਵੇ ਕਿ ਜ਼ਿੰਦਗੀ ਫਜ਼ੂਲ ਹੈ। ਕੋਈ ਵੀ ਪਸ਼ੂ ਨਾ ਤਾਂ ਉਬਦਾ ਹੈ ਨਾ ਅਸ਼ਾਂਤ ਹੁੰਦਾ ਹੈ, ਨਾ ਫਿਕਰਮੰਦ ਹੁੰਦਾ ਹੈ ਨਾ ਆਤਮਹੱਤਿਆ ਕਰਦਾ ਹੈ ਕਿਉਂਕਿ ਬੁੱਧੀ ਬਹੁਤ ਅਵਿਕਸਿਤ ਹੁੰਦੀ ਓਨੀ ਹੀ ਸੰਵੇਦਨਸ਼ੀਲ, ਸਿੰਸੇਟਿਵ ਹੁੰਦੀ ਹੈ। ਓਨੀਆਂ ਹੀ ਚੀਜ਼ਾਂ ਮਹਿਸੂਸ ਹੋਣ ਲਗਦੀਆਂ ਹਨ ਅਤੇ ਸਮਝ ਵਧਦੀ ਹੈ। ਜਿੰਨਾ ਚਾਰਾਂ ਪਾਸਿਆਂ ਦਾ ਫੈਲਾਓ ਵਧਦਾ ਹੈ ਓਨੀ ਹੀ ਅਰਥ ਦੀ ਖੋਜ ਡੂੰਘੀ ਹੁੰਦੀ ਹੈ। ਦੋਨੇ ਦੇ ਜੋ ਗਰੀਬ ਲੋਕ ਬਿਆਸ ਵੱਲ ਭੱਜ ਰਹੇ ਹਨ ਸ਼ਾਂਤੀ ਲੈਣ ਲਈ -ਕਾਰਨ ਇਹੀ ਹੈ ਕਿ ਜੀਵਨ ਦਾ ਖਲਜਗਣ ਦਾ ਫੈਲਾਓ ਵਧ ਰਿਹਾ ਹੈ, ਜੀਵਨ ਦੇ ਅਰਥ ਦੀ ਖੋਜ ਸ਼ੁਰੂ ਹੋ ਗਈ ਹੈ। ਕਾਲਜਾਂ ਵਿੱਚ ਨਸ਼ੇ ਪੱਤੇ ਦਾ ਵਾਧਾ ਹੋ ਰਿਹਾ ਹੈ ਤਾਂ ਅਸਲ ਵਿੱਚ ਬਹੁਤ ਕੁੱਝ ਨਜ਼ਰ ਆ ਗਿਆ ਹੈ ਅਤੇ ਜੀਣ ਦਾ ਅੰਤਰ ਉਤਸ਼ਾਹ ਘਟ ਗਿਆ ਹੈ। ਸੋਫੀ ਹੋ ਕੇ ਰੂਹ ਦਾ ਕੱਦ ਘਟਦਾ ਹੈ।

ਮਨੁੱਖਤਾ ਦੀ ਜ਼ਿਆਦਾ ਵਿਕਸਿਤ ਬੁੱਧੀ ਚਿੰਤਾ ਨੂੰ ਜਨਮ ਦਿੰਦੀ ਹੈ। ਜੰਨੀ ਵੱਡੀ ਚਿੰਤਾ ਕਿਸੇ ਚ ਹੋਵੇ ਓਨੀ ਵੱਡੀ ਸ਼ਾਤੀ ਹਾਸਲ ਕੀਤੀ ਜਾ ਸਕਦੀ ਹੈ। ਸਾਡੇ ਜੀਵਨ ਦੀ ਸੂਖਮਤਾ ਅਤੇ ਸ਼ਮੂਲੀਅਤ ਸਰਗਰਮੀ ਇਕੱਠੀਆਂ ਵਧਦੀਆਂ ਹਨ। ਜੇ ਕੋਈ ਆਦਮੀ ਦੋ ਡਿਗਰੀ ਤੱਕ ਅਸ਼ਾਂਤ ਹੋ ਸਕਦਾ ਹੈ ਤਾਂ ਉਹ ਦੋ ਡਿਗਰੀ ਤੱਕ ਸ਼ਾਂਤ ਵੀ ਹੋ ਸਕਦਾ ਹੈ ਅਤੇ ਦੋ ਡਿਗਰੀ ਸ਼ਾਂਤੀ ਲਈ ਯਤਨ ਸ਼ੀਲ ਵੀ ਹੋ ਸਕਦਾ ਹੈ। ਮਨ ਵਿੱਚ ਜਿੰਨਾ ਕਰੂਪਤਾ ਦਾ ਬੋਧ ਹੋਵੇ, ਸੁੰਦਰਤਾ ਦਾ ਬੋਧ ਵੀ ਓਨਾ ਹੀ ਹੋ ਸਕਦਾ ਹੈ। ਅੱਜ ਮਨੁੱਖਤਾ ਬਹੁਤੀ ਫਿਕਰਮੰਦ ਹੈ। ਪਰ ਬਹੁਤਾ ਫਿਕਰਮੰਦ ਹੋਣ ਨਾਲ ਪਿੱਛੇ ਨਹੀ ਮੁੜਨਾ ਹੈ, ਸਗੋਂ ਅੱਗੇ ਜਾਣਾ ਹੈ ਤਾਂ ਕਿ ਜਿੰਨੀ ਚਿੰਤਾ ਹੈ ਓਨੇ ਹੀ ਸ਼ਾਤੀ ਦੇ ਨਵੇਂ ਰਾਹ ਲੱਭ ਸਕੀਏ।

ਇਹ ਪਿਛਾਂਹ ਨੂੰ ਮੁੜਨ ਵਾਲਾ ਨਾਅਰਾ ਸਦਾ ਤੋਂ ਸੀ, ਇਸ ਨਾਲ ਕੋਈ ਭਲਾ ਨਹੀਂ ਹੋਇਆ ਹੈ। ਮਨੁੱਖ ਦਾ ਚਿਤ ਇਤਨਾ ਪਰਪੱਕ, ਏਨਾ ਵਿਕਸਿਤ ਹੋ ਗਿਆ ਹੈ ਕਿ ਉਸਨੂੰ ਰਾਮ ਰਾਜ ਵਿੱਚ ਨਹੀ ਲੈਜਾਇਆ ਜਾ ਸਕਦਾ। ਕਿਸੇ ਪ੍ਰਮਿਟਿਵ ਸਮਾਜ ਵਿਚ ਨਹੀ ਲਿਜਾਇਆ ਜਾ ਸਕਦਾ। ਇੱਕ ਦੋ ਦਿਨ ਲਈ ਚੰਗਾ ਲੱਗੇ ਜੰਗਲ ਵੀ ਦਿਲਚਸਪ ਲੱਗੇ। ਪਰ ਦੋ ਤਿੰਨ ਦਿਨ ਮਗਰੋਂ ਉਬ ਜਾਏਗਾ। ਮਨੁੱਖਤਾ ਅੱਗੇ ਤੁਰਦੀ ਹੈ। ਹਾਂ ਪਿੱਛੇ ਮੁੜਕੇ ਇੱਕ ਦੋ ਦਿਨ ਲਈ ਹਾਲੀਡੇ ਮਨਾਇਆ ਜਾ ਸਕਦਾ ਹੈ। ਮਨ ਚ ਮੌਜ ਆ ਜਾਏ ਰਾਜਘਾਟ ਤੇ ਬਹਿ ਕੇ ਚਰਖਾ ਕੱਤੀਏ ਜਿਵੇ ਲੀਡਰ ਲੋਕ ਕੱਤਦੇ ਹਨ-ਉਹ ਸਹੀ ਹੈ ਪਰ ਜੇ ਕੋਈ ਕਹੇ ਚਰਖੇ ਨੂੰ ਇੰਡਸਟਰੀ ਦਾ ਕੇਂਦਰ ਬਣਾ ਲਓ ਤਾਂ ਗਲਤ ਹੈ। ਕੋਈ ਕਹੇ ਚਰਖਾ ਹੀ ਚਲਾਓ ਖਤਰਾ ਹੈ ਕਦੀ ਕਦੀ ਫੋਟੂ ਖਿਚਾਉਣ ਲਈ ਚਰਖਾ ਕੱਤਣਾ ਚੰਗੀ ਹਾਬੀ ਹੈ। ਸਸਤੀ ਅਤੇ ਬਹੁਤ ਫਾਇਦਾ ਦਿੰਦੀ ਹੈ। ਨਾ ਸੱਚੀ ਮੁੱਚੀ ਪਿੱਛੇ ਮੁੜਨਾ ਅਸੰਭਵ ਹੈ। ਨਾ ਕੋਈ ਭਾਰਤੀ ਸੰਸਕ੍ਰਿਤੀ, ਨਾ ਮੁਸਲਮਾਨ, ਨਾ ਇਸਾਈ ਸੰਸਕ੍ਰਿਤੀ ਪਿੱਛੇ ਲਿਜਾ ਕੇ ਸੁੱਖ ਦੇ ਸਕਦੀ ਹੈ। ਅੱਗੇ ਹੋਰ ਅੱਗੇ -ਜਿੱਥੇ ਸਭ ਜਾ ਰਹੇ ਹਨ, ਉਥੇ ਨਾ ਕੋਈ ਹਿੰਦੂ ਬਚੇਗਾ ਨਾ ਕੋਈ ਸਿੱਖ, ਨਾ ਮੁਸਲਮਾਨ ਬਚੇਗਾ ਨਾ ਇਸਾਈ ਬਚੇਗਾ। ਉਥੇ ਸਿਰਫ ਆਦਮੀ ਬਚੇਗਾ। ਭਵਿੱਖ ਕੇਵਲ ਇਨਸਾਨ ਦਾ ਹੈ।

**ਅਵਤਾਰ ਪਾਸ਼ (ਸਿਆੜ-ਮੱਘਰ 1977)**


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# HOMELIFE SILVERCITY

REALTY INC., BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

**TEAM OF OVER 900 REALTORS**

# HOMELIFE SILVERCITY

REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






DEBT PROBLEMS?
ਵਿੱਤੀ ਸਮੱਸਿਆਵਾਂ ਨੂੰ ਅਲਵਿਦਾ ਕਹੋ, ਚੰਗੇ ਸਮਿਆਂ ਨੂੰ ਜੀ ਆਇਆਂ ਕਹੋ
with Steve Talwar
"Our Thoughts Are Beyond Your Limits"
Goodbye Problems.com
Help in Consumer Proposal
Help in Bankruptcy
Help in Credit Repair
Help in Debt Consolidation
Helping Small Business Owners
Free Consultation
Will Motivate You Thur The Dark Phases
Check out our Website for More Information and Our Testimonials
23 Years Experienced Credit Counselor
Feeling Stressed By your Debts
DEBT
We Help In
Harassing Calls from Creditors?
Students loan & Payday loans
Missing EMI Payment?
Looking for debt settlements?
Legal action due to your debts?
CRA issues & Salary Garnishment
Corporate Bankruptcy
Corporate Proposal
Debt management
We are here to resolve all your Debt Problems
Avoid Bankruptcy We can help
ਕਿਸੇ ਟਰੱਸਟੀ ਨਾਲ ਗੱਲ ਕਰਨ ਤੋਂ ਪਹਿਲਾਂ
ਆਪਣੇ ਅਧਿਕਾਰਾਂ ਨੂੰ ਸਮਝੋ
Steve Talwar
Credit Consultant
(905) 272 0090
2 County Ct Blvd Suite : 434, Brampton, On L6W 3W8
steve@goodbyeproblems.com | www.GoodByeProblems.com


Thinking of Buying or Selling
Your Home?
ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ
ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ
GS MANN
587-777-7000
www.myfirsthomeincalgary.ca
RE/MAX
REALTY INNOVATIONS


Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6